# ਕਲੀਸਿਆ ਦੇ ਧਰਮ ਸਿਧਾਂਤ ਅਤੇ ਅਭਿਆਸ

shepherds
GLOBAL CLASSROOM

Shepherds Global Classroom ਦੁਨੀਆ ਭਰ ਦੇ ਉੱਭਰਦੇ ਈਸਾਈ ਨੇਤਾਵਾਂ ਲਈ ਪਾਠਕ੍ਰਮ ਪ੍ਰਦਾਨ ਕਰਕੇ ਮਸੀਹ ਦੇ ਸਰੀਰ ਨੂੰ ਤਿਆਰ ਕਰਨ ਲਈ ਮੌਜੂਦ ਹੈ। ਸਾਡਾ ਟੀਚਾ ਵਿਸ਼ਵ ਦੇ ਹਰ ਦੇਸ਼ ਵਿੱਚ ਅਧਿਆਤਮਿਕ ਟ੍ਰੇਨਰਾਂ ਦੇ ਹੱਥਾਂ ਵਿੱਚ 20-ਕੋਰਸ ਪਾਠਕ੍ਰਮ ਟੂਲ ਦੇ ਕੇ ਸਵਦੇਸ਼ੀ ਸਿਖਲਾਈ ਪ੍ਰੋਗਰਾਮਾਂ ਨੂੰ ਗੁਣਾ ਕਰਨਾ ਹੈ।

https://www.shepherdsglobal.org/courses ਤੇ ਮੁਫ਼ਤ ਡਾਊਨਲੋਡ ਲਈ ਉਪਲਬਧ ਹੈ

ਮੁੱਖ ਲੇਖਕ: ਡਾ. ਸਟੀਫਨ ਗਿਬਸਨ (Dr. Stephen Gibson)

ਕਾਪੀਰਾਈਟ © 2019 Shepherds Global Classroom

ਜੇ ਐਡੀਸ਼ਨ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ।

ਸਾਰੇ ਹੱਕ ਰਾਖਵੇਂ ਹਨ।

ਤੀਜੀ-ਧਿਰ ਸਮੱਗਰੀਆਂ ਉਨ੍ਹਾਂ ਦੇ ਸੰਬੰਧਤ ਮਾਲਕਾਂ ਦੇ ਕਾਪੀਰਾਈਟ ਹਨ ਅਤੇ ਵੱਖ-ਵੱਖ ਲਾਇਸੈਂਸਾਂ ਦੇ ਅਧੀਨ ਸਾਂਝੀਆਂ ਕੀਤੀਆਂ ਗਈਆਂ ਹਨ।

ਜਦੋਂ ਤੱਕ ਹੋਰ ਸੰਕੇਤ ਨਹੀਂ ਦਿੱਤਾ ਜਾਂਦਾ, ਸਾਰੇ ਬਚਨ ਬਾਈਬਲ ਸੋਸਾਇਟੀ ਆਫ਼ ਇੰਡੀਆ, ਪੰਜਾਬੀ OV (ਪੁਰਾਣਾ ਅਨੁਵਾਦ) ਕਰਾਸਵੇ ਦੁਆਰਾ, ਗੁੱਡ ਨਿਊਜ਼ ਪਬਲਿਸ਼ਰਜ਼ ਦੇ ਪ੍ਰਕਾਸ਼ਨ ਸੇਵਕਾਈ ਦੁਆਰਾ ਹਨ। ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਾਰੇ ਹੱਕ ਰਾਖਵੇਂ ਹਨ।

**ਇਜਾਜ਼ਤ ਨੋਟਿਸ:**

ਇਸ ਕੋਰਸ ਦੀ ਨਕਲ ਕੀਤੀ ਜਾ ਸਕਦੀ ਹੈ ਅਤੇ ਇਸ ਨੂੰ ਛਾਪ ਕੇ ਅਤੇ ਡਿਜੀਟਲ ਫਾਰਮੈਟ ਵਿੱਚ ਮੁਫ਼ਤ ਵਿੱਚ ਵੰਡਿਆ ਜਾ ਸਕਦਾ ਹੈ ਪਰ ਕਿਸੇ ਵੀ ਤਰੀਕੇ ਨਾਲ ਬਦਲਿਆ ਨਹੀਂ ਜਾਣਾ ਚਾਹੀਦਾ ਹੈ ਅਤੇ ਲਾਭ ਲਈ ਵੇਚਿਆ ਨਹੀਂ ਜਾ ਸਕਦਾ ਹੈ (ਹਾਲਾਂਕਿ ਛਪਾਈ ਦੀ ਲਾਗਤ ਵਸੂਲੀ ਜਾ ਸਕਦੀ ਹੈ)। ਵਿਦਿਅਕ ਅਦਾਰੇ ਇਸ ਕੋਰਸ ਦੀ ਵਰਤੋਂ/ਨਕਲ ਕਰਨ ਲਈ ਸੁਤੰਤਰ ਹਨ ਭਾਵੇਂ ਉਹ ਇਸ ਨੂੰ ਪੜ੍ਹਾਉਣ ਦੀ ਫੀਸ ਲੈਂਦੇ ਹਨ। Shepherds Global Classroom ਦੀ ਇਜਾਜ਼ਤ ਅਤੇ ਨਿਗਰਾਨੀ ਤੋਂ ਬਿਨਾਂ ਕੋਰਸ ਦਾ ਅਨੁਵਾਦ ਨਹੀਂ ਕੀਤਾ ਜਾ ਸਕਦਾ ਹੈ।

# ਵਿਸ਼ਾ ਸੂਚੀ

ਵਿਸ਼ਾ ਸੂਚੀ ........ 3

ਕੋਰਸ ਦੇ ਬਾਰੇ ਸੰਖੇਪ ਜਾਣਕਾਰੀ ........ 5

(1) ਇੱਕ ਪਰਮੇਸ਼ੁਰ ਅਤੇ ਇੱਕ ਕਲੀਸਿਆ ........ 9

(2) ਮਸੀਹੀ ਏਕਤਾ ........ 21

(3) ਸਥਾਨਕ ਕਲੀਸਿਆ ........ 33

(4) ਕਲੀਸਿਆ ਦੀਆਂ ਏਸੋਸੀਏਸ਼ਨਾਂ ........ 41

(5) ਕਲੀਸਿਆ ਦੀ ਮੈਂਬਰਸ਼ਿਪ ........ 49

(6) ਮਿਲ ਕੇ ਜੀਵਨ ਸਾਂਝਾ ਕਰਨਾ ........ 63

(7) ਸੰਸਾਰ ਦੇ ਵਿੱਚ ਕਲੀਸਿਆ ........ 73

(8) ਸਥਾਨਕ ਕਲੀਸਿਆ ਦਾ ਸਮਰਥਨ ........ 83

(9) ਦਸਵੰਧ ........ 93

(10) ਬਪਤਿਸਮਾ ........ 101

(11) ਪ੍ਰਭੂ ਭੋਜ ........ 113

(12) ਕਲੀਸਿਆਈ ਅਨੁਸ਼ਾਸਨ ........ 125

(13) ਇੱਕ ਮਸੀਹੀ ਆਗੂ ਦਾ ਚਰਿੱਤਰ ........ 139

(14) ਆਤਮਿਕ ਵਰਦਾਨ ........ 151

(15) ਕਲੀਸਿਆ ਦੀ ਪਰਿਪੱਕਤਾ ਦੇ ਲਈ ਪ੍ਰਸ਼ਨ ........ 165

ਅਸਾਇਨਮੈਂਟਾਂ ਦਾ ਰਿਕਾਰਡ ........ 173

# ਕੋਰਸ ਦੇ ਬਾਰੇ ਸੰਖੇਪ ਜਾਣਕਾਰੀ

## ਕੋਰਸ ਦਾ ਵਰਣਨ

ਇਹ ਕੋਰਸ ਕਲੀਸਿਆ ਦੀ ਬਾਈਬਲ ਆਧਾਰਿਤ ਧਾਰਨਾ ਨੂੰ ਪ੍ਰਸਤੁਤ ਕਰਦਾ ਹੈ ਅਤੇ ਦੱਸਦਾ ਹੈ ਕਿ ਇਹ ਧਰਤੀ ਤੇ ਪਰਮੇਸ਼ੁਰ ਦੇ ਕੰਮ ਦਾ ਕੇਂਦਰ ਹੈ। ਵਿਦਿਆਰਥੀ ਮਸੀਹੀ ਏਕਤਾ, ਕਲੀਸਿਆ ਦੀ ਮੈਂਬਰਸ਼ਿਪ, ਸੰਗਤੀ, ਸੇਵਕਾਈ ਦੇ ਆਰਥਿਕ ਸਮਰਥਨ, ਦਸਵੰਧ, ਬਪਤਿਸਮਾ, ਪ੍ਰਭੂ ਭੋਜ, ਕਲੀਸਿਆਈ ਅਨੁਸ਼ਾਸਨ ਅਤੇ ਕਲੀਸਿਆਈ ਪਰਿਪੱਕਤਾ ਦੇ ਚਿੰਨ੍ਹਾਂ ਨੂੰ ਸਿੱਖਣਗੇ। ਇਹ ਕੋਰਸ ਕਲੀਸਿਆ ਦੇ ਜੀਵਨ ਅਤੇ ਅਤੇ ਕੰਮ ਦੇ ਸਿਧਾਤਾਂ ਅਤੇ ਲਾਗੂਕਰਨਾਂ ਦੀ ਵਿਆਖਿਆ ਕਰਦਾ ਹੈ।

## ਕੋਰਸ ਦੇ ਉਦੇਸ਼

1. ਕਲੀਸਿਆ ਦੇ ਬਾਈਬਲ ਆਧਾਰਿਤ ਵਰਣਨ ਅਤੇ ਪਹਿਚਾਣ ਨੂੰ ਸਮਝਣਾ।
2. ਕਲੀਸਿਆ ਦੇ ਲਈ ਪਰਮੇਸ਼ੁਰ ਦੀ ਯੋਜਨਾ ਅਤੇ ਪਰਮੇਸ਼ੁਰ ਦੇ ਕੰਮ ਨੂੰ ਵੇਖਣਾ।
3. ਕਲੀਸਿਆ ਦੇ ਵਿੱਚ ਇੱਕ ਮੈਂਬਰ ਅਤੇ ਆਗੂ ਦੀਆਂ ਜਿੰਮੇਵਾਰੀਆਂ ਦੇ ਬਾਰੇ ਸਿੱਖਣਾ।
4. ਸਥਾਨਕ ਕਲੀਸਿਆ ਦੀ ਤਰੱਕੀ, ਸਮਰਥਨ ਅਤੇ ਸੰਚਾਲਨ ਦੇ ਸਿਧਾਂਤਾਂ ਨੂੰ ਲਾਗੂ ਕਰਨਾ।
5. ਕਲੀਸਿਆ ਦੇ ਬਾਰੇ ਸਿੱਖਿਆ ਦੇਣ ਦੇ ਲਈ ਸਮੱਗਰੀ ਅਤੇ ਢਾਂਚੇ ਦੇ ਨਾਲ ਲੈਸ ਹੋਣਾ।

## ਕਲਾਸ ਦੇ ਆਗੂਆਂ ਦੇ ਲਈ ਦਿਸ਼ਾ-ਨਿਰਦੇਸ਼

ਕਲਾਸ ਲੀਡਰਾਂ ਲਈ ਨੋਟਸ ਪੂਰੇ ਕੋਰਸ ਵਿੱਚ ਪਾਠਾਂ ਦੇ ਖਾਸ ਹਿੱਸਿਆਂ ਲਈ ਨਿਰਦੇਸ਼ਾਂ ਦੇ ਨਾਲ ਸ਼ਾਮਲ ਕੀਤੇ ਗਏ ਹਨ। *ਇਸਦੇ ਅੱਖਰ ਟੇਢੇ ਹਨ।*

**ਚਰਚਾ ਦੇ ਪ੍ਰਸ਼ਨ** ਅਤੇ **ਕਲਾਸ ਵਿੱਚ ਹੋਣ ਵਾਲੀਆਂ ਕਿਰਿਆਵਾਂ** ਨੂੰ ਇਸ ►ਦੇ ਨਾਲ ਦਰਸਾਇਆ ਗਿਆ ਹੈ। ਚਰਚਾ ਦੇ ਪ੍ਰਸ਼ਨਾਂ ਦੇ ਲਈ ਕਲਾਸ ਦੇ ਆਗੂ ਨੂੰ ਪ੍ਰਸ਼ਨ ਪੁੱਛਣੇ ਚਾਹੀਦੇ ਹਨ ਅਤੇ ਵਿਦਿਆਰਥੀਆਂ ਨੂੰ ਉੱਤਰਾਂ ਦੇ ਬਾਰੇ ਚਰਚਾ ਕਰਨ ਦਾ ਸਮਾਂ ਦੇਣਾ ਚਾਹੀਦਾ ਹੈ। ਜੇਕਰ ਆਮ ਤੌਰ ਤੇ ਇੱਕ ਹੀ ਵਿਦਿਆਰਥੀ ਪਹਿਲਾਂ ਉੱਤਰ ਦਿੰਦਾ ਹੈ, ਜਾਂ ਜੇਕਰ ਦੂਸਰੇ ਵਿਦਿਆਰਥੀ ਨਹੀਂ ਬੋਲਦੇ ਹਨ ਤਾਂ ਆਗੂ ਕਿਸੇ ਹੋਰ ਨੂੰ ਸਿੱਧੇ ਤੌਰ ਤੇ ਪੁੱਛ ਸਕਦਾ ਹੈ: “ਰਕੇਸ਼ ਤੁਸੀਂ ਇਸ ਪ੍ਰਸ਼ਨ ਦਾ ਕੀ ਉੱਤਰ ਦੇਵੋਗੇ?”

ਕੋਰਸ ਦੇ ਵਿੱਚ **ਵਚਨਾਂ** ਦਾ ਕਾਫੀ ਇਸਤੇਮਾਲ ਕੀਤਾ ਗਿਆ ਹੈ। ਜੋ ਵਚਨਾਂ ਦੇ ਹਿੱਸੇ ਕਲਾਸ ਦੇ ਵਿੱਚ ਉੱਚੀ ਆਵਾਜ ਦੇ ਵਿੱਚ ਪੜ੍ਹੇ ਜਾਣੇ ਚਾਹੀਦੇ ਹਨ ਉਨ੍ਹਾਂ ਤੇ ਤੀਰ ਦੇ ਚਿੰਨ੍ਹ ਦਾ ਸੰਕੇਤ ਲਗਾਇਆ ਹੋਇਆ ਹੈ। ਹੋਰ ਸਮਿਆਂ ਤੇ ਲਿਖਤ ਵਿੱਚ ਹਵਾਲਿਆਂ ਨੂੰ ਬਰੈਕਟਾਂ

ਦੇ ਵਿੱਚ ਦਿੱਤਾ ਹੋਇਆ ਹੈ। ਉਦਾਹਰਨ ਦੇ ਲਈ: (੧ ਕੁਰਿੰਥੀਆਂ ਨੂੰ 12:15)। ਵਚਨਾਂ ਦੇ ਇਹ ਹਵਾਲੇ ਲਿਖਤ ਦੇ ਵਿੱਚ ਦਿੱਤੇ ਬਿਆਨਾਂ ਦੇ ਸਮਰਥਨ ਲਈ ਹਨ। ਬਰੈਕਟਾਂ ਦੇ ਵਿੱਚ ਦਿੱਤੇ ਹਵਾਲਿਆਂ ਨੂੰ ਹਮੇਸ਼ਾਂ ਪੜਣਾ ਜਰੂਰੀ ਨਹੀਂ ਹੈ।

ਹਰੇਕ ਪਾਠ ਵਿੱਚ ਇਤਿਹਾਸ ਦੇ ਕਿਸੇ ਧਰਮ ਸ਼ਾਸਤਰੀ ਦੇ ਘੱਟੋ-ਘੱਟ ਦੋ **ਬਲਾਕ ਹਵਾਲੇ** ਹਨ। ਜਦੋਂ ਕਲਾਸ ਇੱਕ ਬਲਾਕ ਹਵਾਲੇ ਦੀ ਗੱਲ ਆਉਂਦੀ ਹੈ, ਤਾਂ ਕਲਾਸ ਦਾ ਆਗੂ ਇੱਕ ਵਿਦਿਆਰਥੀ ਨੂੰ ਹਵਾਲੇ ਨੂੰ ਪੜ੍ਹਨ ਅਤੇ ਸਮਝਾਉਣ ਲਈ ਕਹਿ ਸਕਦਾ ਹੈ।

ਇੱਕ ਪਾਠ ਨੂੰ ਛੱਡ ਕੇ ਬਾਕੀ ਸਾਰੇ ਸੱਤ ਸੰਖੇਪ ਕਥਨਾਂ ਨਾਲ ਖਤਮ ਹੁੰਦੇ ਹਨ। ਪਾਠ ਦਾ ਉਦੇਸ਼ ਇਹ ਹੈ ਕਿ ਵਿਦਿਆਰਥੀ ਇੰਨ੍ਹਾਂ ਬਿੰਦੂਆਂ ਨੂੰ ਸਮਝ ਸਕਣ। ਵਿਦਿਆਰਥੀਆਂ ਨੂੰ ਇੰਨ੍ਹਾਂ ਕਥਨਾਂ ਨੂੰ ਸਿੱਖਣਾ ਚਾਹੀਦਾ ਅਤੇ ਇੰਨ੍ਹਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਹਰੇਕ ਕਥਨ ਬਾਰੇ ਇੱਕ ਪੈਰਾ ਲਿਖਣਾ ਚਾਹੀਦਾ ਹੈ ਅਤੇ ਅੱਗਲੀ ਕਲਾਸ (ਸੱਤ ਪੈਰੇ) ਦੀ ਸ਼ੁਰੂਆਤ ਵਿੱਚ ਉਹਨਾਂ ਪੈਰਿਆਂ ਨੂੰ ਕਲਾਸ ਦੇ ਆਗੂ ਨੂੰ ਦੇਣਾ ਚਾਹੀਦਾ ਹੈ। ਹਰੇਕ ਪੈਰੇ ਵਿੱਚ ਵਿਦਿਆਰਥੀ ਨੂੰ ਬਿਆਨ ਨੂੰ ਉਸੇ ਤਰ੍ਹਾਂ ਸਮਝਾਉਣਾ ਚਾਹੀਦਾ ਹੈ ਜਿਵੇਂ ਉਹ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹਨ ਜੋ ਕਲਾਸ ਵਿੱਚ ਨਹੀਂ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਇਹ ਇੱਕ ਮਹੱਤਵਪੂਰਨ ਸੰਕਲਪ ਕਿਉਂ ਹੈ। ਅੱਗਲੀ ਕਲਾਸ ਦੀ ਸ਼ੁਰੂਆਤ ਵਿੱਚ, ਕਲਾਸ ਲੀਡਰ ਨੂੰ ਕਈ ਵਿਦਿਆਰਥੀਆਂ ਨੂੰ ਆਪਣੇ ਪੈਰੇ ਪੂਰੇ ਸਮੂਹ ਨਾਲ ਸਾਂਝੇ ਕਰਨੇ ਚਾਹੀਦੇ ਹਨ।

ਇਸਦੇ ਨਾਲ ਹੀ ਅੱਗਲੀ ਕਲਾਸ ਦੇ ਵਿੱਚ ਵਿਦਿਆਰਥੀ ਆਪਣੀ ਯਾਦਦਾਸ਼ਤ ਤੋਂ ਸੱਤ ਸੰਖੇਪ ਕਥਨਾਂ ਨੂੰ ਲਿਖਣਗੇ ਜੋ ਉਨ੍ਹਾਂ ਦੇ ਗਿਆਨ ਦੀ ਲਿਖਤੀ ਪ੍ਰੀਖਿਆ ਹੋਵੇਗੀ। ਕਲਾਸ ਦੇ ਆਗੂ ਨੂੰ ਇਹ ਗੱਲ ਪੱਕੀ ਕਰਨੀ ਹੋਵੇਗੀ ਕਿ ਵਿਦਿਆਰਥੀ ਨਾ ਹੀ ਆਪਣੇ ਲਿਖੇ ਹੋਏ ਨੋਟਸ ਵੇਖਣ ਅਤੇ ਨਾ ਹੀ ਇੱਕ ਦੂਸਰੇ ਦੀ ਸਹਾਇਤਾ ਕਰਨ। ਜੇਕਰ ਕੋਈ ਵਿਦਿਆਰਥੀ ਸੂਚੀ ਨਹੀਂ ਲਿਖ ਸਕਦਾ, ਤਾਂ ਉਹ ਇਸਨੂੰ ਬਾਅਦ ਦੇ ਵਿੱਚ ਲਿਖਣ ਦਾ ਸਮਾਂ ਲੈ ਸਕਦਾ ਹੈ।

ਇਸ ਕੋਰਸ ਦਾ ਇੱਕ ਉਦੇਸ਼ ਵਿਦਿਆਰਥੀਆਂ ਨੂੰ ਸਿੱਖਿਅਕ ਬਣਾਉਣਾ ਹੈ। ਕਲਾਸ ਦੇ ਆਗੂ ਨੂੰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਿਖਾਉਣ ਦੇ ਗੁਣਾਂ ਨੂੰ ਵਿਕਸਿਤ ਕਰਨ ਦੇ ਮੌਕੇ ਦੇਣੇ ਚਾਹੀਦੇ ਹਨ। ਉਦਾਹਰਨ ਦੇ ਲਈ ਕਦੇ-ਕਦੇ ਕਲਾਸ ਦੇ ਆਗੂ ਨੂੰ ਇੱਕ ਵਿਦਿਆਰਥੀ ਨੂੰ ਕਲਾਸ ਦੇ ਪਾਠ ਦਾ ਛੋਟਾ ਹਿੱਸਾ ਸਿਖਾਉਣ ਦਾ ਮੌਕਾ ਦੇਣਾ ਚਾਹੀਦਾ ਹੈ।

**ਸਿੱਖਿਆ ਅਭਿਆਸ ਦੇ ਅਸਾਇਨਮੈਂਟ**: ਕੋਰਸ ਦੇ ਦੌਰਾਨ ਵਿਦਿਆਰਥੀ ਨੂੰ ਇੱਕ ਪਾਠ ਜਾਂ ਪਾਠ ਦਾ ਹਿੱਸਾ ਕਿਸੇ ਅਜਿਹੇ ਵਿਅਕਤੀ ਨੂੰ ਸਮੂਹ ਨੂੰ ਸਿਖਾਉਣਾ ਚਾਹੀਦਾ ਹੈ ਜੋ ਇਸ ਕਲਾਸ ਦਾ ਹਿੱਸਾ ਨਹੀਂ ਹੈ। ਵਿਦਿਆਰਥੀ ਸਿਖਾਉਣ ਵਾਲੀ ਸਮੱਗਰੀ ਦੀ ਚੋਣ ਕਰ ਸਕਦਾ ਹੈ। ਇਹ ਅਲੱਗ-ਅਲੱਗ ਸਮੱਗਰੀ ਦੇ ਨਾਲ ਤਿੰਨ ਵਾਰ ਕੀਤਾ ਜਾਣਾ ਚਾਹੀਦਾ ਹੈ। ਇਸ ਅਸਾਇਨਮੈਂਟ ਦੇ ਲਈ ਕੋਈ ਸਮਾਂ ਨਿਰਧਾਰਿਤ ਨਹੀਂ ਕੀਤਾ ਗਿਆ ਹੈ। ਵਿਦਿਆਰਥੀ ਨੂੰ ਮੌਕੇ ਬਣਾਉਣੇ ਚਾਹੀਦੇ ਹਨ ਅਤੇ ਇਸ ਗੱਲ ਨੂੰ ਪੱਕਿਆਂ ਕਰਨਾ ਚਾਹੀਦਾ ਹੈ ਕਿ ਉਹ ਇਸ ਅਸਾਇਨਮੈਂਟ ਨੂੰ ਜਰੂਰ ਕਰੇ। ਜਦੋਂ ਵੀ ਵਿਦਿਆਰਥੀ ਕਿਸੇ ਸਿੱਖਿਆ ਦੇ ਭਾਗ ਨੂੰ ਪੂਰਾ ਕਰਦਾ ਹੈ ਤਾਂ ਉਸਨੂੰ ਇਸਦੀ ਜਾਣਕਾਰੀ ਕਲਾਸ ਦੇ ਆਗੂ ਨੂੰ ਦੇਣੀ ਚਾਹੀਦੀ ਹੈ।

**ਬਾਕੀ ਦੇ ਅਸਾਇਨਮੈਂਟ** ਪੂਰੇ ਕੋਰਸ ਦੇ ਵਿੱਚ ਸ਼ਾਮਿਲ ਕੀਤੇ ਗਏ ਹਨ: ਇੰਟਰਵਿਊ, ਵਚਨਾਂ ਦਾ ਅਧਿਐਨ, ਲਿਖਣਾ ਜਾਂ ਪ੍ਰੀਖਿਆ ਵੀ ਇਸਦੇ ਵਿੱਚ ਸ਼ਾਮਿਲ ਹਨ। ਕੋਈ ਵੀ ਲਿਖਿਆ ਹੋਇਆ ਅਸਾਇਨਮੈਂਟ ਅੱਗਲੀ ਕਲਾਸ ਦੀ ਸ਼ੁਰੂਆਤ ਦੇ ਵਿੱਚ ਦਿੱਤਾ ਜਾਣਾ ਚਾਹੀਦਾ ਹੈ। ਕਲਾਸ ਦੇ ਆਗੂ ਨੂੰ ਹਮੇਸ਼ਾ ਅਸਾਈਨਮੈਂਟ ਦੀ ਚਰਚਾ ਦੀ ਅਗਵਾਈ ਕਰਨੀ ਚਾਹੀਦੀ ਹੈ ਅਤੇ ਕਈ ਵਿਦਿਆਰਥੀਆਂ ਨੂੰ ਉਨ੍ਹਾਂ ਦੁਆਰਾ ਸਿੱਖੀਆਂ ਜਾਂ ਲਿਖੀਆਂ ਗਈਆਂ ਗੱਲਾਂ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ।

ਜੇਕਰ ਕੋਈ ਵਿਦਿਆਰਥੀ **Shepherds Global Classroom** ਤੋਂ **ਸਰਟੀਫੀਕੇਟ ਪ੍ਰਾਪਤ ਕਰਨਾ ਚਾਹੁੰਦਾ** ਹੈ, ਤਾਂ ਉਸਨੂੰ ਕਲਾਸਾਂ ਦੇ ਆਉਣਾ ਪਵੇਗਾ ਅਤੇ ਅਸਾਇਨਮੈਂਟ ਪੂਰੇ ਕਰਨੇ ਪੈਣਗੇ। ਕੋਰਸ ਦੇ ਅੰਤ ਵਿੱਚ ਪੂਰੇ ਕੀਤੇ ਗਏ ਅਸਾਇਨਮੈਂਟਾਂ ਨੂੰ ਰਿਕਾਰਡ ਕਰਨ ਲਈ ਇੱਕ ਫਾਰਮ ਦਿੱਤਾ ਹੋਇਆ ਹੈ।

# ਪਾਠ 1

# ਇੱਕ ਪਰਮੇਸ਼ੁਰ ਅਤੇ ਇੱਕ ਕਲੀਸਿਆ

## ਜਾਣ-ਪਛਾਣ

► ਤੁਸੀਂ ਕਲੀਸਿਆ ਦੇ ਵਿੱਚ ਕਿਉਂ ਜਾਂਦੇ ਹੋ?

ਜਦੋਂ ਲੋਕ ਕਿਸੇ ਕਲੀਸਿਆ ਦੇ ਵਿੱਚ ਜਾਣ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦਾ ਮਤਲਬ ਹੁੰਦਾ ਹੈ ਕਿ ਉਹ ਕਿਸੇ ਕਲੀਸਿਆ ਦੀ ਇਮਾਰਤ ਦੇ ਵਿੱਚ ਕਿਸੇ ਮਿਥੀ ਹੋਈ ਸਭਾ ਵਿੱਚ ਜਾ ਰਹੇ ਹਨ।

ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਉਹ ਕਲੀਸਿਆ ਦੇ ਵਿੱਚ ਪਰਮੇਸ਼ੁਰ ਦੇ ਬਾਰੇ ਸਿੱਖਣ ਜਾਂਦੇ ਹਨ। ਕਈ ਵਾਰ ਜੋ ਲੋਕ ਪਰਮੇਸ਼ੁਰ ਤੋਂ ਬਹੁਤ ਦੂਰ ਮਹਿਸੂਸ ਕਰਦੇ ਹਨ ਉਹ ਕਲੀਸਿਆ ਦੇ ਵਿੱਚ ਪਰਮੇਸ਼ੁਰ ਦੀ ਹਜ਼ੂਰੀ ਨੂੰ ਮਹਿਸੂਸ ਕਰਨ ਜਾਂਦੇ ਹਨ। ਜੋ ਲੋਕ ਪਰਮੇਸ਼ੁਰ ਨੂੰ ਜਾਣਦੇ ਹਨ ਉਹ ਅਰਾਧਨਾ ਦੇ ਵਿੱਚ ਉਸਦੀ ਹਜ਼ੂਰੀ ਦਾ ਅਨੁਭਵ ਕਰਨ ਦੀ ਉਮੀਦ ਦੇ ਨਾਲ ਜਾਂਦੇ ਹਨ। ਕਲੀਸਿਆ ਪਰਮੇਸ਼ੁਰ ਦੇ ਬਾਰੇ ਹੈ। ਲੋਕਾਂ ਨੂੰ ਕਲੀਸਿਆ ਦੀ ਸਭਾ ਦੇ ਵਿੱਚ ਪਰਮੇਸ਼ੁਰ ਦੀ ਹਜ਼ੂਰੀ ਦਾ ਅਨੁਭਵ ਹੋਣਾ ਚਾਹੀਦਾ ਹੈ।

ਪਰ ਕਲੀਸਿਆ ਕੋਈ ਇਮਾਰਤ ਨਹੀਂ ਹੈ, ਅਤੇ ਇਹ ਸਿਰਫ ਅਰਾਧਨਾ ਦੀਆਂ ਸਭਾਵਾਂ ਦੇ ਲਈ ਨਹੀਂ ਹੈ, ਕਲੀਸਿਆ ਵਿਸ਼ਵਾਸੀਆਂ ਦਾ ਅਜਿਹਾ ਸਮੂਹ ਹੈ ਜੋ ਮਿਲ ਕੇ ਕਲੀਸਿਆ ਦੇ ਪ੍ਰਤੀ ਸਮਰਪਿਤ ਹਨ। ਇਸ ਲਈ, ਜਦੋਂ ਅਸੀਂ ਲੋਕਾਂ ਦੇ ਕਲੀਸਿਆ ਨੂੰ ਵੇਖਣ ਅਤੇ ਕਲੀਸਿਆ ਦੇ ਵਿੱਚ ਆਉਣ ਦੇ ਬਾਰੇ ਗੱਲ ਕਰਦੇ ਹਾਂ, ਤਾਂ ਇਸ ਤੋਂ ਸਾਡਾ ਭਾਵ ਵਿਸ਼ਵਾਸੀਆਂ ਦਾ ਸਮੂਹ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਕਲੀਸਿਆ ਪਰਮੇਸ਼ੁਰ ਦੇ ਬਾਰੇ ਹੈ, ਤਾਂ ਸਾਡਾ ਸਿਰਫ ਇਹੀ ਅਰਥ ਨਹੀਂ ਹੈ ਕਿ ਇਮਾਰਤ ਅਤੇ ਅਰਾਧਨਾ ਸਭਾ ਪਰਮੇਸ਼ੁਰ ਦੇ ਬਾਰੇ ਹਨ। ਵਿਸ਼ਵਾਸੀਆਂ ਦੇ ਸਮੂਹ ਦੁਆਰਾ ਸਮਰਪਿਤ ਜੀਵਨ ਪਰਮੇਸ਼ੁਰ ਦੇ ਬਾਰੇ ਹੈ।

## ਸ਼ਬਦ ਦਾ ਅਰੰਭ

ਯੂਨਾਨੀ ਦਾ ਸ਼ਬਦ *ਐਕਲੀਸਿਆ* (*ekklesia* G1677)[1] ਦਾ ਅਨੁਵਾਦ ਨਵੇਂ ਨੇਮ ਦੇ ਵਿੱਚ ਆਮ ਤੌਰ ਤੇ ਕਲੀਸਿਆ ਦੇ ਵੱਜੋਂ ਕੀਤਾ ਜਾਂਦਾ ਹੈ। ਪਹਿਲੀ ਸਦੀ ਦੇ ਵਿੱਚ ਇਹ ਯੂਨਾਨੀ ਸ਼ਬਦ ਆਮ ਤੌਰ ਤੇ ਵਰਤਿਆ ਜਾਂਦਾ ਸੀ। ਜਦੋਂ ਕਿਸੇ ਸ਼ਹਿਰ ਦੇ ਨਾਗਰਿਕਾਂ ਨੂੰ ਇੱਕ ਸਭਾ ਦੇ ਲਈ ਬੁਲਾਇਆ ਜਾਂਦਾ ਸੀ, ਤਾਂ ਇਸ ਸਭਾ ਨੂੰ *ਐਕਲੀਸੀਆ* ਕਿਹਾ ਜਾਂਦਾ ਸੀ।

---

[1] ਇਹ ਯੂਨਾਨੀ ਸ਼ਬਦ ਦੇ ਲਈ ਸਟਰੌਂਗ ਸ਼ਬਦਕੋਸ਼ ਦਾ ਨੰਬਰ ਹੈ।

ਇਹ ਸ਼ਬਦ ਨਵੇਂ ਨੇਮ ਦੇ ਵਿੱਚ 117 ਵਾਰ ਇਸਤੇਮਾਲ ਕੀਤਾ ਗਿਆ ਹੈ, ਪਰ ਇਸਦਾ ਹਰੇਕ ਇਸਤੇਮਾਲ ਕਲੀਸਿਆ ਨੂੰ ਨਹੀਂ ਦਰਸਾਉਂਦਾ ਹੈ। ਕੁਝ ਕਿਸੇ ਹੋਰ ਕਿਸਮ ਦੀਆਂ ਸਭਾਵਾਂ ਨੂੰ ਦਰਸਾਉਂਦੇ ਹਨ (ਰਸੂਲਾਂ ਦੇ ਕਰਤੱਬ 19:32, 39, ਅਤੇ 41)।

ਸ਼ੁਭਸਮਾਚਾਰ ਦਾ ਪ੍ਰਸਤਾਵ ਹਰੇਕ ਨਸਲ, ਸਮਾਜਿਕ ਸ਼੍ਰੇਣੀ, ਸਥਾਨ ਅਤੇ ਧੰਦੇ ਦੇ ਲੋਕਾਂ ਲਈ ਦਿੱਤਾ ਗਿਆ ਹੈ। ਜਿਵੇਂ ਸ਼ਹਿਰ ਦਾ ਹਰੇਕ ਵਿਅਕਤੀ ਸਭਾ ਦੀ ਘੋਸ਼ਣਾ ਨੂੰ ਸੁਣ ਸਕਦਾ ਸੀ, ਇਸੇ ਪ੍ਰਕਾਰ ਲੋਕਾਂ ਦੀ ਕਿਸੇ ਵੀ ਸ਼੍ਰੇਣੀ ਨੂੰ ਸ਼ੁਭਸਮਾਚਾਰ ਦੇ ਪ੍ਰਸਤਾਵ ਨੂੰ ਪ੍ਰਾਪਤ ਕਰਨ ਤੋਂ ਵਾਂਝਾ ਨਹੀਂ ਰੱਖਿਆ ਗਿਆ ਹੈ।

ਕਲੀਸਿਆ ਅਜਿਹੇ ਲੋਕਾਂ ਦਾ ਸਮੂਹ ਹੈ ਜੋ ਸ਼ੁਭਸਮਾਚਾਰ ਦੀ ਬੁਲਾਹਟ ਦੇ ਪ੍ਰਤੀ ਪ੍ਰਤੀਕਿਰਿਆ ਕਰਦੇ ਹਨ। ਇਹ ਲੋਕ ਲੋਕਾਂ ਦੀ ਹਰੇਕ ਸ਼੍ਰੇਣੀ ਤੋਂ ਆਉਂਦੇ ਹਨ ਜੋ ਕਿ ਇੱਕ ਖਾਸ, ਵਿਭਿੰਨ ਕਿਸਮ ਦੇ ਲੋਕਾਂ ਦੇ ਅਜਿਹੇ ਸਮੂਹ ਨੂੰ ਬਣਾਉਂਦੇ ਹਨ ਜੋ ਮਸੀਹ ਅਤੇ ਉਸਦੀ ਕਲੀਸਿਆ ਦੇ ਲਈ ਸਮਰਪਿਤ ਹਨ।

## ਕਲੀਸਿਆ ਦੇ ਵਿੱਚ ਪਿਤਾ ਪਰਮੇਸ਼ੁਰ

ਤ੍ਰਿਏਕਤਾ ਦੇ ਵਿਅਕਤੀਤਵ-ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ-ਕਲੀਸਿਆ ਦੇ ਵਿੱਚ ਵਿਸ਼ਵਾਸੀਆਂ ਦੇ ਨਾਲ ਖਾਸ ਤਰੀਕਿਆਂ ਦੇ ਨਾਲ ਸੰਬੰਧਿਤ ਹੁੰਦੇ ਹਨ।

### ਜਿੰਨ੍ਹਾਂ ਕੰਮਾਂ ਨੂੰ ਪਰਮੇਸ਼ੁਰ ਕਲੀਸਿਆ ਦੇ ਵਿੱਚ ਕਰਦਾ ਹੈ ਇਸਦੇ ਲਈ ਉਸ ਨੂੰ ਸਦੀਪਕਤਾ ਦੇ ਲਈ ਮਹਿਮਾ ਮਿਲੇਗੀ।

> ਕਲੀਸਿਯਾ ਵਿੱਚ ਅਤੇ ਮਸੀਹ ਯਿਸੂ ਵਿੱਚ ਸਾਰੀਆਂ ਪੀੜ੍ਹੀਆਂ ਤੀਕੁਰ ਜੁੱਗੋ ਜੁੱਗ ਉਸ ਦੀ ਵਡਿਆਈ ਹੋਵੇ॥ ਆਮੀਨ (ਅਫ਼ਸੀਆਂ ਨੂੰ 3:21)।

ਕਿਉਂਕਿ ਕਲੀਸਿਆ ਦੀ ਹੋਂਦ ਪਰਮੇਸ਼ੁਰ ਦੀ ਮਹਿਮਾ ਦੇ ਲਈ ਹੈ, ਇਸ ਲਈ ਕਲੀਸਿਆ ਦੇ ਦੁਆਰਾ ਅਜਿਹਾ ਕੁਝ ਵੀ ਨਹੀਂ ਕੀਤਾ ਜਾਣਾ ਚਾਹੀਦਾ ਜਿਸਦੇ ਨਾਲ ਪਰਮੇਸ਼ੁਰ ਦਾ ਨਿਰਾਦਰ ਹੋਵੇ। ਕਲੀਸਿਆ ਨੂੰ ਅਜਿਹਾ ਕੁਝ ਵੀ ਨਹੀਂ ਕਰਨਾ ਚਾਹੀਦਾ ਜਿਸਦੇ ਨਾਲ ਲੋਕਾਂ ਨੂੰ ਪਰਮੇਸ਼ੁਰ ਦੀ ਹੋਂਦ ਦੇ ਬਾਰੇ ਕੋਈ ਗ਼ਲਤਫਹਿਮੀ ਹੋਵੇ ਜਾਂ ਜਿਸਦੇ ਨਾਲ ਪਰਮੇਸ਼ੁਰ ਦੀ ਜਗ੍ਹਾ ਧਿਆਨ ਕਿਸੇ ਇਨਸਾਨ ਤੇ ਲੱਗ ਜਾਵੇ।

### ਕਲੀਸਿਆ ਪਰਮੇਸ਼ੁਰ ਦਾ ਪਰਿਵਾਰ ਹੈ।

> ਸੋ ਹੁਣ ਤੋਂ ਤੁਸੀਂ ਓਪਰੇ ਅਤੇ ਪਰਦੇਸੀ ਨਹੀਂ ਸਗੋਂ ਸੰਤਾ ਦੇ ਵਤਨੀ ਅਤੇ ਪਰਮੇਸ਼ੁਰ ਦੇ **ਘਰਾਣੇ ਦੇ** ਹੋ (ਅਫ਼ਸੀਆਂ ਨੂੰ 2:19)।
>
> ਸੋ ਤੁਸੀਂ ਇਸ ਬਿਧ ਨਾਲ ਪ੍ਰਾਰਥਨਾ ਕਰੋ, -ਹੇ ਸਾਡੇ **ਪਿਤਾ**, ਜਿਹੜਾ ਸੁਰਗ ਵਿੱਚ ਹੈਂ, ਤੇਰਾ ਨਾਮ ਪਾਕ ਮੰਨਿਆ ਜਾਵੇ (ਮੱਤੀ 6:9)।

ਕਿਉਂਕਿ ਕਲੀਸਿਆ ਪਰਮੇਸ਼ੁਰ ਦਾ ਪਰਿਵਾਰ, ਇਸ ਲਈ ਜਦੋਂ ਤੱਕ ਕੋਈ ਵਿਅਕਤੀ ਪਰਮੇਸ਼ੁਰ ਤੇ ਵਿਸ਼ਵਾਸ ਨਾ ਕਰੇ ਅਤੇ ਉਸਦੇ ਨਾਲ ਸੰਬੰਧ ਦੇ ਵਿੱਚ ਨਾ ਹੋਵੇ ਉਦੋਂ ਤੱਕ ਉਹ ਅਸਲ ਦੇ ਵਿੱਚ ਕਲੀਸਿਆ ਦਾ ਹਿੱਸਾ ਨਹੀਂ ਬਣ ਸਕਦਾ। ਕੋਈ ਵਿਅਕਤੀ ਸਿਰਫ਼ ਕਲੀਸਿਆ ਦੇ ਲੋਕਾਂ ਨੂੰ ਜਾਣ ਕੇ ਹੀ ਕਲੀਸਿਆ ਦੇ ਵਿੱਚ ਦਾਖਲ ਨਹੀਂ ਹੋ ਸਕਦਾ। ਉਹ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਆ ਕੇ ਕਲੀਸਿਆ ਦੇ ਵਿੱਚ ਦਾਖਲ ਹੁੰਦਾ ਹੈ, ਅਤੇ ਫਿਰ ਉਹ ਪਰਮੇਸ਼ੁਰ ਦੇ ਲੋਕਾਂ ਦੇ ਨਾਲ ਸੰਬੰਧ ਦੇ ਪ੍ਰਤੀ ਸਮਰਪਿਤ ਹੁੰਦਾ ਹੈ।

► ਪਰਮੇਸ਼ੁਰ ਨੂੰ ਆਪਣੇ ਪਿਤਾ ਬਣਾਉਣ ਦਾ ਕੀ ਅਰਥ ਹੈ?

## ਕਲੀਸਿਆ ਦੇ ਵਿੱਚ ਮਸੀਹ

**ਕਲੀਸਿਆ ਨੂੰ ਯਿਸੂ ਨੇ ਹੀ ਬਣਾਇਆ ਹੈ।** ਯਿਸੂ ਕਲੀਸਿਆ ਦੀ ਅੰਤਿਮ ਸਫਲਤਾ ਦਾ ਵਾਅਦਾ ਕਰਦਾ ਹੈ।

> ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ ਅਤੇ ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ (ਮੱਤੀ 16:18)।

**ਯਿਸੂ ਨੇ ਕਲੀਸਿਆ ਦੇ ਨਾਲ ਹੋਣ ਦਾ ਵਾਅਦਾ ਕੀਤਾ।**

> ... ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ (ਮੱਤੀ 28:20)।

> ਕਿਉਂਕਿ ਜਿੱਥੇ ਦੋ ਯਾ ਤਿੰਨ ਮੇਰੇ ਨਾਮ ਉੱਤੇ ਇੱਕਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ (ਮੱਤੀ 18:20)।

> "ਨਿੱਜੀ ਵਾਕ 'ਮੇਰੀ ਕਲੀਸਿਆ' ਦਰਸਾਉਂਦੀ ਹੈ ਕਿ ਮੱਤੀ ਦੇ ਅਨੁਸਾਰ ਯਿਸੂ ਨੇ ਜਾਣ ਬੁੱਝ ਕੇ ਅਜਿਹੇ ਸਮੁਦਾਏ ਨੂੰ ਬਣਾਉਣ ਵੱਲ ਸੰਕੇਤ ਕੀਤਾ ਜਿਸਦੇ ਵਿੱਚ ਪ੍ਰਾਥਨਾ, ਪ੍ਰਚਾਰ ਅਤੇ ਅਨੁਸ਼ਾਸਨ ਲਗਾਤਾਰ ਬਣਿਆ ਰਹੇ। ਉਸਨੇ ਆਪਣੇ ਚੇਲ੍ਹਿਆਂ ਨੂੰ ਸੱਦਿਆ ਅਤੇ ਸਿਖਲਾਈ ਦਿੱਤੀ ਅਤੇ ਉਸਦੇ ਸਵਰਗ ਉਠਾਏ ਜਾਣ ਦੇ ਬਾਅਦ ਉਨ੍ਹਾਂ ਦੀ ਅਗਵਾਈ ਦੇ ਲਈ ਪਵਿੱਤਰ ਆਤਮਾ ਦੇ ਆਉਣ ਦਾ ਵਾਅਦਾ ਕੀਤਾ।"
>
> - ਥੋਮਸ ਓਡੇਨ,
>
> *ਆਤਮਾ ਦੇ ਵਿੱਚ ਜੀਵਨ*

**ਮਸੀਹ ਕਲੀਸਿਆ ਦਾ ਸਿਰ ਹੈ।** ਕਲੀਸਿਆ ਇਸ ਸੰਸਾਰ ਦੇ ਵਿੱਚ ਉਸਦੀ ਦੇਹ ਹੈ। ਮਸੀਹ ਦਾ ਕਲੀਸਿਆ ਦੇ ਨਾਲ ਅਜਿਹਾ ਡੂੰਘਾ ਨਿੱਜੀ ਸੰਬੰਧ ਹੈ ਜਿਸਨੂੰ ਅਸੀਂ ਸਮਝ ਨਹੀਂ ਸਕਦੇ।

> ਅਤੇ ਸੱਭੋ ਕੁਝ ਉਸ ਦੇ ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸਿਯਾ ਲਈ ਦੇ ਦਿੱਤਾ ਇਹ ਉਸ ਦੀ ਦੇਹ ਹੈ ਅਰਥਾਤ ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿੱਚ ਸੱਭੋ ਕੁਝ ਭਰਦਾ ਹੈ (ਅਫ਼ਸੀਆਂ ਨੂੰ 1:22-23)।

> ਕਿਉਂ ਜੋ ਅਸੀਂ ਉਹ ਦੀ ਦੇਹੀ ਦੇ ਅੰਗ ਹਾਂ (ਅਫ਼ਸੀਆਂ ਨੂੰ 5:30)।

ਕਿਉਂਕਿ ਕਲੀਸਿਆ ਦਾ ਮੈਂਬਰ ਮਸੀਹ ਦੀ ਦੇਹ ਦਾ ਹਿੱਸਾ ਹੈ, ਇਸ ਲਈ ਜਦੋਂ ਤੱਕ ਕੋਈ ਵਿਅਕਤੀ ਨਿੱਜੀ ਤੌਰ ਤੇ ਯਿਸੂ ਤੇ ਇੱਕ ਮੁਕਤੀਦਾਤੇ ਵੱਜੋਂ ਵਿਸ਼ਵਾਸ ਕਰਕੇ ਪ੍ਰਭੂ ਦੇ ਤੌਰ ਤੇ ਉਸਦੇ ਅਧਿਕਾਰ ਨੂੰ ਨਹੀਂ ਮੰਨਦਾ ਤਦ ਤੱਕ ਉਸ ਵਿਅਕਤੀ ਦੇ ਲਈ ਕਲੀਸਿਆ ਦਾ ਹਿੱਸਾ ਬਣਨਾ ਸੰਭਵ ਨਹੀਂ ਹੈ।

► ਕਿਸ ਪ੍ਰਕਾਰ ਦੇ ਵਿਅਕਤੀ ਨੂੰ ਮਸੀਹ ਦੀ ਦੇਹ ਦਾ ਮੈਂਬਰ ਕਿਹਾ ਜਾ ਸਕਦਾ ਹੈ?

## ਕਲੀਸਿਆ ਦੇ ਵਿੱਚ ਪਵਿੱਤਰ ਆਤਮਾ

ਰਸੂਲਾਂ ਦੇ ਕਰਤੱਬ ਦੀ ਪੁਸਤਕ ਦਰਸਾਉਂਦੀ ਹੈ ਕਿ ਮੁੱਢਲੀ ਕਲੀਸਿਆ ਪਵਿੱਤਰ ਆਤਮਾ ਦੀ ਹਜ਼ੂਰੀ ਅਤੇ ਸ਼ਕਤੀ ਦੇ ਬਾਰੇ ਜਾਣੂ ਸਨ। ਪਵਿੱਤਰ ਆਤਮਾ ਨੇ ਪ੍ਰਚਾਰ ਦੇ ਲਈ ਸ਼ਕਤੀ ਅਤੇ ਪ੍ਰੇਰਨਾ ਦਿੱਤੀ (ਰਸੂਲਾਂ ਦੇ ਕਰਤੱਬ 2:11)। ਉਸਨੇ ਲੋਕਾਂ ਨੂੰ ਖਾਸ ਸੇਵਕਾਈ ਦੇ ਲਈ ਸੱਦਿਆ (ਰਸੂਲਾਂ ਦੇ ਕਰਤੱਬ 13:2)। ਉਸਨੇ ਉਨ੍ਹਾਂ ਦੀ ਸੇਵਕਾਈ ਦੇ ਸਹੀ ਸਥਾਨਾਂ ਵਿੱਚ ਜਾਣ ਦੇ ਲਈ ਅਗਵਾਈ ਕੀਤੀ (ਰਸੂਲਾਂ ਦੇ ਕਰਤੱਬ 16:6-10)। ਉਸਨੇ ਧਰਮ ਸਿਧਾਂਤਾਂ ਦੇ ਮੁੱਦਿਆਂ ਨੂੰ ਹੱਲ ਕੀਤਾ (ਰਸੂਲਾਂ ਦੇ ਕਰਤੱਬ 15:28)।

**ਪਵਿੱਤਰ ਆਤਮਾ ਕਲੀਸਿਆ ਦੇ ਵਿਸ਼ਵ ਪੱਧਰੀ ਮਿਸ਼ਨ ਨੂੰ ਪੂਰਾ ਕਰਨ ਦੇ ਵਿੱਚ ਮਹਾਨ ਆਗੂ ਹੈ।**

ਕੋਈ ਵੀ ਇੱਕ ਮਨੁੱਖੀ ਸੰਸਥਾ ਸਾਰੇ ਕੰਮ ਨੂੰ ਪੂਰਿਆਂ ਕਰਨ ਦੀ ਉਮੀਦ ਨਹੀਂ ਕਰ ਸਕਦੀ। ਪਰਮੇਸ਼ੁਰ ਮਿਸ਼ਨਰੀਆਂ ਨੂੰ ਬੁਲਾਉਂਦਾ ਅਤੇ ਘੱਲਦਾ ਹੈ, ਅਤੇ ਉਹ ਹਰੇਕ ਭੂਗੋਲਿਕ ਖੇਤਰ ਦੀ ਜਰੂਰਤ ਨੂੰ ਜਾਣਦਾ ਹੈ।

ਇੱਕ ਵਿਅਕਤੀ ਪਵਿੱਤਰ ਆਤਮਾ ਦੇ ਦੁਆਰਾ ਨਵੇਂ ਜਨਮ ਦੇ ਅਨੁਭਵ ਦੇ ਚਮਤਕਾਰ ਦੁਆਰਾ ਕਲੀਸਿਆ ਦੇ ਵਿੱਚ ਦਾਖਲ ਹੁੰਦਾ ਹੈ। ਕਿਉਂਕਿ ਨਵਾਂ ਜਨਮ ਇੱਕ ਅਲੌਕਿਕ ਅਨੁਭਵ ਹੈ, ਇਸ ਕਾਰਨ ਸ਼ੁਭਸਮਾਚਾਰ ਨੂੰ ਪਵਿੱਤਰ ਆਤਮਾ ਦੇ ਦੁਆਰਾ ਅਲੌਕਿਕ ਅਗਵਾਈ ਦਿੱਤੀ ਜਾਂਦੀ ਹੈ। ਸ਼ੁਭਸਮਾਚਾਰ ਦੇ ਨਤੀਜਿਆਂ ਦੀ ਵਿਆਖਿਆ ਕੁਦਰਤੀ ਤਰੀਕਿਆਂ ਦੁਆਰਾ ਨਹੀਂ ਕੀਤੀ ਜਾ ਸਕਦੀ।

**ਕਲੀਸਿਆ ਦਾ ਜੀਵਨ ਆਤਮਾ ਦੇ ਵਿੱਚ ਜੀਵਨ ਹੈ।**

ਪਵਿੱਤਰ ਆਤਮਾ ਮੁੱਢਲੀ ਕਲੀਸਿਆ ਦੇ ਵਿੱਚ ਅਰਾਧਨਾ ਦੀ ਅਗਵਾਈ ਕਰਦਾ ਸੀ। ਉਸਨੇ ਅਲੱਗ-ਅਲੱਗ ਮੈਂਬਰਾਂ ਦੇ ਦੁਆਰਾ ਗੱਲਬਾਤ ਕੀਤੀ (ਰਸੂਲਾਂ ਦੇ ਕਰਤੱਬ 4:30-31)। ਅਰਾਧਨਾ ਦਾ ਯੋਜਨਾਬੱਧ ਪ੍ਰੋਗਰਾਮ ਪਵਿੱਤਰ ਆਤਮਾ ਦੇ ਦੁਆਰਾ ਕਦੇ ਵੀ ਬਦਲਿਆ ਜਾ ਸਕਦਾ ਹੈ।

ਕਲੀਸਿਆ ਹਰੇਕ ਮਨੁੱਖੀ ਸੰਸਥਾ ਦੇ ਨਾਲੋਂ ਅਲੱਗ ਹੈ। ਕਲੀਸਿਆ ਦੇ ਮੈਂਬਰ ਇੱਕ ਦੂਸਰੇ ਦੇ ਨਾਲ ਸੰਗਤੀ ਦੇ ਵਿੱਚ ਹੁੰਦੇ ਹਨ ਕਿਉਂਕਿ ਉਹ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਹਨ ਅਤੇ ਉਨ੍ਹਾਂ ਦੇ ਕੋਲ ਆਤਮਿਕ ਜੀਵਨ ਹੈ। ਜੋ ਵਿਅਕਤੀ ਅਸਲ ਦੇ ਵਿੱਚ ਬਦਲਿਆ ਨਹੀਂ ਹੈ ਉਹ ਅਸਲ ਦੇ ਵਿੱਚ ਉਸ ਸੰਗਤੀ ਦੇ ਵਿੱਚ ਨਹੀਂ ਹੈ ਭਾਵੇਂ ਉਹ ਕਲੀਸਿਆ ਨੂੰ ਪਸੰਦ ਕਰਦਾ ਹੋਵੇ ਅਤੇ ਕਲੀਸਿਆ ਦੇ ਲੋਕਾਂ ਦਾ ਦੋਸਤ ਹੋਵੇ।

ਪਵਿੱਤਰ ਆਤਮਾ ਆਤਮਿਕ ਵਰਦਾਨ ਦਿੰਦਾ ਹੈ ਜੋ ਮੈਂਬਰ ਇੱਕ ਦੂਸਰੇ ਦੀ ਸੇਵਾ ਦੇ ਵਿੱਚ ਉਪਯੋਗ ਕਰ ਸਕਦੇ ਹਨ (੧ ਕੁਰਿੰਥੀਆਂ ਨੂੰ 12:4-7)। ਯਰੂਸ਼ਲਮ ਦੇ ਵਿੱਚ ਕਲੀਸਿਆ ਦੇ ਸ਼ੁਰੂਆਤੀ ਦਿਨਾਂ ਦੇ ਵਿੱਚ, ਮੈਂਬਰਾਂ ਦਾ ਸਮਰਪਨ ਅਤੇ ਏਕਤਾ ਇੰਨੀ ਮਜ਼ਬੂਤ ਸੀ ਕਿ ਆਧੁਨਿਕ ਕਲੀਸਿਆ ਦੇ ਲਈ ਇਸਦੀ ਕਲਪਨਾ ਕਰਨੀ ਵੀ ਬਹੁਤ ਕਠਿਨ ਹੈ। ਲੋਕਾਂ ਨੇ ਆਪਣੀ ਸੰਪਤੀ ਵੇਚ ਕੇ ਪੈਸੇ ਦਿੱਤੇ ਤਾਂ ਕਿ ਕਲੀਸਿਆ ਦੇ ਕੋਲ ਜੀਵਨ ਨੂੰ ਸਾਂਝਾ ਕਰ ਸਕਦੇ। ਜਦੋਂ ਹਨਾਨਿਯਾ ਅਤੇ ਸਫੀਰਾ ਨੇ ਝੂਠ ਬੋਲਿਆ, ਤਾਂ ਉਹ ਮਾਰੇ ਗਏ ਕਿਉਂਕਿ ਉਨ੍ਹਾਂ ਦੇ ਪਾਪ ਨੇ ਪਵਿੱਤਰ ਆਤਮਾ ਦੇ ਉਸ ਅਦਭੁੱਤ ਕੰਮ ਦਾ ਨਿਰਾਦਰ ਕੀਤਾ ਜੋ ਉਹ ਕਲੀਸਿਆ ਦੇ ਵਿੱਚ ਕਰ ਰਿਹਾ ਸੀ (ਰਸੂਲਾਂ ਦੇ ਕਰਤੱਬ 4:32-35, ਰਸੂਲਾਂ ਦੇ ਕਰਤੱਬ 5:1-4)।

**ਕਲੀਸਿਆ ਦੀ ਏਕਤਾ ਆਤਮਾ ਦੇ ਜੀਵਨ ਵਿੱਚ ਪੂਰੀ ਹੁੰਦੀ ਹੈ।**

ਕਲੀਸਿਆ ਨੂੰ (ਇਮਾਰਤ ਨਹੀਂ, ਪਰ ਵਿਸ਼ਵਾਸੀਆਂ ਦਾ ਜੀਵਨ) "ਪਰਮੇਸ਼ੁਰ ਦੀ ਹੈਕਲ" ਕਿਹਾ ਗਿਆ ਹੈ ਕਿਉਂਕਿ ਆਤਮਾ ਇੱਕ ਖਾਸ ਢੰਗ ਦੇ ਨਾਲ ਕਲੀਸਿਆ ਦੇ ਵਿੱਚ ਰਹਿੰਦਾ ਹੈ (੨ ਕੁਰਿੰਥੀਆਂ ਨੂੰ 6:16)। ਅਜਿਹੇ ਵਿਅਕਤੀ ਦੇ ਬਾਰੇ ਗੰਭੀਰ ਸਜ਼ਾ ਘੋਸ਼ਨਾ ਕੀਤੀ ਗਈ ਹੈ ਜੋ ਉਸ ਹੈਕਲ ਦਾ ਨਾਸ਼ ਕਰਦਾ ਹੈ ਜਿੱਥੇ ਮਸੀਹੀ ਏਕਤਾ ਦਾ ਵਾਸ ਹੁੰਦਾ ਹੈ (੧ ਕੁਰਿੰਥੀਆਂ ਨੂੰ 3:16-17)।

> ਜਿੱਥੇ ਕਿਤੇ ਯਿਸੂ ਮਸੀਹ ਹੈ, ਉੱਥੇ ਕੈਥੋਲਿਕ (ਵਿਸ਼ਵ-ਵਿਆਪੀ) ਕਲੀਸਿਆ ਹੈ।"
>
> - ਇਗਨੇਸ਼ੀਅਸ
> (ਸਮੁਰਨੇ ਨੂੰ ਲਿਖੀ ਪੱਤ੍ਰੀ ਦੇ ਵਿੱਚ)

► ਤੁਸੀਂ ਇੱਕ ਅਜਿਹੇ ਵਿਅਕਤੀ ਦੇ ਬਾਰੇ ਕੀ ਕਹੋਗੇ ਜੋ ਪਵਿੱਤਰ ਆਤਮਾ ਦੀ ਸ਼ਕਤੀ ਦੇ ਨਾਲ ਭਰੇ ਹੋਣ ਦਾ ਦਾਅਵਾ ਕਰਦਾ ਹੈ ਪਰ ਕਲੀਸਿਆ ਤੇ ਹਮਲੇ ਕਰਦਾ ਹੈ ਅਤੇ ਇਸਦੇ ਵਿੱਚ ਫੁੱਟ ਪਾਉਂਦਾ ਹੈ?

## ਕਲੀਸਿਆ ਦੇ ਦੁਆਰਾ ਪਰਮੇਸ਼ੁਰ ਦਾ ਪ੍ਰਗਟਾਵਾ ਹੁੰਦਾ ਹੈ

ਕਲੀਸਿਆ ਲੋਕਾਂ ਦੀ ਪਰਮੇਸ਼ੁਰ ਨੂੰ ਯਾਦ ਕਰਨ, ਪਰਮੇਸ਼ੁਰ ਦੇ ਧਿਆਨ ਲਗਾਉਣ ਅਤੇ ਪਰਮੇਸ਼ੁਰ ਦੇ ਦੁਆਰਾ ਪਰਿਵਰਤਨ ਦਾ ਅਨੁਭਵ ਕਰਨ ਦੇ ਵਿੱਚ ਸਹਾਇਤਾ ਕਰਦੀ ਹੈ।

ਕਲੀਸਿਆ ਦਾ ਢਾਂਚਾ ਪਰਮੇਸ਼ੁਰ ਬਣਾਇਆ ਗਿਆ ਹੈ ਅਤੇ ਉਸੇ ਨੇ ਇਸਨੂੰ ਰਚਿਆ ਹੈ। ਧਰਤੀ ਤੇ ਕਿਸੇ ਵੀ ਹੋਰ ਸਥਾਨ ਨਾਲੋਂ ਜਿਆਦਾ ਕਲੀਸਿਆ ਇੱਕ ਅਜਿਹਾ ਸਥਾਨ ਹੈ ਜਿੱਥੇ ਪਰਮੇਸ਼ੁਰ ਦੀ ਇੱਛਾ ਉਦੇਸ਼ਪੂਰਨ ਢੰਗ ਨਾਲ ਉਨ੍ਹਾਂ ਲੋਕਾਂ ਦੁਆਰਾ ਪੂਰੀ ਕੀਤੀ ਜਾਂਦੀ ਹੈ ਜੋ ਪਰਮੇਸ਼ੁਰ ਨੂੰ ਪਿਆਰ ਕਰਦੇ ਹਨ। ਇਸ ਤਰ੍ਹਾਂ, ਕਲੀਸਿਆ ਸੰਸਾਰ ਨੂੰ ਵਿਖਾਉਂਦੀ ਹੈ ਕਿ ਪਰਮੇਸ਼ੁਰ ਕਿਸ ਪ੍ਰਕਾਰ ਦਾ ਹੈ।

► ਅਜਿਹੀਆਂ ਕੁਝ ਗੱਲਾਂ ਕਿਹੜੀਆਂ ਹਨ ਜੋ ਕਲੀਸਿਆ ਨੂੰ ਵੇਖਣ ਨਾਲ ਲੋਕਾਂ ਨੂੰ ਪਰਮੇਸ਼ੁਰ ਦੇ ਬਾਰੇ ਨਜ਼ਰ ਆਉਣੀਆਂ ਚਾਹੀਦੀਆਂ ਹਨ?

ਕਲੀਸਿਆ ਨੂੰ ਵੇਖਣ ਦੁਆਰਾ, ਲੋਕਾਂ ਨੂੰ ਨਜ਼ਰ ਆਉਣਾ ਚਾਹੀਦਾ ਹੈ ਕਿ ਪਰਮੇਸ਼ੁਰ ਪਿਆਰ ਕਰਨ ਵਾਲਾ ਅਤੇ ਦਿਆਲੂ ਹੈ, ਉਹ ਸਭਨਾਂ ਦੀ ਫਿਕਰ ਕਰਦਾ ਹੈ, ਮਾਫ਼ ਕਰਦਾ ਹੈ, ਸਚਿਆਈ ਦਾ ਸਮਰਥਨ ਕਰਦਾ ਹੈ, ਸਮਰਪਣ ਬਣਾਈ ਰੱਖਦਾ ਹੈ ਅਤੇ ਪਾਪ ਨੂੰ ਨਫ਼ਰਤ ਕਰਦਾ ਹੈ ਜਦਕਿ ਪਾਪੀਆਂ ਦੇ ਨਾਲ ਪਿਆਰ ਕਰਦਾ ਹੈ।

► ਲੋਕਾਂ ਨੂੰ ਇਹ ਯਾਦ ਰੱਖਦੇ ਹੋਏ ਕਿਹੜੀਆਂ ਗ਼ਲਤੀਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਕਿ ਕਲੀਸਿਆ ਪਰਮੇਸ਼ੁਰ ਦੇ ਬਾਰੇ ਹੈ।

### ਅਰਾਧਨਾ

ਕਿਉਂਕਿ ਕਲੀਸਿਆ ਦੀ ਹੋਂਦ ਪਰਮੇਸ਼ੁਰ ਦੇ ਲਈ ਹੈ, ਇਸ ਕਾਰਨ ਕਲੀਸਿਆ ਦੀ ਅਰਾਧਨਾ ਦਾ ਕੇਂਦਰ ਪਰਮੇਸ਼ੁਰ ਹੋਣਾ ਚਾਹੀਦਾ ਹੈ। ਜਦੋਂ ਅਰਾਧਨਾ ਦਾ ਕੇਂਦਰ ਮਨੁੱਖੀ ਆਗੂ ਜਾਂ ਵਿਖਾਵਾ ਬਣ ਜਾਂਦਾ ਹੈ, ਤਾਂ ਇਹ ਮਨੁੱਖ-ਕੇਂਦਰਿਤ ਬਣ ਜਾਂਦੀ ਹੈ, ਜੋ ਕਿ ਮੂਰਤੀਪੂਜਾ ਦੇ ਸਮਾਨ ਹੈ। ਗ਼ਲਤ ਅਰਾਧਨਾ ਸਰੀਰਕ ਹੁੰਦੀ ਹੈ, ਜੋ ਕੁਝ ਲੋਕਾਂ ਦੀ ਸ਼ਲਾਘਾ ਕਰਦੀ ਹੈ ਅਤੇ ਕੁਦਰਤੀ ਇੱਛਾਵਾਂ ਸੰਤੁਸ਼ਟੀ ਦੇ ਲਈ ਹੁੰਦੀ ਹੈ। ਇੱਥੋਂ ਤੱਕ ਕਿ ਗ਼ਲਤ ਅਰਾਧਨਾ ਸ਼ੈਤਾਨੀ ਬਣ ਸਕਦੀ ਹੈ ਕਿਉਂਕਿ ਅਰਾਧਕ ਆਪਣੇ ਆਪ ਨੂੰ ਅਜਿਹੀਆਂ ਭਾਵਨਾਵਾਂ ਅਤੇ ਆਤਮਾਵਾਂ ਦੇ ਨਾਲ ਜੋੜ ਲੈਂਦੇ ਹਨ ਜੋ ਪਰਮੇਸ਼ੁਰ ਦੀ ਵੱਲੋਂ ਨਹੀਂ ਹਨ।

### ਇੱਕ ਵਿਸ਼ਵ-ਵਿਆਪੀ ਕਲੀਸਿਆ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਅਫ਼ਸੀਆਂ ਨੂੰ 4:1-6 ਪੜਣਾ ਚਾਹੀਦਾ ਹੈ। ਵਚਨ ਦਾ ਇਹ ਭਾਗ ਕਲੀਸਿਆ ਦੇ ਬਾਰੇ ਕਿਹੜੀ ਮੁੱਖ ਗੱਲ ਨੂੰ ਦੱਸਦਾ ਹੈ?

ਪੌਲੁਸ ਨੇ ਵਿਸ਼ਵਾਸੀਆਂ ਨੂੰ ਏਕਤਾ ਦੇ ਵਿੱਚ ਰਹਿਣ ਦਾ ਸੱਦਾ ਦਿੱਤਾ। ਏਕਤਾ ਦਾ ਕਾਰਨ ਇਹ ਹੈ ਕਿ ਕਲੀਸਿਆ ਸਿਰਫ਼ ਇੱਕ ਹੀ ਹੈ, ਜਿਵੇਂ ਇੱਕ ਹੀ ਪਰਮੇਸ਼ੁਰ ਅਤੇ ਇੱਕ ਹੀ ਸ਼ੁਭਸਮਾਚਾਰ ਹੈ। ਸਾਰੇ ਸੱਚੇ ਮਸੀਹੀ ਇੱਕ ਹੀ ਦੇਹ ਦੇ ਵਿੱਚ ਹਨ। ਇੱਕ ਹੀ ਮਸੀਹਤ ਅਤੇ ਇੱਕ ਹੀ ਕਲੀਸਿਆ ਹੈ ਕਿਉਂਕਿ ਪਰਮੇਸ਼ੁਰ ਇੱਕ ਹੈ।

ਇੱਕ ਵਿਸ਼ਵ-ਵਿਆਪੀ ਕਲੀਸਿਆ ਦੇ ਤੱਥ ਤੇ ੧ ਕੁਰਿੰਥੀਆਂ ਨੂੰ 12:13 ਦੇ ਵਿੱਚ ਜ਼ੋਰ ਦਿੱਤਾ ਗਿਆ ਹੈ, ਜਿੱਥੇ ਪੌਲੁਸ ਨੇ ਕਿਹਾ ਪਰਾਈਆਂ ਕੌਮਾਂ ਤੋਂ ਵਿਸ਼ਵਾਸ ਵਿੱਚ ਆਉਣ ਵਾਲੇ ਸਭ ਲੋਕ ਇੱਕ ਹੀ ਦੇਹ ਦੇ ਵਿੱਚ ਆਉਂਦੇ ਹਨ।

ਇੱਕ ਵਿਸ਼ਵਾਸ ਕਥਨ ਮਸੀਹੀ ਧਾਰਨਾਵਾਂ ਦਾ ਮੁੱਢਲਾ ਬਿਆਨ ਹੁੰਦਾ ਹੈ। ਇੱਕ ਸ਼ੁਰੂਆਤੀ ਮਸੀਹੀ ਵਿਸ਼ਵਾਸ ਕਥਨ "ਰਸੂਲਾਂ ਦੇ ਵਿਸ਼ਵਾਸ ਕਥਨ" ਵਿੱਚ ਇੱਕ ਬਿਆਨ ਹੈ "ਮੈਂ ਕੈਥੋਲਿਕ ਕਲੀਸਿਆ ਦੇ ਵਿੱਚ ਵਿਸ਼ਵਾਸ ਰੱਖਦਾ ਹਾਂ।" ਵਿਸ਼ਵਾਸ ਕਥਨ ਦੇ ਵਿੱਚ *ਕੈਥੋਲਿਕ* ਸ਼ਬਦ ਰੋਮਨ ਕੈਥੋਲਿਕ ਚਰਚ ਨੂੰ ਨਹੀਂ ਦਰਸਾਉਂਦਾ ਹੈ। ਇਸਦਾ ਅਰਥ "ਵਿਸ਼ਵ-ਵਿਆਪੀ" ਜਾਂ "ਸੰਪੂਰਨ" ਹੈ। ਵਿਸ਼ਵਾਸ ਕਥਨ ਕਹਿ ਰਿਹਾ ਸੀ ਕਿ ਕਲੀਸਿਆ ਇੱਕ ਹੀ ਹੈ ਜੋ ਹਰੇਕ ਸਥਾਨ ਦੇ ਸਾਰੇ ਮਸੀਹੀਆਂ ਦੀ ਪ੍ਰਤੀਨਿਧਤਾ ਕਰਦੀ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਅਫ਼ਸੀਆਂ ਨੂੰ 2:20 ਪੜਣਾ ਚਾਹੀਦਾ ਹੈ।

ਕਲੀਸਿਆ ਇੱਕ ਹੀ ਨੀਂਹ ਤੇ ਬਣੀ ਹੈ: ਨਬੀਆਂ ਅਤੇ ਰਸੂਲਾਂ ਦੁਆਰਾ ਪ੍ਰਗਟ ਕੀਤੀ ਸਚਿਆਈ ਅਤੇ ਸੇਵਕਾਈ; ਅਤੇ ਸੇਵਕਾਈ ਸੰਦੇਸ਼, ਪ੍ਰਾਸਚਿੱਤ ਅਤੇ ਯਿਸੂ ਮਸੀਹ ਦੇ ਵਿੱਚ ਲਗਾਤਾਰ ਜੀਵਨ ਦੇ ਦੁਆਰਾ। ਇਹ ਇੱਕ ਹੀ ਨੀਂਹ ਅਤੇ ਇੱਕ ਹੀ ਕਲੀਸਿਆ ਹੈ।

ਚੀਨ ਦੇ ਵਿੱਚ ਇੱਕ ਧਰਮ ਹੈ ਜਿਸਨੂੰ ਈਸਟਰਨ ਲਾਈਟਨਿੰਗ ਕਿਹਾ ਜਾਂਦਾ ਹੈ। ਉਹ ਵਿਸ਼ਵਾਸ ਕਰਦੇ ਹਨ ਕਿ ਯਿਸੂ ਦਾ ਕੰਮ ਪੂਰਾ ਹੋ ਚੁੱਕਾ ਹੈ, ਅਤੇ ਪਰਮੇਸ਼ੁਰ ਨੇ ਆਧੁਨਿਕ ਸਮੇਂ ਦੇ ਲਈ ਨਵਾਂ ਮਸੀਹਾ ਘੱਲਿਆ ਹੈ। ਇਹ ਨਵਾਂ ਮਸੀਹਾ ਇੱਕ ਚੀਨੀ ਇਸਤਰੀ ਹੈ ਜੋ ਨਵੇਂ ਧਰਮ ਸਿਧਾਂਤ ਸਿਖਾਉਂਦੀ ਹੈ।

►ਤੁਸੀਂ ਈਸਟਰਨ ਲਾਈਟਨਿੰਗ ਨੂੰ ਮੰਨਣ ਵਾਲੇ ਕਿਸੇ ਵਿਅਕਤੀ ਨੂੰ ਕੀ ਉੱਤਰ ਦੇਵੋਗੇ?

ਵਿਸ਼ਵ-ਵਿਆਪੀ ਕਲੀਸਿਆ ਦਾ ਇਹ ਅਰਥ ਨਹੀਂ ਹੈ ਕਿ ਇੱਕ ਹੀ ਸੰਸਥਾ ਸਾਰੀ ਕਲੀਸਿਆ ਹੈ। ਕੋਈ ਵੀ ਇੱਕ ਸੰਸਥਾ ਸੰਸਾਰ ਦੇ ਵਿੱਚ ਹਰੇਕ ਸਥਾਨ ਤੇ ਪਰਮੇਸ਼ੁਰ ਦੇ ਉਦੇਸ਼ ਨੂੰ ਕਰ ਪਾਉਣ ਦੇ ਨੇੜੇ ਨਹੀਂ ਆਉਂਦੀ ਹੈ। ਯਿਸੂ ਨੇ ਆਪਣੇ ਰਸੂਲਾਂ ਨੂੰ ਕਿਹਾ ਕਿ ਉਹ ਸਾਰੇ ਮਸੀਹੀਆਂ ਦੇ ਇੱਕ ਹੀ ਸੰਸਥਾ ਦੇ ਵਿੱਚ ਹੋਣ ਦੀ ਉਮੀਦ ਨਾ ਰੱਖਣ (ਮਰਕੁਸ 9:38-39)।

ਰੋਮਨ ਕੈਥੋਲਿਕ ਚਰਚ ਪਰਮੇਸ਼ੁਰ ਦੀ ਸੰਪੂਰਨ ਕਲੀਸਿਆ ਹੋਣ ਦਾ ਦਾਅਵਾ ਕਰਦਾ ਹੈ। ਮੋਰਮੋਨਜ਼ ਅਤੇ ਯਹੋਵਾਹ ਵਿੱਟਨੈਸ ਵੀ ਇਹੀ ਦਾਅਵਾ ਕਰਦੇ ਹਨ।

► ਤੁਸੀਂ ਇੱਕ ਅਜਿਹੇ ਵਿਅਕਤੀ ਨੂੰ ਕੀ ਕਹੋਗੇ ਜੋ ਦਾਅਵਾ ਕਰਦਾ ਹੈ ਕਿ ਉਸਦੀ ਸੰਸਥਾ ਧਰਤੀ ਤੇ ਪਰਮੇਸ਼ੁਰ ਦੀ ਸੰਪੂਰਨ ਕਲੀਸਿਆ ਹੈ?

## ਇੱਕ ਕਲੀਸਿਆ ਦੇ ਪ੍ਰਤੀ ਸਥਾਨਕ ਕਲੀਸਿਆ ਦੀ ਜੁਆਬਦੇਹੀ

ਕਿਸੇ ਵੀ ਸਥਾਨਕ ਕਲੀਸਿਆ ਨੂੰ ਆਪਣੇ ਧਰਮ ਸਿਧਾਂਤ ਵਿਕਸਿਤ ਕਰਨ ਦੇ ਲਈ ਆਜਾਦ ਮਹਿਸੂਸ ਨਹੀਂ ਕਰਨਾ ਚਾਹੀਦਾ। ਇੱਕ ਸਥਾਨ ਤੇ ਪੌਲੁਸ ਨੇ ਨਿਰਦੇਸ਼ ਦਿੱਤੇ, ਅਤੇ ਫਿਰ ਉਸਨੇ ਕਿਹਾ ਕਿ ਪਰਮੇਸ਼ੁਰ ਦੀਆਂ ਕਲੀਸਿਆਵਾਂ ਦੇ ਵਿੱਚ ਇਹੀ ਦਸਤੂਰ ਹੈ (੧ ਕੁਰਿੰਥੀਆਂ ਨੂੰ 11:16)। ਉਸਨੇ ਕਲੀਸਿਆ ਨੂੰ ਕਿਹਾ ਕਿ ਉਨ੍ਹਾਂ ਨੂੰ ਕੁਝ ਸੇਵਕਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਜੋ ਦੂਸਰੀਆਂ ਕਲੀਸਿਆਵਾਂ ਦੇ ਪ੍ਰਤੀਨਿਧੀ ਹੈ (੨ ਕੁਰਿੰਥੀਆਂ ਨੂੰ 8:23-24)। ਉਹ ਸਪੱਸ਼ਟ ਤੌਰ ਤੇ ਇਹ ਦੱਸ ਰਿਹਾ ਸੀ ਕਿ ਕਿਸੇ ਇੱਕ ਕਲੀਸਿਆ ਦਾ ਬਾਕੀ ਸਾਰੀਆਂ ਕਲੀਸਿਆਵਾਂ ਨਾਲੋਂ ਅਲੱਗ ਧਰਮ ਸਿਧਾਂਤ ਰੱਖਣਾ ਗ਼ਲਤ ਹੈ।

ਕੁਰਿੰਥੁਸ ਦੀ ਕਲੀਸਿਆ ਨੇ ਆਤਮਿਕ ਵਰਦਾਨਾਂ ਦੀ ਬਰਕਤ ਪਾਈ ਹੋਈ ਸੀ। ਉਨ੍ਹਾਂ ਨੇ ਆਪਣੇ ਆਪ ਨੂੰ ਆਜਾਦ ਮੰਨਣਾ ਸ਼ੁਰੂ ਕਰ ਦਿੱਤਾ, ਅਤੇ ਕਿਸੇ ਹੋਰ ਦੀ ਗੱਲ ਸੁਣਨ ਦੀ ਲੋੜ ਮਹਿਸੂਸ ਨਹੀਂ ਕੀਤੀ। ਪੌਲੁਸ ਨੇ ਉਨ੍ਹਾਂ ਦੇ ਅਭਿਆਸਾਂ ਅਤੇ ਸੋਚ ਨੂੰ ਸੁਧਾਰਿਆ ਅਤੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਉਹ ਪਰਮੇਸ਼ੁਰ ਦੇ ਵਚਨ ਦਾ ਮੂਲ ਨਹੀਂ ਸਨ; ਇਹ ਉਨ੍ਹਾਂ ਦੇ ਕੋਲ ਹੋਰਾਂ ਦੁਆਰਾ ਆਇਆ ਅਤੇ

ਇਹ ਸਿਰਫ਼ ਉਨ੍ਹਾਂ ਦੇ ਕੋਲ ਹੀ ਨਹੀਂ ਆਇਆ (੧ ਕੁਰਿੰਥੀਆਂ ਨੂੰ 14:36)। ਉਸਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਕਲੀਸਿਆ ਦੇ ਵਿੱਚ ਜਿਹੜੇ ਲੋਕ ਆਤਮਿਕ ਤੌਰ ਸਿਆਣੇ ਸਨ, ਉਹ ਪੌਲੁਸ ਦੇ ਨਿਰਦੇਸ਼ਾਂ ਨੂੰ ਪਰਮੇਸ਼ੁਰ ਦੁਆਰਾ ਪ੍ਰੇਰਿਤ ਸਮਝਣਗੇ।

ਸਥਾਨਕ ਕਲੀਸਿਆ ਸਵੈ-ਸੰਚਾਲਕ ਅਤੇ ਸਵੈ-ਸਮਰਥਕ ਹੋਣੀ ਚਾਹੀਦੀ ਹੈ; ਪਰ ਧਰਮ ਸਿਧਾਂਤ ਦੀ ਸਥਿਰਤਾ, ਸਿਖਲਾਈ ਦੇ ਸ੍ਰੋਤਾਂ ਅਤੇ ਸੰਸਾਰ ਭਰ ਦੀ ਮਿਸ਼ਨ ਦੇ ਨਜ਼ਰੀਏ ਲਈ ਇਸਦਾ ਵਿਸ਼ਵ-ਵਿਆਪੀ ਕਲੀਸਿਆ ਦੇ ਨਾਲ ਸੰਬੰਧ ਹੋਣਾ ਚਾਹੀਦਾ ਹੈ।

ਅੱਜ ਦੇ ਸਮੇਂ ਵਿੱਚ ਬਹੁਤ ਸਾਰੀਆਂ ਕਲੀਸਿਆਵਾਂ ਅਤੇ ਅਲੱਗ-ਅਲੱਗ ਪ੍ਰਕਾਰ ਦੇ ਧਰਮ ਸਿਧਾਂਤ ਹਨ, ਭਾਵੇਂ ਕਿ ਉਹ ਬਾਈਬਲ ਨੂੰ ਮੰਨਣ ਦਾ ਦਾਅਵਾ ਕਰਦੇ ਹਨ। ਇੱਕ ਕਲੀਸਿਆ ਦਾ ਵਿਸ਼ਵਵਿਆਪੀ ਕਲੀਸਿਆ ਦੇ ਪ੍ਰਤੀ ਜਵਾਬਦੇਹ ਹੋਣ ਦਾ ਇਹ ਮਤਲਬ ਨਹੀਂ ਹੈ ਕਿ ਉਸਨੂੰ ਆਪਣੇ ਆਲੇ ਦੁਆਲੇ ਦੀਆਂ ਸਾਰੀਆਂ ਕਲੀਸਿਆਵਾਂ ਦੇ ਵਾਂਗ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸਦੇ ਕੋਲ ਮਸੀਹਤ ਦੇ ਉਹ ਧਰਮ ਸਿਧਾਂਤ ਹੋਣੇ ਚਾਹੀਦੇ ਹਨ ਜੋ ਨਵੇਂ ਨੇਮ ਦੀ ਕਲੀਸਿਆ ਦੀ ਸ਼ੁਰੂਆਤ ਦੇ ਸਮੇਂ ਜਰੂਰੀ ਸਨ। ਇਸਨੂੰ ਕਲੀਸਿਆਵਾਂ ਦੀ ਇੱਕ ਅਜਿਹੀ ਐਸੋਸੀਏਸ਼ਨ ਦਾ ਹਿੱਸਾ ਹੋਣਾ ਚਾਹੀਦਾ ਹੈ ਜੋ ਇੱਕ ਦੂਸਰੇ ਦੇ ਪ੍ਰਤੀ ਜੁਆਬਦੇਹ ਹਨ।

ਧਰਮ ਸਿਧਾਂਤਾਂ ਦੀ ਸਥਿਰਤਾ ਦੇ ਲਈ, ਇੱਕ ਸਥਾਨਕ ਕਲੀਸਿਆ ਦੇ ਕੋਲ ਤਿੰਨ ਚੀਜਾਂ ਹੋਣੀਆਂ ਚਾਹੀਦੀਆਂ ਹਨ:

1. ਇੱਕ ਪੱਕਾ ਵਿਸ਼ਵਾਸ ਕਿ ਬਾਈਬਲ ਹੀ ਸਰਬ-ਉੱਚ ਅਧਿਕਾਰ ਹੈ
2. ਇਤਿਹਾਸਿਕ ਮਸੀਹਤ ਦੇ ਜਰੂਰੀ ਧਰਮ ਸਿਧਾਂਤ
3. ਚੰਗੀ ਧਰਮ ਸਿੱਖਿਆ ਵਾਲੀਆਂ ਕਲੀਸਿਆਵਾਂ ਦੀ ਐਸੋਸੀਏਸ਼ਨ ਦੇ ਨਾਲ ਸੰਗਤੀ

ਇਸ ਪਾਠ ਦੇ ਵਿੱਚ ਅਸੀਂ ਇਸ ਸੂਚੀ ਵਿੱਚ ਦੱਸੀ ਦੂਸਰੀ ਗੱਲ ਦਾ ਅਧਿਐਨ ਕਰ ਰਹੇ ਹਾਂ। ਅਸੀਂ ਕਲੀਸਿਆ ਦੀਆਂ ਐਸੋਸੀਏਸ਼ਨਾਂ ਦੇ ਬਾਰੇ ਹੋਰ ਪਾਠ ਦੇ ਵਿੱਚ ਗੱਲ ਕਰਾਂਗੇ।

ਇੱਕ ਸਥਾਨਕ ਕਲੀਸਿਆ ਨੂੰ ਅਜਿਹੇ ਧਰਮ ਸਿਧਾਂਤ ਸਵੀਕਾਰ ਕਰਨ ਦੇ ਲਈ ਕਦੇ ਆਜਾਦ ਮਹਿਸੂਸ ਨਹੀਂ ਕਰਨਾ ਚਾਹੀਦਾ ਜੋ ਮੁੱਢਲੀ ਕਲੀਸਿਆ ਦੇ ਜਰੂਰੀ ਧਰਮ ਸਿਧਾਂਤਾਂ ਦੇ ਵਿਰੁੱਧ ਹੋਣ। ਇੰਨ੍ਹਾਂ ਧਰਮ ਸਿਧਾਂਤਾਂ ਨੂੰ ਕੁਝ ਸ਼ੁਰੂਆਤੀ ਵਿਸ਼ਵਾਸ ਕਥਨਾਂ ਦੇ ਵਿੱਚ ਦੱਸਿਆ ਗਿਆ ਹੈ। ਰਸੂਲਾਂ ਦੇ ਵਿਸ਼ਵਾਸ ਕਥਨ, ਨਾਈਸੀਨ ਵਿਸ਼ਵਾਸ ਕਥਨ ਅਤੇ ਚੈਲਸੀਡੋਨੀਅਨ ਵਿਸ਼ਵਾਸ ਕਥਨ ਅਜਿਹੇ ਧਰਮ ਸਿਧਾਂਤਾਂ ਬਾਰੇ ਜਾਣਕਾਰੀ ਦਿੰਦਾ ਹੈ ਜੋ ਸ਼ੁਰੂਆਤ ਤੋਂ ਹੀ ਮਸੀਹਤ ਦੇ ਲਈ ਜਰੂਰੀ ਸਨ। ਇੰਨ੍ਹਾਂ ਦੇ ਵਿੱਚ ਤ੍ਰਿਏਕਤਾ ਅਤੇ ਮਸੀਹ ਦੀ ਈਸ਼ਵਰਤਾਈ ਅਤੇ ਪਵਿੱਤਰ ਆਤਮਾ ਦੇ ਧਰਮ ਸਿਧਾਂਤ ਸ਼ਾਮਿਲ ਹਨ। ਜੇਕਰ ਕੋਈ ਕਲੀਸਿਆ ਇੰਨ੍ਹਾਂ ਵਿਸ਼ਵਾਸ ਕਥਨਾਂ ਦੇ ਧਰਮ ਸਿਧਾਂਤਾਂ ਦਾ ਇਨਕਾਰ ਕਰ ਦਿੰਦੀ ਹੈ, ਤਾਂ ਇਸਨੂੰ ਆਪਣੇ ਆਪ ਨੂੰ ਮਸੀਹੀ ਨਹੀਂ ਕਹਿਣਾ ਚਾਹੀਦਾ, ਕਿਉਂਕਿ ਉਹ ਕੋਈ ਦੂਸਰਾ ਧਰਮ ਹਨ।

## ਨਾਈਸੀਨ ਵਿਸ਼ਵਾਸ ਕਥਨ

ਮੈਂ ਇੱਕ ਪਰਮੇਸ਼ੁਰ ਤੇ ਵਿਸ਼ਵਾਸ ਕਰਦਾ ਹਾਂ, ਸਰਬ ਸ਼ਕਤੀਮਾਨ ਪਿਤਾ, ਜੋ ਆਕਾਸ਼ ਅਤੇ ਧਰਤੀ, ਅਤੇ ਸਭ ਵਿਖਣ ਵਾਲੀਆਂ ਅਤੇ ਨਾ ਵਿਖਣ ਵਾਲੀਆਂ ਵਸਤਾਂ ਦਾ ਰਚਨਹਾਰਾ ਹੈ।

ਅਤੇ ਯਿਸੂ ਮਸੀਹ ਦੇ ਵਿੱਚ, ਜੋ ਪਰਮੇਸ਼ੁਰ ਦਾ ਇੱਕਲੌਤਾ ਪੁੱਤਰ ਹੈ; ਉਹ ਸਾਰੇ ਸੰਸਾਰਾਂ ਨਾਲੋਂ ਪਹਿਲਾਂ ਪਿਤਾ ਦੇ ਸੰਗ ਸੀ, ਪਰਮੇਸ਼ੁਰ ਦਾ ਪਰਮੇਸ਼ੁਰ, ਚਾਨਣ ਦਾ ਚਾਨਣ, ਪੂਰੀ ਤਰ੍ਹਾਂ ਈਸ਼ਵਰ, ਇੱਕਲੌਤਾ, ਨਾ ਕਿ ਰਚਿਆ ਹੋਇਆ; ਜੋ ਪਿਤਾ ਦੇ ਨਾਲ ਇੱਕ ਹੈ; ਜਿਸਦੇ ਦੁਆਰਾ ਸਭ ਕੁਝ ਰਚਿਆ ਗਿਆ; ਜੋ ਸਾਡੇ ਮਨੁੱਖਾਂ ਦੇ ਲਈ ਅਤੇ ਸਾਡੀ ਮੁਕਤੀ ਦੇ ਲਈ ਸਵਰਗ ਤੋਂ ਹੇਠਾਂ ਆਇਆ, ਅਤੇ ਕੁਆਰੀ ਮਰੀਅਮ ਦੀ ਕੁੱਖ ਵਿੱਚ ਪਵਿੱਤਰ ਆਤਮਾ ਦੇ ਦੁਆਰਾ ਦੇਹਧਾਰੀ ਹੋਇਆ, ਅਤੇ ਉਹ ਮਨੁੱਖ ਬਣਿਆ, ਅਤੇ ਪੰਤੀਓਸ ਪਿਲਾਤੁਸ ਦੇ ਅਧੀਨ ਸਾਡੇ ਲਈ ਸਲੀਬ ਦਿੱਤਾ ਗਿਆ; ਉਸਨੇ ਦੁੱਖ ਝੱਲਿਆ ਅਤੇ ਉਹ ਦਫਨਾਇਆ ਗਿਆ; ਅਤੇ ਤੀਸਰੇ ਦਿਨ ਉਹ ਧਰਮ ਸ਼ਾਸਤਰਾਂ ਦੇ ਅਨੁਸਾਰ ਜੀ ਉੱਠਿਆ; ਅਤੇ ਸਵਰਗ ਤੇ ਉਠਾ ਲਿਆ ਗਿਆ; ਅਤੇ ਪਿਤਾ ਦੇ ਸੱਜੇ ਹੱਥ ਬਿਰਾਜਮਾਨ ਹੈ; ਅਤੇ ਉਹ ਮਹਿਮਾ ਦੇ ਨਾਲ ਦੁਬਾਰਾ ਵਾਪਿਸ ਆਵੇਗਾ, ਜਿਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਦੇ ਲਈ; ਉਸਦੇ ਰਾਜ ਦਾ ਕੋਈ ਅੰਤ ਨਾ ਹੋਵੇਗਾ।

ਅਤੇ ਮੈਂ ਪਵਿੱਤਰ ਆਤਮਾ ਤੇ ਵਿਸ਼ਵਾਸ ਕਰਦਾ ਹਾਂ, ਜੋ ਪ੍ਰਭੂ ਅਤੇ ਜੀਵਨਦਾਤਾ ਹੈ, ਜੋ ਪਿਤਾ ਅਤੇ ਪੁੱਤਰ ਤੋਂ ਆਉਂਦਾ ਹੈ; ਜਿਸਦੀ ਪਿਤਾ ਅਤੇ ਪੁੱਤਰ ਦੇ ਨਾਲ ਅਰਾਧਨਾ ਕੀਤੀ ਜਾਂਦੀ ਹੈ ਅਤੇ ਉਹ ਮਹਿਮਾ ਪਾਉਂਦਾ ਹੈ; ਜਿਸਨੇ ਨਬੀਆਂ ਦੇ ਨਾਲ ਗੱਲਬਾਤ ਕੀਤੀ; ਅਤੇ ਮੈਂ ਇੱਕ ਵਿਸ਼ਵਵਿਆਪੀ ਅਤੇ ਰਸੂਲੀ ਕਲੀਸਿਆ ਤੇ ਵਿਸ਼ਵਾਸ ਕਰਦਾ ਹਾਂ; ਮੈਂ ਪਾਪਾਂ ਦੀ ਮਾਫੀ ਦੇ ਲਈ ਇੱਕ ਬਪਤਿਸਮੇ ਨੂੰ ਮੰਨਦਾ ਹਾਂ; ਅਤੇ ਮੈਂ ਮੁਰਦਿਆਂ ਦੇ ਜੀ ਉੱਠਣ; ਅਤੇ ਆਉਣ ਵਾਲੇ ਸੰਸਾਰ ਦੇ ਜੀਵਨ ਦੀ ਉਡੀਕ ਵਿੱਚ ਹਾਂ। ਆਮੀਨ।

ਕੀ ਹੋਵੇਗਾ ਜੇਕਰ ਕੋਈ ਵਿਅਕਤੀ ਇਹ ਫੈਸਲਾ ਕਰਦਾ ਹੈ ਕਿ ਉਹ ਨਾਈਸੀਨ ਵਿਸ਼ਵਾਸ ਕਥਨ ਦੇ ਕਿਸੇ ਇੱਕ ਕਥਨ ਨਾਲ ਸਹਿਮਤ ਨਹੀਂ ਹੈ? ਕਿਉਂਕਿ ਇਹ ਧਰਮ ਸਿਧਾਂਤ ਸ਼ੁਰੂ ਤੋਂ ਹੀ ਕਲੀਸਿਆ ਦੁਆਰਾ ਮੰਨੇ ਜਾਂਦੇ ਰਹੇ ਹਨ, ਜੇਕਰ ਉਹ ਇੱਕ ਤੋਂ ਇਨਕਾਰ ਕਰਦਾ ਹੈ, ਤਾਂ ਉਹ ਅਜਿਹੀ ਸਚਿਆਈ ਦੀ ਸਮਝ ਹੋਣ ਦਾ ਦਾਅਵਾ ਕਰ ਰਿਹਾ ਹੈ ਜੋ ਕਲੀਸਿਆ ਦੇ ਕੋਲ 2,000 ਸਾਲਾਂ ਤੋਂ ਨਹੀਂ ਸੀ। ਜੇਕਰ ਕੋਈ ਕਲੀਸਿਆ ਜਾਂ ਵਿਅਕਤੀ ਰਸੂਲਾਂ ਦੇ ਵਿਸ਼ਵਾਸ ਕਥਨਾਂ, ਨਾਈਸੀਨ ਵਿਸ਼ਵਾਸ ਕਥਨਾਂ ਅਤੇ ਚੈਲਸੀਡੋਨੀਅਨ ਦੇ ਵਿਸ਼ਵਾਸ ਕਥਨਾਂ ਨੂੰ ਨਹੀਂ ਮੰਨਦਾ, ਤਾਂ ਉਸਦੇ ਧਰਮ ਸਿਧਾਂਤ 'ਤੇ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ। ਵਿਸ਼ਵਾਸ ਕਥਨਾਂ ਦੇ ਧਰਮ ਸਿਧਾਂਤ ਸ਼ੁਭਸਮਾਚਾਰ ਦਾ ਸਮਰਥਨ ਕਰਦੇ ਹਨ। ਜੇਕਰ ਕੋਈ ਵਿਅਕਤੀ ਧਰਮ ਦੇ ਸਿਧਾਂਤ ਤੋਂ ਇਨਕਾਰ ਕਰਦਾ ਹੈ, ਤਾਂ ਉਹ ਸ਼ੁਭਸਮਾਚਾਰ ਦਾ ਵਿਰੋਧ ਕਰ ਰਿਹਾ ਹੈ।

► ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਕੀ ਕਹੋਗੇ ਜੋ ਕਹਿੰਦਾ ਹੈ ਕਿ ਉਹ ਮਸੀਹੀ ਹੈ ਪਰ ਉਹ ਨਾਈਸੀਨ ਵਿਸ਼ਵਾਸ ਕਥਨ ਦੇ ਬਿਆਨ ਨਾਲ ਸਹਿਮਤ ਨਹੀਂ ਹੈ?

## ਸੱਤ ਸੰਖੇਪ ਬਿਆਨ

1. ਇੱਕ ਸਥਾਨਕ ਕਲੀਸਿਆ ਵਿਸ਼ਵਾਸੀਆਂ ਦਾ ਅਜਿਹਾ ਸਮੂਹ ਹੈ ਜੋ ਮਿਲ ਕੇ ਕਿਸੇ ਖਾਸ ਸਥਾਨ ਤੇ ਕਲੀਸਿਆ ਹੋਣ ਦਾ ਸਮਰਪਣ ਕਰਦੇ ਹਨ।

2. ਕਲੀਸਿਆ ਸੰਸਾਰ ਨੂੰ ਪਰਮੇਸ਼ੁਰ ਦਾ ਸੁਭਾਅ ਵਿਖਾਉਂਦੀ ਹੈ।

3. ਆਤਮਾ ਦਾ ਜੀਵਨ ਕਲੀਸਿਆ ਦਾ ਜੀਵਨ ਅਤੇ ਏਕਤਾ ਹੈ।

4. ਕਲੀਸਿਆ ਦੀ ਮੈਂਬਰਸ਼ਿਪ ਪਰਮੇਸ਼ੁਰ ਦੇ ਨਾਲ ਸੰਬੰਧ ਅਤੇ ਵਿਸ਼ਵਾਸੀਆਂ ਦੇ ਸਮੂਹ ਦੇ ਪ੍ਰਤੀ ਸਮਰਪਣ ਤੇ ਆਧਾਰਿਤ ਹੈ।

5. ਇੱਕ ਹੀ ਵਿਸ਼ਵਵਿਆਪੀ ਕਲੀਸਿਆ ਹੈ ਜੋ ਇੱਕ ਮਸੀਹਤ ਨੂੰ ਮੰਨਦੀ ਹੈ ਕਿਉਂਕਿ ਕਲੀਸਿਆ ਇੱਕ ਪਰਮੇਸ਼ੁਰ ਦੇ ਬਾਰੇ ਹੈ।

6. ਕੋਈ ਵੀ ਮਨੁੱਖੀ ਸੰਸਥਾ ਧਰਤੀ ਤੇ ਪਰਮੇਸ਼ੁਰ ਦੀ ਸੰਪੂਰਨ (ਇੱਕ ਮਾਤਰ) ਕਲੀਸਿਆ ਨਹੀਂ ਹੈ।

7. ਇੱਕ ਸਥਾਨਕ ਕਲੀਸਿਆ ਨੂੰ ਵਿਸ਼ਵਵਿਆਪੀ ਕਲੀਸਿਆ ਦੇ ਜਰੂਰੀ ਸਿਧਾਂਤਾਂ ਅਤੇ ਇਤਿਹਾਸਿਕ ਧਰਮ ਸਿਧਾਂਤਾਂ ਨੂੰ ਸਾਂਭ ਕੇ ਰੱਖਣਾ ਚਾਹੀਦਾ ਹੈ।

## ਪਾਠ 1 ਦੇ ਅਸਾਇਨਮੈਂਟ

1. ਪਾਠ 1 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਇਸ ਕੋਰਸ ਦੇ ਦੌਰਾਨ ਤੁਹਾਨੂੰ ਇੱਕ ਪਾਠ ਜਾਂ ਪਾਠ ਦੇ ਇੱਕ ਹਿੱਸੇ ਨੂੰ ਕਿਸੇ ਅਜਿਹੇ ਵਿਅਕਤੀ ਜਾਂ ਸਮੂਹ ਨੂੰ ਸਿਖਾਉਣ ਦੀ ਜਰੂਰਤ ਹੋਵੇਗੀ ਜੋ ਇਸ ਕਲਾਸ ਦਾ ਹਿੱਸਾ ਨਹੀਂ ਹੈ। ਤੁਸੀਂ ਸਿਖਾਉਣ ਦੇ ਲਈ ਸਮੱਗਰੀ ਦੀ ਚੋਣ ਕਰ ਸਕਦੇ ਹੋ। ਤੁਹਾਨੂੰ ਇਸਨੂੰ ਅਲੱਗ-ਅਲੱਗ ਸਮੱਗਰੀ ਦੇ ਨਾਲ ਤਿੰਨ ਵਾਰ ਕਰਨਾ ਪਵੇਗਾ। ਆਪਣੇ ਸਿਖਾਉਣ ਦੇ ਮੌਕਿਆਂ ਲਈ ਸਮਾਂ ਨਿਰਧਾਰਿਤ ਕਰੋ ਅਤੇ ਜੋ ਤੁਸੀਂ ਸਿਖਾਇਆ ਹੈ ਉਸਦੇ ਬਾਰੇ ਕਲਾਸ ਦੇ ਆਗੂ ਨੂੰ ਰਿਪੋਰਟ ਦਿਓ।

# ਪਾਠ 2

# ਮਸੀਹੀ ਏਕਤਾ

## ਜਾਣ-ਪਛਾਣ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਹੇਠਾਂ ਦਿੱਤੀ ਕਾਲਪਨਿਕ ਕਹਾਣੀ ਪੜਣੀ ਚਾਹੀਦੀ ਹੈ।

ਇੱਕ ਵਾਰ ਇੱਕ ਸ਼ਹਿਰ ਸੀ ਜਿਸਨੂੰ ਨਦੀ ਤੋਂ ਹੜ੍ਹ ਆਉਣ ਦਾ ਖ਼ਤਰਾ ਸੀ। ਸ਼ਹਿਰ ਦੇ ਲੋਕ ਰੇਤ ਦੀਆਂ ਬੋਰੀਆਂ ਭਰਨ ਅਤੇ ਨਦੀ ਦੇ ਕਿਨਾਰੇ ਰੱਖਣ ਲਈ ਟੀਮਾਂ ਵਿੱਚ ਸੰਗਠਿਤ ਹੁੰਦੇ ਸਨ। ਲੋਕਾਂ ਨੇ ਉਤਸ਼ਾਹ ਨਾਲ ਕੰਮ ਕੀਤਾ, ਅਤੇ ਟੀਮ ਭਾਵਨਾ ਵਿਕਸਤ ਹੋਈ। ਟੀਮਾਂ ਨੇ ਜਲਦੀ ਹੀ ਆਪਣੇ ਨਾਮ ਰੱਖ ਲਏ। ਸਿਟੀ ਸੇਵਰ, ਸੈਂਡ ਸ਼ੋਵਲਰ ਅਤੇ ਰਿਵਰ ਬਲਾਕਰ ਸਨ। ਟੀਮ ਦੀ ਪਛਾਣ ਮਹੱਤਵਪੂਰਨ ਹੋ ਗਈ। ਹਰੇਕ ਟੀਮ ਦੇ ਮੈਂਬਰ ਮੇਲ ਖਾਂਦੀਆਂ ਕਮੀਜ਼ਾਂ ਪਹਿਨਦੇ ਸਨ। ਉਨ੍ਹਾਂ ਨੇ ਇਸ ਬਾਰੇ ਗੱਲ ਕੀਤੀ ਕਿ ਉਨ੍ਹਾਂ ਦੀ ਟੀਮ ਕਿਵੇਂ ਸਭ ਤੋਂ ਵਧੀਆ ਸੀ। ਉਨ੍ਹਾਂ ਨੇ ਦੂਜੀਆਂ ਟੀਮਾਂ ਦੇ ਕੰਮ ਦੀ ਆਲੋਚਨਾ ਕੀਤੀ।

ਜਦੋਂ ਇੱਕ ਰਿਵਰ ਬਲਾਕਰ ਨੇ ਸਿਟੀ ਸੇਵਰਸ ਤੋਂ ਇੱਕ ਟ੍ਰਾਲੀ ਉਧਾਰ ਲੈਣ ਲਈ ਕਿਹਾ, ਤਾਂ ਉਨ੍ਹਾਂ ਨੇ ਉਸਨੂੰ ਇਹ ਲੈਣ ਦੀ ਇਜਾਜ਼ਤ ਨਹੀਂ ਦਿੱਤੀ, ਕਿਉਂਕਿ ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਨੂੰ ਬਾਅਦ ਵਿੱਚ ਇਸਦੀ ਲੋੜ ਪੈ ਸਕਦੀ ਹੈ। ਜਦੋਂ ਸੈਂਡ ਸ਼ੋਵਲਰਜ਼ ਦੇ ਬੈਗ ਖਤਮ ਹੋ ਗਏ, ਤਾਂ ਉਨ੍ਹਾਂ ਨੂੰ ਹੋਰ ਬੈਗ ਲਿਆਉਣ ਲਈ ਇੱਕ ਘੰਟਾ ਇੰਤਜ਼ਾਰ ਕਰਨਾ ਪਿਆ, ਹਾਲਾਂਕਿ ਦੂਜੀਆਂ ਟੀਮਾਂ ਕੋਲ ਅਜੇ ਵੀ ਵਾਧੂ ਬੈਗ ਸਨ। ਟੀਮਾਂ ਭੁੱਲ ਗਈਆਂ ਸਨ ਕਿ ਉਨ੍ਹਾਂ ਸਾਰਿਆਂ ਦਾ ਇੱਕ ਮਿਸ਼ਨ ਸੀ। ਹਰੇਕ ਟੀਮ ਦੀ ਸਫਲਤਾ ਮਿਸ਼ਨ ਦੀ ਕੁੱਲ ਸਫਲਤਾ ਨਾਲੋਂ ਵੱਧ ਮਹੱਤਵਪੂਰਨ ਜਾਪਦੀ ਸੀ।

► ਕਿਸ ਪ੍ਰਕਾਰ ਕਈ ਵਾਰ ਕਲੀਸਿਆਵਾਂ ਵੀ ਇਸ ਕਹਾਣੀ ਦੀਆਂ ਟੀਮਾਂ ਦੀ ਵਿਵਹਾਰ ਕਰਦੀਆਂ ਹਨ?

ਬਾਈਬਲ ਮਸੀਹੀ ਏਕਤਾ ਦੇ ਬਾਰੇ ਬਹੁਤ ਮਜ਼ਬੂਤੀ ਨਾਲ ਜ਼ੋਰ ਦਿੰਦੀ ਹੈ। ਪੌਲੁਸ ਨੇ ਕੁਰਿੰਥੁਸ ਦੀ ਕਲੀਸਿਆ ਦੇ ਵਿੱਚ ਪਾਈਆਂ ਜਾਣ ਵਾਲੀਆਂ ਫੁੱਟਾਂ ਦੇ ਕਾਰਨ ਉਨ੍ਹਾਂ ਨੂੰ ਇੱਕ ਪ੍ਰਸ਼ਨ ਦੇ ਦੁਆਰਾ ਝਿੜਕਿਆ, “ਭਲਾ, ਮਸੀਹ ਵੰਡਿਆ ਹੋਇਆ ਹੈ?” (੧ ਕੁਰਿੰਥੀਆਂ ਨੂੰ 1:13)। ਉਸਨੇ ਅਫ਼ਸੀਆਂ ਦੀ ਕਲੀਸਿਆ ਨੂੰ ਆਤਮਾ ਦੇ ਵਿੱਚ ਏਕਤਾ ਬਣਾਈ ਰੱਖਣ ਦੇ ਲਈ ਕਿਹਾ, ਇਸ ਸੰਕੇਤ ਕਰਦੇ ਹੋਏ ਕਿ “ਇੱਕੋ ਦੇਹੀ ... ਇੱਕੋ ਪ੍ਰਭੁ, ਇੱਕੋ ਨਿਹਚਾ, ਇੱਕੋ ਬਪਤਿਸਮਾ ਹੈ” (ਅਫ਼ਸੀਆਂ ਨੂੰ 4:4-5)। ਯਿਸੂ ਨੇ ਤਨੋਂ ਮਨੋਂ ਪ੍ਰਾਥਨਾ ਕੀਤੀ ਕਿ ਵਿਸ਼ਵਾਸੀ ਇੱਕ ਹੋਣ ਤਾਂ ਕਿ ਸੰਸਾਰ ਇਸ ਤੋਂ ਜਾਣ ਸਕੇ ਕਿ ਉਹ ਪਿਤਾ ਦੇ ਕੋਲੋਂ ਆਇਆ ਹੈ (ਯੂਹੰਨਾ 17:21)।

ਸ਼ੁਰੂਆਤ ਤੋਂ ਹੀ ਕਲੀਸਿਆ ਨੇ ਆਪਣੇ ਆਪ ਨੂੰ ਇੱਕ ਮੰਨਿਆ। ਰਸੂਲਾਂ ਦੇ ਵਿਸ਼ਵਾਸ ਕਥਨ ਦੇ ਵਿੱਚ ਇਹ ਬਿਆਨ ਹੈ: "ਮੈਂ ਪਵਿੱਤਰ ਕੈਥੋਲਿਕ ਕਲੀਸਿਆ; ਸੰਤਾਂ ਦੀ ਸੰਗਤੀ ਦੇ ਵਿੱਚ ਵਿਸ਼ਵਾਸ ਰੱਖਦਾ ਹਾਂ।" ਨਾਈਸੀਨ ਵਿਸ਼ਵਾਸ ਕਥਨ ਦੇ ਵਿੱਚ ਇਹ ਬਿਆਨ ਸ਼ਾਮਿਲ ਹੈ: "ਮੈਂ ਇੱਕ ਕੈਥੋਲਿਕ ਅਤੇ ਰਸੂਲੀ ਕਲੀਸਿਆ ਤੇ ਵਿਸ਼ਵਾਸ ਕਰਦਾ ਹਾਂ।" *ਕੈਥੋਲਿਕ* ਸ਼ਬਦ ਦਾ ਅਰਥ ਹੈ ਸੰਪੂਰਨ ਅਤੇ ਵਿਸ਼ਵਵਿਆਪੀ। *ਰਸੂਲੀ* ਸ਼ਬਦ ਤੋਂ ਭਾਵ ਹੈ ਕਿ ਕਲੀਸਿਆ ਰਸੂਲਾਂ ਦੇ ਦੁਆਰਾ ਸਥਾਪਿਤ ਕੀਤੀ ਗਈ ਅਤੇ ਇਹ ਹੁਣ ਵੀ ਰਸੂਲਾਂ ਦੀ ਸਿੱਖਿਆ ਤੇ ਚੱਲਦੀ ਹੈ।

ਮੁੱਢਲੇ ਵਿਸ਼ਵਾਸ ਕਥਨਾਂ ਦੇ ਵਿੱਚ ਮਸੀਹਤ ਦੇ ਜਰੂਰੀ ਧਰਮ ਸਿਧਾਂਤਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਕਲੀਸਿਆ ਕਿਸੇ ਵੀ ਅਜਿਹੇ ਵਿਅਕਤੀ ਨੂੰ ਮਸੀਹੀ ਨਹੀਂ ਮੰਨਦੀ ਸੀ ਜੋ ਇੰਨ੍ਹਾਂ ਵਿਸ਼ਵਾਸ ਕਥਨਾਂ ਨੂੰ ਸਵੀਕਾਰ ਨਹੀਂ ਕਰਦਾ ਸੀ, ਕਿਉਂਕਿ ਵਿਸ਼ਵਾਸ ਕਥਨਾਂ ਨੂੰ ਜਰੂਰੀ ਮਸੀਹਤ ਨੂੰ ਪਰਿਭਾਸ਼ਿਤ ਕਰਨ ਦੇ ਲਈ ਬਣਾਇਆ ਗਿਆ ਸੀ। ਇਸ ਕਰਕੇ ਜੇਕਰ ਕੋਈ ਵਿਅਕਤੀ ਸਿਖਾਉਂਦਾ ਸੀ ਕਿ ਕੁਝ ਅਜਿਹੀ ਸੱਚੀਆਂ ਕਲੀਸਿਆਵਾਂ ਹਨ ਜੋ ਇੱਕ ਵਿਸ਼ਵਵਿਆਪੀ ਕਲੀਸਿਆ ਦਾ ਹਿੱਸਾ ਨਹੀਂ ਹਨ ਤਾਂ ਉਸ ਵਿਅਕਤੀ ਨੂੰ ਝੂਠਾ ਸਿੱਖਿਅਕ ਮੰਨਿਆ ਜਾਂਦਾ ਸੀ।

### ਕਲੀਸਿਆਈ ਸੰਸਥਾਨ

ਧਰਤੀ ਦੇ ਉੱਤੇ ਕਲੀਸਿਆ ਬਹੁਤ ਸਦੀਆਂ ਦੇ ਲਈ ਇੱਕ ਹੀ ਸੰਸਥਾਨ ਦੇ ਤੌਰ ਤੇ ਸੰਚਾਲਿਤ ਨਹੀਂ ਹੋਈ। ਇਸਦੀ ਬਜਾਏ, ਕਲੀਸਿਆਵਾਂ ਦੇ ਕਈ ਅਲੱਗ-ਅਲੱਗ ਸਮੂਹ ਹਨ। ਜਦੋਂ ਕਲੀਸਿਆਵਾਂ ਦਾ ਇੱਕ ਸਮੂਹ ਕਿਸੇ ਇੱਕ ਸੰਸਥਾ ਨੂੰ ਬਣਾਉਂਦਾ ਹੈ ਤਾਂ ਉਸਨੂੰ ਕਲੀਸਿਆਈ ਸੰਸਥਾਨ ਕਿਹਾ ਜਾਂਦਾ ਹੈ।

451 ਈ. ਦੇ ਵਿੱਚ ਓਰੀਐਂਟਲ ਔਰਥੋਡੋਕਸੀ ਨੇ ਧਰਮ ਸਿਧਾਂਤਾ ਦੀ ਅਸਹਿਮਤੀ ਦੇ ਕਾਰਨ ਆਪਣੇ ਆਪ ਨੂੰ ਰੋਮਨ ਕੈਥੋਲਿਕ ਦੇ ਨਾਲੋਂ ਆਪਣੇ ਆਪ ਨੂੰ ਅਲੱਗ ਕਰ ਲਿਆ। ਅੱਜ ਓਰੀਐਂਟਲ ਔਰਥੋਡੋਕਸੀ ਦੇ ਵਿੱਚ ਖੇਤਰੀ ਕਲੀਸਿਆਈ ਸੰਸਥਾਵਾਂ ਹਨ ਜਿਵੇਂ ਕਿ ਕੋਪਟਿਕ, ਇਥੋਪੀਅਨ, ਏਰੀਟ੍ਰੀਨ, ਮਲੰਕਾਰਾ ਸੀਰੀਅਨ, ਸੀਰੀਅਕ ਅਤੇ ਅਰਮੀਨੀਆਈ ਅਪੌਸਟੋਲਿਕ।

1054 ਈ. ਦੇ ਵਿੱਚ ਈਸਟਰਨ ਔਰਥੋਡੋਕਸੀ ਨੇ ਆਪਣੇ ਆਪ ਨੂੰ ਰੋਮਨ ਕੈਥੋਲਿਕਸ ਨਾਲੋਂ ਅਲੱਗ ਕਰ ਲਿਆ। ਅੱਜ ਈਸਟਰਨ ਔਰਥੋਡੋਕਸੀ ਦੇ ਵਿੱਚ 15 ਖੇਤਰੀ ਕਲੀਸਿਆਈ ਸੰਸਥਾਵਾਂ ਹਨ ਜਿਸਦੇ ਵਿੱਚ ਰਸ਼ੀਅਨ ਔਰਥੋਡੋਕਸ ਚਰਚ, ਸਰਬਿਅਨ ਔਰਥੋਡੋਕਸ ਚਰਚ ਅਤੇ ਸਾਈਪ੍ਰਸ ਦਾ ਚਰਚ ਸ਼ਾਮਿਲ ਹਨ।

ਉਨ੍ਹਾਂ ਵੱਡੀਆਂ ਵੰਡਾਂ ਤੋਂ ਇਲਾਵਾ, ਉਨ੍ਹਾਂ ਸਦੀਆਂ ਦੌਰਾਨ ਚਰਚਾਂ ਦੇ ਹੋਰ ਸਮੂਹ ਰੋਮਨ ਚਰਚ ਤੋਂ ਵੱਖ ਹੋ ਗਏ।

ਪ੍ਰੋਟੈਸਟੈਂਟ ਧਰਮ ਸੁਧਾਰ ਲਹਿਰ 1500ਵੀਂ ਸਦੀ ਦੇ ਵਿੱਚ ਹੋਈ ਸੀ। ਇਸ ਸਮੇਂ ਬਹੁਤ ਸਾਰੀਆਂ ਕਲੀਸਿਆਵਾਂ ਰੋਮਨ ਕੈਥੋਲਿਕ ਨਾਲੋਂ ਅਲੱਗ ਹੋ ਗਈਆਂ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਰੋਮਨ ਕੈਥੋਲਿਕ ਹੁਣ ਸੱਚੇ ਸ਼ੁਭਸਮਾਚਾਰ ਦਾ ਸਪੱਸ਼ਟਤਾ ਨਾਲ ਪ੍ਰਚਾਰ

ਨਹੀਂ ਕਰਦੇ ਹਨ। ਹੋਰ ਵੀ ਬਹੁਤ ਸਾਰੇ ਮੁੱਦੇ ਸਨ ਜਿਸਦੇ ਵਿੱਚ ਰਾਜਨੀਤਿਕ ਮੁੱਦੇ ਵੀ ਸ਼ਾਮਿਲ ਸਨ, ਪਰ ਧਰਮ ਸਿਧਾਂਤ ਸਭ ਤੋਂ ਜਿਆਦਾ ਮਹੱਤਵਪੂਰਨ ਸਨ।

ਧਰਮ ਸੁਧਾਰ ਲਹਿਰ ਦੇ ਦੌਰਾਨ ਬਹੁਤ ਸਾਰੇ ਕਲੀਸਿਆਈ ਸੰਸਥਾਨਾਂ ਨੂੰ ਬਣਾਇਆ ਗਿਆ। ਚਰਚ ਔਫ ਇੰਗਲੈਂਡ, ਇੰਗਲੈਂਡ ਦੇਸ਼ ਵਿੱਚ ਪਾਈਆਂ ਜਾਣ ਵਾਲੀਆਂ ਕਲੀਸਿਆਵਾਂ ਤੋਂ ਬਣਿਆ ਸੀ। ਜਦੋਂ ਉਨ੍ਹਾਂ ਨੇ ਦੂਜੇ ਦੇਸ਼ਾਂ ਵਿੱਚ ਚਰਚ ਸਥਾਪਿਤ ਕੀਤੇ, ਤਾਂ ਉਨ੍ਹਾਂ ਨੂੰ ਐਪੀਸਕੋਪਲ ਚਰਚ ਕਿਹਾ ਜਾਂਦਾ ਸੀ।

ਪ੍ਰੈਸਬੀਟੈਰੀਅਨ ਕਲੀਸਿਆਵਾਂ ਧਰਮ ਸੁਧਾਰਕਾਂ ਦੇ ਪ੍ਰਭਾਵ ਅਧੀਨ ਹੋਂਦ ਦੇ ਵਿੱਚ ਆਇਆ: ਸਵਿੱਟਜ਼ਰਲੈਂਡ ਦੇ ਵਿੱਚ ਜੋਨ੍ਹ ਕੈਲਵਿਨ, ਸਕੋਟਲੈਂਡ ਦੇ ਵਿੱਚ ਜੋਨ੍ਹ ਨੋਕਸ ਅਤੇ ਹੋਰ। ਅੱਜ ਬਹੁਤ ਸਾਰੀਆਂ ਪ੍ਰੈਸਬੀਟੈਰੀਅਨ ਕਲੀਸਿਆਵਾਂ ਹੋਂਦ ਦੇ ਵਿੱਚ ਹਨ।

ਲੂਦਰਨ ਚਰਚ ਜ਼ਰਮਨੀ ਦੇ ਵਿੱਚ ਮਾਰਟਿਨ ਲੂਦਰ ਦੀ ਸੇਵਕਾਈ ਤੋਂ ਬਣਾਇਆ ਗਿਆ। ਹੁਣ ਬਹੁਤ ਸਾਰੇ ਹੋਰ ਦੇਸ਼ਾਂ ਦੇ ਵਿੱਚ ਲੂਦਰਨ ਚਰਚ ਪਾਏ ਜਾਂਦੇ ਹਨ।

ਐਨਾਬੈਪਟਿਸਟ ਲੋਕਾਂ ਦਾ ਮੰਨਣਾ ਸੀ ਕਿ ਧਰਮ ਸੁਧਾਰ ਲਹਿਰ ਨੇ ਵਚਨ ਆਧਾਰਿਤ ਸ਼ੁਭਸਮਾਚਾਰ ਨੂੰ ਪੂਰੀ ਤਰ੍ਹਾਂ ਦੇ ਨਾਲ ਮੁੜ-ਬਹਾਲ ਨਹੀਂ ਕੀਤਾ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਅਰਾਧਨਾ ਦੇ ਵਿੱਚ ਕਿਸੇ ਵੀ ਤਰ੍ਹਾਂ ਦੀਆਂ ਵਚਨ ਰਹਿਤ ਰੀਤਾਂ ਨਹੀਂ ਹੋਣੀਆਂ ਚਾਹੀਦੀਆਂ ਅਤੇ ਇਹ ਕਿ ਬਪਤਿਸਮਾ ਸਿਰਫ਼ ਪਰਿਵਰਤਿਤ ਹੋਏ ਲੋਕਾਂ ਦੇ ਲਈ ਸੀ ਨਾ ਕਿ ਬੱਚਿਆਂ ਦੇ ਲਈ। ਉਨ੍ਹਾਂ ਤੋਂ ਬਹੁਤ ਸਾਰੇ ਦੇਸ਼ਾਂ ਦੇ ਵਿੱਚ ਬੈਪਟਿਸ਼ਟਾਂ ਦੇ ਕਲੀਸਿਆਈ ਸੰਸਥਾਨ ਹੋਂਦ ਵਿੱਚ ਆਏ ਹਨ।

ਪੈਂਟੇਕੋਸਟਲ ਕਲੀਸਿਆਵਾਂ ਦੀ ਸ਼ੁਰੂਆਤ 1906 ਈ. ਦੇ ਵਿੱਚ ਲੌਸ ਐਂਜਲੇਸ ਦੇ ਵਿੱਚ ਇੱਕ ਆਤਮਿਕ ਬੇਦਾਰੀ ਦੇ ਦੁਆਰਾ ਹੋਈ। ਅੱਜ ਸੰਸਾਰ ਭਰ ਦੇ ਬਹੁਤ ਸਾਰੇ ਦੇਸ਼ਾਂ ਦੇ ਵਿੱਚ ਪੈਂਟੇਕੋਸਟਲ ਅਤੇ ਕੈਰਿਸਮੈਟਿਕ ਕਲੀਸਿਆਈ ਸੰਸਥਾਨ ਪਾਏ ਜਾਂਦੇ ਹਨ। ਉਨ੍ਹਾਂ ਦੇ ਵਿੱਚ ਅਲੱਗ-ਅਲੱਗ ਪ੍ਰਕਾਰ ਦੇ ਧਰਮ ਸਿਧਾਂਤ ਹਨ।

ਹੁਣ ਅਜਿਹੇ ਹਜ਼ਾਰਾਂ ਹੀ ਕਲੀਸਿਆਈ ਸੰਸਥਾਨ ਹਨ ਜੋ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ। ਹਜ਼ਾਰਾਂ ਅਜਿਹੀਆਂ ਆਜਾਦ ਕਲੀਸਿਆਵਾਂ ਹਨ ਜੋ ਕਿਸੇ ਵੀ ਕਲੀਸਿਆਈ ਸੰਸਥਾਨ ਦਾ ਹਿੱਸਾ ਨਹੀਂ ਹਨ।

ਕਲੀਸਿਆਈ ਸੰਸਥਾਨ ਅਕਸਰ ਉਹਨਾਂ ਲੋਕਾਂ ਦੇ ਸਮੂਹ ਨਾਲ ਸ਼ੁਰੂ ਹੁੰਦੀਆਂ ਹਨ ਜੋ ਮੰਨਦੇ ਹਨ ਕਿ ਇੱਕ ਮਹੱਤਵਪੂਰਨ ਸੱਚਾਈ ਨੂੰ ਉਸ ਚਰਚ ਦੁਆਰਾ ਰੱਦ ਜਾਂ ਅਣਗੌਲਿਆ ਕੀਤਾ ਜਾਂਦਾ ਹੈ ਜਿਸ ਵਿੱਚ ਉਹ ਹਨ। ਉਹ ਸਿਧਾਂਤਕ ਤੌਰ 'ਤੇ ਸਹੀ ਹੋਣ ਦੇ ਇਰਾਦੇ ਨਾਲ ਇੱਕ ਨਵਾਂ ਕਲੀਸਿਆਈ ਸੰਸਥਾਨ ਸ਼ੁਰੂ ਕਰਦੇ ਹਨ। ਸਮੇਂ ਦੇ ਨਾਲ, ਉਹ ਆਪਣੇ ਸਿਧਾਂਤਾਂ ਨੂੰ ਵਿਕਸਤ ਕਰਦੇ ਰਹਿੰਦੇ ਹਨ, ਅਤੇ ਦੂਜੇ ਕਲੀਸਿਆਈ ਸੰਸਥਾਨਾਂ ਤੋਂ ਵੱਖਰੇ ਹੋ ਜਾਂਦੇ ਹਨ। ਉਹ ਅਰਾਧਨਾ ਦੇ ਸਹੀ ਰੂਪ ਅਤੇ ਮਸੀਹੀ ਜੀਵਨ ਦੇ ਵੇਰਵਿਆਂ ਬਾਰੇ ਵੱਖ-ਵੱਖ ਪਰੰਪਰਾਵਾਂ ਵੀ ਵਿਕਸਿਤ ਕਰਦੇ ਹਨ।

ਕਈ ਵਾਰ ਕਲੀਸਿਆਈ ਸੰਸਥਾਨ ਸ਼ੁਭਸਮਾਚਾਰ ਦੇ ਨਾਲ ਅਰੰਭ ਹੁੰਦਾ ਹੈ। ਜੇਕਰ ਕਿਸੇ ਖੇਤਰ ਦੇ ਵਿੱਚ ਬਹੁਤ ਸਾਰੇ ਪਰਿਵਰਤਿਤ ਹੋਏ ਲੋਕ ਹਨ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦੇ ਲਈ ਕੋਈ ਨਹੀਂ ਹੈ, ਤਾਂ ਉੱਥੇ ਇੱਕ ਨਵਾਂ ਕਲੀਸਿਆਈ ਸੰਸਥਾਨ ਬਣ ਸਕਦਾ ਹੈ। ਇੱਕ ਕਲੀਸਿਆਈ ਸੰਸਥਾਨ ਕਿਸੇ ਖਾਸ ਦੇਸ਼ ਦੇ ਵਿੱਚ ਕਿਸੇ ਮਿਸ਼ਨ ਸੰਸਥਾ ਦੇ ਦੁਆਰਾ ਕੀਤੀ ਸੇਵਕਾਈ ਦੇ ਦੁਆਰਾ ਵੀ ਸ਼ੁਰੂ ਹੋ ਸਕਦਾ ਹੈ।

ਜਿਆਦਾਤਰ ਮਸੀਹੀ ਕਲੀਸਿਆਈ ਸੰਸਥਾਨ ਇਕੱਲੇ ਹੀ ਅਸਲ ਮਸੀਹੀ ਹੋਣ ਦਾ ਦਾਅਵਾ ਨਹੀਂ ਕਰਦੇ। ਜੇਕਰ ਕੋਈ ਸੰਸਥਾ ਦਾਅਵਾ ਕਰਦੀ ਹੈ ਕਿ ਉਹ ਧਰਤੀ ਤੇ ਪਰਮੇਸ਼ੁਰ ਦੀ ਸੰਪੂਰਨ ਕਲੀਸਿਆ ਹੈ ਤਾਂ ਉਸ ਤੇ ਭਰੋਸਾ ਨਹੀਂ ਕਰਨਾ ਚਾਹੀਦਾ।

► ਤੁਸੀਂ ਕਿੰਨੇ ਕਲੀਸਿਆਈ ਸੰਸਥਾਨਾਂ ਅਤੇ ਕਲੀਸਿਆਵਾ ਦੇ ਨਾਵਾਂ ਨੂੰ ਜਾਣਦੇ ਹੋ?

ਅਵਿਸ਼ਵਾਸੀ ਲੋਕ ਮਸੀਹਤ ਵਿੱਚ ਪਾਈ ਜਾਣ ਵਾਲੀ ਵੰਡ ਅਤੇ ਵਿਭਿੰਨਤਾ ਦੇ ਕਾਰਨ ਇਸ ਤੇ ਇਤਰਾਜ਼ ਜਤਾਉਂਦੇ ਹਨ। ਬਹੁਤ ਸਾਰੇ ਗ਼ੈਰ-ਮਸੀਹੀ ਸੋਚਦੇ ਹਨ ਕਿ ਮਸੀਹਤ ਵਿੱਚ ਪਾਏ ਜਾਣ ਵਾਲੇ ਵੱਖ-ਵੱਖ ਸੰਸਥਾਨ ਸਭ ਇੱਕ ਦੂਸਰੇ ਦੇ ਵਿਰੁੱਧ ਹਨ। ਇਸ ਸੰਸਾਰ ਦੇ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਮਸੀਹੀਆਂ ਦੇ ਵਿੱਚ ਏਕਤਾ ਬਿਲਕੁਲ ਨਹੀਂ ਹੈ।

► ਕੁਝ ਅਜਿਹੇ ਵਿਵਹਾਰ ਕਿਹੜੇ ਹਨ ਜੋ ਕਲੀਸਿਆਵਾਂ ਦੇ ਵਿੱਚਕਾਰ ਏਕਤਾ ਦਾ ਇਨਕਾਰ ਕਰਦੇ ਹਨ?

ਕਲੀਸਿਆਵਾਂ ਉਨ੍ਹਾਂ ਗੱਲਾਂ ਤੇ ਜ਼ੋਰ ਦਿੰਦੀਆਂ ਹਨ ਜੋ ਉਨ੍ਹਾਂ ਨੂੰ ਦੂਸਰੀਆਂ ਕਲੀਸਿਆਵਾਂ ਨਾਲੋਂ ਅਲੱਗ ਬਣਾਉਂਦੀਆਂ ਹਨ, ਭਾਵੇਂ ਇਹ ਗੱਲਾਂ ਵਿਸ਼ਵਾਸ ਦੇ ਧਰਮ ਸਿਧਾਂਤਾਂ ਦੇ ਲਈ ਮਹੱਤਵਪੂਰਨ ਵੀ ਨਾ ਹੋਣ। ਕਈ ਵਾਰ ਕੁਝ ਕਲੀਸਿਆਵਾਂ ਦੂਸਰੀਆਂ ਕਲੀਸਿਆਵਾਂ ਤੇ ਜਲਦੀ ਦੇ ਨਾਲ ਕਪਟ, ਸਮਝੌਤੇ ਜਾਂ ਬਿਨਾਂ ਸਮਝੇ ਹੋਰ ਪਾਪਾਂ ਦਾ ਦੋਸ਼ ਲਗਾ ਦਿੰਦੀਆਂ ਹਨ। ਕੁਝ ਕਲੀਸਿਆਵਾਂ ਕਹਿੰਦੀਆਂ ਹਨ ਕਿ ਦੂਸਰੀਆਂ ਕਲੀਸਿਆਵਾਂ ਮਸੀਹੀ ਨਹੀਂ ਹਨ, ਭਾਵੇਂ ਕਿ ਉਹ ਮੁੱਢਲੇ ਮਸੀਹੀ ਸਿਧਾਂਤਾਂ ਤੇ ਵੀ ਵਿਸ਼ਵਾਸ ਕਰਦੇ ਹੋਣ।

ਇੰਝ ਪ੍ਰਤੀਤ ਨਹੀਂ ਹੁੰਦਾ ਕਿ ਕਲੀਸਿਆਵਾਂ ਨਾਲ ਮਹਾਨ ਆਗਿਆ ਨੂੰ ਏਕਤਾ ਦੇ ਨਾਲ ਪੂਰਾ ਕਰ ਰਹੀਆਂ ਹਨ। ਅਜਿਹਾ ਜਾਪਦਾ ਹੈ ਜਿਵੇਂ ਕਲੀਸਿਆਵਾਂ ਵਿਉਪਾਰ ਦੀ ਤਰ੍ਹਾਂ ਇੱਕ ਦੂਸਰੇ ਦੇ ਨਾਲ ਮੁਕਾਬਲੇ ਦੇ ਵਿੱਚ ਹੋਣ। ਬਹੁਤ ਸਾਰੇ ਆਗੂ ਸੋਚਦੇ ਹਨ ਕਿ ਜੇਕਰ ਕਿਸੇ ਸੇਵਕਾਈ ਤੇ ਉਨ੍ਹਾਂ ਦੀ ਸੰਸਥਾ ਦਾ ਨਾਮ ਨਹੀਂ ਹੈ ਤਾਂ ਇਸਦੀ ਸਹਾਇਤਾ ਕਰਨੀ ਸ੍ਰੋਤਾਂ ਅਤੇ ਮਿਹਨਤ ਨੂੰ ਬਰਬਾਦ ਕਰਨ ਦੇ ਬਰਾਬਰ ਹੈ।

ਸ਼ਾਇਦ ਸਾਰੇ ਹੀ ਮਸੀਹੀ ਇਸ ਗੱਲ ਦੇ ਨਾਲ ਸਹਿਮਤ ਹੋਣਗੇ ਕਿ ਮਸੀਹੀਆਂ ਨੂੰ ਏਕਤਾ ਦੇ ਵਿੱਚ ਰਹਿਣਾ ਚਾਹੀਦਾ ਹੈ, ਪਰ ਬਹੁਤ ਸਾਰੇ ਲੋਕ ਇਹ ਨਹੀਂ ਜਾਣਦੇ ਕਿ ਇਸ ਏਕਤਾ ਦਾ ਕੀ ਰੂਪ ਹੋਵੇਗਾ। ਪਹਿਲਾਂ ਅਸੀਂ ਵਿਸ਼ਵਵਿਆਪੀ ਕਲੀਸਿਆ ਦੀ ਏਕਤਾ ਦੇ ਬਾਰੇ ਗੱਲ ਕਰਾਂਗੇ; ਫਿਰ ਅਸੀਂ ਸਥਾਨਕ ਕਲੀਸਿਆ ਦੀ ਏਕਤਾ ਦੇ ਬਾਰੇ ਗੱਲ ਕਰਾਂਗੇ।

## ਵਿਸ਼ਵਵਿਆਪੀ ਕਲੀਸਿਆ ਦੀ ਏਕਤਾ: ਨਾ ਕਿ ਸੰਸਥਾਵਾਂ ਦਾ ਏਕਾ

ਕੁਝ ਲੋਕ ਸੋਚਦੇ ਹਨ ਕਿ ਸਾਰੀਆਂ ਕਲੀਸਿਆਵਾਂ ਨੂੰ ਇੱਕ ਸੰਸਥਾ ਦੇ ਵਿੱਚ ਆ ਜਾਣਾ ਚਾਹੀਦਾ ਹੈ। ਉਹ ਸੋਚਦੇ ਹਨ ਕਿ ਅਲੱਗ-ਅਲੱਗ ਸੰਸਥਾਵਾਂ ਦੀ ਹੋਂਦ ਦਾ ਅਰਥ ਹੈ ਕਿ ਕਲੀਸਿਆ ਦੇ ਵਿੱਚ ਏਕਤਾ ਨਹੀਂ ਹੈ। ਉਹ ਕਲੀਸਿਆ ਦੇ ਸਾਰ ਅਤੇ ਕਲੀਸਿਆ ਦੀਆਂ ਸੰਸਥਾਵਾਂ ਵਿੱਚ ਕੋਈ ਫ਼ਰਕ ਨਹੀਂ ਕਰਦੇ; ਇਸ ਲਈ, ਉਨ੍ਹਾਂ ਲਈ ਏਕਤਾ ਦਾ ਅਰਥ ਹੈ ਸੰਸਥਾਵਾਂ ਦਾ ਏਕੀਕਰਨ ਹੈ।

► ਤੁਸੀਂ ਇੱਕ ਅਜਿਹੇ ਵਿਅਕਤੀ ਨੂੰ ਕੀ ਕਹੋਗੇ ਜੋ ਸੋਚਦਾ ਹੈ ਕਿ ਸਾਰੀਆਂ ਮਸੀਹੀ ਸੰਸਥਾਵਾਂ ਅਤੇ ਕਲੀਸਿਆਵਾਂ ਮਿਲ ਕੇ ਇੱਕ ਸੰਸਥਾ ਬਣ ਜਾਣੀ ਚਾਹੀਦੀ ਹੈ?

ਸੰਸਥਾਵਾਂ ਇਹ ਫੈਸਲਾ ਕੀਤੇ ਬਿਨਾਂ ਜੁੜ ਨਹੀਂ ਸਕਦੀਆਂ ਕਿ ਉਨ੍ਹਾਂ ਦੇ ਸਿਧਾਂਤਕ ਮਤਭੇਦ ਮਾਇਨੇ ਨਹੀਂ ਰੱਖਦੇ। ਇੱਕਜੁੱਟ ਹੋਣ ਲਈ, ਉਨ੍ਹਾਂ ਨੂੰ ਕੁਝ ਬੁਨਿਆਦੀ ਧਰਮ ਸਿਧਾਂਤਾਂ 'ਤੇ ਸਹਿਮਤ ਹੋਣਾ ਚਾਹੀਦਾ ਹੈ ਅਤੇ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਬਹੁਤ ਸਾਰੇ ਹੋਰ ਧਰਮ ਸਿਧਾਂਤ ਉਨ੍ਹਾਂ ਲੋਕਾਂ ਤੋਂ ਵੱਖ ਕਰਨ ਲਈ ਇੰਨੇ ਮਹੱਤਵਪੂਰਨ ਨਹੀਂ ਹਨ ਜੋ ਅਸਹਿਮਤ ਹਨ।

ਸਾਰੀਆਂ ਕਲੀਸਿਆਵਾਂ ਨੂੰ ਇੱਕ ਸੰਸਥਾ ਦੇ ਵਿੱਚ ਇਕੱਠਾ ਕਰਨ ਦਾ ਵਿਚਾਰ ਇਸ ਗੱਲ ਤੇ ਆਧਾਰਿਤ ਹੈ ਕਿ ਮਸੀਹੀ ਏਕਤਾ ਸੰਸਥਾਗਤ ਏਕਤਾ ਹੈ। ਅੱਗੇ ਦੱਸੀ ਘਟਨਾ ਤੋਂ ਪਤਾ ਲੱਗਦਾ ਹੈ ਕਿ ਧਰਤੀ ਤੇ ਆਪਣੀ ਸੇਵਕਾਈ ਦੇ ਦੌਰਾਨ ਯਿਸੂ ਨੇ ਖੁਦ ਵੀ ਇਹ ਮੰਗ ਨਹੀਂ ਕੀਤੀ ਕਿ ਉਸਦੇ ਸਾਰੇ ਪੈਰੋਕਾਰ ਇੱਕ ਹੀ ਸੰਸਥਾ ਦੇ ਵਿੱਚ ਹੋਣ:

> ਯੂਹੰਨਾ ਨੇ ਅੱਗੋ ਆਖਿਆ, ਸੁਆਮੀ ਜੀ ਅਸਾਂ ਇੱਕ ਮਨੁੱਖ ਤੇਰੇ ਨਾਮ ਨਾਲ ਭੂਤਾਂ ਨੂੰ ਕੱਢਦੇ ਵੇਖਿਆ ਅਤੇ ਉਹ ਨੂੰ ਵਰਜਿਆ ਇਸ ਲਈ ਜੋ ਉਹ ਸਾਡੇ ਨਾਲ ਤੇਰੇ ਮਗਰ ਨਹੀਂ ਚੱਲਦਾ ਪਰ ਯਿਸੂ ਨੇ ਉਹ ਨੂੰ ਆਖਿਆ, ਨਾ ਵਰਜੋ ਕਿਉਂਕਿ ਜਿਹੜਾ ਤੁਹਾਡੇ ਵਿੱਰੁਧ ਨਹੀਂ ਉਹ ਤੁਹਾਡੀ ਵੱਲ ਹੈ (ਲੂਕਾ 9:49-50)।

ਯਿਸੂ ਦੇ ਸ਼ਬਦ ਵਿਖਾਉਂਦੇ ਹਨ ਕਿ ਹੋ ਸਕਦਾ ਹੈ ਕੋਈ ਵਿਅਕਤੀ ਸਾਡੀ ਸੰਸਥਾ ਦੇ ਵਿੱਚ ਨਾ ਹੋਵੇ, ਪਰ ਫਿਰ ਵੀ ਉਹ ਪਰਮੇਸ਼ੁਰ ਦਾ ਕੰਮ ਕਰਦਾ ਹੋ ਸਕਦਾ ਹੈ, ਜਿਵੇਂ ਅਸੀਂ ਹਾਂ। ਜ਼ਾਹਿਰ ਤੌਰ ਤੇ, ਇੱਕ ਅਜਿਹੀ ਮਸੀਹੀ ਏਕਤਾ ਹੈ ਜੋ ਇੱਕ ਹੀ ਸੰਸਥਾ ਦੇ ਵਿੱਚ ਹੋਣ ਦੇ ਬਾਰੇ ਨਹੀਂ ਹੈ।

ਯਿਸੂ ਦੀ ਧਰਤੀ ਤੇ ਸੇਵਕਾਈ ਤੋਂ ਬਾਅਦ ਆਈਆਂ ਸਦੀਆਂ ਦੇ ਵਿੱਚ ਅਜਿਹੀਆਂ ਸੰਸਥਾਵਾਂ ਰਹੀਆਂ ਹਨ ਜਿੰਨ੍ਹਾਂ ਨੇ ਪਰਮੇਸ਼ੁਰ ਦੀ ਸੰਪੂਰਨ ਕਲੀਸਿਆ ਹੋਣ ਦਾ ਦਾਅਵਾ ਕੀਤਾ ਹੈ, ਇਹ ਕਹਿੰਦੇ ਹੋਏ ਕਿ ਹੋਰ ਕੋਈ ਵੀ ਸੰਸਥਾ ਮਸੀਹੀ ਨਹੀਂ ਹੈ। ਜਦੋਂ ਯਿਸੂ ਆਪ ਆਪਣੇ ਚੇਲ੍ਹਿਆਂ ਦੀ ਅਗਵਾਈ ਰਿਹਾ ਸੀ ਉਸ ਸਮੇਂ ਵੀ ਉਸਨੇ ਇਹ ਦਾਅਵਾ ਨਹੀਂ ਕੀਤਾ ਕਿ ਸਿਰਫ਼ ਉਸਦੇ ਚੇਲ੍ਹਿਆਂ ਦਾ ਸਮੂਹ ਹੀ ਸੰਪੂਰਨ ਕਲੀਸਿਆ ਹੈ।

ਕਈ ਵਾਰੀ ਲੋਕ *ਅਦ੍ਰਿਸ਼ ਕਲੀਸਿਆ* ਸ਼ਬਦ ਦਾ ਉਪਯੋਗ ਕਰਦੇ ਹਨ। *ਅਦ੍ਰਿਸ਼ ਕਲੀਸਿਆ* ਸ਼ਬਦ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਕੋਈ ਵੀ ਦ੍ਰਿਸ਼ਮਾਨ ਸੰਗਠਨ ਨਹੀਂ ਹੈ ਜਿਸਦੀ ਮੈਂਬਰਸ਼ਿਪ ਸੂਚੀ ਅਜਿਹੀ ਹੋਵੇ ਜਿਸ ਵਿੱਚ ਸਾਰੇ ਮਸੀਹੀ ਸ਼ਾਮਲ ਹੋਣ। ਇਸ ਤੋਂ ਇਲਾਵਾ, ਮਸੀਹੀ ਸੰਗਠਨਾਂ ਦੇ ਅਜਿਹੇ ਮੈਂਬਰ ਹਨ ਜੋ ਅਸਲ ਵਿੱਚ ਮਸੀਹੀ ਨਹੀਂ ਹਨ। ਇਸ ਲਈ, ਅਸੀਂ ਕਿਸੇ ਖਾਸ ਸੰਸਥਾ ਵੱਲ ਇਸ਼ਾਰਾ ਨਹੀਂ ਕਰ ਸਕਦੇ ਅਤੇ ਇਹ ਨਹੀਂ ਕਹਿ ਸਕਦੇ ਕਿ ਇਹ ਵਿਸ਼ਵਵਿਆਪੀ ਕਲੀਸਿਆ ਹੈ।

ਭਾਵੇਂ ਕਿ ਵਿਸ਼ਵਵਿਆਪੀ ਕਲੀਸਿਆ ਕੋਈ ਇੱਕ ਸੰਸਥਾ ਨਹੀਂ ਹੈ, ਫਿਰ ਵੀ ਮਸੀਹੀ ਦੀ ਏਕਤਾ ਵਿਖਣ ਵਾਲੀ ਹੋਣੀ ਚਾਹੀਦੀ ਹੈ। ਯਿਸੂ ਨੇ ਪ੍ਰਾਥਨਾ ਕੀਤੀ ਕਿ ਵਿਸ਼ਵਾਸੀ ਏਕਤਾ ਦੇ ਵਿੱਚ ਰਹਿਣ ਅਤੇ ਉਸਨੇ ਇਹ ਵੀ ਕਿਹਾ ਕਿ ਇਸਦੇ ਨਤੀਜੇ ਵੱਜੋਂ ਸੰਸਾਰ ਵੀ ਉਸ ਤੇ ਵਿਸ਼ਵਾਸ ਕਰੇਗਾ (ਯੂਹੰਨਾ 17:21)। ਇਸਦਾ ਅਰਥ ਇਹ ਹੈ ਕਿ ਮਸੀਹੀ ਏਕਤਾ ਮਸੀਹੀਆਂ ਨੂੰ ਅਤੇ ਸੰਸਾਰ ਨੂੰ ਜਰੂਰ ਨਜ਼ਰ ਆਉਣੀ ਚਾਹੀਦੀ ਹੈ।

► ਜਦੋਂ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਮਿਲੋ ਜੋ ਕਹੇ ਕਿ ਉਹ ਮਸੀਹੀ ਹੈ ਤਾਂ ਉਸਦੇ ਨਾਲ ਮਸੀਹੀ ਏਕਤਾ ਸਾਂਝੀ ਕਰਨ ਦੇ ਲਈ ਤੁਹਾਨੂੰ ਕਿਸ ਚੀਜ਼ ਦੀ ਜਰੂਰਤ ਹੈ?

## ਮਸੀਹੀ ਏਕਤਾ ਦਾ ਆਧਾਰ

ਸਥਾਨਕ ਕਲੀਸਿਆ ਦੀ ਏਕਤਾ ਬਾਈਬਲ ਆਧਾਰਿਤ ਧਰਮ ਸਿਧਾਂਤਾਂ, ਕ੍ਰਿਪਾ ਦੇ ਅਨੁਭਵ ਅਤੇ ਆਤਮਾ ਦੇ ਵਿੱਚ ਜੀਵਨ ਤੇ ਆਧਾਰਿਤ ਹਨ। ਸਥਾਨਕ ਕਲੀਸਿਆ ਤੋਂ ਬਾਹਰ ਮਸੀਹੀਆਂ ਦੀ ਏਕਤਾ ਦਾ ਵੀ ਇਹੀ ਆਧਾਰ ਹੈ, ਭਾਵੇਂ ਇਸ ਵਿੱਚ ਵਰਣਨ ਘੱਟ ਹੈ।

ਏਕਤਾ ਦਾ ਆਧਾਰ ਦੱਸਣ ਦਾ ਇੱਕ ਹੋਰ ਤਰੀਕਾ ਇਹ ਹੈ: ਜੇਕਰ ਕੋਈ ਵਿਅਕਤੀ ਗਵਾਹੀ ਦਿੰਦਾ ਹੈ ਕਿ ਉਹ ਬਚਾਇਆ ਹੋਇਆ ਹੈ, ਉਸਦੇ ਵਿੱਚ ਆਤਮਿਕ ਜੀਵਨ ਹੈ, ਉਹ ਮੁੱਢਲੀ ਮਸੀਹੀ ਸਚਿਆਈ ਨੂੰ ਮੰਨਦਾ ਹੈ, ਤਾਂ ਫਿਰ ਮਸੀਹੀ ਸੰਗਤੀ ਸੰਭਵ ਹੈ। ਇਹ ਸੰਗਤੀ ਉਨੀ ਦੇਰ ਤੱਕ ਚੱਲ ਸਕਦੀ ਹੈ ਜਿੰਨ੍ਹੀ ਦੇਰ ਤੱਕ ਕੋਈ ਵਿਅਕਤੀ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਅਤੇ ਬਾਈਬਲ ਦੀ ਆਗਿਆਕਾਰੀ ਦੇ ਵਿੱਚ ਹੈ।

ਮਸੀਹੀ ਏਕਤਾ ਧਰਮ ਸਿਧਾਂਤ ਦੇ ਹਰੇਕ ਵੇਰਵੇ ਦੇ ਨਾਲ ਸਹਿਮਤੀ ਤੇ ਨਿਰਭਰ ਨਹੀਂ ਕਰਦੀ। ਸਾਰੀਆਂ ਥਾਵਾਂ ਤੇ ਕਲੀਸਿਆ ਲਈ ਧਰਮ ਸਿਧਾਂਤ ਦੇ ਸਾਰੇ ਵੇਰਵਿਆਂ 'ਤੇ ਸਹਿਮਤ ਹੋਣਾ ਸੰਭਵ ਨਹੀਂ ਹੈ। ਇੱਥੋਂ ਤੱਕ ਕਿ ਰਸੂਲਾਂ ਦੇ ਵਿੱਚ ਵੀ ਅਸਹਿਮਤੀਆਂ ਸਨ (ਗਲਾਤੀਆਂ ਨੂੰ 2:11-14)।

ਵਿਸ਼ਵਾਸੀਆਂ ਦੇ ਸਮੂਹ ਬਾਈਬਲ ਦਾ ਅਧਿਐਨ ਕਰਦੇ ਹਨ ਅਤੇ ਆਪਣੇ ਵਿਸ਼ਵਾਸ ਦੇ ਬਾਰੇ ਚਰਚਾ ਕਰਦੇ ਹੋਏ, ਇਸ ਗੱਲ ਨੂੰ ਪੱਕਿਆਂ ਕਰਨ ਦਾ ਯਤਨ ਕਰਦੇ ਹਨ ਕਿ ਉਹ ਸਹੀ ਹਨ। ਉਹ ਇਸ ਗੱਲ ਨੂੰ ਸਮਝਦੇ ਹਨ ਕਿ ਉਹ ਮਸੀਹੀਆਂ ਦੇ ਹੋਰਾਂ ਸਮੂਹਾਂ ਦੇ ਕੁਝ ਧਰਮ ਸਿਧਾਂਤਾਂ ਦੇ ਨਾਲ ਸਹਿਮਤ ਨਹੀਂ ਹਨ।

ਕੁਝ ਧਰਮ ਸਿਧਾਂਤ ਅਜਿਹੇ ਹਨ ਜੋ ਮਸੀਹੀ ਵਿਸ਼ਵਾਸ ਦੇ ਲਈ ਬਹੁਤ ਬੁਨਿਆਦੀ ਅਤੇ ਜਰੂਰੀ ਹਨ। ਜੇਕਰ ਕੋਈ ਵਿਅਕਤੀ ਉਨ੍ਹਾਂ ਧਰਮ ਸਿਧਾਂਤਾਂ ਤੇ ਵਿਸ਼ਵਾਸ ਨਹੀਂ ਕਰਦਾ, ਤਾਂ ਉਹ ਨਾ ਹੀ ਸ਼ੁਭਸਮਾਚਾਰ ਨੂੰ ਸਮਝ ਸਕਦਾ ਹੈ ਅਤੇ ਨਾ ਹੀ ਇਸ ਤੇ ਵਿਸ਼ਵਾਸ ਕਰ ਸਕਦਾ ਹੈ।

ਫਿਰ ਧਰਮ ਸਿਧਾਂਤਾਂ ਦੀ ਇੱਕ ਲੰਬੀ ਸੂਚੀ ਹੈ ਜਿਸਨੂੰ ਕੋਈ ਖਾਸ ਕਲੀਸਿਆ ਦੇ ਲੋਕ ਮੰਨਦੇ ਹਨ। ਜ਼ਿਆਦਾਤਰ ਕਲੀਸਿਆਵਾਂ ਦੇ ਲੋਕ ਸਮਝਦੇ ਹਨ ਕਿ ਹਰ ਜਗ੍ਹਾ ਸਾਰੇ ਮਸੀਹੀ ਸਾਰੇ ਧਰਮ ਸਿਧਾਂਤਾਂ ਤੇ ਸਹਿਮਤ ਨਹੀਂ ਹੁੰਦੇ। ਭਾਵੇਂ ਕੋਈ ਸਿਧਾਂਤ ਬਾਈਬਲ ਵਿੱਚ ਸ਼ਾਮਲ ਵੀ ਹੋਵੇ, ਹਰ ਕੋਈ ਬਾਈਬਲ ਨੂੰ ਇੱਕੋ ਤਰੀਕੇ ਨਾਲ ਨਹੀਂ ਸਮਝੇਗਾ।

► ਮੁੱਢਲੇ ਧਰਮ ਸਿਧਾਂਤਾਂ ਦੀਆਂ ਕੁਝ ਉਦਾਹਰਨਾਂ ਕੀ ਹਨ? ਕੁਝ ਹੋਰ ਅਜਿਹੇ ਧਰਮ ਸਿਧਾਂਤ ਕਿਹੜੇ ਹਨ ਜੋ ਮੁੱਢਲੇ ਨਹੀਂ ਹਨ?

ਕੁਝ ਮੁੱਢਲੇ ਧਰਮ ਸਿਧਾਂਤ ਪਰਮੇਸ਼ੁਰ ਦੇ ਸੁਭਾਅ, ਮਸੀਹ ਅਤੇ ਪਵਿੱਤਰ ਆਤਮਾ ਦੀ ਈਸ਼ਵਰਤਾਈ, ਮਸੀਹ ਦੁਆਰਾ ਲਿਆਂਦੇ ਪ੍ਰਾਸਚਿੱਤ ਅਤੇ ਕ੍ਰਿਪਾ ਦੇ ਜ਼ਰੀਏ ਵਿਸ਼ਵਾਸ ਦੁਆਰਾ ਮਿਲਣ ਵਾਲੀ ਮੁਕਤੀ ਦੇ ਬਾਰੇ ਹਨ।

ਕੁਝ ਧਰਮ ਸਿਧਾਂਤ ਜੋ ਮੁੱਢਲੇ ਨਹੀਂ ਹਨ ਉਹ ਅਰਾਧਨਾ ਦੇ ਤਰੀਕਿਆਂ ਅਤੇ ਮਸੀਹੀ ਜੀਵਨ ਦੇ ਬਾਰੇ ਵੇਰਵੇ ਹਨ। ਸਾਡੇ ਲਈ ਇਹ ਬਹੁਤ ਜਰੂਰੀ ਹੈ ਕਿ ਅਸੀਂ ਆਪਣੇ ਸਾਰੇ ਕੰਮਾਂ ਦੇ ਵਿੱਚ ਬਾਈਬਲ ਆਧਾਰਿਤ ਹੋਈਏ, ਪਰ ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਸਾਰੇ ਮਸੀਹੀ ਇੰਨ੍ਹਾਂ ਵੇਰਵਿਆਂ ਦੇ ਨਾਲ ਸਹਿਮਤ ਨਹੀਂ ਹੋਣਗੇ।

> "ਜੇਕਰ ਤੁਹਾਡਾ ਦਿਲ ਸਹੀ ਹੈ, ਜਿਵੇਂ ਮੇਰਾ ਦਿਲ ਤੁਹਾਡੇ ਨਾਲ ਸਹੀ ਹੈ, ਤਾਂ ਫਿਰ ਮੈਨੂੰ ਕੋਮਲਤਾ ਨਾਲ ਪਿਆਰ ਕਰੋ, ਇੱਕ ਅਜਿਹੇ ਮਿੱਤਰ ਦੀ ਤਰ੍ਹਾਂ ਜੋ ਭਰਾ ਨਾਲੋਂ ਵੀ ਨੇੜੇ ਹੈ; ਮਸੀਹ ਦੇ ਵਿੱਚ ਇੱਕ ਭਰਾ ਦੀ ਤਰ੍ਹਾਂ, ਨਵੇਂ ਯਰੂਸ਼ਲਮ ਦੇ ਸੰਗੀ ਨਾਗਰਿਕ ਦੀ ਤਰ੍ਹਾਂ, ਇੱਕ ਅਜਿਹੇ ਸੰਗੀ ਸਿਪਾਹੀ ਦੀ ਤਰ੍ਹਾਂ ਜੋ ਇੱਕ ਹੀ ਯੁੱਧ ਦੇ ਸ਼ਾਮਿਲ ਹੈ, ਸਾਡੀ ਮੁਕਤੀ ਦੇ ਇੱਕ ਹੀ ਕਪਤਾਨ ਦੇ ਅਧੀਨ। ਯਿਸੂ ਦੇ ਰਾਜ ਅਤੇ ਧੀਰਜ ਦੇ ਸਾਥੀ ਅਤੇ ਮਹਿਮਾ ਦੇ ਸੰਗੀ ਵਾਰਿਸ ਦੇ ਵੱਜੋਂ ਮੇਰੇ ਨਾਲ ਪਿਆਰ ਕਰੋ।"
>
> - ਜੌਨ੍ਹ ਵੈਸਲੀ,
> "ਆਤਮਾ ਦੀ ਏਕਤਾ"

## ਸੱਚੀ ਕਲੀਸਿਆ ਦੇ ਚਿੰਨ੍ਹ

ਸੱਚੀ ਕਲੀਸਿਆ ਦੇ ਚਿੰਨ੍ਹਾਂ ਦੀ ਇੱਕ ਪ੍ਰਾਚੀਨ ਧਾਰਨਾ ਰੋਮਨ ਕੈਥੋਲਿਕ ਚਰਚ ਅਤੇ ਧਰਮ ਸੁਧਾਰਕਾਂ ਦੋਵਾਂ ਦੁਆਰਾ ਰੱਖੀ ਗਈ ਸੀ। ਸਦੀਆਂ ਤੋਂ ਮਸੀਹੀ ਵਿਸ਼ਵਾਸ ਕਰਦੇ ਆਏ ਹਨ ਕਿ ਸੱਚੀ ਕਲੀਸਿਆ ਦੇ ਚਾਰ ਚਿੰਨ੍ਹ ਏਕਤਾ, ਪਵਿੱਤਰਤਾਈ, ਵਿਸ਼ਵਵਿਆਪਕਤਾ ਅਤੇ ਰਸੂਲਾਂ ਦੀ ਸਿੱਖਿਆ ਹਨ। ਇਨ੍ਹਾਂ ਸ਼ਬਦਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ।

ਇੱਥੇ ਕੁਝ ਉਦਾਹਰਨਾਂ ਹਨ। *ਏਕਤਾ* ਤੋਂ ਭਾਵ ਹੈ ਕਿ ਕਲੀਸਿਆ ਦੇ ਵਿੱਚ ਸਾਰੇ ਸੱਚੇ ਮਸੀਹੀ ਸ਼ਾਮਿਲ ਹਨ, ਚਾਹੇ ਇਹ ਜਰੂਰੀ ਤੌਰ ਤੇ ਕਿਸੇ ਰਸਮੀ ਸੂਚੀ ਵਿੱਚ ਨਹੀਂ ਹਨ। *ਪਵਿੱਤਰਤਾਈ* ਤੋਂ ਭਾਵ ਹੈ ਕਿ ਕਲੀਸਿਆ ਪਾਪ ਦੇ ਵਿਰੁੱਧ ਖੜ੍ਹੀ ਹੁੰਦੇ ਅਤੇ ਪਾਪਾਂ ਤੋਂ ਮੁਕਤੀ ਦੇ ਵਿੱਚ ਵਿਸ਼ਵਾਸ ਰੱਖਦੀ ਹੈ। *ਵਿਸ਼ਵਵਿਆਪਕਤਾ* ਤੋਂ ਭਾਵ ਹੈ ਕਿ ਕਲੀਸਿਆ ਕਿਸੇ ਵੀ ਸਭਿਆਚਾਰ ਦੇ ਵਿੱਚ ਕਿਸੇ ਵੀ ਸਥਾਨ ਤੇ

ਇੱਕ ਢੁੱਕਵਾਂ ਰੂਪ ਲੈ ਸਕਦੀ ਹੈ। *ਰਸੂਲਾਂ ਦੀ ਸਿੱਖਿਆ* ਤੋਂ ਭਾਵ ਹੈ ਕਿ ਕਲੀਸਿਆ ਰਸੂਲਾਂ ਦੇ ਦੁਆਰਾ ਸਥਾਪਿਤ ਕੀਤੇ ਮੁੱਢਲੇ ਵਿਸ਼ਵਾਸ ਦੇ ਵਿੱਚ ਬਣੀ ਰਹਿੰਦੀ ਹੈ।

### ਕਲੀਸਿਆਵਾਂ ਦੇ ਵਿੱਚਕਾਰ ਮੁਕਾਬਲੇ ਦੀ ਗ਼ਲਤੀ

ਕਈ ਵਾਰ ਕਿਸੇ ਇਲਾਕੇ ਦੀਆਂ ਕਲੀਸਿਆਵਾਂ ਇੰਨ੍ਹੀਆਂ ਨੇੜੇ ਹੁੰਦੀਆਂ ਹਨ ਕਿ ਲੋਕ ਚੋਣ ਕਰ ਸਕਦੇ ਹਨ ਕਿ ਉਹ ਕਿਹੜੀ ਕਲੀਸਿਆ ਦੇ ਵਿੱਚ ਜਾਣਾ ਚਾਹੁੰਦੇ ਹਨ। ਅਜਿਹੇ ਹਾਲਾਤ ਦੇ ਵਿੱਚ ਕਲੀਸਿਆ ਦੇ ਲੋਕ ਸਮੁਦਾਏ ਦੇ ਲੋਕਾਂ ਨੂੰ ਇਹ ਵਿਖਾਉਣ ਦਾ ਯਤਨ ਕਰ ਸਕਦੇ ਹਨ ਕਿ ਉਨ੍ਹਾਂ ਦੀ ਕਲੀਸਿਆ ਬਾਕੀ ਦੀਆਂ ਕਲੀਸਿਆਵਾਂ ਨਾਲੋਂ ਬਿਹਤਰ ਹੈ। ਉਹ ਦੂਸਰੀਆਂ ਕਲੀਸਿਆਵਾਂ ਦੇ ਨਾਲ ਮੁਕਾਬਲਾ ਕਰਦੇ ਹਨ, ਅਤੇ ਆਪਣੀ ਕਲੀਸਿਆ ਨੂੰ ਜਿਆਦਾ ਆਕਰਸ਼ਕ ਵਿਖਾਉਣ ਦਾ ਯਤਨ ਕਰਦੇ ਹਨ। ਉਹ ਸੋਚਦੇ ਹਨ ਕਿ ਜੇਕਰ ਉਨ੍ਹਾਂ ਦੀ ਕਲੀਸਿਆ ਦੇ ਵਿੱਚ ਲੋਕਾਂ ਦੀ ਸੰਖਿਆ ਜਿਆਦਾ ਹੈ ਤਾਂ ਉਹ ਸਫਲ ਹੋ ਗਏ ਹਨ।

ਕਲੀਸਿਆਵਾਂ ਦੇ ਵਿੱਚਕਾਰ ਮੁਕਾਬਲਾ ਕਲੀਸਿਆ ਦੇ ਪ੍ਰਤੀ ਗ਼ਲਤ ਧਾਰਨਾ ਤੇ ਆਧਾਰਿਤ ਹੈ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਕਲੀਸਿਆ ਇੱਕ ਵਿਉਪਾਰ ਦੀ ਤਰ੍ਹਾਂ ਹੈ ਜਿਸਨੂੰ ਗ੍ਰਾਹਕ ਆਕਰਸ਼ਿਤ ਕਰਨੇ ਚਾਹੀਦੇ ਹਨ। ਜਾਂ ਉਹ ਸੋਚਦੇ ਹਨ ਕਿ ਇਹ ਜਿਆਦਾ ਸ੍ਰੋਤਿਆਂ ਨੂੰ ਆਕਰਸ਼ਿਤ ਕਰਨ ਦੇ ਲਈ ਵਿਖਾਵੇ ਦੀ ਜਗ੍ਹਾ ਹੈ। ਇਹ ਕਲੀਸਿਆ ਦੇ ਬਾਰੇ ਗ਼ਲਤ ਧਾਰਨਾਵਾਂ ਹਨ।

ਕਲੀਸਿਆ ਇੱਕ ਆਤਮਿਕ ਪਰਿਵਾਰ ਹੈ। ਇੱਕ ਚੰਗੇ ਪਰਿਵਾਰ ਦੇ ਲੋਕ ਇੱਕ ਦੂਸਰੇ ਦੀ ਦੇਖਭਾਲ ਕਰਨ ਦਾ ਯਤਨ ਕਰਦੇ ਹਨ। ਉਹ ਪਰਿਵਾਰ ਦੀਆਂ ਜਰੂਰਤਾਂ ਪੂਰੀਆਂ ਕਰਨ ਦੇ ਲਈ ਮਿਲ ਕੇ ਕੰਮ ਕਰਦੇ ਹਨ। ਉਹ ਆਪਣੇ ਸੰਬੰਧ ਦੇ ਕਾਰਨ ਆਪਸ ਦੇ ਵਿੱਚ ਸਮਾਂ ਬਿਤਾਉਂਦੇ ਹਨ।

ਕਲੀਸਿਆ ਵਿਸ਼ਵਾਸ ਕਰਨ ਵਾਲਾ ਪਰਿਵਾਰ ਹੈ, ਜੋ ਪਰਮੇਸ਼ੁਰ ਦੇ ਨਾਲ ਅਤੇ ਇੱਕ ਦੂਸਰੇ ਦੇ ਨਾਲ ਸੰਬੰਧ ਤੇ ਆਧਾਰਿਤ ਹੈ। ਉਹ ਅਜਿਹੇ ਨਵੇਂ ਮੈਂਬਰਾਂ ਨੂੰ ਚਾਹੁੰਦੇ ਹਨ ਜੋ ਸ਼ੁਭਸਮਾਚਾਰ ਅਤੇ ਕਲੀਸਿਆ ਦੇ ਪਰਿਵਾਰਿਕ ਜੀਵਨ ਦੇ ਦੁਆਰਾ ਆਕਰਸ਼ਿਤ ਹੁੰਦੇ ਹਨ। ਕਲੀਸਿਆ ਨੂੰ ਸ਼ੁਭਸਮਾਚਾਰ ਪ੍ਰਚਾਰ ਕਰਨ ਅਤੇ ਕਲੀਸਿਆ ਦੇ ਜੀਵਨ ਨੂੰ ਵਿਖਾਉਣ ਤੇ ਧਿਆਨ ਦੇਣਾ ਚਾਹੀਦਾ ਹੈ। ਫਿਰ ਉਹ ਸਹੀ ਲੋਕਾਂ ਨੂੰ ਆਕਰਸ਼ਿਤ ਕਰਨਗੇ, ਅਜਿਹੇ ਲੋਕਾਂ ਨੂੰ ਜੋ ਕਲੀਸਿਆ ਦੇ ਜੀਵਨ ਦਾ ਹਿੱਸਾ ਬਣਨ ਦੇ ਵਿੱਚ ਦਿਲਚਸਪ ਹਨ।

► ਜੇਕਰ ਕੋਈ ਕਲੀਸਿਆ ਕਿਸੇ ਇਲਾਕੇ ਦੇ ਵਿੱਚ ਮੌਜੂਦ ਦੂਸਰੀਆਂ ਕਲੀਸਿਆਵਾਂ ਦੇ ਨਾਲ ਮੁਕਾਬਲਾ ਕਰਨ ਦਾ ਯਤਨ ਕਰਦੀ ਹੈ, ਤਾਂ ਮੁਕਾਬਲਾ ਕਲੀਸਿਆ ਨੂੰ ਕਿਵੇਂ ਬਦਲ ਦੇਵੇਗਾ?

## ਸਥਾਨਕ ਕਲੀਸਿਆ ਦੀ ਏਕਤਾ

► ਕਿਸੇ ਸਥਾਨਕ ਕਲੀਸਿਆ ਵਿਸ਼ਵਾਸੀਆਂ ਉਨ੍ਹਾਂ ਨਾਲੋਂ ਜਿਆਦਾ ਧਰਮ ਸਿਧਾਂਤਾਂ ਤੇ ਸਹਿਮਤ ਕਿਉਂ ਹੋਣਾ ਚਾਹੀਦਾ ਹੈ ਜੋ ਸ਼ੁਰੂਆਤੀ ਮਸੀਹੀ ਵਿਸ਼ਵਾਸ ਕਥਨਾਂ ਦੇ ਵਿੱਚ ਪਾਏ ਜਾਂਦੇ ਸਨ?

ਇੱਕ ਮਸੀਹੀ ਸ਼ਾਇਦ ਅਜਿਹੇ ਦੂਸਰੇ ਮਸੀਹੀਆਂ ਦੀ ਗਵਾਹੀ ਨੂੰ ਸਵੀਕਾਰ ਕਰ ਸਕਦਾ ਹੈ ਜੋ ਉਸਦੇ ਧਰਮ ਸਿਧਾਂਤਾਂ ਤੇ ਵਿਸ਼ਵਾਸ ਨਹੀਂ ਕਰਦੇ, ਜਿੰਨ੍ਹੀ ਦੇਰ ਤੱਕ ਉਹ ਮੁੱਢਲੇ ਮਸੀਹ ਸਿਧਾਂਤ ਵਿੱਚ ਹੋਣ ਅਤੇ ਮਸੀਹੀ ਜੀਵਨ ਨੂੰ ਵਿਖਾਉਣ। ਪਰ ਫਿਰ ਵੀ, ਕਿਉਂਕਿ ਇੱਕ ਮਸੀਹੀ ਨੂੰ ਨਿੱਜੀ ਤੌਰ ਤੇ ਉਹੀ ਕਰਨਾ ਚਾਹੀਦਾ ਹੈ ਜਿਸਨੂੰ ਉਹ ਸਹੀ ਮੰਨਦਾ ਹੈ, ਇਸ ਕਾਰਨ ਉਹ ਸਾਰੇ ਮਸੀਹੀਆਂ ਦੇ ਨਾਲ ਮਿਲ ਕੇ ਸੇਵਕਾਈ ਨਹੀਂ ਕਰ ਸਕਦਾ। ਉਦਾਹਰਨ ਦੇ ਲਈ ਜੇਕਰ ਕੋਈ ਪਾਸਬਾਨ ਵਿਸ਼ਵਾਸ ਕਰਦਾ ਹੈ ਕਿ ਬਾਈਬਲ ਦੇ ਅਨੁਸਾਰ ਪਰਿਵਰਤਿਤ ਹੋਏ ਲੋਕਾਂ ਨੂੰ ਬਪਤਿਸਮਾ ਦੇਣਾ ਚਾਹੀਦਾ ਹੈ, ਤਾਂ ਫਿਰ ਉਹ ਅਜਿਹੇ ਲੋਕਾਂ ਦੇ ਸਮੂਹ ਵਿੱਚ ਪਾਸਬਾਨ ਦੀ ਸੇਵਕਾਈ ਨਹੀਂ ਕਰ ਸਕਦਾ ਜੋ ਸਿਖਾਉਂਦੇ ਹਨ ਕਿ ਪਰਿਵਰਤਿਤ ਹੋਏ ਲੋਕਾਂ ਨੂੰ ਬਪਤਿਸਮਾ ਨਹੀਂ ਦਿੱਤਾ ਜਾਣਾ ਚਾਹੀਦਾ।

ਇੱਕ ਹੋਰ ਉਦਾਹਰਨ: ਜੇਕਰ ਕੋਈ ਵਿਅਕਤੀ ਵਿਸ਼ਵਾਸ ਕਰਦਾ ਹੈ ਕਿ ਪਰਾਈ ਭਾਖਿਆ ਦਾ ਵਰਦਾਨ ਪਵਿੱਤਰ ਆਤਮਾ ਦੇ ਨਾਲ ਭਰਣ ਦਾ ਸਬੂਤ ਨਹੀਂ ਹੈ, ਤਾਂ ਫਿਰ ਉਸ ਦੇ ਲਈ ਇੱਕ ਅਜਿਹੀ ਸੇਵਕਾਈ ਦੇ ਵਿੱਚ ਸਾਂਝੀ ਹੋਣਾ ਬਹੁਤ ਕਠਿਨ ਹੋਵੇਗਾ ਜੋ ਵਿਸ਼ਵਾਸ ਕਰਦੇ ਹਨ ਕਿ ਜੇਕਰ ਕੋਈ ਵਿਅਕਤੀ ਪਰਾਈ ਭਾਖਿਆ ਨਹੀਂ ਬੋਲਦਾ ਤਾਂ ਉਸਦੇ ਕੋਲ ਪਵਿੱਤਰ ਆਤਮਾ ਨਹੀਂ ਹੈ। ਉਨ੍ਹਾਂ ਦੀ ਸੰਗਤੀ ਦੇ ਵਿੱਚ ਸਮੱਸਿਆ ਹੋਵੇਗੀ ਕਿਉਂਕਿ ਉਹ ਉਸਦੀ ਗਵਾਹੀ ਨੂੰ ਸਵੀਕਾਰ ਨਹੀਂ ਕਰਨਗੇ। ਉਨ੍ਹਾਂ ਦੇ ਨਾਲ ਸੇਵਕਾਈ ਦੇ ਵਿੱਚ ਸਹਿਯੋਗ ਕਰਨ ਦੇ ਵਿੱਚ ਵੀ ਸਮੱਸਿਆ ਹੋਵੇਗੀ ਕਿਉਂਕਿ ਉਹ ਨਵੇਂ ਪਰਿਵਰਤਿਤ ਹੋਏ ਲੋਕਾਂ ਨੂੰ ਪਰਾਈ ਭਾਖਿਆ ਬੋਲਣ ਦੇ ਅਨੁਭਵ ਵਿੱਚ ਅਗਵਾਈ ਕਰਨ ਦਾ ਯਤਨ ਕਰਨਗੇ।

ਜੇਕਰ ਕੋਈ ਵਿਅਕਤੀ ਕੁਝ ਅਜਿਹਾ ਕਰਦਾ ਹੈ ਜੋ ਉਸਦੇ ਅਨੁਸਾਰ ਬਾਈਬਲ ਆਧਾਰਿਤ ਨਹੀਂ ਹੈ, ਤਾਂ ਉਹ ਆਪਣੇ ਹੀ ਵਿਵੇਕ ਦੀ ਵਿਰੁੱਧ ਕੰਮ ਕਰਦਾ ਹੈ। ਉਹ ਪਰਮੇਸ਼ੁਰ ਦੀ ਸਜ਼ਾ ਦੇ ਅਧੀਨ ਆ ਜਾਂਦਾ ਹੈ ਕਿਉਂਕਿ ਉਸਨੇ ਅਜਿਹਾ ਕਰਨ ਦੀ ਚੋਣ ਕੀਤੀ ਜਿਸਨੂੰ ਉਸਦੇ ਵਿਸ਼ਵਾਸ ਦੇ ਅਨੁਸਾਰ ਬਾਈਬਲ ਮਨ੍ਹਾ ਕਰਦੀ ਹੈ (ਵੇਖੋ ਰੋਮੀਆਂ ਨੂੰ 14:22-23)।

ਇੱਕ ਮਸੀਹੀ ਇਹ ਵਿਸ਼ਵਾਸ ਕਰ ਸਕਦਾ ਹੈ ਕਿ ਅਲੱਗ-ਅਲੱਗ ਧਰਮ ਸਿਧਾਂਤਾਂ ਵਾਲੇ ਲੋਕ ਅਸਲ ਮਸੀਹੀ ਹਨ, ਪਰ ਉਸਨੂੰ ਅਜਿਹੇ ਲੋਕਾਂ ਦੇ ਸਮੂਹ ਨਾਲ ਸੇਵਕਾਈ ਅਤੇ ਸੰਗਤੀ ਕਰਨੀ ਚਾਹੀਦੀ ਹੈ ਜੋ ਜਿਆਦਾਤਰ ਧਰਮ ਸਿਧਾਂਤਾਂ ਦੇ ਨਾਲ ਸਹਿਮਤ ਹੋਣ। ਇਸਦਾ ਅਰਥ ਹੈ ਕਿ ਇੱਕ ਸਥਾਨਕ ਕਲੀਸਿਆ ਦੇ ਕੋਲ ਧਰਮ ਸਿਧਾਂਤ ਦਾ ਇੱਕ ਅਜਿਹਾ ਕਥਨ ਹੋਣਾ ਚਾਹੀਦਾ ਹੈ ਜੋ ਵਿਸ਼ਵਵਿਆਪੀ ਕਲੀਸਿਆ ਦੇ ਧਰਮ ਸਿਧਾਂਤਾਂ ਨਾਲੋਂ ਵੀ ਜਿਆਦਾ ਦੱਸੇ ਗਏ ਹੋਣ।

► ਕਿਸੇ ਵਿਅਕਤੀ ਦੇ ਲਈ ਹਰੇਕ ਕਲੀਸਿਆ ਦੇ ਧਰਮ ਸਿਧਾਂਤਾਂ ਦੇ ਨਾਲ ਸਹਿਮਤ ਹੋਣ ਦਾ ਯਤਨ ਕਰਨਾ ਇੱਕ ਗ਼ਲਤੀ ਕਿਉਂ ਹੋਵੇਗੀ?

## ਸਮਾਪਤੀ

ਇੱਕ ਮਸੀਹੀ ਨੂੰ ਦੂਸਰਿਆਂ ਦੇ ਪ੍ਰਤੀ ਉਸਦੇ ਰਵੱਈਏ ਨੂੰ ਬਰਾਬਰ ਬਣਾ ਕੇ ਰੱਖਣਾ ਚਾਹੀਦਾ ਹੈ। ਉਸਨੂੰ ਅਜਿਹਾ ਨਹੀਂ ਕਹਿਣਾ ਚਾਹੀਦਾ ਕਿ ਦੂਸਰੇ ਮਸੀਹੀ ਅਸਲੀ ਮਸੀਹੀ ਨਹੀਂ ਹਨ ਕਿਉਂਕਿ ਉਹ ਧਰਮ ਸਿਧਾਂਤਾਂ ਦੇ ਅਜਿਹੇ ਵੇਰਵੇ ਦੇ ਵਿੱਚ ਵੱਖਰੇ ਹਨ ਜੋ ਮੁੱਢਲੇ ਨਹੀਂ ਹਨ। ਪਰ ਫਿਰ ਵੀ ਉਸਦੀ ਸਥਾਨਕ ਕਲੀਸਿਆ ਦੇ ਨਾਲ ਨੇੜੇ ਦੀ ਸੰਗਤ ਹੋਣੀ ਚਾਹੀਦੀ ਹੈ ਜਿਸਦੇ ਵਿੱਚ ਧਰਮ ਸਿਧਾਂਤਾਂ ਫੜੀ ਰੱਖਦੀ ਹੈ ਅਤੇ ਉਸਦੇ ਨਾਲ ਮਿਲ ਕੇ ਸੰਗਤੀ ਅਤੇ ਸੇਵਕਾਈ ਕਰਨੀ ਚਾਹੀਦੀ ਹੈ।

## ਸੱਤ ਸੰਖੇਪ ਕਥਨ

1. ਬਾਈਬਲ ਮਸੀਹੀ ਏਕਤਾ ਤੇ ਜ਼ੋਰ ਦਿੰਦੀ ਹੈ।
2. ਮੁੱਢਲੀ ਕਲੀਸਿਆ ਏਕਤਾ ਨੂੰ ਇੱਕ ਜਰੂਰੀ ਸਿਧਾਂਤ ਮੰਨਦੀ ਸੀ।
3. ਕੋਈ ਕਲੀਸਿਆ ਸਾਰੀਆਂ ਕਲੀਸਿਆਵਾਂ ਨੂੰ ਇੱਕ ਸੰਸਥਾ ਦੇ ਵਿੱਚ ਲਿਆਉਣ ਦੇ ਨਾਲ ਏਕਤਾ ਨੂੰ ਪ੍ਰਾਪਤ ਨਹੀਂ ਕਰ ਸਕਦੀ।
4. ਮਸੀਹੀ ਏਕਤਾ ਬਾਈਬਲ ਦੀ ਸਿੱਖਿਆ, ਕ੍ਰਿਪਾ ਦੇ ਅਨੁਭਵ ਅਤੇ ਆਤਮਾ ਦੇ ਜੀਵਨ ਤੇ ਆਧਾਰਿਤ ਹੈ।
5. ਹਰੇਕ ਸਥਾਨ ਦੇ ਮਸੀਹੀ ਲੋਕ ਮਸੀਹਤ ਦੇ ਕੁਝ ਮੁੱਢਲੇ ਧਰਮ ਸਿਧਾਂਤਾਂ ਦੇ ਨਾਲ ਸਹਿਮਤ ਹੁੰਦੇ ਹਨ।
6. ਅਲੱਗ-ਅਲੱਗ ਕਲੀਸਿਆਵਾਂ ਦੇ ਮਸੀਹੀ ਧਰਮ ਸਿਧਾਂਤਾਂ ਦੇ ਵੇਰਵਿਆਂ ਦੇ ਨਾਲ ਸਹਿਮਤ ਨਹੀਂ ਹੁੰਦੇ।
7. ਇੱਕ ਸਥਾਨਕ ਕਲੀਸਿਆ ਨੂੰ ਧਰਮ ਸਿਧਾਂਤਾਂ ਦੇ ਇੱਕ ਵਿਖਿਆਤਮਕ ਬਿਆਨ ਦੇ ਨਾਲ ਸਹਿਮਤ ਹੋਣਾ ਚਾਹੀਦਾ ਹੈ।

## ਪਾਠ 2 ਦੇ ਅਸਾਇਨਮੈਂਟ

1. ਪਾਠ 2 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਇਸ ਕੋਰਸ ਦੇ ਦੌਰਾਨ ਤੁਹਾਨੂੰ ਇੱਕ ਪਾਠ ਜਾਂ ਪਾਠ ਦੇ ਇੱਕ ਹਿੱਸੇ ਨੂੰ ਕਿਸੇ ਅਜਿਹੇ ਵਿਅਕਤੀ ਜਾਂ ਸਮੂਹ ਨੂੰ ਸਿਖਾਉਣ ਦੀ ਜਰੂਰਤ ਹੋਵੇਗੀ ਜੋ ਇਸ ਕਲਾਸ ਦਾ ਹਿੱਸਾ ਨਹੀਂ ਹੈ। ਤੁਸੀਂ ਸਿਖਾਉਣ ਦੇ ਲਈ ਸਮੱਗਰੀ ਦੀ ਚੋਣ ਕਰ ਸਕਦੇ ਹੋ। ਤੁਹਾਨੂੰ ਇਸਨੂੰ ਅਲੱਗ-ਅਲੱਗ ਸਮੱਗਰੀ ਦੇ ਨਾਲ ਤਿੰਨ ਵਾਰ ਕਰਨਾ ਪਵੇਗਾ। ਆਪਣੇ ਸਿਖਾਉਣ ਦੇ ਮੌਕਿਆਂ ਲਈ ਸਮਾਂ ਨਿਰਧਾਰਿਤ ਕਰੋ ਅਤੇ ਜੋ ਤੁਸੀਂ ਸਿਖਾਇਆ ਹੈ ਉਸਦੇ ਬਾਰੇ ਕਲਾਸ ਦੇ ਆਗੂ ਨੂੰ ਰਿਪੋਰਟ ਦਿਓ।

3. ਇੰਟਰਵਿਊ ਅਸਾਇਨਮੈਂਟ: ਤਿੰਨ ਅਲੱਗ-ਅਲੱਗ ਕਲੀਸਿਆਵਾਂ ਦੇ ਮੈਂਬਰਾਂ ਦੇ ਨਾਲ ਗੱਲ ਕਰੋ ਅਤੇ ਉਨ੍ਹਾਂ ਤੋਂ ਪੁੱਛੋ ਕਿ ਉਹ ਦੂਸਰੀਆਂ ਕਲੀਸਿਆਵਾਂ ਦੇ ਬਾਰੇ ਕੀ ਸੋਚਦੇ ਹਨ। ਉਨ੍ਹਾਂ ਦੇ ਅਨੁਸਾਰ ਮਸੀਹੀਆਂ ਦੇ ਵਿੱਚਕਾਰ ਆਪਸੀ ਏਕਤਾ ਕਿਸ ਪ੍ਰਕਾਰ ਦੀ ਹੈ? ਇੰਨ੍ਹਾਂ ਤਿੰਨਾਂ ਗੱਲਬਾਤਾਂ ਵਿੱਚੋਂ ਹਰੇਕ ਦੇ ਬਾਰੇ ਇੱਕ ਪੈਰਾਗ੍ਰਾਫ ਲਿਖੋ।

# ਪਾਠ 3

# ਸਥਾਨਕ ਕਲੀਸਿਆ

**ਜਾਣ-ਪਛਾਣ**

► ਸਥਾਨਕ ਕਲੀਸਿਆ ਕੀ ਹੈ? ਇਹ ਬਾਕੀ ਦੇ ਸਾਰੇ ਸਮੂਹਾਂ ਨਾਲੋਂ ਅਲੱਗ ਕਿਵੇਂ ਹੈ?

ਸਥਾਨਕ ਕਲੀਸਿਆ ਦੀ ਪਰਿਭਾਸ਼ਾ ਨੂੰ ਸੱਤ ਜਰੂਰੀ ਤੱਥਾਂ ਦੇ ਵਿੱਚ ਵੰਡਿਆ ਜਾ ਸਕਦਾ ਹੈ। ਇੰਨ੍ਹਾਂ ਤੱਥਾਂ ਦੀ ਵਿਆਖਿਆ ਅੱਗੇ ਪੂਰੇ ਕੋਰਸ ਵਿੱਚ ਕੀਤੀ ਗਈ ਹੈ।

**ਇੱਕ ਸਥਾਨਕ ਕਲੀਸਿਆ ਦੀ ਪਰਿਭਾਸ਼ਾ**

ਸਥਾਨਕ ਕਲੀਸਿਆ ਵਿਸ਼ਵਾਸੀਆਂ ਦਾ ਇੱਕ ਅਜਿਹਾ ਸਮੂਹ ਹੈ ਜੋ ਆਤਮਿਕ ਪਰਿਵਾਰ ਅਤੇ ਵਿਸ਼ਵਾਸ ਦੇ ਸਮੁਦਾਏ ਦੇ ਤੌਰ ਤੇ ਕੰਮ ਕਰਦਾ ਹੈ; ਜੋ ਹਰੇਕ ਤੌਬਾ ਕਰਨ ਵਾਲੇ ਨੂੰ ਸ਼ੁਭਸਮਾਚਾਰ ਅਤੇ ਸੰਗਤੀ ਪ੍ਰਦਾਨ ਕਰਦਾ ਹੈ; ਬਪਤਿਸਮੇ ਅਤੇ ਪ੍ਰਭੂ ਭੋਜ ਨੂੰ ਕਰਦਾ ਹੈ; ਅਰਾਧਨਾ, ਸੰਗਤੀ, ਸ਼ੁਭਸਮਾਚਾਰ ਪ੍ਰਚਾਰ ਅਤੇ ਚੇਲ੍ਹੇ ਬਣਾਉਣ ਦੇ ਵਿੱਚ ਸਹਿਯੋਗ ਦਿੰਦਾ ਹੈ; ਪਵਿੱਤਰ ਆਤਮਾ ਦੇ ਵਰਦਾਨਾਂ ਦੁਆਰਾ ਮਸੀਹ ਦੀ ਦੇਹ ਦੇ ਕੰਮ ਨੂੰ ਪੂਰਿਆਂ ਕਰਦਾ ਹੈ; ਪਰਮੇਸ਼ੁਰ ਦੇ ਵਚਨ ਦੇ ਪ੍ਰਤੀ ਸਮਰਪਿਤ ਹੈ; ਬਾਈਬਲ ਸਿਧਾਂਤਾਂ ਅਨੁਸਾਰ ਏਕਤਾ ਬਣਾਈ ਰੱਖਦਾ ਹੈ, ਕ੍ਰਿਪਾ ਦਾ ਅਨੁਭਵ ਕਰਦਾ ਹੈ ਅਤੇ ਆਤਮਾ ਦਾ ਜੀਵਨ ਜਿਉਂਦਾ ਹੈ।

ਹੇਠਾਂ, ਪਰਿਭਾਸ਼ਾ ਦੇ ਹਰੇਕ ਹਿੱਸੇ ਨੂੰ ਜਿਆਦਾ ਵਿਆਖਿਆ ਦੇ ਨਾਲ ਦੁਹਰਾਇਆ ਗਿਆ ਹੈ।

► ਹੇਠ ਲਿਖਿਆਂ ਵਿੱਚੋਂ ਹਰੇਕ ਲਈ, ਚਰਚਾ ਕਰੋ ਕਿ ਇਹ ਕਲੀਸਿਆ ਦੀ ਇੱਕ ਜ਼ਰੂਰੀ ਵਿਸ਼ੇਸ਼ਤਾ ਕਿਉਂ ਹੈ। ਜੇਕਰ ਕਿਸੇ ਕਲੀਸਿਆ ਦੇ ਵਿੱਚ ਇਸ ਵਿਸ਼ੇਸ਼ਤਾ ਦੀ ਘਾਟ ਹੋਵੇ ਤਾਂ ਕੁਝ ਨਤੀਜੇ ਕੀ ਹੋਣਗੇ?"

"ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੇ ਨਾਲ ਹੀ ਵਿਅਕਤੀਗਤ ਸੰਬੰਧ ਰੱਖਣ ਦੇ ਲਈ ਨਹੀਂ ਬੁਲਾਇਆ ਗਿਆ ਹੈ ਪਰ ਉਹ ਲੋਕਾਂ ਦੇ ਰੂਪ ਵਿੱਚ ਇੱਕ ਹੋਣ ਦੇ ਲਈ ਅਤੇ ਮਿਲ ਕੇ ਰਹਿਣ ਲਈ ਬੁਲਾਏ ਗਏ ਹਨ।"

- ਥੌਮਸ ਓਡੇਨ
*ਆਤਮਾ ਦੇ ਵਿੱਚ ਜੀਵਨ*

**ਸਥਾਨਕ ਕਲੀਸਿਆ ਵਿਸ਼ਵਾਸੀਆਂ ਦਾ ਇੱਕ ਅਜਿਹਾ ਸਮੂਹ ਹੈ ਜੋ ਆਤਮਿਕ ਪਰਿਵਾਰ ਅਤੇ ਵਿਸ਼ਵਾਸ ਦੇ ਸਮੁਦਾਏ ਦੇ ਤੌਰ ਤੇ ਕੰਮ ਕਰਦਾ ਹੈ...**

ਕਲੀਸਿਆ ਅਜਿਹਾ ਸਮੂਹ ਹੈ ਜੋ ਮਸੀਹੀ ਵਿਸ਼ਵਾਸ ਦੁਆਰਾ ਬਣਾਇਆ ਜਾਂਦਾ ਹੈ। ਇਸਦੇ ਵਿੱਚ ਸੰਸਾਰ ਦੇ ਕਿਸੇ ਵੀ ਸਮੂਹ ਨਾਲੋਂ ਜਿਆਦਾ ਮਜ਼ਬੂਤ ਸੰਬੰਧ ਹਨ।

**...ਜੋ ਹਰੇਕ ਤੌਬਾ ਕਰਨ ਵਾਲੇ ਨੂੰ ਸ਼ੁਭਸਮਾਚਾਰ ਅਤੇ ਸੰਗਤੀ ਪ੍ਰਦਾਨ ਕਰਦਾ ਹੈ...**

ਇੱਕ ਕਲੀਸਿਆ ਨਸਲੀ ਸਮੂਹਾਂ ਜਾਂ ਲੋਕਾਂ ਦੇ ਵਰਗਾਂ ਨੂੰ ਬਾਹਰ ਨਹੀਂ ਕੱਢ ਕੇ ਵੀ ਸ਼ੁਭਸਮਾਚਾਰ ਦੇ ਪ੍ਰਤੀ ਵਫ਼ਾਦਾਰ ਨਹੀਂ ਰਹਿ ਸਕਦੀ। ਕੋਈ ਆਮ ਨਸਲ ਜਾਂ ਸਮਾਜਿਕ ਵਰਗ ਜ਼ਰੂਰੀ ਨਹੀਂ ਹੈ। ਨਾਲ ਹੀ, ਜੇਕਰ ਕੋਈ ਕਲੀਸਿਆ ਸ਼ੁਭਸਮਾਚਾਰ ਦੇ ਪ੍ਰਤੀ ਵਫ਼ਾਦਾਰ ਕੁਝ ਪਾਪਾਂ ਨੂੰ ਮਾਫ਼ ਕਰਨ ਤੋਂ ਇਨਕਾਰ ਨਹੀਂ ਕਰ ਸਕਦੀ।

> "ਮਸੀਹ ਦੀ ਦ੍ਰਿਸ਼ ਕਲੀਸਿਆ ਵਫਾਦਾਰ ਮਨੁੱਖਾਂ ਦਾ ਸਮੂਹ ਹੈ ਜਿੰਨ੍ਹਾਂ ਦੇ ਵਿੱਚਕਾਰ ਪਰਮੇਸ਼ੁਰ ਦੇ ਸ਼ੁੱਧ ਵਚਨ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਧਾਰਮਿਕ ਰੀਤਾਂ ਨੂੰ ਮਸੀਹ ਦੇ ਨਿਰਦੇਸ਼ਾਂ ਅਨੁਸਾਰ ਕੀਤਾ ਜਾਂਦਾ ਹੈ..."
>
> - *ਮੈਥੋਡਿਸਟ ਕਲੀਸਿਆ ਦੇ ਧਰਮ ਦੇ ਲੇਖ*

**...ਬਪਤਿਸਮੇ ਅਤੇ ਪ੍ਰਭੂ ਭੋਜ ਨੂੰ ਕਰਦਾ ਹੈ...**

ਯਿਸੂ ਨੇ ਇੰਨ੍ਹਾਂ ਧਾਰਮਿਕ ਰਸਮਾਂ ਦੇ ਲਈ ਕਲੀਸਿਆ ਨੂੰ ਦਿਸ਼ਾ-ਨਿਰਦੇਸ਼ ਦਿੱਤੇ। ਬਪਤਿਸਮਾ ਪਰਿਵਰਤਨ ਦੇ ਦੁਆਰਾ ਕਲੀਸਿਆ ਦੇ ਵਿੱਚ ਦਾਖਿਲ ਹੋਣ ਨੂੰ ਦਰਸਾਉਂਦਾ ਹੈ। ਪ੍ਰਭੂ ਭੋਜ ਉਸ ਕ੍ਰਿਪਾ ਨੂੰ ਦਰਸਾਉਂਦਾ ਹੈ ਜਿਸਨੂੰ ਸ਼ੁਭਸਮਾਚਾਰ ਦੇ ਵਿੱਚ ਪ੍ਰਗਟ ਕੀਤਾ ਗਿਆ ਹੈ।

**... ਅਰਾਧਨਾ, ਸੰਗਤੀ, ਸ਼ੁਭਸਮਾਚਾਰ ਪ੍ਰਚਾਰ ਅਤੇ ਚੇਲ੍ਹੇ ਬਣਾਉਣ ਦੇ ਵਿੱਚ ਸਹਿਯੋਗ ਦਿੰਦਾ ਹੈ...**

ਕਲੀਸਿਆ ਦੇ ਕੁਝ ਜਰੂਰੀ ਉਦੇਸ਼ ਹਨ। ਇੰਨ੍ਹਾਂ ਮਹੱਤਵਪੂਰਨ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਕਲੀਸਿਆ ਦਾ ਸਹਿਯੋਗ ਬਹੁਤ ਜਰੂਰੀ ਹੈ

**... ਪਵਿੱਤਰ ਆਤਮਾ ਦੇ ਵਰਦਾਨਾਂ ਦੁਆਰਾ ਮਸੀਹ ਦੀ ਦੇਹ ਦੇ ਕੰਮ ਨੂੰ ਪੂਰਿਆਂ ਕਰਦਾ ਹੈ...**

ਕਲੀਸਿਆ ਦੇ ਆਤਮਿਕ ਕੰਮ ਕਦੇ ਵੀ ਸਿਰਫ਼ ਮਨੁੱਖੀ ਯੋਗਤਾਵਾਂ ਦੇ ਦੁਆਰਾ ਪੂਰੇ ਨਹੀਂ ਕੀਤੇ ਜਾ ਸਕਦੇ।

**... ਪਰਮੇਸ਼ੁਰ ਦੇ ਵਚਨ ਦੇ ਪ੍ਰਤੀ ਸਮਰਪਿਤ ਹੈ...**

ਕਲੀਸਿਆ ਸ਼ੁਭਸਮਾਚਾਰ, ਧਰਮ ਸਿਧਾਂਤ ਅਤੇ ਅਧਿਕਾਰ ਦੇ ਲਈ ਬਾਈਬਲ ਤੇ ਨਿਰਭਰ ਹੈ। ਜੇਕਰ ਕੋਈ ਕਲੀਸਿਆ ਬਾਈਬਲ ਦੀ ਆਗਿਆਕਾਰੀ ਨਹੀਂ ਕਰਦੀ ਹੈ, ਤਾਂ ਕਲੀਸਿਆ ਇਸਦੇ ਸਿਖਾਉਣ ਦੇ ਅਧਿਕਾਰ ਨੂੰ ਗੁਆ ਦਿੰਦੀ ਹੈ।

**... ਬਾਈਬਲ ਸਿਧਾਂਤਾਂ ਅਨੁਸਾਰ ਏਕਤਾ ਬਣਾਈ ਰੱਖਦਾ ਹੈ, ਕ੍ਰਿਪਾ ਦਾ ਅਨੁਭਵ ਕਰਦਾ ਹੈ ਅਤੇ ਆਤਮਾ ਦਾ ਜੀਵਨ ਜਿਉਂਦਾ ਹੈ।**

ਕਲੀਸਿਆ ਦੇ ਮੈਂਬਰ ਇੱਕ ਦੂਜੇ ਪ੍ਰਤੀ ਵਚਨਬੱਧ ਹੋ ਸਕਦੇ ਹਨ ਕਿਉਂਕਿ ਉਨ੍ਹਾਂ ਕੋਲ ਇਹ ਤਿੰਨੋਂ ਚੀਜ਼ਾਂ ਇਕੱਠੀਆਂ ਹਨ। ਇਨ੍ਹਾਂ ਤਿੰਨਾਂ ਤੋਂ ਬਿਨਾਂ, ਸੱਚੀ ਮਸੀਹੀ ਸੰਗਤ ਮੌਜੂਦ ਨਹੀਂ ਹੈ।

## ਕਲੀਸਿਆ ਦੇ ਵਿੱਚ ਪਰਮੇਸ਼ੁਰ ਦਾ ਨਿਵੇਸ਼

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਅਫ਼ਸੀਆਂ ਨੂੰ 3:1-10 ਪੜਣਾ ਚਾਹੀਦਾ ਹੈ। ਅਜਿਹੀ ਕੁਝ ਗੱਲਾਂ ਕੀ ਹਨ ਜੋ ਪੌਲੁਸ ਨੇ ਆਪਣੀ ਸੇਵਕਾਈ ਦੇ ਬਾਰੇ ਦੱਸੀਆਂ ਹਨ?

ਪੌਲੁਸ ਨੇ ਕਿਹਾ ਕਿ ਉਸਦੀ ਸੇਵਕਾਈ ਦਾ ਇੱਕ ਮੁੱਖ ਹਿੱਸਾ ਕਲੀਸਿਆ ਦੀ ਵਿਆਖਿਆ ਕਰਨਾ ਹੈ, ਇਸ ਲਈ ਅਸੀਂ ਜਾਣਦੇ ਹਾਂ ਕਿ ਕਲੀਸਿਆ ਦੇ ਬਾਰੇ ਵਿਆਖਿਆ ਕਰਨਾ ਅੱਜ ਦੀ ਸੇਵਕਾਈ ਦਾ ਇੱਕ ਮਹੱਤਵਪੂਰਨ ਹਿੱਸਾ ਹੋਣਾ ਚਾਹੀਦਾ ਹੈ। ਪਰਮੇਸ਼ੁਰ ਨੇ ਯੋਜਨਾ ਬਣਾਈ ਕਿ ਪਰਾਈਆਂ ਜਾਤੀਆਂ ਦੇ ਲੋਕ ਕਲੀਸਿਆ ਦੇ ਵਿੱਚ ਲਿਆਂਦੇ ਜਾਣ, ਅਤੇ ਇਹ ਕਿ ਕਲੀਸਿਆ ਪਰਮੇਸ਼ੁਰ ਦੀ ਬੁੱਧ ਨੂੰ ਸੰਸਾਰ ਦੇ ਵਿੱਚ ਪ੍ਰਗਟ ਕਰੇ।

ਸਾਨੂੰ ਇਹ ਯਾਦ ਰੱਖਣ ਦੀ ਜਰੂਰਤ ਹੈ ਕਿ ਕਲੀਸਿਆ ਕੋਈ ਇਮਾਰਤ ਨਹੀਂ ਹੈ। ਕਲੀਸਿਆ ਦੇ ਕੋਲ ਪਹਿਲੀਆਂ ਕੁਝ ਪੀੜ੍ਹੀਆਂ ਦੇ ਦੌਰਾਨ ਕੋਈ ਇਮਾਰਤ ਨਹੀਂ ਸੀ। ਇਸਦਾ ਮਤਲਬ ਹੈ ਕਿ ਜਦੋਂ ਨਵਾਂ ਨੇਮ ਕਲੀਸਿਆ ਦੀ ਗੱਲ ਕਰਦਾ ਹੈ ਤਾਂ ਉਹ ਲੋਕਾਂ ਦੇ ਬਾਰੇ ਗੱਲ ਕਰ ਰਿਹਾ ਹੁੰਦਾ ਹੈ।

ਅਫ਼ਸੀਆਂ ਦੇ ਵਿੱਚ ਵਿਆਖਿਆ ਕੀਤੀ ਗਈ ਹੈ ਕਿ ਪਰਮੇਸ਼ੁਰ ਦੇ ਲਈ ਕਲੀਸਿਆ ਦੀ ਯੋਜਨਾ ਕਿੰਨੀ ਮਹੱਤਵਪੂਰਨ ਹੈ।

> ... ਅਤੇ ਸੱਭੋ ਕੁਝ ਉਸ ਦੇ ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸਿਯਾ ਲਈ ਦੇ ਦਿੱਤਾ ਇਹ ਉਸ ਦੀ ਦੇਹ ਹੈ ਅਰਥਾਤ ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿੱਚ ਸੱਭੋ ਕੁਝ ਭਰਦਾ ਹੈ (ਅਫ਼ਸੀਆਂ ਨੂੰ 1:22-23)।

ਇਹ ਵਚਨ ਦੱਸਦਾ ਹੈ ਕਿ ਯਿਸੂ ਕਲੀਸਿਆ ਦਾ ਸਿਰ ਹੈ, ਅਤੇ ਕਲੀਸਿਆ ਉਸਦੀ ਦੇਹੀ ਹੈ। ਇਹ ਦੱਸਦਾ ਹੈ ਕਿ ਕਲੀਸਿਆ ਦੇ ਵਿੱਚ ਪਰਮੇਸ਼ੁਰ ਦੀ ਸੰਪੂਰਨਤਾਈ ਹੈ।

ਇੱਕ ਨਦੀ ਦੀ ਕਲਪਨਾ ਕਰੋ ਜੋ ਇੱਕ ਮਹਾਨ ਸ਼ਹਿਰ ਲਈ ਸਾਰਾ ਪਾਣੀ ਪ੍ਰਦਾਨ ਕਰਦੀ ਹੈ। ਲੱਖਾਂ ਲੋਕ ਪਾਣੀ ਦੀ ਵਰਤੋਂ ਕਰਦੇ ਹਨ, ਫਿਰ ਵੀ ਉਹ ਜੋ ਪਾਣੀ ਲੈਂਦੇ ਹਨ ਉਹ ਨਦੀ ਦੇ ਹੇਠਾਂ ਵਗਦੇ ਪਾਣੀ ਨਾਲੋਂ ਘੱਟ ਹੈ। ਇਹ ਕਲਪਨਾ ਕਰਨਾ ਔਖਾ ਹੈ ਕਿ ਇਹ ਕਿੰਨਾ ਪਾਣੀ ਹੈ।[2]

---

[2] ਇੱਕ ਹੋਰ ਉਦਾਹਰਣ: ਕਾਰਬਨਾਈਟ ਨਾਮ ਦੀ ਇੱਕ ਕੰਪਨੀ ਹੈ ਜੋ ਨਿੱਜੀ ਕੰਪਿਊਟਰਾਂ ਦਾ ਬੈਕਅੱਪ ਲੈਂਦੀ ਹੈ। ਉਹ ਤੁਹਾਡੇ ਕੰਪਿਊਟਰ 'ਤੇ ਮੌਜੂਦ ਹਰ ਚੀਜ਼ ਨੂੰ ਸੁਰੱਖਿਅਤ ਕਰ ਸਕਦੇ ਹਨ ਜੇਕਰ ਇਸਨੂੰ ਕੁਝ ਹੋ ਜਾਂਦਾ ਹੈ। ਕਲਪਨਾ ਕਰੋ ਕਿ ਹਜ਼ਾਰਾਂ ਕੰਪਿਊਟਰਾਂ ਦੀ ਸਮੱਗਰੀ ਨੂੰ ਰੱਖਣ ਲਈ ਉਨ੍ਹਾਂ ਕੋਲ ਕਿਸ ਤਰ੍ਹਾਂ ਦੀ ਸਟੋਰੇਜ ਹੋਵੇਗਾ!

ਪਰ ਪਰਮੇਸ਼ੁਰ ਦੀ ਸੰਪੂਰਨਤਾਈ ਕੀ ਹੈ? ਜੇਕਰ ਪਰਮੇਸ਼ੁਰ ਸੰਸਾਰ ਲਈ ਆਪਣੀਆਂ ਬਰਕਤਾਂ, ਕ੍ਰਿਪਾ ਅਤੇ ਸ਼ਕਤੀ ਨੂੰ ਵਰ੍ਹਾਉਣ ਲਈ ਇੱਕ ਵੱਡੇ ਸਾਰੇ ਬਰਤਨ ਜਾਂ ਸਾਧਨ ਨੂੰ ਬਣਾਉਂਦਾ ਹੈ, ਤਾਂ ਕਿਸ ਪ੍ਰਕਾਰ ਦਾ ਬਰਤਨ ਪਰਮੇਸ਼ੁਰ ਦੀ ਸੰਪੂਰਨਤਾਈ ਨੂੰ ਕਿਸ ਤਰ੍ਹਾਂ ਸੰਭਾਲ ਪਾਏਗਾ? ਇਹ ਆਇਤ ਕਹਿੰਦੀ ਹੈ ਕਿ ਕਲੀਸਿਆ ਉਹ ਵੱਡਾ ਬਰਤਨ ਹੈ। ਕਲੀਸਿਆ ਦੇ ਵਿੱਚ ਸੰਸਾਰ ਲਈ ਪਰਮੇਸ਼ੁਰ ਦੀਆਂ ਬਰਕਤਾਂ ਹਨ।

ਯਾਦ ਰੱਖੋ ਕਿ ਪਰਮੇਸ਼ੁਰ ਦੀਆਂ ਬਰਕਤਾਂ ਰੱਖਣ ਵਾਲੀ ਕਲੀਸਿਆ ਕੋਈ ਇਮਾਰਤ ਨਹੀਂ ਹੈ, ਪਰ ਇਹ ਮਸੀਹੀ ਸੰਗਤੀ ਦੇ ਲੋਕਾਂ ਦਾ ਸਮੂਹ ਹੈ।

ਕਲੀਸਿਆ ਦੇ ਲਈ ਪਰਮੇਸ਼ੁਰ ਦੀ ਯੋਜਨਾ ਸੰਸਾਰ ਦੇ ਅਰੰਭ ਤੋਂ ਹੀ ਸੀ। ਇਸ ਲਈ ਪਰਮੇਸ਼ੁਰ ਦੇ ਮਨ ਵਿੱਚ ਕਲੀਸਿਆ ਦੇ ਲਈ ਕੀ ਉਦੇਸ਼ ਸੀ?

ਇੱਕ ਵਾਰ ਫਿਰ ਤੋਂ ਅਫ਼ਸੀਆਂ ਨੂੰ 3:10-11 ਨੂੰ ਵੇਖੋ।

> ਭਈ ਹੁਣ ਕਲੀਸਿਯਾ ਦੇ ਰਾਹੀਂ ਸੁਰਗੀ ਥਾਵਾਂ ਵਿੱਚ ਹਕੂਮਤਾਂ ਅਤੇ ਇਖ਼ਤਿਆਰਾਂ ਉੱਤੇ ਪਰਮੇਸ਼ੁਰ ਦਾ ਨਾਨਾ ਪਰਕਾਰ ਦਾ ਗਿਆਨ ਪਰਗਟ ਕੀਤਾ ਜਾਵੇ ਉਸ ਸਦੀਪਕ ਮਨਸ਼ਾ ਦੇ ਅਨੁਸਾਰ ਜਿਹੜੀ ਉਹ ਨੇ ਮਸੀਹ ਯਿਸੂ ਸਾਡੇ ਪ੍ਰਭੁ ਵਿੱਚ ਧਾਰੀ...

*ਨਾਨਾ ਪਰਕਾਰ* ਤੋਂ ਭਾਵ ਹੈ "ਸਭ ਪ੍ਰਕਾਰ ਦੀਆਂ।" ਪਰਮੇਸ਼ੁਰ ਦੇ ਕੋਲ ਜੀਵਨ ਦੇ ਹਰੇਕ ਪਹਿਲੂ ਅਤੇ ਹਾਲਾਤ ਦੇ ਲਈ ਬੁੱਧ ਹੈ। ਪਰਮੇਸ਼ੁਰ ਦੀ ਬੁੱਧ ਬ੍ਰਹਿਮੰਡ ਵਿੱਚ ਪ੍ਰਗਟ ਹੋਣੀ ਹੈ, ਜਿਸ ਵਿੱਚ ਆਤਮਿਕ ਸੰਸਾਰ ਵੀ ਸ਼ਾਮਲ ਹੈ, ਜੋ ਪਰਮੇਸ਼ੁਰ ਕਲੀਸਿਆ ਦੇ ਦੁਆਰਾ ਕਰਦਾ ਹੈ। ਇੱਕ ਵਿਅਕਤੀ ਕਲੀਸਿਆ ਨੂੰ ਵੇਖਣ ਦੁਆਰਾ ਪਰਮੇਸ਼ੁਰ ਦੇ ਬਾਰੇ ਆਪਣੀ ਸਮਝ ਪ੍ਰਾਪਤ ਕਰਦਾ ਹੈ। ਕਲੀਸਿਆ ਨੂੰ ਵੇਖਣ ਨਾਲ ਇੱਕ ਵਿਅਕਤੀ ਨੂੰ ਪਰਮੇਸ਼ੁਰ ਦੀ ਅਰਾਧਨਾ ਕਰਨ ਲਈ ਪ੍ਰੇਰਿਤ ਹੋਣਾ ਚਾਹੀਦਾ ਹੈ। ਉਸਨੂੰ ਕਲੀਸਿਆ ਦੇ ਵਿੱਚ ਪਰਮੇਸ਼ੁਰ ਦੀ ਬੁੱਧ ਕੰਮ ਕਰਦੀ ਹੋਈ ਨਜ਼ਰ ਆਉਣੀ ਚਾਹੀਦੀ ਹੈ। ਸੰਸਾਰ ਇਹ ਸਭ ਐਤਵਾਰ ਦੀ ਅਰਾਧਨਾ ਸਭਾਵਾਂ ਤੋਂ ਨਹੀਂ ਵੇਖੇਗਾ। ਉਹ ਇਸਨੂੰ ਹਰ ਰੋਜ਼ ਅਤੇ ਜੀਵਨ ਦੀ ਹਰ ਸਥਿਤੀ ਵਿੱਚ ਕਲੀਸਿਆ ਦੇ ਕੰਮਾਂ ਦੁਆਰਾ ਇਸਨੂੰ ਵੇਖਦੇ ਹਨ।

► ਜੀਵਨ ਦੇ ਹਾਲਾਤਾਂ ਦੀਆਂ ਅਜਿਹੀਆਂ ਕੁਝ ਉਦਾਹਰਨਾਂ ਕਿਹੜੀਆਂ ਹਨ ਜਿੱਥੇ ਪਰਮੇਸ਼ੁਰ ਦੀ ਬੁੱਧ ਬਹੁਤ ਮਹੱਤਵਪੂਰਨ ਹੁੰਦੀ ਹੈ?

ਕੀ ਪਰਮੇਸ਼ੁਰ ਦੀ ਨਾਨਾ ਪਰਕਾਰ ਦੀ ਬੁੱਧ ਦੇ ਵਿੱਚ ਪਰਿਵਾਰਿਕ ਸਮੱਸਿਆਵਾਂ, ਗ਼ਰੀਬੀ, ਬੇਰੁਜ਼ਗਾਰੀ, ਅਢੁੱਕਵੇਂ ਘਰ, ਨੀਵੇਂ ਪੱਧਰ ਦੀ ਸਿੱਖਿਆ, ਨਾਬਾਲਗ ਅਪਰਾਧ, ਬੱਚਿਆਂ ਦੀ ਅਣਗਹਿਲੀ, ਡਾਕਟਰੀ ਜ਼ਰੂਰਤਾਂ, ਅਤੇ ਹੋਰ ਮਨੁੱਖੀ ਸਮੱਸਿਆਵਾਂ ਵੀ ਸ਼ਾਮਿਲ ਹਨ? ਜੀ ਹਾਂ, ਇਹ ਸਭ ਇਸਦੇ ਵਿੱਚ ਹੈ। ਸੰਸਾਰ ਪਰਮੇਸ਼ੁਰ ਦੀ ਬੁੱਧ ਨੂੰ ਕਿਵੇਂ ਵੇਖ ਸਕਦਾ ਹੈ? ਉਹ ਇਸਨੂੰ ਕਲੀਸਿਆ ਦੇ ਦੁਆਰਾ ਵਿਖਾਏ ਜਾਣ ਤੇ ਵੇਖ ਸਕਦੇ ਹਨ, ਜਦੋਂ ਕਲੀਸਿਆ ਵਿਖਾਉਂਦੀ ਹੈ ਕਿ ਪਰਮੇਸ਼ੁਰ ਦੇ ਹੱਲਾਂ ਦੇ ਨਾਲ ਵਿਸ਼ਵਾਸ ਦੇ ਸਮੁਦਾਏ ਦੇ ਵਿੱਚ ਕਿਵੇਂ ਜੀਵਿਆ ਜਾਂਦਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਅਫ਼ਸੀਆਂ ਨੂੰ 3:20-21 ਪੜਣਾ ਚਾਹੀਦਾ ਹੈ।

ਹਰੇਕ ਰਚੀ ਹੋਈ ਵਸਤੂ ਦਾ ਉਦੇਸ਼ ਪਰਮੇਸ਼ੁਰ ਨੂੰ ਮਹਿਮਾ ਦੇਣਾ ਹੈ। ਕਲੀਸਿਆ ਉੱਥੇ ਹੁੰਦੀ ਹੈ ਜਿੱਥੇ ਖਾਸ ਤੌਰ ਤੇ ਪਰਮੇਸ਼ੁਰ ਨੂੰ ਮਹਿਮਾ ਦਿੱਤੀ ਜਾਂਦੀ ਹੈ, ਕਿਉਂਕਿ

- ਇੱਥੇ ਹੀ ਉਹ ਪਿਆਰ ਅਤੇ ਛੁਟਕਾਰੇ ਨੂੰ ਵਿਖਾਉਂਦਾ ਹੈ।
- ਇੱਥੇ ਹੀ ਉਸਦੇ ਸਰੂਪ ਤੇ ਬਣਾਏ ਹੋਏ ਪ੍ਰਾਣੀ ਆਪਣੀ ਇੱਛਾ ਦੇ ਨਾਲ ਉਸਦੀ ਅਰਾਧਨਾ ਅਤੇ ਆਗਿਆਕਾਰੀ ਕਰਦੇ ਹਨ।
- ਇੱਥੇ ਹੀ ਵਿਸ਼ਵਾਸ ਦਾ ਪਰਿਵਾਰ ਪਰਮੇਸ਼ੁਰ ਦੁਆਰਾ ਬਰਕਤ ਪਾਏ ਹੋਏ ਜੀਵਨ ਨੂੰ ਵਿਖਾਉਂਦਾ ਹੈ।
- ਇੱਥੇ ਹੀ ਛੁਡਾਏ ਹੋਏ ਲੋਕ ਸ਼ੁਭਸਮਾਚਾਰ ਪ੍ਰਚਾਰ ਦੇ ਦੁਆਰਾ ਦੂਸਰਿਆਂ ਦੇ ਛੁਟਕਾਰੇ ਵਿੱਚ ਸਾਂਝੀ ਹੁੰਦੇ ਹਨ।

ਜੋ ਕਲੀਸਿਆ ਹੁਣ ਕਰ ਰਹੀ ਹੈ ਉਸਦੇ ਦੁਆਰਾ ਪਰਮੇਸ਼ੁਰ ਵਿਸ਼ਵਵਿਆਪੀ ਅਤੇ ਸਦੀਪਕ ਤੌਰ ਤੇ ਮਹਿਮਾ ਪ੍ਰਾਪਤ ਕਰੇਗਾ। ਜੋ ਕੰਮ ਤੁਹਾਡੀ ਸਥਾਨਕ ਕਲੀਸਿਆ ਕਰਦੀ ਹੈ ਉਹ ਪਰਮੇਸ਼ੁਰ ਦੀ ਮਹਿਮਾ ਲਈ ਇੱਕ ਸਦੀਪਕ ਸਮਾਰਕ ਵਜੋਂ ਖੜ੍ਹਾ ਰਹੇਗਾ।

## ਸਥਾਨਕ ਕਲੀਸਿਆ ਦੀ ਭਰਪੂਰੀ

ਬਾਈਬਲ ਇੱਕ ਕਲੀਸਿਆ ਦੇ ਬਾਰੇ ਗੱਲ ਕਰਦੀ ਹੈ, ਪਰ ਇਹ ਸਥਾਨਕ ਕਲੀਸਿਆਵਾਂ ਦੇ ਬਾਰੇ ਵੀ ਗੱਲ ਕਰਦੀ ਹੈ। ਉਦਾਹਰਨ ਦੇ ਲਈ ਯੂਹੰਨਾ ਰਸੂਲ ਨੇ ਅਸਿਯਾ ਦੀਆਂ ਸੱਤ ਕਲੀਸਿਆਵਾਂ ਨੂੰ ਲਿਖਿਆ (ਪਰਕਾਸ਼ ਦੀ ਪੋਥੀ 1:4)। ਪੌਲੁਸ ਨੇ "ਪਰਮੇਸ਼ੁਰ ਦੀਆਂ ਕਲੀਸਿਯਾਂ" ਦਾ ਜ਼ਿਕਰ ਕੀਤਾ (੧ ਕੁਰਿੰਥੀਆਂ ਨੂੰ 11:16)।

ਇੱਕ ਸਥਾਨਕ ਕਲੀਸਿਆ ਕਲੀਸਿਆ ਦਾ ਇੱਕ ਹਿੱਸਾ ਹੈ, ਫਿਰ ਵੀ ਇਸਨੂੰ ਕਲੀਸਿਆ ਕਿਹਾ ਜਾਂਦਾ ਹੈ। ਨਵੇਂ ਨੇਮ ਦੀਆਂ ਦੀਆਂ ਬਹੁਤ ਸਾਰੀਆਂ ਪੱਤ੍ਰੀਆਂ ਦੇ ਵਿੱਚ ਕਿਸੇ ਖਾਸ ਸਥਾਨ ਤੇ ਮੌਜੂਦ ਕਲੀਸਿਆਵਾਂ ਨੂੰ ਸੰਬੋਧਿਤ ਕੀਤਾ ਗਿਆ ਹੈ।

► ਪਰਮੇਸ਼ੁਰ ਦੀ ਹੈਕਲ ਕਿਸਨੂੰ ਕਹਿਣਾ ਚਾਹੀਦਾ ਹੈ, ਵਿਸ਼ਵਵਿਆਪੀ ਕਲੀਸਿਆ ਜਾਂ ਸਥਾਨਕ ਕਲੀਸਿਆ?

ਅਫ਼ਸੀਆਂ ਨੂੰ 2:20-21 ਦੇ ਵਿੱਚ, ਪੌਲੁਸ ਨੇ ਕਿਹਾ ਕਿ ਇੱਕ ਹੀ ਕਲੀਸਿਆ ਹੈ, ਜੋ ਮੁੱਢਲੀ ਨੀਂਹ ਤੇ ਟਿਕੀ ਹੈ, ਜੋ ਪਰਮੇਸ਼ੁਰ ਦੀ ਹੈਕਲ ਹੈ। 22 ਵਚਨ ਦੇ ਵਿੱਚ ਉਸਨੇ ਕਿਹਾ, ਕਿ ਅਫ਼ਸੁਸ ਦੇ ਵਿਸ਼ਵਾਸੀ ਪਰਮੇਸ਼ੁਰ ਦਾ ਘਰਾਣਾ ਹਨ। ਇੱਕ ਹੋਰ ਵਚਨ ਦੇ ਵਿੱਚ ਉਸਨੇ ਕਿਹਾ ਕਿ ਕੁਰਿੰਥੁਸ ਦੇ ਵਿਸ਼ਵਾਸੀ ਪਰਮੇਸ਼ੁਰ ਦੀ ਹੈਕਲ ਹਨ (੧ ਕੁਰਿੰਥੀਆਂ ਨੂੰ 3:16)। ਇਸ ਲਈ ਅਸੀਂ ਵੇਖਦੇ ਹਾਂ ਕਿ ਇੱਕ ਵਿਸ਼ਵਵਿਆਪੀ ਕਲੀਸਿਆ ਪਰਮੇਸ਼ੁਰ ਦੀ ਹੈਕਲ ਹੈ; ਅਤੇ ਨਾਲ ਹੀ ਸਥਾਨਕ ਕਲੀਸਿਆ ਵੀ ਹੈ।

> "ਕਲੀਸਿਆ ਦੇ ਇਸ ਸ਼ੁਰੂਆਤੀ ਚਾਰ-ਪੱਖੀ ਵਰਣਨ ਵਿੱਚ ਕਲੀਸਿਆ ਦੇ ਸਾਰੇ ਜ਼ਰੂਰੀ ਤੱਤ ਭਰੂਣ ਰੂਪ ਵਿੱਚ ਮੌਜੂਦ ਹਨ [ਰਸੂਲਾਂ ਦੇ ਕਰਤੱਬ 2:42]: ਰਸੂਲਾਂ ਦੀ ਸਿੱਖਿਆ, ਸਮੁਦਾਏ, ਧਾਰਮਿਕ ਰੀਤਾਂ ਅਤੇ ਸਾਂਝੀ ਅਰਾਧਨਾ।"
>
> - ਥੋਮਸ ਓਡੇਨ,
>
> *ਆਤਮਾ ਦੇ ਵਿੱਚ ਜੀਵਨ*

► ਮਸੀਹ ਦੀ ਦੇਹ ਕਿਸਨੂੰ ਕਿਹਾ ਜਾ ਸਕਦਾ ਹੈ, ਵਿਸ਼ਵਵਿਆਪੀ ਕਲੀਸਿਆ ਨੂੰ ਜਾਂ ਸਥਾਨਕ ਕਲੀਸਿਆ ਨੂੰ?

ਪੌਲੁਸ ਨੇ ਕਲੀਸਿਆ ਨੂੰ ਮਸੀਹ ਦੀ ਦੇਹ ਕਿਹਾ (ਅਫ਼ਸੀਆਂ ਨੂੰ 1:23)। ਪਰ, ਕੁਰਿੰਥੁਸ ਦੀ ਕਲੀਸਿਆ ਨੂੰ ਲਿਖਦੇ ਹੋਏ ਪੌਲੁਸ ਨੇ ਕਿਹਾ, "ਤੁਸੀਂ ਰਲ ਕੇ ਮਸੀਹ ਦੇ ਸਰੀਰ ਹੋ" (੧ ਕੁਰਿੰਥੀਆਂ ਨੂੰ 12:27)। ਉਸਨੇ ਇਹ ਨਹੀਂ ਕਿਹਾ ਕਿ ਕੁਰਿੰਥੁਸ ਦੇ ਵਿਸ਼ਵਾਸ ਮਸੀਹ ਦੀ ਦੇਹ ਦੇ ਇੱਕ ਮਾਤਰ ਅੰਗ ਸਨ। ਉਹ ਉਸ ਸਥਾਨ ਨੇ ਮਸੀਹ ਦੀ ਦੇਹ ਸਨ।

ਪਰਮੇਸ਼ੁਰ ਚਾਹੁੰਦਾ ਹੈ ਕਿ ਹਰੇਕ ਕਲੀਸਿਆ ਇੱਕ ਸੰਪੂਰਨ ਕਲੀਸਿਆ ਦੀ ਤਰ੍ਹਾਂ ਕੰਮ ਕਰੇ, ਉਹ ਸਭ ਕਰਦੇ ਹੋਏ ਜੋ ਮਸੀਹ ਦੀ ਦੇਹ ਦੇ ਤੌਰ ਤੇ ਉਨ੍ਹਾਂ ਨੂੰ ਉਸ ਸਥਾਨ ਤੇ ਕਰਨਾ ਚਾਹੀਦਾ ਹੈ।

ਪੌਲੁਸ ਨੇ ਸਥਾਨਕ ਕਲੀਸਿਆ ਦੇ ਮੈਂਬਰਾਂ ਦੀ ਤੁਲਨਾ ਸਰੀਰ ਦੇ ਅੰਗਾਂ, ਜਿਵੇਂ ਕਿ ਅੱਖ, ਪੈਰ ਅਤੇ ਹੱਥ ਨਾਲ ਕੀਤੀ। ਸਪੱਸ਼ਟ ਤੌਰ 'ਤੇ, ਸਰੀਰ ਦੇ ਅੰਗਾਂ ਨੂੰ ਕੰਮ ਕਰਨ ਲਈ ਇੱਕ ਜਗ੍ਹਾ ਇਕੱਠੇ ਹੋਣਾ ਪੈਂਦਾ ਹੈ। ਉਹ ਇਹ ਨਹੀਂ ਕਹਿ ਰਿਹਾ ਸੀ ਕਿ ਉਹ ਸਰੀਰ ਦਾ ਹਿੱਸਾ ਸਨ ਅਤੇ ਸਰੀਰ ਦੇ ਦੂਜੇ ਅੰਗ ਦੁਨੀਆ ਭਰ ਵਿੱਚ ਖਿੰਡੇ ਹੋਏ ਸਨ। ਉਹ ਉਸ ਜਗ੍ਹਾ ਲਈ ਪੂਰਾ ਸਰੀਰ ਸਨ।

ਪੌਲੁਸ ਨੇ ਕੁਰਿੰਥੀਆਂ ਨੂੰ ਕਿਹਾ ਕਿ ਜਦੋਂ ਸਾਰੀ ਕਲੀਸਿਆ ਇੱਕ ਸਥਾਨ ਤੇ ਇਕੱਠੀ ਹੁੰਦੀ ਹੈ ਤਾਂ ਉੱਥੇ ਕੁਝ ਖਾਸ ਕੰਮ ਕੀਤੇ ਜਾਣੇ ਚਾਹੀਦੇ ਹਨ (੧ ਕੁਰਿੰਥੀਆਂ ਨੂੰ 5:4-5)। ਉਹ ਜ਼ਾਹਿਰ ਤੌਰ ਤੇ ਇੱਥੇ ਵਿਸ਼ਵਵਿਆਪੀ ਕਲੀਸਿਆ ਦੇ ਬਾਰੇ ਨਹੀਂ, ਪਰ ਸਥਾਨਕ ਕਲੀਸਿਆ ਦੇ ਬਾਰੇ ਗੱਲ ਕਰ ਰਿਹਾ ਸੀ। ਜਦੋਂ ਸਥਾਨਕ ਕਲੀਸਿਆ ਇੱਕ ਕਲੀਸਿਆ ਦੇ ਰੂਪ ਵਿੱਚ ਕੰਮ ਕਰਦੀ ਹੈ ਤਾਂ ਇਸਦੇ ਕੋਲ ਖਾਸ ਅਧਿਕਾਰ ਹੁੰਦਾ ਹੈ।

ਪਰਮੇਸ਼ੁਰ ਆਤਮਾ ਦੇ ਉਹ ਵਰਦਾਨ ਦਿੰਦਾ ਹੈ ਜੋ ਸਥਾਨਕ ਕਲੀਸਿਆ ਦੇ ਲਈ ਜਰੂਰੀ ਹਨ। ਕਲੀਸਿਆ ਦੇ ਮੈਂਬਰ ਅਲੱਗ-ਅਲੱਗ ਵਰਦਾਨਾਂ ਦੇ ਨਾਲ ਕੰਮ ਕਰਕੇ ਕਲੀਸਿਆ ਦੀਆਂ ਜਰੂਰਤਾਂ ਨੂੰ ਪੂਰਿਆਂ ਕਰਦੇ ਹਨ।

ਕਿਉਂਕਿ ਸਥਾਨਕ ਕਲੀਸਿਆ ਮਸੀਹ ਦੀ ਦੇਹ, ਪਰਮੇਸ਼ੁਰ ਦੀ ਹੈਕਲ, ਅਤੇ ਕਲੀਸਿਆ ਹੈ, ਇਸ ਲਈ ਜਿੱਥੇ ਕਲੀਸਿਆ ਹੈ ਉਹ ਉਸੇ ਸਥਾਨ ਤੇ ਭਰਪੂਰ ਹੈ।

ਸਥਾਨਕ ਕਲੀਸਿਆ ਦੀ ਭਰਪੂਰੀ ਦਾ ਮਤਲਬ ਹੈ ਕਿ ਸਥਾਨਕ ਸੰਸਥਾ ਕੋਲ ਆਪਣੇ ਸਥਾਨ 'ਤੇ ਸੇਵਕਾਈ ਲਈ ਲੋੜੀਂਦੇ ਵਰਦਾਨ ਅਤੇ ਸਰੋਤ ਹਨ। ਸਥਾਨਕ ਕਲੀਸਿਆ ਇੱਕ ਕਲੀਸਿਆ ਵਜੋਂ ਕੰਮ ਕਰ ਸਕਦੀ ਹੈ ਭਾਵੇਂ ਇਸਨੂੰ ਕਿਤੇ ਹੋਰ ਤੋਂ ਕੋਈ ਮਦਦ ਨਾ ਮਿਲੇ। ਕਲੀਸਿਆ ਦੇ ਸਥਾਨਕ ਆਗੂ ਕਲੀਸਿਆ ਨੂੰ ਸਥਾਨਕ ਸੇਵਕਾਈ ਲਈ ਇੱਕ ਦ੍ਰਿਸ਼ਟੀਕੋਣ ਅਤੇ ਟੀਚਿਆਂ ਨੂੰ ਵਿਕਸਤ ਕਰਨ ਵਿੱਚ ਮਦਦ ਕਰਦੇ ਹਨ। ਕਲੀਸਿਆ ਸੇਵਕਾਈ ਨੂੰ ਆਰਥਿਕ ਤੌਰ ਤੇ ਸਮਰਥਨ ਦੇਣ ਅਤੇ ਕਲੀਸਿਆ ਦੇ ਮੈਂਬਰਾਂ ਦੀ ਦੇਖਭਾਲ ਕਰਨ ਲਈ ਇਕੱਠੇ ਕੰਮ ਕਰਦੀ ਹੈ।

## ਕਲੀਸਿਆ ਦੀ ਜਰੂਰਤ

ਜੇਕਰ ਨਵੇਂ ਪਰਿਵਰਤਿਤ ਹੋਏ ਲੋਕਾਂ ਨੂੰ ਕਲੀਸਿਆ ਦੇ ਜੀਵਨ ਵਿੱਚ ਨਾ ਲਿਆਂਦਾ ਜਾਵੇ ਤਾਂ ਉਨ੍ਹਾਂ ਦਾ ਮਸੀਹੀ ਬਣੇ ਰਹਿਣਾ ਕਠਿਨ ਹੁੰਦਾ ਹੈ। ਸਥਾਨਕ ਕਲੀਸਿਆ ਦੇ ਵਿੱਚ ਭਾਗੀਦਾਰੀ ਕਰਨ ਤੋਂ ਬਿਨਾਂ ਕਿਸੇ ਵਿਸ਼ਵਾਸੀ ਨੂੰ ਸਹੀ ਤੌਰ ਚੇਲ੍ਹਾ ਨਹੀਂ ਬਣਾਇਆ ਜਾ ਸਕਦਾ। ਕੋਈ ਵਿਅਕਤੀ ਕਲੀਸਿਆ ਦੇ ਅਨੁਭਵ ਤੋਂ ਬਿਨਾਂ ਸੇਵਕਾਈ ਦੀ ਸਿਖਲਾਈ ਪ੍ਰਾਪਤ ਨਹੀਂ ਕਰ ਸਕਦਾ।

ਜਿੰਨ੍ਹੀਂ ਦੇਰ ਤੱਕ ਕਿਸੇ ਸਥਾਨ ਤੇ ਕਲੀਸਿਆ ਨਾ ਹੋਵੇ ਤਾਂ ਉੱਥੇ ਸ਼ੁਭਸਮਾਚਾਰ ਦਾ ਇੱਕ ਵਿਖਣ ਵਾਲਾ ਰੂਪ ਮੌਜੂਦ ਨਹੀਂ ਹੁੰਦਾ। ਵਿਖਣ ਵਾਲਾ ਰੂਪ ਕਲੀਸਿਆ ਦੀ ਇਮਾਰਤ ਨਹੀਂ ਹੈ, ਪਰ ਇਹ ਵਿਸ਼ਵਾਸ ਵਿੱਚ ਚੱਲਣ ਵਾਲਾ ਪਰਿਵਾਰ ਹੈ ਜੋ ਪਰਮੇਸ਼ੁਰ ਦੇ ਨਾਲ ਸੰਬੰਧ ਨੂੰ ਵਿਖਾਉਂਦਾ ਹੈ। ਜੇਕਰ ਕਲੀਸਿਆ ਹੀ ਨਾ ਹੋਵੇਗੀ ਤਾਂ ਸੰਸਾਰ ਇਹ ਨਹੀਂ ਵੇਖ ਸਕਦਾ ਕਿ ਮਸੀਹੀ ਹੋਣ ਦਾ ਕੀ ਅਰਥ ਹੈ। ਜੇਕਰ ਕਿਸੇ ਸਮੁਦਾਏ ਦੇ ਵਿੱਚ ਕਲੀਸਿਆ ਨਾ ਹੋਵੇ ਤਾਂ ਇਹ ਨਹੀਂ ਮੰਨਿਆ ਜਾ ਸਕਦਾ ਕਿ ਉੱਥੇ ਸ਼ੁਭਸਮਾਚਾਰ ਪ੍ਰਚਾਰ ਹੋ ਚੁੱਕਾ ਹੈ।

## ਸੱਤ ਸੰਖੇਪ ਕਥਨ

1. ਕਿਸੇ ਪਰਿਵਰਤਿਤ ਹੋਏ ਵਿਅਕਤੀ ਨੂੰ ਉਸਦੀ ਨਸਲ, ਸਮਾਜਿਕ ਪੱਧਰ ਜਾਂ ਉਸਦੇ ਅਤੀਤ ਦੇ ਪਾਪਾਂ ਦੇ ਕਾਰਨ ਕਲੀਸਿਆ ਤੋਂ ਬਾਹਰ ਨਹੀਂ ਰੱਖਣਾ ਚਾਹੀਦਾ।

2. ਕਲੀਸਿਆ ਦਾ ਟੀਚਾ ਸਿਰਫ਼ ਕਲੀਸਿਆ ਦੇ ਦੁਆਰਾ ਪਵਿੱਤਰ ਆਤਮਾ ਦੇ ਦੁਆਰਾ ਕੀਤੇ ਜਾਣ ਵਾਲੇ ਕੰਮ ਦੇ ਨਾਲ ਪੂਰਾ ਹੋ ਸਕਦਾ ਹੈ।

3. ਕਲੀਸਿਆ ਦੀ ਏਕਤਾ ਬਾਈਬਲ ਆਧਾਰਿਤ ਧਰਮ ਸਿਧਾਂਤ, ਕ੍ਰਿਪਾ ਦੇ ਅਨੁਭਵ ਅਤੇ ਆਤਮਾ ਦੇ ਜੀਵਨ ਤੇ ਆਧਾਰਿਤ ਹੈ।

4. ਕਲੀਸਿਆ ਦੇ ਕੰਮਾਂ ਦੁਆਰਾ ਸੰਸਾਰ ਦੇ ਵਿੱਚ ਪਰਮੇਸ਼ੁਰ ਦੀ ਬੁੱਧ ਪ੍ਰਗਟ ਹੁੰਦੀ ਹੈ।

5. ਕਲੀਸਿਆ ਦੀ ਭਰਪੂਰੀ ਦਾ ਅਰਥ ਹੈ ਕਿ ਸਥਾਨਕ ਕਲੀਸਿਆ ਇਸਦੇ ਸਥਾਨ ਵਿੱਚ ਸੇਵਕਾਈ ਕਰਨ ਦੇ ਲਈ ਵਰਦਾਨ ਅਤੇ ਸ੍ਰੋਤ ਮੌਜੂਦ ਹਨ।

6. ਕਲੀਸਿਆ ਪਰਿਵਰਤਿਤ ਹੋਏ ਲੋਕਾਂ ਨੂੰ ਸੰਭਾਲਣ, ਚੇਲ੍ਹੇ ਬਣਾਉਣ, ਅਤੇ ਆਗੂਆਂ ਨੂੰ ਸਿਖਲਾਈ ਦੇਣ ਦੇ ਲਈ ਬਹੁਤ ਜਰੂਰੀ ਹੈ।

7. ਜੇਕਰ ਕਿਸੇ ਸਥਾਨ ਤੇ ਕਲੀਸਿਆ ਨਹੀਂ ਹੈ ਤਾਂ ਇਹ ਨਹੀਂ ਮੰਨਿਆ ਜਾ ਸਕਦਾ ਕਿ ਉੱਥੇ ਸ਼ੁਭਸਮਾਚਾਰ ਪ੍ਰਚਾਰ ਹੋ ਚੁੱਕਾ ਹੈ।

## ਪਾਠ 3 ਦੇ ਅਸਾਇਨਮੈਂਟ

1. ਪਾਠ 3 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।

3. ਲਿਖਣ ਵਾਲਾ ਅਸਾਇਨਮੈਂਟ: ਅਫ਼ਸੀਆਂ ਨੂੰ 5:25-32 ਦਾ ਅਧਿਐਨ ਕਰੋ। ਮਸੀਹ ਅਤੇ ਸਥਾਨਕ ਕਲੀਸਿਆ ਦੇ ਵਿਚਾਲੇ ਸੰਬੰਧ ਦੇ ਬਾਰੇ ਕੁਝ ਵਾਕ ਲਿਖੋ।

# ਪਾਠ 4

# ਕਲੀਸਿਆ ਦੀਆਂ ਏਸੋਸੀਏਸ਼ਨਾਂ

## ਕਲਾਸ ਦੇ ਆਗੂ ਲਈ ਸੂਚਨਾ

*ਇਹ ਪਾਠ ਦੀ ਤਿਆਰੀ ਦੇ ਲਈ ਸਮੱਗਰੀ ਦੀ ਜਰੂਰਤ ਹੈ। ਇਹ ਪਾਠ ਕਲੀਸਿਆਵਾਂ ਅਤੇ ਐਸੋਸੀਏਸ਼ਨਾਂ ਦੇ ਵਿੱਚ ਸੰਬੰਧ ਦੇ ਬਾਰੇ ਚਰਚਾ ਕਰਦਾ ਹੈ। ਜੇਕਰ ਵਿਦਿਆਰਥੀ ਕਿਸੇ ਅਜਿਹੀ ਕਲੀਸਿਆ ਤੋਂ ਹਨ ਜੋ ਇੱਕ ਐਸੋਸੀਏਸ਼ਨ ਹੈ, ਤਾਂ ਕਲਾਸ ਦੇ ਆਗੂ ਨੂੰ ਐਸੋਸੀਏਸ਼ਨ ਦੀਆਂ ਜ਼ਰੂਰਤਾਂ ਦੀ ਇੱਕ ਕਾਪੀ ਕਲਾਸ ਵਿੱਚ ਸਮੀਖਿਆ ਲਈ ਪ੍ਰਾਪਤ ਕਰਨੀ ਚਾਹੀਦੀ ਹੈ।*

## ਕਲੀਸਿਆ ਦੀਆਂ ਐਸੋਸੀਏਸ਼ਨਾਂ ਨੂੰ ਪਰਿਭਾਸ਼ਿਤ ਕਰਨਾ

► ਜਿਸ ਕਲੀਸਿਆ ਦੀ ਐਸੋਸੀਏਸ਼ਨ ਜਾਂ ਕਲੀਸਿਆਈ ਸੰਸਥਾਨ ਦੇ ਵਿੱਚ ਤੁਸੀਂ ਹੋ ਉਸਦਾ ਕੀ ਨਾਮ ਹੈ?

ਜਦੋਂ ਇੱਕ ਮਸੀਹੀ ਦੂਸਰੀਆਂ ਸਥਾਨਕ ਕਲੀਸਿਆਵਾਂ ਦੇ ਮਸੀਹੀਆਂ ਨੂੰ ਮਿਲਦਾ ਹੈ, ਤਾਂ ਪ੍ਰਸ਼ਨ ਉੱਠਦੇ ਹਨ। ਉਹ ਪੁੱਛਦੇ ਹਨ ਕਿ ਉਨ੍ਹਾਂ ਦੀ ਮਾਨਤਾਵਾਂ ਅਤੇ ਅਭਿਆਸ ਉਸਦੇ ਨਾਲੋਂ ਅਲੱਗ ਕਿਉਂ ਹਨ। ਉਹ ਧਿਆਨ ਦਿੰਦਾ ਹੈ ਕਿ ਅਲੱਗ-ਅਲੱਗ ਕਲੀਸਿਆਵਾਂ ਦੇ ਧਰਮ ਸਿਧਾਂਤ ਇੱਕ ਦੂਸਰੇ ਨਾਲੋਂ ਵੱਖਰੇ ਹਨ। ਅਰਾਧਨਾ ਦੇ ਤਰੀਕਿਆਂ ਵਿੱਚ ਕਾਫ਼ੀ ਅੰਤਰ ਹੈ।

ਇੱਕ ਕਲੀਸਿਆ ਦੇ ਮੈਂਬਰ ਇੱਕ ਧਾਰਮਿਕ ਪਛਾਣ ਦੀ ਭਾਲ ਕਰ ਸਕਦਾ ਹੈ ਜੋ ਉਸਦੇ ਸਥਾਨਕ ਕਲੀਸਿਆ ਨਾਲੋਂ ਵਿਸ਼ਾਲ ਹੋਵੇ। ਉਹ ਇਹ ਵੇਖਣਾ ਚਾਹੁੰਦਾ ਹੈ ਕਿ ਉਸਦੀ ਕਲੀਸਿਆ ਉਨ੍ਹਾਂ ਕਲੀਸਿਆਵਾਂ ਦੀ ਸ਼੍ਰੇਣੀ ਦਾ ਹਿੱਸਾ ਹੈ ਜੋ ਇੱਕੋ ਜਿਹੇ ਧਰਮ ਸਿਧਾਂਤਾਂ ਤੇ ਵਿਸ਼ਵਾਸ ਕਰਦੇ ਹਨ ਅਤੇ ਇਕੱਠੇ ਸਹਿਯੋਗ ਅਤੇ ਸੰਗਤੀ ਕਰਦੇ ਹਨ। ਉਹ ਇਹ ਮਹਿਸੂਸ ਨਹੀਂ ਕਰਨਾ ਚਾਹੁੰਦਾ ਕਿ ਉਸਦੀ ਆਪਣੀ ਕਲੀਸਿਆ ਸੰਸਾਰ ਦੀ ਇੱਕ ਮਾਤਰ ਕਲੀਸਿਆ ਹੈ ਜਿਸਦਾ ਆਪਣਾ ਖਾਸ ਵਿਸ਼ਵਾਸ ਅਤੇ ਅਭਿਆਸ ਹਨ।

► ਇੱਕ ਜਾਂ ਦੋ ਵਿਦਿਆਰਥੀ ਇਹ ਦੱਸ ਸਕਦੇ ਹਨ ਕਿ ਉਨ੍ਹਾਂ ਜਿਹੀਆਂ ਹੋਰ ਕਲੀਸਿਆਵਾਂ ਦੇ ਲੋਕਾਂ ਨਾਲ ਮਿਲ ਕੇ ਉਨ੍ਹਾਂ ਨੂੰ ਕੀ ਲਾਭ ਹੁੰਦਾ ਹੈ।

ਪਾਠ 1 ਦੇ ਵਿੱਚ ਅਸੀਂ ਹੇਠਾਂ ਦੱਸੇ ਬਿਆਨਾਂ ਦਾ ਅਧਿਐਨ ਕੀਤਾ ਸੀ:

> ਧਰਮ ਸਿਧਾਂਤਾਂ ਦੀ ਸਥਿਰਤਾ ਦੇ ਲਈ, ਇੱਕ ਸਥਾਨਕ ਕਲੀਸਿਆ ਦੇ ਕੋਲ ਤਿੰਨ ਚੀਜਾਂ ਹੋਣੀਆਂ ਚਾਹੀਦੀਆਂ ਹਨ:
>
> 1. ਇੱਕ ਪੱਕਾ ਵਿਸ਼ਵਾਸ ਕਿ ਬਾਈਬਲ ਹੀ ਸਰਬ-ਉੱਚ ਅਧਿਕਾਰ ਹੈ

2. ਇਤਿਹਾਸਿਕ ਮਸੀਹਤ ਦੇ ਜਰੂਰੀ ਧਰਮ ਸਿਧਾਂਤ
3. ਚੰਗੀ ਧਰਮ ਸਿੱਖਿਆ ਵਾਲੀਆਂ ਕਲੀਸਿਆਵਾਂ ਦੀ ਐਸੋਸੀਏਸ਼ਨ ਦੇ ਨਾਲ ਸੰਗਤੀ

ਇਸ ਪਾਠ ਦੇ ਵਿੱਚ ਅਸੀਂ ਸੂਚੀ ਦੀ ਤੀਸਰੀ ਚੀਜ਼ ਦੇ ਬਾਰੇ ਗੱਲ ਕਰ ਰਹੇ ਹਾਂ।

**ਕਲੀਸਿਆ ਦੀ ਐਸੋਸੀਏਸ਼ਨ ਦੀ ਇੱਕ ਪਰਿਭਾਸ਼ਾ**

ਕਲੀਸਿਆ ਦੀ ਐਸੋਸੀਏਸ਼ਨ ਕਲੀਸਿਆਵਾਂ ਦਾ ਇੱਕ ਸਮੂਹ ਹੈ ਜਿਸਦੇ ਕੋਲ ਕੇਂਦਰੀ ਅਗਵਾਈ ਹੈ, ਕੁਝ ਮਾਨਤਾਵਾਂ ਸਾਂਝੀਆਂ ਹਨ, ਮਿਲ ਕੇ ਕੁਝ ਟੀਚਿਆਂ ਨੂੰ ਪੂਰਾ ਕਰਨ ਦਾ ਸਮਰਪਣ ਕਰਦੇ ਹਨ, ਅਤੇ ਮਿਲ ਕੇ ਕੁਝ ਸੰਗਤੀ ਕਰਦੇ ਹਨ।

## ਕਮਜ਼ੋਰ ਅਤੇ ਮਜ਼ਬੂਤ ਐਸੋਸੀਏਸ਼ਨ ਦੀ ਕਿਸਮਾਂ

ਕਿਸੇ ਐਸੋਸੀਏਸ਼ਨ ਨੂੰ ਅਜਿਹੇ ਤੱਤਾਂ ਦੀ ਤਾਕਤ ਦੇ ਅਧਾਰ ਤੇ "ਕਮਜ਼ੋਰ" ਜਾਂ "ਮਜ਼ਬੂਤ" ਕਿਹਾ ਜਾ ਸਕਦਾ ਹੈ, ਜੋ ਸੰਗਠਨ ਨੂੰ ਇਕੱਠੇ ਰੱਖਦੇ ਹਨ।

ਕਮਜ਼ੋਰ ਐਸੋਸੀਏਸ਼ਨ ਦੇ ਵਿੱਚ, ਕੇਂਦਰੀ ਅਗਵਾਈ ਦਾ ਸਥਾਨਕ ਕਲੀਸਿਆ ਦੇ ਉੱਤੇ ਬਹੁਤ ਘੱਟ ਅਧਿਕਾਰ ਹੁੰਦਾ ਹੈ; ਸਾਂਝੇ ਵਿਸ਼ਵਾਸਾਂ ਦੀ ਸੂਚੀ ਬਹੁਤ ਛੋਟੀ ਅਤੇ ਬੁਨਿਆਦੀ ਹੋ ਸਕਦੀ ਹੈ; ਸਾਂਝੇ ਟੀਚਿਆਂ ਲਈ ਕਲੀਸਿਆਵਾਂ ਤੋਂ ਬਹੁਤ ਜ਼ਿਆਦਾ ਭਾਗੀਦਾਰੀ ਦੀ ਲੋੜ ਨਹੀਂ ਹੋ ਸਕਦੀ; ਅਤੇ ਸੰਗਤੀ ਕਲੀਸਿਆਵਾਂ ਦੇ ਪ੍ਰਤੀਨਿਧੀਆਂ ਦੀਆਂ ਕਦੇ-ਕਦਾਈਂ ਮੀਟਿੰਗਾਂ ਹੋ ਸਕਦੀਆਂ ਹਨ। ਉਨ੍ਹਾਂ ਐਸੋਸੀਏਸ਼ਨਾਂ ਦੇ ਵਿੱਚ, ਹਰੇਕ ਕਲੀਸਿਆ ਦੀ ਜਾਇਦਾਦ ਸਥਾਨਕ ਕਲੀਸਿਆ ਦੀ ਮਲਕੀਅਤ ਹੁੰਦੀ ਹੈ; ਅਤੇ ਇੱਕ ਸਥਾਨਕ ਕਲੀਸਿਆ ਕਿਸੇ ਵੀ ਸਮੇਂ ਐਸੋਸੀਏਸ਼ਨ ਛੱਡਣ ਦੀ ਚੋਣ ਕਰ ਸਕਦਾ ਹੈ। ਜੇਕਰ ਉਹ ਮਹਿਸੂਸ ਕਰਦੇ ਹਨ ਕਿ ਇਹ ਹੁਣ ਉਨ੍ਹਾਂ ਦੀ ਜ਼ਰੂਰਤ ਨੂੰ ਪੂਰਾ ਨਹੀਂ ਕਰਦਾ ਹੈ ਤਾਂ ਕਲੀਸਿਆਈ ਐਸੋਸੀਏਸ਼ਨ ਛੱਡ ਸਕਦੇ ਹਨ।

ਕਮਜ਼ੋਰ ਐਸੋਸੀਏਸ਼ਨ ਦੇ ਮੈਂਬਰ ਅਕਸਰ ਇੱਕ ਕਮਜ਼ੋਰ ਐਸੋਸੀਏਸ਼ਨ ਦੇ ਮੈਂਬਰ ਆਮ ਤੌਰ ਤੇ ਸਥਾਨਕ ਕਲੀਸਿਆ ਦੇ ਸਵੈ-ਸੰਚਾਲਨ ਤੇ ਜ਼ੋਰ ਦਿੰਦੇ ਹਨ। ਉਹ ਨਹੀਂ ਚਾਹੁੰਦੇ ਕਿ ਐਸੋਸੀਏਸ਼ਨ ਸਥਾਨਕ ਕਲੀਸਿਆ ਨੂੰ ਕਾਬੂ ਵਿੱਚ ਰੱਖੇ, ਇਸ ਲਈ ਉਹ ਐਸੋਸੀਏਸ਼ਨ ਦੇ ਅਧਿਕਾਰ ਨੂੰ ਧਿਆਨ ਨਾਲ ਸੀਮਤ ਕਰਦੇ ਹਨ। ਇਸ ਲਈ, ਕਿਸੇ ਐਸੋਸੀਏਸ਼ਨ ਨੂੰ "ਕਮਜ਼ੋਰ" ਕਹਿਣ ਦਾ ਮਤਲਬ ਇਹ ਨਹੀਂ ਹੈ ਕਿ ਇਹ ਆਪਣੇ ਉਦੇਸ਼ ਵਿੱਚ ਅਸਫਲ ਹੋ ਰਹੀ ਹੈ। ਇੱਕ ਕਮਜ਼ੋਰ ਐਸੋਸੀਏਸ਼ਨ ਦੇ ਮੈਂਬਰ ਚਾਹੁੰਦੇ ਹਨ ਕਿ ਕੇਂਦਰੀ ਅਧਿਕਾਰ ਕਮਜ਼ੋਰ ਹੋਵੇ। ਅਧਿਕਾਰ ਵਿਕੇਂਦਰੀਕ੍ਰਿਤ ਹੈ ਅਤੇ ਸਥਾਨਕ ਕਲੀਸਿਆ ਦੁਆਰਾ ਚਲਾਇਆ ਜਾਂਦਾ ਹੈ।

► ਤੁਹਾਡੇ ਅਨੁਸਾਰ "ਕਮਜ਼ੋਰ" ਐਸੋਸੀਏਸ਼ਨ ਦੇ ਵਿੱਚ ਕਿਹੜੀ ਚੰਗੀ ਗੱਲ ਹੈ? ਉਨ੍ਹਾਂ ਦੇ ਵਿੱਚ ਕਿਹੜੀ ਗੱਲ ਚੰਗੀ ਨਹੀਂ ਹੈ?

ਮਜ਼ਬੂਤ ਐਸੋਸੀਏਸ਼ਨਾਂ ਦੇ ਵਿੱਚ, ਕੇਂਦਰੀ ਆਗੂਆਂ ਦੇ ਕੋਲ ਸਥਾਨਕ ਆਗੂਆਂ ਤੇ ਕਾਬੂ ਰੱਖਣ ਦਾ ਅਧਿਕਾਰ ਹੁੰਦਾ ਹੈ; ਸਾਂਝੀ ਧਾਰਨਾਵਾਂ ਦੀ ਸੂਚੀ ਵਿੱਚ ਬਹੁਤ ਸਾਰੀਆਂ ਗੱਲਾਂ ਹਨ; ਕਲੀਸਿਆਵਾਂ ਤੋਂ ਉਨ੍ਹਾਂ ਦੇ ਆਮ ਟੀਚਿਆਂ ਦੇ ਲਈ ਦੇਣ ਦੀ ਉਮੀਦ ਕੀਤੀ

ਜਾਂਦੀ ਹੈ; ਅਤੇ ਕਲੀਸਿਆ ਅਕਸਰ ਇੱਕ ਦੂਸਰੇ ਦੇ ਸੰਪਰਕ ਵਿੱਚ ਰਹਿੰਦੀਆਂ ਹਨ। ਕਲੀਸਿਆ ਦੀ ਜਾਇਦਾਦ ਦੀ ਮਾਲਕੀਅਤ ਐਸੋਸੀਏਸ਼ਨ ਦੀ ਹੁੰਦੀ ਹੈ। ਜੇਕਰ ਅਜਿਹਾ ਹੈ ਤਾਂ ਇਕੱਲੀਆਂ ਕਲੀਸਿਆਵਾਂ ਐਸੋਸੀਏਸ਼ਨ ਨੂੰ ਛੱਡਣ ਦੀ ਚੋਣ ਨਹੀਂ ਕਰ ਸਕਦੀਆਂ।

ਮਜ਼ਬੂਤ ਐਸੋਸੀਏਸ਼ਨਾਂ ਦੇ ਮੈਂਬਰ ਕੁਝ ਕਿਸਮਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੇਂਦਰੀ ਆਗੂਆਂ ਦੀ ਅਗਵਾਈ ਵੱਲ ਵੇਖਦੇ ਹਨ। ਉਹ ਸਥਾਨਕ ਕਲੀਸਿਆ ਦੇ ਪ੍ਰਤੀ ਵਚਨਬੱਧਤਾ ਦੇ ਨਾਲ-ਨਾਲ ਐਸੋਸੀਏਸ਼ਨ ਪ੍ਰਤੀ ਵਚਨਬੱਧਤਾ ਦੇ ਉੱਤੇ ਜ਼ੋਰ ਦਿੰਦੇ ਹਨ।

ਕਲੀਸਿਆਈ ਐਸੋਸੀਏਸ਼ਨਾਂ ਅਲੱਗ-ਅਲੱਗ ਤਰ੍ਹਾਂ ਦੀਆਂ ਹੁੰਦੀਆਂ ਹਨ। ਹੋ ਸਕਦਾ ਹੈ ਕਿ ਕਿਸੇ ਐਸੋਸੀਏਸ਼ਨ ਦੇ ਵਿੱਚ ਮਜ਼ਬੂਤ ਜਾਂ ਕਮਜ਼ੋਰ ਐਸੋਸੀਏਸ਼ਨ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨਾ ਹੋਣ, ਪਰ ਇੰਨ੍ਹਾਂ ਨੂੰ ਇੰਨ੍ਹਾਂ ਵਿੱਚ ਪਾਈਆਂ ਜਾਣ ਵਾਲੀਆਂ ਵਿਸ਼ੇਸ਼ਤਾਵਾਂ ਦੇ ਆਧਾਰ ਦੇ ਮਜ਼ਬੂਤ ਜਾਂ ਕਮਜ਼ੋਰ ਕਿਹਾ ਜਾ ਸਕਦਾ ਹੈ। ਮਜ਼ਬੂਤ ਐਸੋਸੀਏਸ਼ਨਾਂ ਨੂੰ ਅਕਸਰ "ਕਲੀਸਿਆਈ ਸੰਸਥਾਨ" ਕਿਹਾ ਜਾਂਦਾ ਹੈ।

► ਤੁਸੀਂ ਮਜ਼ਬੂਤ ਐਸੋਸੀਏਸ਼ਨਾਂ ਦੇ ਬਾਰੇ ਕੀ ਸੋਚਦੇ ਹੋ? ਉਨ੍ਹਾਂ ਦੇ ਵਿੱਚ ਕਿਹੜੀਆਂ ਗੱਲਾਂ ਚੰਗੀਆਂ ਨਹੀਂ ਹਨ?

► ਤੁਸੀਂ ਕਿਸ ਪ੍ਰਕਾਰ ਦੀ ਕਲੀਸਿਆਈ ਐਸੋਸੀਏਸ਼ਨ ਦੇ ਬਾਰੇ ਜਾਣਦੇ ਹੋ? ਤੁਸੀਂ ਉਨ੍ਹਾਂ ਦਾ ਵਰਣਨ ਕਿਵੇਂ ਕਰੋਗੇ?

## ਇੱਕ ਕਲੀਸਿਆਈ ਸੰਸਥਾਨ ਦੀਆਂ ਜਿੰਮੇਦਾਰੀਆਂ

ਇੱਕ ਮਜ਼ਬੂਤ ਕਲੀਸਿਆਈ ਐਸੋਸੀਏਸ਼ਨ ਨੂੰ ਕਲੀਸਿਆਈ ਸੰਸਥਾਨ ਕਿਹਾ ਜਾ ਸਕਦਾ ਹੈ। ਇਸਦਾ ਅਰਥ ਇਹ ਨਹੀਂ ਹੈ ਕਿ ਇਸਦੇ ਵਿੱਚ ਮਜ਼ਬੂਤ ਐਸੋਸੀਏਸ਼ਨ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਹੋਣ, ਪਰ ਇਸਨੂੰ ਫਿਰ ਵੀ ਕਮਜ਼ੋਰ ਦੀ ਬਜਾਏ ਮਜ਼ਬੂਤ ਕਿਹਾ ਜਾ ਸਕਦਾ ਹੈ।

> "ਕਲੀਸਿਆ ਦੇ ਕੋਲ ਰੀਤਾਂ ਅਤੇ ਰਸਮਾਂ ਬਾਰੇ ਹੁਕਮ ਦੇਣ ਦਾ ਅਧਿਕਾਰ ਹੈ, ਅਤੇ ਵਿਸ਼ਵਾਸ ਦੇ ਵਿਵਾਦਾਂ ਵਿੱਚ ਵੀ ਅਧਿਕਾਰ ਹੈ, ਅਤੇ ਫਿਰ ਵੀ ਕਲੀਸਿਆ ਦੇ ਲਈ ਇਹ ਸਹੀ ਨਹੀਂ ਹੈ ਕਿ ਉਹ ਕੁਝ ਅਜਿਹਾ ਕਰਨ ਜੋ ਪਰਮੇਸ਼ੁਰ ਦੇ ਵਚਨ ਦੇ ਉਲਟ ਹੈ..."
>
> - ਇੰਗਲੈਂਡ ਦੇ ਚਰਚ ਦੇ *ਧਰਮ ਦੇ ਲੇਖ*

ਇੱਕ ਚੰਗੇ ਕਲੀਸਿਆਈ ਸੰਸਥਾਨ ਦੀ ਹੋਂਦ ਸਥਾਨਕ ਕਲੀਸਿਆਵਾਂ ਦੀ ਸੇਵਾ ਕਰਨ ਦੇ ਲਈ ਹੈ। ਇਹ ਕਲੀਸਿਆਈ ਸੰਸਥਾਨ ਇਕੱਠੇ ਮਿਲ ਕੇ ਸਥਾਨਕ ਕਲੀਸਿਆਵਾਂ ਦੀ ਉਹ ਕੰਮ ਕਰਨ ਵਿੱਚ ਮਦਦ ਕਰਦਾ ਹੈ ਜੋ ਜ਼ਿਆਦਾਤਰ ਇਕੱਲੇ ਨਹੀਂ ਕਰ ਸਕਦੇ।

1. **ਇਹ ਦੂਜੀਆਂ ਕਿਸਮਾਂ ਦੀਆਂ ਕਲੀਸਿਆਵਾਂ ਤੋਂ ਵੱਖਰੀ ਪਛਾਣ ਦੀ ਭਾਵਨਾ ਪ੍ਰਦਾਨ ਕਰਦਾ ਹੈ।** ਇੱਕ ਸਥਾਨਕ ਕਲੀਸਿਆ ਦੇ ਮੈਂਬਰ ਜਾਣਦੇ ਹਨ ਕਿ ਉਹ ਆਪਣੇ ਖੇਤਰ ਦੀਆਂ ਦੂਸਰੀਆਂ ਕਲੀਸਿਆਵਾਂ ਨਾਲੋਂ ਅਲੱਗ ਹਨ। ਉਹਨਾਂ ਨੂੰ ਇਹ ਜਾਣਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਕਲੀਸਿਆਵਾਂ ਦੇ ਇੱਕ ਸਮੂਹ ਦਾ ਹਿੱਸਾ ਹਨ ਜੋ ਆਪਣੇ ਧਰਮ ਸਿਧਾਂਤ ਸਾਂਝੇ ਕਰਦੇ ਹਨ।

2. **ਇਹ ਧਰਮ ਸਿਧਾਂਤ ਨੂੰ ਸਥਾਪਿਤ ਕਰਦਾ ਹੈ।** ਕਿਸੇ ਵੀ ਸਥਾਨਕ ਕਲੀਸਿਆ ਨੂੰ ਕਿਸੇ ਨੂੰ ਸੁਣੇ ਬਿਨਾਂ ਕੋਈ ਧਰਮ ਸਿਧਾਂਤ ਬਦਲਣ ਜਾਂ ਵਿਕਸਿਤ ਕਰਨ ਦੇ ਆਜਾਦ ਮਹਿਸੂਸ ਨਹੀਂ ਕਰਨਾ ਚਾਹੀਦਾ। ਕਲੀਸਿਆਈ ਸੰਸਥਾਨ ਨੂੰ ਇਤਿਹਾਸਿਕ, ਜਰੂਰੀ ਮਸੀਹਤ ਨੂੰ ਫੜੀ ਰੱਖਣਾ ਚਾਹੀਦਾ ਹੈ, ਪਰ ਇਸਦੇ ਨਾਲ ਹੀ ਇਸਦੇ ਕੋਲ ਵਿਖਿਆਤਮਕ ਧਰਮ ਸਿਧਾਂਤ ਹੋਣੇ ਚਾਹੀਦੇ ਹਨ ਜਿੰਨ੍ਹਾਂ ਨੂੰ ਵਚਨ ਆਧਾਰਿਤ ਮੰਨਦੇ ਹੋਣ।

3. **ਇਹ ਪਾਸਬਾਨਾਂ ਅਤੇ ਕਲੀਸਿਆ ਦੇ ਮੈਂਬਰਾਂ ਦੇ ਲਈ ਯੋਗਤਾਵਾਂ ਨਿਰਧਾਰਿਤ ਕਰਦਾ ਹੈ।** ਕਲੀਸਿਆਈ ਸੰਸਥਾਨ ਨੂੰ ਮਿਆਰ ਨਿਰਧਾਰਤ ਕਰਨੇ ਚਾਹੀਦੇ ਹਨ ਤਾਂ ਜੋ ਪਾਸਬਾਨ ਅਤੇ ਕਲੀਸਿਆਵਾਂ ਦੇ ਮੈਂਬਰ ਇੱਕ ਇਕਸਾਰ ਮਸੀਹੀ ਉਦਾਹਰਣ ਨੂੰ ਕਾਇਮ ਕਰ ਸਕਣ। ਇਹ ਯੋਗਤਾਵਾਂ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3 ਅਤੇ ਤੀਤੁਸ ਨੂੰ 1 ਦੇ ਵਿੱਚ ਦੱਸੀਆਂ ਯੋਗਤਾਵਾਂ ਦੇ ਆਧਾਰ ਤੇ ਹੋਣੀਆਂ ਚਾਹੀਦੀਆਂ ਹਨ, ਪਰ ਹਰੇਕ ਸਭਿਆਚਾਰ ਦੇ ਵਿੱਚ ਇੰਨ੍ਹਾਂ ਦਾ ਸਪੱਸ਼ਟੀਕਰਨ ਕੀਤਾ ਜਾਣਾ ਚਾਹੀਦਾ ਹੈ।

4. **ਇਹ ਕਲੀਸਿਆ ਦੇ ਸੰਚਾਲਨ ਦੀ ਪ੍ਰਣਾਲੀ ਪ੍ਰਦਾਨ ਕਰਦਾ ਹੈ।** ਇੱਕ ਕਲੀਸਿਆਈ ਸੰਸਥਾਨ ਨੂੰ ਕਿਸੇ ਸਥਾਨਕ ਕਲੀਸਿਆ ਨੂੰ ਕਲੀਸਿਆ ਦੇ ਅਹੁਦਿਆਂ ਦੇ ਲਈ ਲੋਕਾਂ ਨੂੰ ਨਿਯੁਕਤ ਕਰਨ ਦੀ ਪ੍ਰਣਾਲੀ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਕਿ ਜੁਆਬਦੇਹੀ ਬਣੀ ਰਹੇ।

5. **ਇਹ ਪਾਸਬਾਨਾਂ ਨੂੰ ਸਿਖਲਾਈ ਦੇਣ ਦੇ ਸਾਧਨ ਪ੍ਰਦਾਨ ਕਰਦਾ ਹੈ।** ਬਹੁਤ ਸਾਰੀਆਂ ਕਲੀਸਿਆਵਾਂ ਦੇ ਵਿੱਚ ਭਵਿੱਖ ਦੇ ਪਾਸਬਾਨਾਂ ਨੂੰ ਸਿਖਲਾਈ ਦੇਣ ਦੇ ਲਈ ਸ੍ਰੋਤ ਅਤੇ ਸਮੱਗਰੀ ਉੱਪਲੱਭਧ ਨਹੀਂ ਹੈ। ਕਲੀਸਿਆਈ ਸੰਸਥਾਨ ਨੂੰ ਸਿਖਲਾਈ ਦੀ ਅਜਿਹੀ ਪ੍ਰਣਾਲੀ ਵਿਕਸਿਤ ਕਰਨੀ ਚਾਹੀਦੀ ਹੈ ਜੋ ਜੋ ਪਹੁੰਚਯੋਗ ਅਤੇ ਅਭਿਆਸਿਕ ਹੋਵੇ।

6. **ਇਹ ਕਲੀਸਿਆਵਾਂ ਦੇ ਵਿੱਚ ਪਾਸਬਾਨਾਂ ਦੇ ਰੱਖੇ ਜਾਣ ਦੀ ਅਗਵਾਈ ਕਰਦਾ ਹੈ।** ਕਲੀਸਿਆਈ ਸੰਸਥਾਨ ਦੇ ਆਗੂ ਬਿਨਾਂ ਕਲੀਸਿਆਵਾਂ ਵਾਲੇ ਪਾਸਬਾਨਾਂ ਅਤੇ ਬਿਨਾਂ ਪਾਸਬਾਨਾਂ ਵਾਲੀਆਂ ਕਲੀਸਿਆਵਾਂ ਦੀ ਸਹਾਇਤਾ ਕਰ ਸਕਦੇ ਹਨ। ਕਲੀਸਿਆਈ ਸੰਸਥਾਨ ਦੇ ਚੰਗੇ ਆਗੂ ਸਾਰੇ ਫੈਸਲਿਆਂ ਦੇ ਵਿੱਚ ਸਥਾਨਕ ਕਲੀਸਿਆਵਾਂ ਦੇ ਵਿਸ਼ਵਾਸਯੋਗ ਆਗੂਆਂ ਦਾ ਆਦਰ ਕਰਨਗੇ।

7. **ਇਹ ਮੁਸ਼ਕਿਲ ਸਮੇਂ ਦੇ ਵਿੱਚ ਸਥਾਨਕ ਕਲੀਸਿਆ ਨੂੰ ਅਗਵਾਈ ਪ੍ਰਦਾਨ ਕਰਦਾ ਹੈ।** ਜੇਕਰ ਕਿਸੇ ਸਥਾਨਕ ਕਲੀਸਿਆ ਦੇ ਵਿੱਚ ਕਿਸੇ ਮੁੱਦੇ ਦੇ ਕਾਰਨ ਫੁੱਟ ਪੈ ਜਾਂਦੀ ਹੈ ਜਾਂ ਜੇਕਰ ਉਸਦੇ ਵਿੱਚ ਵਿਸ਼ਵਾਸਯੋਗ ਅਗਵਾਈ ਨਹੀਂ ਹੈ, ਤਾਂ ਕਲੀਸਿਆਈ ਸੰਸਥਾਨ ਦੇ ਆਗੂਆਂ ਨੂੰ ਇਸਦੇ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ।

8. **ਇਹ ਮਿਸ਼ਨ ਅਤੇ ਨਵੀਆਂ ਕਲੀਸਿਆਵਾਂ ਦੀ ਸਥਾਪਨਾ ਦੇ ਯਤਨਾਂ ਦਾ ਤਾਲਮੇਲ ਅਤੇ ਸਮਰਥਨ ਕਰਦਾ ਹੈ।** ਕਲੀਸਿਆਵਾਂ ਦੇ ਸਮੂਹ ਨੂੰ ਮਿਸ਼ਨ ਦੇ ਕੰਮ ਲਈ ਇੱਕ ਦ੍ਰਿਸ਼ਟੀਕੋਣ ਸਾਂਝਾ ਕਰਨਾ ਚਾਹੀਦਾ ਹੈ। ਉਹ ਸਰੋਤਾਂ ਨੂੰ ਜੋੜਦੇ ਹਨ ਅਤੇ ਮਿਸ਼ਨ ਟੀਚਿਆਂ ਨੂੰ ਪੂਰਾ ਕਰਨ ਲਈ ਲੋਕਾਂ ਦਾ ਸਮਰਥਨ ਕਰਦੇ ਹਨ।

9. **ਇਹ ਸਥਾਨਕ ਕਲੀਸਿਆ ਨਾਲੋਂ ਵੱਡੇ ਪੱਧਰ ਤੇ ਸੰਗਤੀ ਪ੍ਰਦਾਨ ਕਰਦਾ ਹੈ।** ਇਸਦੇ ਮੈਂਬਰਾਂ ਨੂੰ ਇੱਕੋ ਕਲੀਸਿਆਈ ਸੰਸਥਾਨ ਦੀਆਂ ਦੂਸਰੀਆਂ ਕਲੀਸਿਆਵਾਂ ਦੇ ਮੈਂਬਰਾਂ ਦੇ ਨਾਲ ਸਮਾਂ ਸਾਂਝਾ ਕਰਨ ਦੇ ਉਤਸ਼ਾਹਿਤ ਕੀਤਾ ਜਾਂਦਾ ਹੈ।

> "ਸੰਸਾਰ ਭਰ ਦੇ ਵਿੱਚ ਸ਼ੁਭਸਮਾਚਾਰ ਦਾ ਪ੍ਰਚਾਰ ਮਸੀਹਤ ਦਾ ਸਪੱਸ਼ਟ ਮਿਸ਼ਨ ਹੈ। ਪਰ ਇਸ ਮਿਸ਼ਨ ਨੂੰ ਪੂਰਾ ਕਰਨ ਦੇ ਲਈ ਕਲੀਸਿਆ ਦੀ ਜਰੂਰਤ ਹੈ, ਕਿਉਂਕਿ ਇਸਨੂੰ ਪੂਰਾ ਕਰਨ ਵਾਲੀਆਂ ਇਕਾਈਆਂ ਦਾ ਕਿਸੇ ਹੋਰ ਸਥਾਨ ਤੇ ਹੋਣਾ ਸੰਭਵ ਨਹੀਂ ਹੈ।"
>
> \- ਜੋਨ੍ਹ ਮਾਇਲੇ
>
> *ਸਿਸਟੇਮੇਟਿਕ ਥੇਓਲੋਜੀ*

10. **ਇਹ ਅਜਿਹੇ ਪ੍ਰੋਗ੍ਰਾਮ ਨੂੰ ਆਯੋਜਿਤ ਕਰਦਾ ਹੈ ਜਿਸਦੇ ਵਿੱਚ ਕਲੀਸਿਆਵਾਂ ਇਕੱਠੀਆਂ ਹੋ ਸਕਣ।** ਕਲੀਸਿਆਈ ਸੰਸਥਾਨ ਨੂੰ ਅਜਿਹੀਆਂ ਕਨਵੈਨਸ਼ਨਾਂ ਅਤੇ ਕਾਨਫਰੰਸਾਂ ਆਯੋਜਿਤ ਕਰਨੀਆਂ ਚਾਹੀਦੀਆਂ ਹਨ ਜੋ ਕਲੀਸਿਆਵਾਂ ਨੂੰ ਸੰਗਤੀ ਕਰਨ ਅਤੇ ਮਿਲ ਕੇ ਟੀਚੇ ਮਿਥਣ ਦੇ ਵਿੱਚ ਸਹਾਇਤਾ ਕਰ ਸਕਣ।

11. **ਇਹ ਆਗੂਆਂ ਨੂੰ ਸਲਾਹ ਅਤੇ ਉਤਸ਼ਾਹ ਦੇਣ ਲਈ ਕਲੀਸਿਆਵਾਂ ਦੇ ਵਿੱਚ ਭੇਜਦਾ ਹੈ।** ਐਸੋਸੀਏਸ਼ਨ ਦੇ ਆਗੂਆਂ ਵਿੱਚੋਂ ਕਿਸੇ ਨੂੰ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਹਰੇਕ ਕਲੀਸਿਆ ਦਾ ਦੌਰਾ ਕਰਨਾ ਚਾਹੀਦਾ ਹੈ, ਅਤੇ ਜ਼ਿਆਦਾ ਵਾਰ ਕਰਨਾ ਬਿਹਤਰ ਹੋਵੇਗਾ।

12. **ਇਹ ਸਥਾਨਕ ਸੇਵਕਾਈ ਦੀ ਆਰਥਿਕ ਸਥਿਰਤਾ ਨੂੰ ਵਿਕਸਤ ਕਰਨ ਲਈ ਸਲਾਹ ਪ੍ਰਦਾਨ ਕਰਦਾ ਹੈ।** ਐਸੋਸੀਏਸ਼ਨ ਨੂੰ ਸਥਾਨਕ ਚਰਚ ਦੀ ਸੰਭਾਵਨਾ 'ਤੇ ਜ਼ੋਰ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਵਿੱਤੀ ਪਰਿਪੱਕਤਾ ਵੱਲ ਸੇਧਿਤ ਕਰਨਾ ਚਾਹੀਦਾ ਹੈ।

ਜੇਕਰ ਕੋਈ ਕਲੀਸਿਆਈ ਸੰਸਥਾਨ ਸਹੀ ਤਰੀਕੇ ਦੇ ਨਾਲ ਇੰਨ੍ਹਾਂ ਉਦੇਸ਼ਾਂ ਨੂੰ ਪੂਰਿਆਂ ਕਰਦਾ ਹੈ, ਤਾਂ ਇਹ ਕਲੀਸਿਆਂ ਦੇ ਉਦੇਸ਼ਾਂ ਨੂੰ ਪੂਰੇ ਕਰਨ ਦੇ ਵਿੱਚ ਬਹੁਤ ਮੁੱਲਵਾਨ ਸਹਾਇਤਾ ਪ੍ਰਦਾਨ ਕਰ ਸਕਦਾ ਹੈ। ਸਥਾਨਕ ਕਲੀਸਿਆ ਦੇ ਦੁਆਰਾ ਇਕੱਲੇ ਰਹਿ ਕੇ ਇਸ ਦੀਆਂ ਜਿੰਮੇਵਾਰੀਆਂ ਨੂੰ ਪੂਰਾ ਕਰਨਾ ਅਸੰਭਵ ਹੁੰਦਾ ਹੈ। ਕਲੀਸਿਆਈ ਸੰਸਥਾਨ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕਲੀਸਿਆਈ ਸੰਸਥਾਨ ਦੀ ਹੋਂਦ ਕਲੀਸਿਆਵਾਂ ਦੀ ਸੇਵਾ ਕਰਨ ਦੇ ਲਈ ਹੈ।

► ਹੁਣ ਅਸੀਂ ਵੇਖ ਲਿਆ ਹੈ ਕਿ ਕਲੀਸਿਆਈ ਸੰਸਥਾਨ ਕਲੀਸਿਆਵਾਂ ਦੇ ਲਈ ਕੀ ਕਰ ਸਕਦੇ ਹਨ, ਤਾਂ ਆਉ ਇਸ ਪ੍ਰਸ਼ਨ ਤੇ ਵਿਚਾਰ ਕਰੀਏ: ਇੱਕ ਕਲੀਸਿਆ ਨੂੰ ਕਮਜ਼ੋਰ ਐਸੋਸੀਏਸ਼ਨ ਦੇ ਲਾਭ ਕਿਵੇਂ ਹੋ ਸਕਦੇ ਹਨ, ਅਤੇ ਉਹਨਾਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ ਜੋ ਆਮ ਤੌਰ ਤੇ ਉਹਨਾਂ ਨਾਲ ਆਉਂਦੀਆਂ ਹਨ?

► ਕੋਈ ਕਲੀਸਿਆ ਕਿਸੇ ਮਜ਼ਬੂਤ ਐਸੋਸੀਏਸ਼ਨ ਦੇ ਨਾਲ ਆਮ ਤੌਰ ਤੇ ਆਉਣ ਵਾਲੀਆਂ ਸਮੱਸਿਆਵਾਂ ਤੋਂ ਦੂਰ ਰਹਿ ਕੇ ਇਸਦੇ ਲਾਭ ਕਿਵੇਂ ਪ੍ਰਾਪਤ ਕਰ ਸਕਦੀ ਹੈ?

## ਕਲੀਸਿਆਈ ਸੰਸਥਾਨ ਦੇ ਪ੍ਰਤੀ ਸਥਾਨਕ ਕਲੀਸਿਆ ਦਾ ਸਮਰਪਣ

ਇਹ ਸੂਚੀ ਹਰੇਕ ਕਲੀਸਿਆਈ ਸੰਸਥਾਨ ਲਈ ਪੂਰੀ ਤਰ੍ਹਾਂ ਇੱਕੋ ਜਿਹੀ ਨਹੀਂ ਹੋਵੇਗੀ, ਪਰ ਇਹ ਇੱਕ ਆਮ ਵਰਣਨ ਹੈ ਕਿ ਕਲੀਸਿਆਈ ਸੰਸਥਾਨ ਆਮ ਤੌਰ ਤੇ ਆਪਣੇ ਕਲੀਸਿਆਵਾਂ ਤੋਂ ਕੀ ਮੰਗ ਕਰਦੇ ਹਨ।

ਸਥਾਨਕ ਕਲੀਸਿਆ ਹੇਠਾਂ ਦੱਸੇ ਕੰਮਾਂ ਨੂੰ ਕਰਨ ਦਾ ਸਮਰਪਣ ਕਰਦੀ ਹੈ:

1. ਕਲੀਸਿਆਈ ਸੰਸਥਾਨ ਦੇ ਧਰਮ ਸਿਧਾਂਤਾਂ ਦੇ ਬਿਆਨ ਨੂੰ ਸਵੀਕਾਰ ਕਰਨਾ, ਧਰਮ ਸਿਧਾਂਤਾਂ ਨੂੰ ਸਿਖਾਉਣਾ, ਅਤੇ ਕਲੀਸਿਆ ਦੇ ਵਿੱਚ ਇਸਦੇ ਵਿਰੁੱਧ ਹੋਰ ਕਿਸੇ ਵੀ ਧਰਮ ਸਿਧਾਂਤ ਨੂੰ ਮਨਜ਼ੂਰੀ ਨਾ ਦੇਣਾ।
2. ਮੈਂਬਰਾਂ ਨੂੰ ਸਿਖਾਉਣਾ ਅਤੇ ਉਨ੍ਹਾਂ ਲਗਾਤਾਰ ਮਸੀਹੀ ਜੀਵਨ ਜਿਉਣ ਦੀ ਮੰਗ ਕਰਨੀ।
3. ਕਨਵੈਨਸ਼ਨਾਂ ਅਤੇ ਹੋਰ ਸਮਾਗਮਾਂ ਵਿੱਚ ਹਿੱਸਾ ਲੈਣਾ, ਅਤੇ ਜਿੰਨਾ ਹੋ ਸਕੇ ਖਰਚੇ ਦਾ ਸਮਰਥਨ ਕਰਨਾ।
4. ਹਾਜ਼ਰੀ, ਪਰਿਵਰਤਨ, ਸਟਾਫ ਅਤੇ ਆਮਦਨੀ ਦੀ ਇੱਕ ਸਹੀ ਸਲਾਨਾ ਰਿਪੋਰਟ ਪ੍ਰਦਾਨ ਕਰਨਾ।
5. ਕਲੀਸਿਆਈ ਸੰਸਥਾਨ ਦੀਆਂ ਹੋਰ ਕਲੀਸਿਆਵਾਂ ਅਤੇ ਆਗੂਆਂ ਦੇ ਨਾਲ ਏਕਤਾ ਬਣਾ ਕੇ ਰੱਖਣਾ ਅਤੇ ਇਸਦੇ ਵਿੱਚ ਹੋਣ ਵਾਲੇ ਕਿਸੇ ਵੀ ਵਿਵਾਦ ਦਾ ਬਾਈਬਲ ਆਧਾਰਿਤ ਤਰੀਕੇ ਦੇ ਨਾਲ ਨਿਪਟਾਰਾ ਕਰਨਾ।
6. ਕਿਸੇ ਵੀ ਹੋਰ ਅਜਿਹੀ ਸੰਸਥਾ ਦੇ ਨਾਲ ਨਾ ਜੁੜਣਾ ਜੋ ਇਸੇ ਪ੍ਰਕਾਰ ਦੇ ਸਮਰਪਣ ਦੀ ਮੰਗ ਕਰਦੀ ਹੋਵੇ।

*ਜੇਕਰ ਵਿਦਿਆਰਥੀ ਕਿਸੇ ਅਜਿਹੀ ਕਲੀਸਿਆ ਤੋਂ ਹਨ ਜੋ ਕਿਸੇ ਐਸੋਸੀਏਸ਼ਨ ਦਾ ਹਿੱਸਾ ਹੈ, ਤਾਂ ਕੁਝ ਸਮਾਂ ਲੈ ਕੇ ਐਸੋਸੀਏਸ਼ਨ ਦੀਆਂ ਮੰਗਾਂ ਤੇ ਵੱਲ ਧਿਆਨ ਦਿਓ।*

► ਕੀ ਤੁਹਾਡੀ ਐਸੋਸੀਏਸ਼ਨ ਕਿਸੇ ਅੰਤਰਰਾਸ਼ਟਰੀ ਮਿਸ਼ਨ ਸੰਸਥਾ ਦੇ ਦੁਆਰਾ ਸ਼ੁਰੂ ਹੋਈ ਸੀ? ਜੇਕਰ ਹਾਂ ਤਾਂ ਫਿਰ ਤੁਸੀਂ ਕਲੀਸਿਆਵਾਂ ਅਤੇ ਮਿਸ਼ਨ ਸੰਸਥਾ ਵਿਚਾਲੇ ਸੰਬੰਧ ਦਾ ਵਰਣਨ ਕਰੋ।

## ਮਿਸ਼ਨ ਅਤੇ ਕਲੀਸਿਆਈ ਐਸੋਸੀਏਸ਼ਨ ਦੇ ਵਿੱਚ ਸੰਬੰਧ

ਕਈ ਵਾਰ ਕਲੀਸਿਆਵਾਂ ਕਿਸੇ ਅੰਤਰਰਾਸ਼ਟਰੀ ਮਿਸ਼ਨ ਸੰਸਥਾ ਦੇ ਨਾਲ ਸੰਬੰਧ ਦੇ ਵਿੱਚ ਹੁੰਦੀਆਂ ਹਨ। ਮਿਸ਼ਨ ਨਵੀਆਂ ਕਲੀਸਿਆਵਾਂ ਨੂੰ ਸ਼ੁਰੂ ਕਰ ਸਕਦੀ ਹੈ ਜਾਂ ਮੌਜੂਦਾ ਕਲੀਸਿਆਵਾਂ ਨੂੰ ਆਪਣੇ ਨਾਲ ਜੋੜ ਕੇ ਮਾਨਤਾ ਦੇ ਸਕਦੀ ਹੈ। ਮਿਸ਼ਨ ਦੇ ਨਾਲ ਜੁੜੀਆਂ ਹੋਈਆਂ ਕਲੀਸਿਆਵਾਂ ਇੱਕ ਐਸੋਸੀਏਸ਼ਨ ਨੂੰ ਬਣਾ ਸਕਦੀਆਂ ਹਨ।

ਸ਼ੁਰੂਆਤ ਦੇ ਵਿੱਚ, ਵਿਦੇਸ਼ੀ ਮਿਸ਼ਨਰੀ ਕਿਸੇ ਦੇਸ਼ ਵਿੱਚ ਰਹਿ ਸਕਦੇ ਹਨ ਅਤੇ ਐਸੋਸੀਏਸ਼ਨ ਦੇ ਆਗੂ ਹੋ ਸਕਦੇ ਹਨ। ਸਮੇਂ ਦੇ ਨਾਲ, ਆਗੂਪੁਣਾ ਰਾਸ਼ਟਰੀ ਪਾਸਬਾਨ ਤੋਂ ਵਿਕਸਿਤ ਹੁੰਦਾ ਹੈ। ਇੱਕ ਮਿਸ਼ਨ ਦਾ ਟੀਚਾ ਆਗੂਆਂ ਨੂੰ ਵਿਕਸਤ ਕਰਨਾ ਹੋਣਾ ਚਾਹੀਦਾ ਹੈ ਤਾਂ ਜੋ ਵਿਦੇਸ਼ੀ ਮਿਸ਼ਨਰੀ ਸਿੱਧੇ ਤੌਰ ਤੇ ਚਰਚ ਐਸੋਸੀਏਸ਼ਨ ਦੀ ਅਗਵਾਈ ਨਾ ਕਰਨ।

ਜਦੋਂ ਰਾਸ਼ਟਰੀ ਐਸੋਸੀਏਸ਼ਨ ਦੇ ਆਗੂ ਵਿਕਸਤ ਕੀਤੇ ਜਾਂਦੇ ਹਨ, ਤਾਂ ਐਸੋਸੀਏਸ਼ਨ ਦੇ ਵਿੱਚ ਤਿੰਨ ਪੱਧਰ ਹੁੰਦੇ ਹਨ: ਮਿਸ਼ਨ ਲੀਡਰਸ਼ਿਪ, ਐਸੋਸੀਏਸ਼ਨ ਲੀਡਰਸ਼ਿਪ, ਅਤੇ ਸਥਾਨਕ ਚਰਚ ਪਾਸਟਰ। ਐਸੋਸੀਏਸ਼ਨ ਦੇ ਆਗੂ ਸਿੱਧੇ ਤੌਰ ਤੇ ਪਾਸਟਰ ਦੇ ਨਾਲ ਮਿਲ ਕੇ ਕੰਮ ਕਰਦੇ ਹਨ। ਮਿਸ਼ਨ ਦੇ ਆਗੂ ਜ਼ਿਆਦਾਤਰ ਐਸੋਸੀਏਸ਼ਨ ਦੇ ਆਗੂਆਂ ਦੇ ਨਾਲ ਕੰਮ ਕਰਦੇ ਹਨ।

ਕੁਝ ਮਿਸ਼ਨ ਮਜ਼ਬੂਤ ਕੇਂਦਰੀ ਅਗਵਾਈ ਪ੍ਰਦਾਨ ਕਰਦੀਆਂ ਹਨ ਜਿਸ ਨਾਲ ਕਲੀਸਿਆ ਦਾ ਇੱਕ ਮਜ਼ਬੂਤ ਸੰਗਠਨ ਬਣਾਇਆ ਜਾਂਦਾ ਹੈ। ਹੋਰ ਮਿਸ਼ਨ ਕਲੀਸਿਆ ਦੇ ਕਮਜ਼ੋਰ ਐਸੋਸੀਏਸ਼ਨ ਨੂੰ ਮਦਦ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਉੱਤੇ ਕੋਈ ਅਧਿਕਾਰ ਨਹੀਂ ਜਤਾਉਂਦੇ।

ਜੇਕਰ ਤਿੰਨਾਂ ਪੱਧਰਾਂ ਵਿਚਕਾਰ ਸਬੰਧਾਂ ਨੂੰ ਸਪੱਸ਼ਟ ਤੌਰ ਤੇ ਸਮਝਾਇਆ ਨਹੀਂ ਜਾਂਦਾ ਹੈ ਤਾਂ ਗਲਤਫਹਿਮੀਆਂ ਹੋ ਸਕਦੀਆਂ ਹਨ। ਕਈ ਵਾਰ ਕਲੀਸਿਆਵਾਂ ਦੇ ਲੋਕ ਐਸੋਸੀਏਸ਼ਨ ਦੇ ਆਗੂਆਂ ਦੀ ਬਜਾਏ ਆਪਣੀਆਂ ਜ਼ਰੂਰਤਾਂ ਬਾਰੇ ਮਿਸ਼ਨ ਦੇ ਆਗੂਆਂ ਨਾਲ ਸਿੱਧਾ ਸੰਪਰਕ ਕਰਦੇ ਹਨ ਕਿਉਂਕਿ ਉਹ ਸੋਚਦੇ ਹਨ ਕਿ ਮਿਸ਼ਨ ਦੇ ਜਿਆਦਾ ਸ੍ਰੋਤ ਹੈ ਅਤੇ ਉਹ ਖੁੱਲ੍ਹਦਿਲੀ ਦੇ ਨਾਲ ਕੰਮ ਕਰਦੇ ਹਨ। ਮਿਸ਼ਨ ਦੇ ਆਗੂ ਕਈ ਵਾਰ ਐਸੋਸੀਏਸ਼ਨ ਦੇ ਆਗੂਆਂ ਨੂੰ ਬਾਈਪਾਸ ਕਰਦੇ ਹੋਏ, ਕਲੀਸਿਆਵਾਂ ਦੇ ਨਾਲ ਸਿੱਧੇ ਤੌਰ 'ਤੇ ਕੰਮ ਕਰਦੇ ਹਨ। ਇਸਦੇ ਨਾਲ ਐਸੋਸੀਏਸ਼ਨ ਦੇ ਆਗੂਆਂ ਵਿੱਚਕਾਰ ਉਲਝਣ ਪੈਦਾ ਹੁੰਦੀ ਹੈ ਕਿਉਂਕਿ ਇਹ ਉਨ੍ਹਾਂ ਦੀ ਭੂਮਿਕਾ ਨੂੰ ਅਸਪੱਸ਼ਟ ਬਣ ਜਾਂਦੀ ਹੈ।

ਪਿੱਛਲੇ ਭਾਗ ਦੇ ਵਿੱਚ ਅਸੀਂ ਇੱਕ ਕਲੀਸਿਆਈ ਸੰਸਥਾਨ ਦੀਆਂ ਜਿੰਮੇਦਾਰੀਆਂ ਦੀ ਸੂਚੀ ਬਣਾਈ ਸੀ। ਇੱਕ ਮਿਸ਼ਨ ਦੁਆਰਾ ਸ਼ੁਰੂ ਕੀਤੀ ਗਈ ਇੱਕ ਕਲੀਸਿਆਈ ਐਸੋਸੀਏਸ਼ਨ ਦੇ ਵਿੱਚ, ਜ਼ਿੰਮੇਵਾਰੀਆਂ ਨੂੰ ਐਸੋਸੀਏਸ਼ਨ ਦੇ ਆਗੂਆਂ ਅਤੇ ਮਿਸ਼ਨ ਆਗੂਆਂ ਦੁਆਰਾ ਮਿਲ ਕੇ ਕੰਮ ਕਰਨ ਦੁਆਰਾ ਪੂਰਾ ਕੀਤਾ ਜਾਂਦਾ ਹੈ। ਸਮੇਂ ਦੇ ਨਾਲ, ਐਸੋਸੀਏਸ਼ਨ ਦੇ ਆਗੂਆਂ ਨੂੰ ਹੌਲੀ-ਹੌਲੀ ਹੋਰ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਇੱਕ ਪਰਿਪੱਕ ਐਸੋਸੀਏਸ਼ਨ ਦੀ ਆਦਰਸ਼ ਸਥਿਤੀ ਇਹ ਹੈ ਕਿ ਇਹ ਮਿਸ਼ਨ ਤੋਂ ਮਿਲਣ ਵਾਲੀ ਸਹਾਇਤਾ ਤੋਂ ਬਿਨਾਂ ਵੀ ਚੰਗੀ ਤਰ੍ਹਾਂ ਕੰਮ ਕਰ ਸਕਦੀ ਹੈ।

## ਸੱਤ ਸੰਖੇਪ ਕਥਨ

1. ਕਲੀਸਿਆਵਾਂ ਦੀ ਐਸੋਸੀਏਸ਼ਨ ਸਥਾਨਕ ਕਲੀਸਿਆ ਦੀ ਸਥਿਰਤਾ ਦੇ ਵਿੱਚ ਸਹਾਇਤਾ ਕਰਦੀ ਹੈ।
2. ਐਸੋਸੀਏਸ਼ਨਾਂ ਨੂੰ ਉਨ੍ਹਾਂ ਦੀ ਕੇਂਦਰੀ ਅਗਵਾਈ ਦੇ ਮਹੱਤਵ ਦੇ ਆਧਾਰ ਤੇ "ਕਮਜ਼ੋਰ ਜਾਂ ਮਜ਼ਬੂਤ ਕਿਹਾ ਜਾ ਸਕਦਾ ਹੈ।
3. ਇੱਕ "ਕਮਜ਼ੋਰ" ਐਸੋਸੀਏਸ਼ਨ ਦੇ ਮੈਂਬਰ ਸਥਾਨਕ ਕਲੀਸਿਆਵਾਂ ਦੇ ਸਵੈ-ਸੰਚਾਲਨ ਤੇ ਜ਼ੋਰ ਦਿੰਦੇ ਹਨ।
4. ਇੱਕ "ਮਜ਼ਬੂਤ" ਐਸੋਸੀਏਸ਼ਨ ਦੇ ਮੈਂਬਰ ਸਥਾਨਕ ਕਲੀਸਿਆ ਦੇ ਪ੍ਰਤੀ ਵਚਨਬੱਧਤਾ ਦੇ ਨਾਲ-ਨਾਲ ਐਸੋਸੀਏਸ਼ਨ ਪ੍ਰਤੀ ਵਚਨਬੱਧਤਾ ਤੇ ਜ਼ੋਰ ਦਿੰਦੇ ਹਨ।
5. ਕੋਈ ਕਲੀਸਿਆ ਇੱਕ ਕਲੀਸਿਆਈ ਸੰਸਥਾਨ ਦੇ ਨਾਲ ਜੁੜ ਕੇ ਕਿਸੇ ਹੋਰ ਅਜਿਹੀ ਸੰਸਥਾ ਦੇ ਵਿੱਚ ਨਹੀਂ ਰਹਿ ਸਕਦੀ ਜੋ ਮਜ਼ਬੂਤ ਸਮਰਪਣ ਦੀ ਮੰਗ ਕਰਦੀ ਹੈ।
6. ਇੱਕ ਕਲੀਸਿਆਈ ਸੰਸਥਾਨ ਸਹਿਯੋਗ ਦੇ ਦੁਆਰਾ ਕਲੀਸਿਆਵਾਂ ਨੂੰ ਇਸਦੇ ਉਦੇਸ਼ਾਂ ਦੀ ਪੂਰਤੀ ਕਰਨ ਵਿੱਚ ਸਹਾਇਤਾ ਕਰਨ ਦੇ ਲਈ ਹੋਂਦ ਵਿੱਚ ਹੁੰਦਾ ਹੈ।
7. ਇੱਕ ਅੰਤਰਰਾਸ਼ਟਰੀ ਮਿਸ਼ਨ ਨੂੰ ਹੌਲੀ ਹੌਲੀ ਜਿੰਮੇਦਾਰੀਆਂ ਐਸੋਸੀਏਸ਼ਨ ਦੇ ਆਗੂਆਂ ਨੂੰ ਸੌਂਪ ਦੇਣੀਆਂ ਚਾਹੀਦੀਆਂ ਹਨ।

## ਪਾਠ 4 ਦੇ ਅਸਾਇਨਮੈਂਟ

1. ਪਾਠ 4 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।
2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।
3. ਪ੍ਰੀਖਿਆ: ਅੱਗਲੀ ਕਲਾਸ ਸ਼ੈਸ਼ਨ ਦੀ ਸ਼ੁਰੂਆਤ ਦੇ ਵਿੱਚ, ਤੁਹਾਨੂੰ ਆਪਣੀ ਯਾਦਦਾਸ਼ਤ ਵਿੱਚੋਂ ਕਲੀਸਿਆਈ ਸੰਸਥਾਨ ਦੀਆਂ 10 ਜਿੰਮੇਦਾਰੀਆਂ ਅਤੇ ਸਥਾਨਕ ਕਲੀਸਿਆ ਦੁਆਰਾ ਇਸਦੇ ਕਲੀਸਿਆਈ ਸੰਸਥਾਨ ਪ੍ਰਤੀ ਪੰਜ ਸਮਰਪਣਾਂ ਦੇ ਬਾਰੇ ਲਿਖਣਾ ਪਵੇਗਾ।

# ਪਾਠ 5

# ਕਲੀਸਿਆ ਦੀ ਮੈਂਬਰਸ਼ਿਪ

## ਜਾਣ-ਪਛਾਣ

► ਕੀ ਕੋਈ ਵਿਅਕਤੀ ਇੱਕ ਮਸੀਹੀ ਹੁੰਦਾ ਹੋਇਆ ਕਲੀਸਿਆ ਦੇ ਬਿਨਾਂ ਮਸੀਹੀ ਜੀਵਨ ਨੂੰ ਜੀ ਸਕਦਾ ਹੈ?

ਲੋਕਾਂ ਦੁਆਰਾ ਕਲੀਸਿਆ ਦੇ ਆਉਣ ਦੇ ਬਹੁਤ ਸਾਰੇ ਚੰਗੇ ਕਾਰਨ ਹੋ ਸਕਦੇ ਹਨ। ਕੋਈ ਵਿਅਕਤੀ ਸਿੱਖਣ ਦੇ ਲਈ, ਪਰਮੇਸ਼ੁਰ ਦੀ ਹਜ਼ੂਰੀ ਨੂੰ ਮਹਿਸੂਸ ਕਰਨ ਦੇ ਲਈ, ਸਵੀਕਾਰ ਕੀਤੇ ਜਾਣ ਅਤੇ ਦੋਸਤੀ ਦੇ ਲਈ, ਉਤਸ਼ਾਹਿਤ ਹੋਣ ਦੇ ਲਈ, ਪਰਿਵਰਤਿਤ ਹੋਣ ਦੇ ਲਈ, ਦੂਸਰਿਆਂ ਦੇ ਨਾਲ ਮਿਲ ਕੇ ਪਰਮੇਸ਼ੁਰ ਦੀ ਅਰਾਧਨਾ ਕਰਨ ਦੇ ਲਈ, ਪਰਮੇਸ਼ੁਰ ਅਤੇ ਉਸਦੇ ਲੋਕਾਂ ਦੇ ਪ੍ਰਤੀ ਸਮਰਪਣ ਵਿਖਾਉਣ ਦੇ ਲਈ, ਕਲੀਸਿਆ ਦੀ ਸੇਵਾ ਵਿੱਚ ਸਹਿਯੋਗ ਕਰਨ ਦੇ ਲਈ ਜਾਂ ਪਰਮੇਸ਼ੁਰ ਦੇ ਕੰਮ ਨੂੰ ਵੇਖਣ ਦੇ ਲਈ ਕਲੀਸਿਆ ਦੇ ਵਿੱਚ ਆ ਸਕਦਾ ਹੈ।

> "ਉਹ ਪਹਿਲੇ ਵਿਸ਼ਵਾਸੀ ਕਲੀਸਿਆ ਦੇ ਨਾਲ ਪਿਆਰ ਕਰਦੇ ਸਨ ਕਿਉਂਕਿ ਉਹ ਯਿਸੂ ਦੇ ਨਾਲ ਪਿਆਰ ਕਰਦੇ ਸਨ।"
>
> - ਲੈਰੀ ਸਮਿਥ
>
> *ਮੈਂ ਵਿਸ਼ਵਾਸ ਕਰਦਾ ਹਾਂ: ਮਸੀਹੀ ਵਿਸ਼ਵਾਸ ਦੀਆਂ ਮੁੱਢਲੀਆਂ ਗੱਲਾਂ*

ਜੇਕਰ ਕੋਈ ਵਿਅਕਤੀ ਕਲੀਸਿਆ ਦੇ ਵਿੱਚ ਨਹੀਂ ਆ ਰਿਹਾ ਤਾਂ ਉਸਦੇ ਲਈ ਉੱਪਰ ਦੱਸੀਆਂ ਗੱਲਾਂ ਜਰੂਰੀ ਨਹੀਂ ਹਨ। ਕਿਸ ਤਰ੍ਹਾਂ ਦਾ ਵਿਅਕਤੀ ਉਨ੍ਹਾਂ ਗੱਲਾਂ ਦੀ ਪਰਵਾਹ ਨਹੀਂ ਕਰੇਗਾ?

ਮੌਜੂਦ ਹੋਣਾ ਇਹ ਸਾਬਿਤ ਨਹੀਂ ਕਰਦਾ ਕਿ ਕੋਈ ਵਿਅਕਤੀ ਮਸੀਹੀ ਹੈ, ਪਰ ਜੇਕਰ ਕੋਈ ਵਿਅਕਤੀ ਕਲੀਸਿਆ ਦੇ ਵਿੱਚ ਨਹੀਂ ਜਾ ਰਿਹਾ ਜਦੋਂ ਕਿ ਇਹ ਸੰਭਵ ਹੈ, ਤਾਂ ਉਹ ਸ਼ਾਇਦ ਮਸੀਹੀ ਨਹੀਂ ਹੈ।

► ਕਲੀਸਿਆ ਦਾ ਮੈਂਬਰ ਹੋਣਾ ਕਿਉਂ ਜਰੂਰੀ ਹੈ? ਕੀ ਸਿਰਫ਼ ਕਲੀਸਿਆ ਦੇ ਵਿੱਚ ਜਾਣਾ ਅਤੇ ਮਸੀਹੀ ਹੋਣਾ ਹੀ ਕਾਫੀ ਨਹੀਂ ਹੈ?

## ਕਲੀਸਿਆ ਦੀ ਮੈਂਬਰਸ਼ਿਪ ਪਰਮੇਸ਼ੁਰ ਦੀ ਯੋਜਨਾ ਦੇ ਪ੍ਰਤੀ ਸਮਰਪਣ ਹੈ

ਪਿੱਛਲੇ ਭਾਗ ਦੇ ਵਿੱਚ ਅਸੀਂ ਵੇਖਿਆ ਕਿ ਪੌਲੁਸ ਦੀ ਸੇਵਕਾਈ ਦੀ ਪ੍ਰਾਥਮਿਕਤਾ ਕਲੀਸਿਆ ਦੀ ਵਿਆਖਿਆ ਕਰਨੀ ਸੀ। ਪੌਲੁਸ ਨੇ ਕਲੀਸਿਆ ਤੇ ਜ਼ੋਰ ਦਿੱਤਾ ਕਿਉਂਕਿ ਕਲੀਸਿਆ ਪੂਰੇ ਸੰਸਾਰ ਦੇ ਵਿੱਚ ਮੁਕਤੀ ਦੀ ਯੋਜਨਾ ਨੂੰ ਲਾਗੂ ਕਰਨ ਦਾ ਪਰਮੇਸ਼ੁਰ ਦਾ ਤਰੀਕਾ ਹੈ।

ਪੌਲੁਸ ਰਸੂਲ ਨੂੰ ਬੁਲਾਇਆ ਗਿਆ ਸੀ

> ਇਸ ਗੱਲ ਦਾ ਪਰਕਾਸ਼ ਕਰਾਂ ਕਿ ਉਸ ਭੇਤ ਦੀ ਕੀ ਜੁਗਤੀ ਹੈ ਜਿਹੜਾ ਆਦ ਤੋਂ ਪਰਮੇਸ਼ੁਰ ਵਿੱਚ ਗੁਪਤ ਰਿਹਾ ਹੈ... ਭਈ ਹੁਣ ਕਲੀਸਿਯਾ ਦੇ ਰਾਹੀਂ ...ਪਰਮੇਸ਼ੁਰ ਦਾ ਨਾਨਾ ਪਰਕਾਰ ਦਾ ਗਿਆਨ ਪਰਗਟ ਕੀਤਾ ਜਾਵੇ... (ਅਫ਼ਸੀਆਂ ਨੂੰ 3:9-10)।

ਇਹ "ਭੇਤ" ਕਲੀਸਿਆ ਦੇ ਦੁਆਰਾ ਪਰਮੇਸ਼ੁਰ ਦੀ ਭਰਪੂਰੀ ਅਤੇ ਉਸਦੀ ਬੁੱਧ ਨੂੰ ਪ੍ਰਗਟ ਕਰਨ ਦੀ ਯੋਜਨਾ ਹੈ। ਕਲੀਸਿਆ ਉਨ੍ਹਾਂ ਲੋਕਾਂ ਦੀ ਸੰਗਤੀ ਹੈ ਜਿਨ੍ਹਾਂ ਨੇ ਪਰਮੇਸ਼ੁਰ ਦੀ ਯੋਜਨਾ ਪ੍ਰਤੀ ਹੁੰਗਾਰਾ ਭਰਿਆ ਹੈ ਅਤੇ ਆਪਣੇ ਆਪ ਨੂੰ ਇਸ ਪ੍ਰਤੀ ਸਮਰਪਿਤ ਕੀਤਾ ਹੈ। ਜੇਕਰ ਕੋਈ ਵਿਅਕਤੀ ਕਲੀਸਿਆ ਦੇ ਪ੍ਰਤੀ ਵਚਨਬੱਧ ਨਹੀਂ ਹੈ, ਤਾਂ ਉਹ ਪਰਮੇਸ਼ੁਰ ਦੀ ਯੋਜਨਾ ਪ੍ਰਤੀ ਵਚਨਬੱਧ ਨਹੀਂ ਹੈ।

► ਲੋਕਾਂ ਦੁਆਰਾ ਕਲੀਸਿਆ ਦੀ ਮੈਂਬਰਸ਼ਿਪ ਤੋਂ ਇਨਕਾਰ ਕਰਨ ਦੇ ਕੁਝ ਕਾਰਨ ਕੀ ਹਨ?

## ਪਰਮੇਸ਼ੁਰ ਦਾ ਅਸਲ ਘਰ

ਪਰਮੇਸ਼ੁਰ ਹਰੇਕ ਵਿਸ਼ਵਾਸੀ ਦੇ ਅੰਦਰ ਵਾਸ ਕਰਦਾ ਹੈ, ਪਰ ਉਹ ਕਲੀਸਿਆ (ਸਮਰਪਿਤ ਵਿਸ਼ਵਾਸੀਆਂ ਦੇ ਇੱਕ ਸਮੂਹ) ਵਿੱਚ ਖਾਸ ਤੌਰ ਤੇ ਵਾਸ ਕਰਦਾ ਹੈ। ਵੇਖੋ ਕਿ ਇੰਨ੍ਹਾਂ ਵਚਨਾਂ ਦੇ ਅਨੁਸਾਰ ਪਰਮੇਸ਼ੁਰ ਕਿੱਥੇ ਵਾਸ ਕਰਦਾ ਹੈ:

> ਜਿਹ ਦੇ ਵਿੱਚ [ਯਿਸੂ ਮਸੀਹ] ਸਾਰੀ ਇਮਾਰਤ ਇੱਕ ਸੰਗ ਜੁੜ ਕੇ ਪ੍ਰਭੂ ਵਿੱਚ ਪਵਿੱਤਰ ਹੈਕਲ ਬਣਦੀ ਜਾਂਦੀ ਹੈ ਜਿਸ ਵਿੱਚ ਤੁਸੀਂ ਵੀ ਆਤਮਾ ਵਿੱਚ ਪਰਮੇਸ਼ੁਰ ਦਾ ਭਵਨ ਹੋਣ ਲਈ ਇੱਕ ਸੰਗ ਬਣਾਏ ਜਾਂਦੇ ਹੋ (ਅਫ਼ਸੀਆਂ ਨੂੰ 2:21-22)।

ਪਰਮੇਸ਼ੁਰ ਕਲੀਸਿਆ ਦੇ ਵਿੱਚ ਵੱਸਦਾ ਹੈ। ਕਲੀਸਿਆ, ਜੋ ਕਿ ਵਿਸ਼ਵਾਸੀਆਂ ਦਾ ਸਮੂਹ ਹੈ, ਉਹ ਅਜਿਹਾ ਘਰ ਹੈ ਜਿੱਥੇ ਪਰਮੇਸ਼ੁਰ ਆਪਣੇ ਆਤਮਾ ਦੁਆਰਾ ਵਾਸ ਕਰਦਾ ਹੈ।[3] ਕਲੀਸਿਆ ਦੇ ਵਿੱਚ ਪਰਮੇਸ਼ੁਰ ਦਾ ਨਿਵਾਸ ਵਿਅਕਤੀਆਂ ਦੁਆਰਾ ਪੂਰਾ ਕੀਤੇ ਜਾ ਸਕਣ ਵਾਲੇ ਉਦੇਸ਼ਾਂ ਤੋਂ ਪਰੇ ਹੈ। ਜੇਕਰ ਕੋਈ ਵਿਅਕਤੀ ਕਲੀਸਿਆ ਦੇ ਪ੍ਰਤੀ ਵਚਨਬੱਧ ਹੋਣ ਤੋਂ ਇਨਕਾਰ ਕਰਦਾ ਹੈ, ਤਾਂ ਉਹ ਪਰਮੇਸ਼ੁਰ ਦੀ ਇਸ ਯੋਜਨਾ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਰਿਹਾ ਹੈ।

## ਪਰਮੇਸ਼ੁਰ ਦਾ ਪਰਿਵਾਰ

ਜਦੋਂ ਕੋਈ ਵਿਅਕਤੀ ਪਾਪ ਦੇ ਵਿਖੇ ਕਾਇਲ ਹੋ ਜਾਂਦਾ ਹੈ, ਫਿਰ ਪਰਮੇਸ਼ੁਰ ਦੇ ਪਿਆਰ, ਉਸਦੀ ਕ੍ਰਿਪਾ ਅਤੇ ਸਵੀਕਾਰ ਕੀਤੇ ਜਾਣ ਦਾ ਅਨੁਭਵ ਕਰਦਾ ਹੈ ਉਹ ਆਤਮਿਕ ਪਰਿਵਾਰ ਨਾਲ ਜੁੜ ਜਾਂਦਾ ਹੈ। ਜਦੋਂ ਉਹ ਤੋਬਾ ਕਰਕੇ ਮਸੀਹ ਤੇ ਵਿਸ਼ਵਾਸ ਕਰਦਾ ਹੈ, ਤਾਂ

---

[3] ੧ ਕੁਰਿੰਥੀਆਂ ਨੂੰ 6:19 ਦੇ ਵਿੱਚ, ਕਿਸੇ ਇੱਕ ਵਿਸ਼ਵਾਸੀ ਦੇ ਸਰੀਰ ਨੂੰ ਪਵਿੱਤਰ ਆਤਮਾ ਦੀ ਹੈਕਲ ਕਿਹਾ ਗਿਆ ਹੈ; ਇਸ ਕਾਰਨ ਵਿਅਕਤੀਆਂ ਨੂੰ ਪਰਮੇਸ਼ੁਰ ਦਾ ਨਿਵਾਸ ਸਥਾਨ ਕਹਿਣਾ ਗ਼ਲਤ ਨਹੀਂ ਹੈ। ਇਸੇ ਹੀ ਪੱਤ੍ਰੀ ਦੇ ਕਿਸੇ ਹੋਰ ਸਥਾਨ ਤੇ, ਸਥਾਨਕ ਕਲੀਸਿਆ ਨੂੰ ਇਕੱਠਿਆਂ ਪਰਮੇਸ਼ੁਰ ਦੀ ਕਲੀਸਿਆ ਕਿਹਾ ਗਿਆ ਹੈ (੧ ਕੁਰਿੰਥੀਆਂ ਨੂੰ 3:16-17)।

ਉਹ ਪਰਮੇਸ਼ੁਰ ਦੀ ਸੰਤਾਨ ਬਣ ਜਾਂਦਾ ਹੈ। ਇਹ ਕਿਸੇ ਵਿਅਕਤੀ ਨੂੰ ਮਿਲਣ ਵਾਲੀ ਸਭ ਤੋਂ ਮਹੱਤਵਪੂਰਨ ਪਹਿਚਾਣ ਹੈ।

ਇੱਕ ਵਿਸ਼ਵਾਸੀ ਦੇ ਕੋਲ ਪਰਮੇਸ਼ੁਰ ਦੇ ਪਰਿਵਾਰ ਦਾ ਮੈਂਬਰ ਹੋਣ ਦੇ ਨਾਤੇ ਇੱਕ ਆਤਮਿਕ ਪਹਿਚਾਣ ਵੀ ਹੈ (ਅਫ਼ਸੀਆਂ ਨੂੰ 2:19)। ਬਾਕੀ ਦੇ ਵਿਸ਼ਵਾਸੀ ਉਸਦੇ ਆਤਮਿਕ ਭੈਣਾਂ ਅਤੇ ਭਾਈ ਹਨ। ਉਹ ਆਪਣੇ ਨਾਲ ਮਿਲਣ ਵਾਲੇ ਹਰੇਕ ਮਸੀਹੀ ਦੇ ਨਾਲ ਇੱਕ ਸੰਬੰਧ ਨੂੰ ਮਹਿਸੂਸ ਕਰਦਾ ਹੈ।

ਕਲੀਸਿਆ ਪਰਮੇਸ਼ੁਰ ਦੇ ਵਿਸ਼ਵਵਿਆਪੀ ਪਰਿਵਾਰ ਦੇ ਰੂਪ ਵਿੱਚ ਹੋਂਦ ਵਿੱਚ ਹੈ ਅਤੇ ਨਾਲ ਹੀ ਇੱਕ ਸਥਾਨਕ ਕਲੀਸਿਆ ਦੇ ਰੂਪ ਵਿੱਚ ਵੀ ਜੋ ਪਰਮੇਸ਼ੁਰ ਦੇ ਸਥਾਨਕ ਪਰਿਵਾਰ ਦੇ ਤੌਰ ਤੇ ਕੰਮ ਕਰਦਾ ਹੈ। ਜੇਕਰ ਕਿਸੇ ਭਰਾ ਜਾਂ ਭੈਣ ਨੂੰ ਕੋਈ ਲੋੜ ਹੈ, ਤਾਂ ਇਹ ਉਸਦਾ ਸਥਾਨਕ ਆਤਮਿਕ ਪਰਿਵਾਰ ਹੈ ਜੋ ਉਸਦੀ ਮਦਦ ਕਰਦਾ ਹੈ। ਜਿਵੇਂ ਇੱਕ ਵਿਸ਼ਵਾਸੀ ਆਪਣੇ ਆਤਮਿਕ ਪਰਿਵਾਰ ਤੋਂ ਉਸਦੀ ਮਦਦ ਕਰਨ ਲਈ ਤਿਆਰ ਹੋਣ ਦੀ ਉਮੀਦ ਕਰ ਸਕਦਾ ਹੈ, ਉਸਨੂੰ ਪਰਿਵਾਰ ਪ੍ਰਤੀ ਵਚਨਬੱਧ ਅਤੇ ਦੂਜਿਆਂ ਦੀ ਮਦਦ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਜੇਕਰ ਵਿਸ਼ਵਾਸੀ ਨਾ ਹੁੰਦੇ ਤਾਂ ਪਰਿਵਾਰ ਤੋਂ ਮਦਦ ਮੌਜੂਦ ਨਾ ਹੁੰਦੀ ਨਾ ਅਜਿਹੇ ਲੋਕ ਹੁੰਦੇ ਜੋ ਆਪਣਾ ਸਮਾਂ ਅਤੇ ਸ੍ਰੋਤ ਇਸ ਦੇ ਲਈ ਸਮਰਪਿਤ ਕਰਦੇ ਹਨ।

ਕੁਝ ਲੋਕ ਸਹਾਇਤਾ ਦੀ ਮੰਗ ਕਰਦੇ ਹਨ ਪਰ ਉਹ ਆਪ ਕਦੇ ਵੀ ਦੂਸਰਿਆਂ ਦੀ ਸਹਾਇਤਾ ਦੇ ਲਈ ਉਪਲੱਭਧ ਨਹੀਂ ਹੁੰਦੇ। ਉਹ ਇਸ ਗੱਲ ਨੂੰ ਨਹੀਂ ਸਮਝਦੇ ਕਿ ਪਰਿਵਾਰ ਦੇ ਪ੍ਰਤੀ ਸਮਰਪਿਤ ਹੋਣ ਦਾ ਕੀ ਮਤਲਬ ਹੈ।

ਕੁਝ ਹੋਰ ਲੋਕ ਆਪਣੀ ਦੇਖਭਾਲ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਦੂਸਰੇ ਲੋਕ ਵੀ ਆਪਣੀ ਦੇਖਭਾਲ ਆਪ ਕਰਨ। ਉਹ ਦੂਸਰਿਆਂ ਦੀ ਜਰੂਰਤ ਦੇ ਪ੍ਰਤੀ ਆਪਣੀ ਜਿੰਮੇਵਾਰੀ ਨੂੰ ਨਹੀਂ ਸਮਝਦੇ ਹਨ।

► ਤੁਸੀਂ ਕਿਸੇ ਵਿਅਕਤੀ ਨੂੰ ਇਹ ਕਿਵੇਂ ਸਮਝਾ ਸਕਦੇ ਹੋ ਕਿ ਉਸਨੂੰ ਪਰਮੇਸ਼ੁਰ ਦੇ ਪਰਿਵਾਰ ਦੇ ਪ੍ਰਤੀ ਸਮਰਪਿਤ ਹੋਣ ਦੀ ਜਰੂਰਤ ਹੈ?

### ਵਿਅਕਤੀਵਾਦ ਦੀ ਗ਼ਲਤੀ

ਇੱਕ ਵਿਅਕਤੀ ਨੂੰ ਵਿਅਕਤੀਗਤ ਤੌਰ ਤੇ ਪਰਮੇਸ਼ੁਰ ਦੀ ਸਚਿਆਈ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਨਿੱਜੀ ਤੌਰ ਤੇ ਪਰਮੇਸ਼ੁਰ ਦੀ ਆਗਿਆਕਾਰੀ ਕਰਨ ਦੀ ਚੋਣ ਕਰਦਾ ਹੈ। ਇੱਕ ਵਿਅਕਤੀ ਦਾ ਪਰਮੇਸ਼ੁਰ ਨਾਲ ਸੰਬੰਧ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਉਹ ਤੋਬਾ ਕਰਦਾ ਹੈ ਅਤੇ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ। ਪਰਮੇਸ਼ੁਰ ਨਾਲ ਉਸਦਾ ਸੰਬੰਧ ਕਿਸੇ ਹੋਰ ਗੱਲ ਤੇ ਨਿਰਭਰ ਨਹੀਂ ਹੋ ਸਕਦਾ। ਹਰੇਕ ਵਿਸ਼ਵਾਸੀ ਕੋਲ ਪਰਮੇਸ਼ੁਰ ਦੇ ਵਚਨ ਨੂੰ ਸਮਝਣ ਵਿੱਚ ਉਸਦੀ ਅਗਵਾਈ ਕਰਨ ਲਈ ਪਵਿੱਤਰ ਆਤਮਾ ਹੁੰਦਾ ਹੈ।

ਪਰ ਫਿਰ ਵੀ, ਕੁਝ ਵਿਸ਼ਵਾਸੀ ਉਨ੍ਹਾਂ ਦੇ ਰਵੱਈਏ ਦੇ ਵਿੱਚ ਬਹੁਤ ਜਿਆਦਾ ਆਜਾਦ ਹੋ ਚੁੱਕੇ ਹਨ। ਉਨ੍ਹਾਂ ਦੀਆਂ ਆਪਣੀਆਂ ਧਾਰਨਾਵਾਂ ਉਨ੍ਹਾਂ ਦਾ ਅੰਤਿਮ ਅਧਿਕਾਰ ਬਣ ਗਈਆਂ ਹਨ। ਉਹ ਸਿਰਫ਼ ਪਵਿੱਤਰ ਵਚਨਾਂ ਦੀ ਆਪਣੀ ਵਿਆਖਿਆ ਤੇ ਹੀ ਭਰੋਸਾ ਕਰਦੇ ਹਨ।

ਉਹ ਆਪਣੇ ਵਰਦਾਨਾਂ ਨੂੰ ਕਲੀਸਿਆ ਦੀ ਸਫਲਤਾ ਲਈ ਸਮਰਪਿਤ ਕਰਨ ਦੀ ਬਜਾਏ ਵਿਅਕਤੀਗਤ ਤੌਰ ਤੇ ਸਫਲ ਹੋਣ ਲਈ ਵਰਤਣਾ ਚਾਹੁੰਦੇ ਹਨ। ਉਨ੍ਹਾਂ ਦੇ ਮਹੱਤਵਪੂਰਨ ਫੈਸਲੇ ਕਲੀਸਿਆ ਦੀ ਬੁੱਧ ਦੁਆਰਾ ਨਿਰਦੇਸ਼ਿਤ ਨਹੀਂ ਹੁੰਦੇ ਸਗੋਂ ਉਨ੍ਹਾਂ ਦੇ ਆਪਣੇ ਵਿਚਾਰਾਂ, ਆਪਣੀਆਂ ਭਾਵਨਾਵਾਂ ਅਤੇ ਆਪਣੀਆਂ ਇੱਛਾਵਾਂ ਤੇ ਅਧਾਰਤ ਹੁੰਦੇ ਹਨ।

ਬਹੁਤ ਸਾਰੇ ਲੋਕ ਕਲੀਸਿਆ ਦੇ ਉਦੇਸ਼ ਦੀ ਵਿਆਖਿਆ ਨਹੀਂ ਕਰ ਸਕਦੇ। ਉਹ ਇਸਨੂੰ ਸਿਰਫ਼ ਵਿਅਕਤੀਆਂ ਨੂੰ ਕੁਝ ਲਾਭ ਪ੍ਰਦਾਨ ਕਰਨ ਲਈ ਹੀ ਮੁੱਲਵਾਨ ਸਮਝਦੇ ਹਨ। ਉਹ ਇੱਕ ਪਰਿਵਾਰ ਵਾਂਗ ਇਸ ਪ੍ਰਤੀ ਵਚਨਬੱਧ ਨਹੀਂ ਹੁੰਦੇ। ਉਹ ਕਿਸੇ ਵੀ ਆਤਮਿਕ ਅਧਿਕਾਰ ਨੂੰ ਸਵੀਕਾਰ ਨਹੀਂ ਕਰਦੇ। ਜੇਕਰ ਕੋਈ ਸਮੱਸਿਆ ਆ ਜਾਂਦੀ ਹੈ ਤਾਂ ਉਹ ਜਲਦੀ ਇੱਕ ਕਲੀਸਿਆ ਨੂੰ ਛੱਡ ਕੇ ਅਤੇ ਦੂਸਰੀ ਕਲੀਸਿਆ ਦੀ ਭਾਲ ਕਰਨ ਲੱਗ ਜਾਂਦੇ ਹਨ। ਇਹ ਸਮੱਸਿਆ ਹਰ ਜਗ੍ਹਾ ਮੌਜੂਦ ਹੈ, ਪਰ ਕੁਝ ਸਭਿਆਚਾਰਾਂ ਦੇ ਲੋਕਾਂ ਵਿੱਚ ਆਤਮਿਕ ਤੌਰ 'ਤੇ ਸੁਤੰਤਰ ਹੋਣ ਦੀ ਕੋਸ਼ਿਸ਼ ਕਰਨ ਦੀ ਵਧੇਰੇ ਪ੍ਰਵਿਰਤੀ ਹੁੰਦੀ ਹੈ ਕਿਉਂਕਿ ਉਨ੍ਹਾਂ ਦਾ ਸਭਿਆਚਾਰ ਵਿਅਕਤੀਗਤ ਆਜ਼ਾਦੀ ਤੇ ਵਧੇਰੇ ਜ਼ੋਰ ਦਿੰਦਾ ਹੈ।

ਬਹੁਤ ਸਾਰੇ ਲੋਕਾਂ ਨੇ ਇਸ ਕਾਲਪਨਿਕ ਧਾਰਨਾ ਨੂੰ ਸਵੀਕਾਰ ਕਰ ਲਿਆ ਹੈ ਕਿ ਲੋਕ ਆਤਮਿਕ ਤੌਰ ਤੇ ਆਜਾਦ ਹਨ। ਪ੍ਰਚਾਰ ਦੇ ਵਿੱਚ ਉਦਾਹਰਨਾਂ ਦਿੱਤੀਆਂ ਜਾਂਦੀਆਂ ਹਨ ਕਿ ਕਿਵੇਂ ਕੋਈ ਵਿਅਕਤੀ ਅਜਿਹੇ ਨਿੱਜੀ ਫੈਸਲੇ ਲੈ ਸਕਦਾ ਹੈ ਅਤੇ ਵਧੀਆ ਨਤੀਜੇ ਪ੍ਰਾਪਤ ਕਰ ਸਕਦਾ ਹੈ। ਬਹੁਤ ਸਾਰੀਆਂ ਕਲੀਸਿਆਵਾਂ ਦੀ ਅਗਵਾਈ ਅਜਿਹੇ ਲੋਕਾਂ ਦੀ ਟੀਮ ਦੁਆਰਾ ਕੀਤੀ ਜਾਂਦੀ ਹੈ ਜੋ ਇੱਕ ਪ੍ਰੋਗਰਾਮ ਚਲਾਉਂਦੇ ਹਨ, ਅਤੇ ਕਲੀਸਿਆ ਦਰਸ਼ਕਾਂ ਦੀ ਭੀੜ ਮਾਤਰ ਹੁੰਦੀ ਹੈ। ਇੱਕ ਹੋਰ ਕਿਸਮ ਦੀ ਕਲੀਸਿਆ ਇੱਕ ਪਾਸਟਰ ਦਾ ਨਿੱਜੀ ਉੱਦਮ ਹੁੰਦਾ ਹੈ, ਅਤੇ ਉਹ ਲੋਕਾਂ ਨੂੰ ਰੱਖਣ ਅਤੇ ਉਨ੍ਹਾਂ ਤੋਂ ਆਰਥਿਕ ਸਹਾਇਤਾ ਇਕੱਠੀ ਕਰਨ ਲਈ ਉਨ੍ਹਾਂ ਨੂੰ ਕਾਫ਼ੀ ਲਾਭ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ।

ਨਵੇਂ ਨੇਮ ਦੇ ਵਿੱਚ ਇੱਕ ਕਲੀਸਿਆ ਦੀ ਤਸਵੀਰ ਇੱਕ ਸਥਾਨਕ ਕਲੀਸਿਆ ਦੀ ਹੈ ਜੋ ਜਿੰਮੇਵਾਰੀਆਂ ਦੇ ਵਿੱਚ ਸਾਂਝੀ ਹੁੰਦੇ ਹਨ। ਕਿਸੇ ਕਲੀਸਿਆ ਦੇ ਲਈ ਇੱਕ ਸਮਰਪਿਤ ਅਤੇ ਸਹਿਯੋਗ ਕਰਨ ਵਾਲੇ ਲੋਕਾਂ ਦਾ ਸਮੂਹ ਹੋਣ ਤੋਂ ਬਿਨਾਂ ਇਸ ਦੀਆਂ ਜਿੰਮੇਦਾਰੀਆਂ ਨੂੰ ਪੂਰਾ ਕਰ ਪਾਉਣਾ ਅਸੰਭਵ ਹੈ। ਨਵੇਂ ਨੇਮ ਦੀਆਂ ਜਿਆਦਾਤਰ ਪੱਤ੍ਰੀਆਂ ਵਿਅਕਤੀਆਂ ਨੂੰ ਨਿੱਜੀ ਤੌਰ ਤੇ ਨਹੀਂ ਬਲਕਿ ਕਲੀਸਿਆਵਾਂ ਨੂੰ ਲਿਖੀਆਂ ਗਈਆਂ ਹਨ, ਇਸ ਲਈ ਇੰਨ੍ਹਾਂ ਦੀ ਵਿਆਖਿਆ ਤੇ ਅਭਿਆਸ ਵੀ ਇਸੇ ਪ੍ਰਕਾਰ ਕੀਤਾ ਜਾਣਾ ਚਾਹੀਦਾ ਹੈ।

### ਨਵੇਂ ਨੇਮ ਦੇ ਵਿੱਚ ਸਥਾਨਕ ਕਲੀਸਿਆ ਦੇ ਵਿੱਚ ਪਾਏ ਜਾਣ ਵਾਲੇ ਕੁਝ ਉਦੇਸ਼

► ਸੂਚੀ ਦੇ ਵਿੱਚ ਦੱਸੀ ਹਰੇਕ ਚੀਜ਼ ਦੇ ਲਈ, ਚਰਚਾ ਕਰੋ ਕਿ ਇੱਕ ਕਲੀਸਿਆ ਇਸ ਜਿੰਮੇਵਾਰੀ ਨੂੰ ਕਿਵੇਂ ਕਰ ਸਕਦੀ ਹੈ, ਅਤੇ ਕਿਸੇ ਇੱਕ ਵਿਅਕਤੀ ਦੇ ਕਰਨ ਨਾਲੋਂ ਮਿਲ ਕੇ ਕਿਵੇਂ ਬਿਹਤਰ ਕਰ ਸਕਦੀ ਹੈ।

1. ਸ਼ੁਭਸਮਾਚਾਰ ਪ੍ਰਚਾਰ (ਮੱਤੀ 28:18-20)।
2. ਕਲੀਸਿਆ ਦੇ ਤੌਰ ਤੇ ਅਰਾਧਨਾ ਕਰਨੀ (੧ ਕੁਰਿੰਥੀਆਂ ਨੂੰ 3:16)।

3. ਧਰਮ ਸਿਧਾਂਤਾਂ ਨੂੰ ਫੜੀ ਰੱਖਣਾ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:15, ਯਹੂਦਾਹ 1:3)।
4. ਪਾਸਟਰਾਂ ਦੀ ਆਰਥਿਕ ਤੌਰ ਤੇ ਸਹਾਇਤਾ ਕਰਨੀ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 5:17-18)।
5. ਮਿਸ਼ਨਰੀਆਂ ਨੂੰ ਸਮਰਥਨ ਭੇਜਣਾ (ਰਸੂਲਾਂ ਦੇ ਕਰਤੱਬ 13:2-4, ਰੋਮੀਆਂ ਨੂੰ 15:24)।
6. ਲੋੜਵੰਦ ਮੈਂਬਰਾਂ ਦੀ ਸਹਾਇਤਾ ਕਰਨੀ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 5:3)।
7. ਪਾਪ ਵਿੱਚ ਡਿੱਗਣ ਵਾਲੇ ਮੈਂਬਰਾਂ ਨੂੰ ਅਨੁਸ਼ਾਸਿਤ ਕਰਨਾ (੧ ਕੁਰਿੰਥੀਆਂ ਨੂੰ 5:9-13)।
8. ਬਪਤਿਸਮੇ ਅਤੇ ਪ੍ਰਭੂ ਭੋਜ ਨੂੰ ਕਰਨਾ (ਮੱਤੀ 28:19, ੧ ਕੁਰਿੰਥੀਆਂ ਨੂੰ 11:23-26)।
9. ਚੇਲ੍ਹੇਪਨ ਦੁਆਰਾ ਵਿਸ਼ਵਾਸੀਆਂ ਨੂੰ ਪਰਿਪੱਕ ਕਰਨਾ (ਅਫ਼ਸੀਆਂ ਨੂੰ 4:12-13)।

ਇੰਨ੍ਹਾਂ ਵਿੱਚੋਂ ਜਿਆਦਾਤਰ ਕੰਮ ਆਜਾਦ ਤੌਰ ਤੇ ਕਿਸੇ ਇੱਕ ਵਿਅਕਤੀ ਵੱਲੋਂ ਨਹੀਂ ਕੀਤੇ ਜਾ ਸਕਦੇ। ਇਹ ਵਿਸ਼ਵਾਸੀਆਂ ਦੇ ਸਮੂਹਿਕ ਸਹਿਯੋਗ ਅਤੇ ਅਗਵਾਈ ਦੇ ਢਾਂਚੇ ਤੇ ਨਿਰਭਰ ਕਰਦੇ ਹਨ।

ਪਰਮੇਸ਼ੁਰ ਹਰੇਕ ਵਿਸ਼ਵਾਸੀ ਨੂੰ ਇੱਕ ਸਥਾਨਕ ਕਲੀਸਿਆ ਵਿੱਚ ਸਮਰਪਿਤ ਹੋਣ ਅਤੇ ਉਸ ਕਲੀਸਿਆ ਨੂੰ ਸੰਸਾਰ ਵਿੱਚ ਉਸਦੇ ਉਦੇਸ਼ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਲਈ ਕਹਿੰਦਾ ਹੈ। ਜਦੋਂ ਤੱਕ ਕੋਈ ਮੈਂਬਰ ਕਲੀਸਿਆ ਦੇ ਵਿੱਚ ਸੇਵਾ ਨਹੀਂ ਕਰਦਾ, ਉਹ ਮਸੀਹ ਦੇ ਸਰੀਰ ਦੇ ਮੈਂਬਰ ਵਜੋਂ ਆਪਣੇ ਉਦੇਸ਼ ਨੂੰ ਪੂਰਾ ਨਹੀਂ ਕਰ ਰਿਹਾ ਹੁੰਦਾ।

ਪਰਮੇਸ਼ੁਰ ਦੇ ਕੋਲ ਵਿਸ਼ਵਾਸੀਆਂ ਦੇ ਸਥਾਨਕ ਸਮੂਹ ਦੇ ਲਈ ਯੋਜਨਾ ਹੈ। ਉਹ ਲੋੜੀਂਦੀਆਂ ਵਸਤਾਂ ਪ੍ਰਦਾਨ ਕਰਦਾ ਹੈ ਅਤੇ ਮੈਂਬਰਾਂ ਤੋਂ ਸਮਰਪਣ ਦੀ ਮੰਗ ਕਰਦਾ ਹੈ।

## ਸਰੀਰ ਦੀ ਉਦਾਹਰਨ/ਰੂਪਕ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 12:12-27 ਪੜਣਾ ਚਾਹੀਦਾ ਹੈ।

> "ਇਹ ਹਰੇਕ ਮਸੀਹੀ ਦਾ ਫ਼ਰਜ ਹੈ, ਸਿਰਫ਼ ਮਸੀਹ ਦੇ ਵਿੱਚ ਖੁੱਲ੍ਹੇਆਮ ਵਿਸ਼ਵਾਸ ਨੂੰ ਘੋਸ਼ਣਾ ਕਰਨਾ ਹੀ ਨਹੀਂ ਪਰ ਉਸਦੇ ਸਮੁਦਾਏ ਵਿੱਚ ਵਿਸ਼ਵਾਸੀਆਂ ਦੇ ਸਮੂਹ ਵਿੱਚ ਸ਼ਾਮਿਲ ਹੋਣਾ, ਅਤੇ ਆਪਣੇ ਤੇ ਕਲੀਸਿਆ ਦੀ ਮੈਂਬਰਸ਼ਿਪ ਦੀਆਂ ਜਿੰਮੇਵਾਰੀਆਂ ਲੈਣਾ।"
>
> - *ਵਿਲੇ* ਅਤੇ ਕਲਬਰਟਸਨ,
> *ਇੰਨਟ੍ਰੋਡਕਸ਼ਨ ਟੂ ਕ੍ਰਿਸਚਨ ਥਿਓਲੋਜੀ*

ਪੌਲੁਸ ਨੇ ਦੱਸਿਆ ਕਿ ਕਲੀਸਿਆ ਦੇ ਮੈਂਬਰਾਂ ਨੂੰ ਸਰੀਰਕ ਦੇਹ ਦੇ ਹਿੱਸਿਆਂ ਦੀ ਤਰ੍ਹਾਂ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਕਿਸੇ ਇੱਕ ਅੰਗ ਨੂੰ ਦੂਸਰਿਆਂ ਨਾਲੋਂ ਆਜਾਦ ਹੋਣ ਦਾ ਯਤਨ ਨਹੀਂ ਕਰਨਾ ਚਾਹੀਦਾ ਹੈ। ਇੱਕ ਅੰਗ ਬਾਕੀਆਂ ਤੋਂ ਬਿਨਾਂ ਜਿਆਦਾ ਕੁਝ ਪ੍ਰਾਪਤ ਨਹੀਂ ਕਰ ਸਕਦਾ।

ਇੱਕ ਮਸੀਹੀ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਸਦੀਆਂ ਯੋਗਤਾਵਾਂ ਕਲੀਸਿਆ ਦੇ ਜੀਵਨ ਵਿੱਚ ਹੀ ਆਪਣੀ ਕੀਮਤ ਨੂੰ ਪਾਉਂਦੀਆਂ ਹਨ। ਜਿਸ ਤਰ੍ਹਾਂ ਇੱਕ ਅੱਖ ਜਾਂ ਕੰਨ ਸਰੀਰ ਦੇ ਲਈ

ਕੰਮ ਨਾ ਕਰਨ ਤੇ ਬੇਕਾਰ ਹੁੰਦਾ ਹੈ, ਉਸੇ ਤਰ੍ਹਾਂ ਇੱਕ ਵਿਅਕਤੀ ਨੂੰ ਪਰਮੇਸ਼ੁਰ ਦੀ ਇੱਛਾ ਵਿੱਚ ਕੋਈ ਮਹੱਤਵਪੂਰਨ ਉਦੇਸ਼ ਮਿਲਣ ਦੀ ਸੰਭਾਵਨਾ ਨਹੀਂ ਹੁੰਦੀ ਜਦੋਂ ਤੱਕ ਉਹ ਕਲੀਸਿਆ ਦੇ ਵਿੱਚ ਇੱਕ ਵਚਨਬੱਧ ਮੈਂਬਰ ਵਜੋਂ ਕੰਮ ਨਹੀਂ ਕਰਦਾ।

## ਮੈਂਬਰਸ਼ਿਪ ਦੀ ਪ੍ਰਕਿਰਿਆ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਰਸੂਲਾਂ ਦੇ ਕਰਤੱਬ 2:46-47 ਪੜ੍ਹਣਾ ਚਾਹੀਦਾ ਹੈ।

ਪ੍ਰਭੂ ਹਰ ਰੋਜ਼ ਕਲੀਸਿਆ ਦੇ ਵਿੱਚ ਲੋਕਾਂ ਨੂੰ ਸ਼ਾਮਿਲ ਕਰਦਾ ਸੀ। ਕਲੀਸਿਆ ਦੇ ਸ਼ੁਰੂਆਤੀ ਦਿਨਾਂ ਦੇ ਵਿੱਚ ਕਲੀਸਿਆ ਦੇ ਨਾਲ ਜੁੜਣਾ ਕੋਈ ਔਖੀ ਗੱਲ ਨਹੀਂ ਸੀ। ਪਰਿਵਰਤਨ ਦੀ ਗਵਾਹੀ ਅਤੇ ਵਿਸ਼ਵਾਸ ਮਾਤਰ ਹੀ ਮੈਂਬਰਸ਼ਿਪ ਦਾ ਆਧਾਰ ਸੀ। ਰਸਮੀ ਮੈਂਬਰਸ਼ਿਪ ਪ੍ਰਕਿਰਿਆ ਜਾਂ ਮੈਂਬਰਸ਼ਿਪ ਨਿਯਮਾਂ ਦੀ ਸੂਚੀ ਤੋਂ ਬਿਨਾਂ ਵੀ, ਇਹ ਵੇਖਣਾ ਸੌਖਾ ਸੀ ਕਿ ਕਲੀਸਿਆ ਦੇ ਵਿੱਚ ਕੌਣ ਸੀ।

ਅਕਸਰ ਇੱਕ ਕਲੀਸਿਆ ਰਸਮੀ ਮੈਂਬਰਸ਼ਿਪ ਤੋਂ ਬਿਨਾਂ ਸ਼ੁਰੂ ਹੁੰਦਾ ਹੈ। ਪਹਿਲਾਂ ਤਾਂ ਕਲੀਸਿਆ ਦੇ ਵਿੱਚ ਸੇਵਕਾਈ ਟੀਮ ਹੁੰਦੀ ਹੈ। ਫਿਰ, ਸਥਾਨਕ ਲੋਕਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਜੋ ਸੇਵਕਾਈ ਦੇ ਪ੍ਰਤੀ ਪ੍ਰਤੀਕਿਰਿਆ ਕਰਦੇ ਹਨ ਅਤੇ ਕਲੀਸਿਆ ਦੇ ਵਿੱਚ ਸ਼ਾਮਲ ਹੋ ਜਾਂਦੇ ਹਨ। ਇਹ ਸਮੂਹ ਵਿਹਾਰਕ ਮਾਮਲਿਆਂ, ਆਤਮਿਕ ਮੁੱਦਿਆਂ, ਭਵਿੱਖ ਲਈ ਦ੍ਰਿਸ਼ਟੀਕੋਣ, ਅਤੇ ਇਕੱਠੇ ਜੀਵਨ ਸਾਂਝਾ ਕਰਨ ਦੇ ਪਹਿਲੂਆਂ ਬਾਰੇ ਚਰਚਾ ਲਈ ਅਕਸਰ ਮਿਲਦਾ ਹੈ। ਇਸਦੇ ਵਿੱਚ ਕੋਈ ਮੈਂਬਰਸ਼ਿਪ ਸੂਚੀ ਨਹੀਂ ਹੁੰਦੀ, ਪਰ ਹਰ ਕੋਈ ਜਾਣਦਾ ਹੈ ਕਿ ਕਿਹੜੇ ਲੋਕ ਵਚਨਬੱਧ ਹਨ।

ਜਿਵੇਂ ਕਲੀਸਿਆ ਵਿਕਸਿਤ ਹੁੰਦੀ ਹੈ, ਇੱਕ ਪ੍ਰਸ਼ਨ ਉੱਠਦਾ ਹੈ। ਬਹੁਤ ਸਾਰੇ ਲੋਕ ਕਲੀਸਿਆ ਦੇ ਵਿੱਚ ਆਉਂਦੇ ਹਨ ਅਤੇ ਕੰਮਾਂ ਦੇ ਵਿੱਚ ਹਿੱਸਾ ਲੈਂਦੇ ਹਨ; ਪਰ ਕਲੀਸਿਆ ਦੇ ਲੋਕ ਕੌਣ ਹਨ? ਇੱਕ ਕਲੀਸਿਆ ਗਵਾਹ ਹੋਣੀ ਚਾਹੀਦੀ ਹੈ, ਪਰ ਜਦੋਂ ਤੱਕ ਸਮਾਜ ਦੇ ਲੋਕ ਜਾਣਦੇ ਹੀ ਨਹੀਂ ਹਨ ਕਿ ਕਲੀਸਿਆ ਦੇ ਲੋਕ ਕੌਣ ਹਨ ਤਾਂ ਇਹ ਗਵਾਹ ਕਿਵੇਂ ਬਣ ਸਕਦੀ ਹੈ? ਅਸੀਂ ਕਲੀਸਿਆ ਨੂੰ ਸਿਖਾਉਂਦੇ ਹਾਂ ਕਿ ਉਹ ਸਮੂਹ ਵਿੱਚ ਰਹਿਣ ਵਾਲੇ ਦੂਜਿਆਂ ਦੀ ਸਹਾਇਤਾ ਕਰਨ ਲਈ ਸਮਰਪਿਤ ਹੋਣ, ਪਰ ਉਹ ਕਿਵੇਂ ਜਾਣ ਸਕਦੇ ਹਨ ਕਿ ਉਹ ਕੌਣ ਹਨ? ਜੇਕਰ ਕੋਈ ਵਿਅਕਤੀ ਸੁਧਾਰ ਦੇ ਪ੍ਰਤੀ ਪ੍ਰਤੀਕਿਰਿਆ ਕਰਨ ਤੋਂ ਇਨਕਾਰ ਕਰਦਾ ਹੈ ਅਤੇ ਖੁੱਲ੍ਹੇਆਮ ਪਾਪ ਵਿੱਚ ਰਹਿੰਦਾ ਹੈ, ਤਾਂ ਉਸਨੂੰ ਵਿਸ਼ਵਾਸੀਆਂ ਦੇ ਅਜਿਹੇ ਮੁੱਖ ਸਮੂਹ ਤੋਂ ਵੱਖਰਾ ਕਿਵੇਂ ਕੀਤਾ ਜਾ ਸਕਦਾ ਹੈ ਜੋ ਵਫ਼ਾਦਾਰੀ ਨਾਲ ਰਹਿਣ ਲਈ ਸਮਰਪਿਤ ਹਨ?

ਬਹੁਤ ਸਾਰੀਆਂ ਆਧੁਨਿਕ ਕਲੀਸਿਆਵਾਂ ਵਿੱਚ ਮੈਂਬਰਸ਼ਿਪ ਦੀਆਂ ਵਿਆਪਕ ਮੰਗਾਂ ਹੁੰਦੀਆਂ ਹਨ। ਉਹਨਾਂ ਦੇ ਕੋਲ ਧਰਮ ਸਿਧਾਂਤ ਦੇ ਕਥਨ, ਮੈਂਬਰ ਦੀ ਜੀਵਨ ਸ਼ੈਲੀ ਲਈ ਨਿਯਮ, ਅਤੇ ਕੱਚੇ ਤੌਰ ਤੇ ਨਾਲ ਜੁੜਣ ਦੀ ਮਿਆਦ ਹੁੰਦੀ ਹੈ। ਇੱਕ ਨਵੇਂ ਪਰਿਵਰਤਿਤ ਹੋਏ ਵਿਅਕਤੀ ਦੇ ਲਈ ਉਹਨਾਂ ਕਲੀਸਿਆਵਾਂ ਦਾ ਜਲਦੀ ਮੈਂਬਰ ਬਣਨਾ ਆਸਾਨ ਨਹੀਂ ਹੁੰਦਾ।

ਇੱਕ ਨਵੇਂ ਪਰਿਵਰਤਿਤ ਹੋਏ ਵਿਅਕਤੀ ਨੂੰ ਤੁਰੰਤ ਹੀ ਸੰਗਤੀ ਦੇ ਵਿੱਚ ਸ਼ਾਮਿਲ ਕਰ ਲੈਣਾ ਚਾਹੀਦਾ ਹੈ। ਉਸਨੂੰ ਵਿਸ਼ਵਾਸੀਆਂ ਦੇ ਅਜਿਹੇ ਸਮੂਹ ਦਾ ਹਿੱਸਾ ਬਣਨ ਦੀ ਜਰੂਰਤ ਹੈ ਜੋ ਇੱਕ ਦੂਸਰੇ ਦੇ ਪ੍ਰਤੀ ਸਮਰਪਿਤ ਹਨ। ਜਦੋਂ ਉਹ ਪਰਿਵਰਤਿਤ ਹੁੰਦਾ ਹੈ ਤਾਂ ਉਹ ਆਪਣੇ ਉਨ੍ਹਾਂ ਦੋਸਤਾਂ ਨੂੰ ਗੁਆ ਦਿੰਦਾ ਹੈ ਜੋ ਮਸੀਹੀ ਨਹੀਂ ਹਨ, ਅਤੇ ਫਿਰ ਉਸਨੂੰ ਮਸੀਹੀ ਸੰਗਤੀ ਦੀ ਜਰੂਰਤ ਹੁੰਦੀ ਹੈ।

ਨਵੇਂ ਪਰਿਵਰਤਿਤ ਹੋਏ ਵਿਅਕਤੀ ਨੂੰ ਚੇਲ੍ਹੇਪਨ ਦੀ ਵੀ ਜਰੂਰਤ ਹੁੰਦੀ ਹੈ ਜੋ ਉਸਨੂੰ ਦੂਸਰੇ ਮਸੀਹੀਆਂ ਦੀ ਨੇੜਤਾ ਦੀ ਸੰਗਤੀ ਤੋਂ ਮਿਲਦੀ ਹੈ। ਉਹ ਉਨ੍ਹਾਮ ਲੋਕਾਂ ਦੀਆਂ ਕਦਰਾਂ ਕੀਮਤਾਂ ਦੇ ਦੁਆਰਾ ਬਦਲ ਜਾਂਦਾ ਹੇ ਜੋ ਉਸਦੇ ਨਾਲ ਜੀਵਨ ਸਾਂਝਾ ਕਰਦੇ ਹਨ।

ਕੀ ਹੋਵੇਗਾ ਜੇਕਰ ਕੋਈ ਪਰਿਵਰਤਿਤ ਹੋਇਆ ਵਿਅਕਤੀ ਅਜਿਹੀ ਉੱਚ ਮੈਂਬਰਸ਼ਿਪ ਦੀਆਂ ਮੰਗਾਂ ਦੇ ਕਾਰਨ ਕਲੀਸਿਆ ਦੇ ਵਿੱਚ ਸ਼ਾਮਲ ਨਹੀਂ ਹੋ ਸਕਦਾ ਜਿੰਨ੍ਹਾਂ ਨੂੰ ਉਹ ਸਮਝ ਵੀ ਨਹੀਂ ਸਕਦਾ? ਜੇਕਰ ਉਸਨੂੰ ਮੈਂਬਰਸ਼ਿਪ ਤੋਂ ਬਾਹਰ ਰੱਖਿਆ ਜਾਂਦਾ ਹੈ, ਤਾਂ ਉਹ ਮਹਿਸੂਸ ਕਰਦਾ ਹੈ ਕਿ ਉਸਨੂੰ ਕਲੀਸਿਆ ਵਿੱਚ ਸਵੀਕਾਰ ਨਹੀਂ ਕੀਤਾ ਗਿਆ। ਉਸਨੂੰ ਤੁਰੰਤ ਕਿਸੇ ਕਿਸਮ ਦੀ ਮੈਂਬਰਸ਼ਿਪ ਦੀ ਲੋੜ ਹੁੰਦੀ ਹੈ। ਸ਼ੁਰੂਆਤੀ ਕਲੀਸਿਆ ਤੁਰੰਤ ਹੀ ਪਰਿਵਰਤਿਤ ਹੋਏ ਮੈਂਬਰਾਂ ਕਲੀਸਿਆ ਦੇ ਵਿੱਚ ਵਜੋਂ ਸ਼ਾਮਲ ਕਰਨ ਦੇ ਯੋਗ ਸੀ।

**ਆਮ ਮੈਂਬਰਸ਼ਿਪ/ਸੰਗਤੀ ਦੀ ਮੈਂਬਰਸ਼ਿਪ**

ਜੇਕਰ ਕੋਈ ਕਲੀਸਿਆ ਪਰਿਵਰਤਿਤ ਹੋਏ ਲੋਕਾਂ ਨੂੰ ਜਲਦੀ ਨਾਲ ਮੈਂਬਰ ਬਣਾਉਣ ਵਿੱਚ ਵਧੀਆ ਕੰਮ ਕਰਦੀ ਹੈ, ਤਾਂ ਇਸ ਕਲੀਸਿਆ ਦੇ ਮੈਂਬਰਾਂ ਵਿੱਚ ਅਜਿਹੇ ਲੋਕ ਸ਼ਾਮਿਲ ਹੋ ਜਾਣਗੇ ਜੋ ਪਰਿਪੱਕ ਮਸੀਹੀ ਨਹੀਂ ਹਨ। ਨਵੇਂ ਪਰਿਵਰਤਿਤ ਹੋਏ ਲੋਕ ਕਲੀਸਿਆ ਦੇ ਧਰਮ ਸਿਧਾਂਤਾਂ ਦੇ ਮਹੱਤਵ ਨੂੰ ਨਹੀਂ ਸਮਝਦੇ ਹਨ। ਉਨ੍ਹਾਂ ਨੇ ਅਜੇ ਤੱਕ ਇੱਕ ਪਰਿਪੱਕ ਮਸੀਹੀ ਜੀਵਨ ਸ਼ੈਲੀ ਵਿਕਸਿਤ ਨਹੀਂ ਕੀਤੀ ਹੈ। ਇਸ ਕਰਕੇ ਉਨ੍ਹਾਂ ਦੇ ਕੋਲ ਕਲੀਸਿਆ ਦੇ ਵਿੱਚ ਫੈਸਲੇ ਲੈਣ ਦੀ ਜਿੰਮੇਦਾਰੀ ਨਹੀਂ ਹੋਣੀ ਚਾਹੀਦੀ। ਕਿਉਂਕਿ ਕਲੀਸਿਆ ਦੇ ਮੈਂਬਰਾਂ ਦੇ ਵਿੱਚ ਅਜਿਹੇ ਲੋਕ ਸ਼ਾਮਿਲ ਹਨ ਜੋ ਪਰਿਪੱਕ ਮਸੀਹੀ ਨਹੀਂ ਹਨ, ਇਸ ਲਈ ਕਲੀਸਿਆ ਦੀ ਆਮ ਮੈਂਬਰਸ਼ਿਪ ਨੂੰ ਕਲੀਸਿਆ ਦੀ ਦਿਸ਼ਾ ਦੇ ਬਾਰੇ ਫੈਸਲੇ ਨਹੀਂ ਲੈਣੇ ਚਾਹੀਦੇ।

ਆਮ ਮੈਂਬਰਸ਼ਿਪ ਦੇ ਅੰਦਰ ਅਜਿਹੇ ਮੈਂਬਰ ਹੋਣੇ ਚਾਹੀਦੇ ਹਨ ਜੋ ਇੱਕ ਪ੍ਰਬੰਧਕ ਸਭਾ ਬਣਾਉਣ। ਕਲੀਸਿਆ ਦੀ ਪ੍ਰਬੰਧਕ ਸਭਾ ਉਨ੍ਹਾਂ ਪਰਿਪੱਕ ਮਸੀਹੀਆਂ ਤੋਂ ਬਣੀ ਹੋਣੀ ਚਾਹੀਦੀ ਹੈ ਜੋ ਕਲੀਸਿਆ ਦੁਆਰਾ ਸਿਖਾਏ ਗਏ ਧਰਮ ਸਿਧਾਂਤਾਂ ਅਤੇ ਜੀਵਨ ਸ਼ੈਲੀ ਨੂੰ ਸਮਝਦੇ ਹਨ। ਇਹ ਉਹ ਸਮੂਹ ਹੈ ਜੋ ਕਲੀਸਿਆ ਦੇ ਲਈ ਫੈਸਲੇ ਲੈਂਦਾ ਹੈ। ਇਸ ਸਮੂਹ ਵਿੱਚ ਮੈਂਬਰਸ਼ਿਪ ਲਈ ਕਲੀਸਿਆ ਦੀ ਆਮ ਮੈਂਬਰਸ਼ਿਪ ਨਾਲੋਂ ਜਿਆਦਾ ਉੱਚੀਆਂ ਮੰਗਾਂ ਹੋਣੀਆਂ ਚਾਹੀਦੀਆਂ ਹਨ। ਇਸ ਸਮੂਹ ਦੇ ਲੋਕ ਕਲੀਸਿਆ ਦੇ ਵਿੱਚ ਸਿੱਖਿਅਕਾਂ ਅਤੇ ਆਗੂਆਂ ਵਜੋਂ ਸੇਵਾ ਕਰ ਸਕਦੇ ਹਨ। ਪ੍ਰਬੰਧਕ ਸਭਾ ਇਸ ਗੱਲ ਨੂੰ ਪੱਕਿਆਂ ਕਰਦੀ ਹੈ ਕਿ ਕਲੀਸਿਆ ਆਪਣੇ ਧਰਮ ਸਿਧਾਂਤ ਅਤੇ ਉਦੇਸ਼ ਪ੍ਰਤੀ ਸੱਚੀ ਬਣੀ ਰਹੇ।

ਆਮ ਮੈਂਬਰਸ਼ਿਪ ਉਨ੍ਹਾਂ ਸੱਚੇ ਪਰਿਵਰਤਿਤ ਹੋਏ ਲੋਕਾਂ ਨੂੰ ਸਵੀਕਾਰ ਕਰਦੀ ਹੈ ਜੋ ਕਲੀਸਿਆ ਦੇ ਪ੍ਰਤੀ ਸਮਰਪਣ ਕਰਦੇ ਹਨ। ਆਮ ਮੈਂਬਰਸ਼ਿਪ ਦੀਆਂ ਮੰਗਾਂ ਮਸੀਹਤ ਦੇ ਮੁੱਢਲੇ ਸਿਧਾਂਤ ਹਨ ਅਤੇ ਕਿਸੇ ਖਾਸ ਕਲੀਸਿਆ ਦੇ ਪ੍ਰਤੀ ਸਮਰਪਣ ਹੈ। ਇੱਕ ਪਰਿਵਰਤਿਤ

ਹੋਏ ਵਿਅਕਤੀ ਨੂੰ ਆਮ ਮੈਂਬਰਸ਼ਿਪ ਵਿੱਚ ਜਲਦੀ ਸਵੀਕਾਰ ਕੀਤਾ ਜਾ ਸਕਦਾ ਹੈ ਜੇਕਰ ਉਹ ਸੱਚਮੁੱਚ ਪਰਿਵਰਤਿਤ ਹੋਇਆ ਪ੍ਰਤੀਤ ਹੁੰਦਾ ਹੈ। ਇੱਕ ਪਰਿਵਰਤਿਤ ਵਿਅਕਤੀ ਨੂੰ ਕਲੀਸਿਆ ਦੇ ਵਿੱਚ ਸੰਗਤੀ ਅਤੇ ਸ਼ਮੂਲੀਅਤ ਮਿਲਦੀ ਹੈ ਜਿਸਦੀ ਉਸਨੂੰ ਤੁਰੰਤ ਲੋੜ ਹੁੰਦੀ ਹੈ। ਕੁਝ ਕਲੀਸਿਆਵਾਂ ਦੇ ਵਿੱਚ ਆਮ ਮੈਂਬਰਸ਼ਿਪ ਨੂੰ "ਸੰਗਤੀ" ਵੀ ਕਿਹਾ ਜਾਂਦਾ ਹੈ।

► ਕਿਸੇ ਨਵੇਂ ਪਰਿਪਰਤਿਤ ਹੋਏ ਵਿਅਕਤੀ ਨੂੰ ਤੁਰੰਤ ਹੀ ਕਲੀਸਿਆ ਦੇ ਵਿੱਚ ਸ਼ਾਮਿਲ ਹੋਣ ਦੀ ਜਰੂਰਤ ਕਿਉਂ ਹੁੰਦੀ ਹੈ?

► ਉੱਪਰ ਦੱਸੀ ਮੈਂਬਰਸ਼ਿਪ ਦੀ ਪ੍ਰਣਾਲੀ ਦੇ ਵਿੱਚ, ਸੰਗਤੀ ਕੀ ਹੈ, ਅਤੇ ਕਿਸ ਕਿਸਮ ਦਾ ਵਿਅਕਤੀ ਇਸਦਾ ਮੈਂਬਰ ਬਣਦਾ ਹੈ? ਪ੍ਰਬੰਧਕ ਸਭਾ ਕੀ ਹੈ, ਅਤੇ ਕਿਸ ਤਰ੍ਹਾਂ ਦਾ ਵਿਅਕਤੀ ਇਸਦਾ ਮੈਂਬਰ ਹੁੰਦਾ ਹੈ?

### ਪਰਿਪੱਕ ਮਸੀਹੀਆਂ ਦੀ ਮੈਂਬਰਸ਼ਿਪ

ਇਸ ਦੂਸਰੀ ਕਿਸਮ ਦੀ ਮੈਂਬਰਸ਼ਿਪ ਦੇ ਵਿੱਚ ਕਿਸੇ ਵਿਅਕਤੀ ਦੇ ਮੈਂਬਰ ਹੋਣ ਲਈ ਉਸਦੇ ਕੋਲ ਸਹੀ ਧਰਮ ਸਿਧਾਂਤ ਹੋਣੇ ਚਾਹੀਦੇ ਹਨ ਅਤੇ ਉਹ ਇੰਨਾਂ ਪਰਿਪੱਕ ਹੋਣੇ ਚਾਹੀਦੇ ਹਨ ਕਿ ਕਲੀਸਿਆ ਦੇ ਫੈਸਲਿਆਂ ਵਿੱਚ ਵੋਟ ਕਰਨ ਦੇ ਲਈ ਉਨ੍ਹਾਂ ਤੇ ਭਰੋਸਾ ਕੀਤਾ ਜਾ ਸਕੇ। ਇਹ ਸਮੂਹ ਲੋਕਾਂ ਨੂੰ ਸੇਵਾ ਦੇ ਅਹੁਦਿਆਂ ਦੇ ਲਈ ਆਪਣੇ ਨਾਲ ਜੋੜਦਾ ਹੈ ਜਿਸਦੇ ਵਿੱਚ ਪਾਸਟਰ ਦਾ ਅਹੁਦਾ ਵੀ ਸ਼ਾਮਿਲ ਹੈ। ਉਹ ਜਾਂ ਤਾਂ ਕਾਰੋਬਾਰੀ ਫੈਸਲਿਆਂ ਤੇ ਵੋਟ ਪਾਉਂਦੇ ਹਨ ਜਾਂ ਪ੍ਰਤੀਨਿਧੀਆਂ ਦੇ ਇੱਕ ਸਮੂਹ ਦੀ ਚੋਣ ਕਰਦੇ ਹਨ ਜੋ ਉਹ ਫੈਸਲੇ ਲੈਂਦਾ ਹੈ।

ਕਿਉਂਕਿ ਇਹ ਮੈਂਬਰਸ਼ਿਪ ਕਲੀਸਿਆ ਦੇ ਸੰਚਾਲਨ ਨੂੰ ਨਿਯੰਤਰਿਤ ਕਰਦੀ ਹੈ, ਇਸ ਲਈ ਇੱਕ ਨਵੇਂ ਪਰਿਵਰਤਿਤ ਹੋਏ ਵਿਅਕਤੀ ਦਾ ਇਸ ਮੈਂਬਰਸ਼ਿਪ ਵਿੱਚ ਜਲਦੀ ਸਵਾਗਤ ਨਹੀਂ ਕੀਤਾ ਜਾ ਸਕਦਾ। ਕਲੀਸਿਆ ਜਿੰਨੀ ਜ਼ਿਆਦਾ ਰੂੜੀਵਾਦੀ ਅਤੇ ਸਾਵਧਾਨ ਹੋਵੇਗੀ, ਮੈਂਬਰਸ਼ਿਪ ਦੀਆਂ ਮੰਗਾਂ ਦੀ ਸੂਚੀ ਓਨੀ ਹੀ ਲੰਬੀ ਹੋਵੇਗੀ ਅਤੇ ਪਰਿਵਰਤਨ ਅਤੇ ਮੈਂਬਰਸ਼ਿਪ ਦੇ ਵਿਚਕਾਰ ਸਮਾਂ ਓਨਾ ਹੀ ਲੰਬਾ ਹੋਵੇਗਾ। ਕਲੀਸਿਆ ਮੈਂਬਰਸ਼ਿਪ ਦੀਆਂ ਮੰਗਾਂ ਨੂੰ ਇੱਕ ਨਵੇਂ ਪਰਿਵਰਤਿਤ ਹੋਏ ਵਿਅਕਤੀ ਦੇ ਮੂਲ ਵਰਣਨ ਦੀ ਬਜਾਏ, ਇੱਕ ਪਰਿਪੱਕ ਮਸੀਹੀ ਨੂੰ ਹੋਣ ਵਾਲੀ ਹਰ ਚੀਜ਼ ਨੂੰ ਸ਼ਾਮਲ ਕਰਨ ਲਈ ਨਿਰਧਾਰਤ ਕਰਦੀ ਹੈ। ਇੱਕ ਪਰਿਵਰਤਿਤ ਹੋਏ ਵਿਅਕਤੀ ਜਾਂ ਨਵੇਂ ਵਿਸ਼ਵਾਸੀ ਨੂੰ ਮੈਂਬਰ ਬਣਨ ਦੇ ਯੋਗ ਹੋਣ ਤੋਂ ਬਿਨਾਂ ਸਾਲਾਂ ਤੱਕ ਕਲੀਸਿਆ ਦੇ ਜੀਵਨ ਵਿੱਚ ਹਿੱਸਾ ਲੈ ਸਕਦਾ ਹੈ। ਕੁਝ ਪਰਿਵਰਤਿਤ ਹੋਏ ਵਿਅਕਤੀ ਅਰਥਾਤ ਨਵੇਂ ਵਿਸ਼ਵਾਸੀ ਇਸ ਲਈ ਵੀ ਛੱਡ ਸਕਦੇ ਹਨ ਕਿਉਂਕਿ ਉਨ੍ਹਾਂ ਨੂੰ ਜਲਦੀ ਨਾਲ ਮੈਂਬਰ ਨਹੀਂ ਬਣਾਇਆ ਜਾਂਦਾ।

### ਕਲੀਸਿਆਈ ਮੈਂਬਰਸ਼ਿਪ

ਕੁਝ ਕਲੀਸਿਆਵਾਂ ਦੇ ਵਿੱਚ ਜੋ ਲੋਕ ਆਮ ਤੌਰ ਤੇ ਅਰਾਧਨਾ ਦੇ ਵਿੱਚ ਆਉਂਦੇ ਹਨ ਉਨ੍ਹਾਂ ਨੂੰ ਵੀ ਮੈਂਬਰ ਮੰਨਿਆ ਜਾਂਦਾ ਹੈ। ਕਲੀਸਿਆ ਦੇ ਕੰਮਾਂ ਨੂੰ ਕਰਨ ਦਾ ਅਧਿਕਾਰ ਦੂਸਰੇ ਅਧਿਕਾਰ ਪਾਏ ਵਿਅਕਤੀਆਂ ਦੇ ਕੋਲ ਹੋ ਸਕਦਾ ਹੈ, ਪਰ ਜੋ ਕੋਈ ਵੀ ਕਲੀਸਿਆ ਦੇ ਵਿੱਚ ਆਉਂਦਾ ਹੈ ਉਸਨੂੰ ਮੈਂਬਰ ਮੰਨਿਆ ਜਾਂਦਾ ਹੈ। ਕਲੀਸਿਆ ਦਾਅਵਾ ਕਰ ਸਕਦੀ ਹੈ ਕਿ ਉਸਦੇ ਕੋਲ ਮੈਂਬਰਾਂ ਦੀ ਕੋਈ ਸੂਚੀ ਨਹੀਂ ਹੈ।

ਪਰ ਫਿਰ ਵੀ, ਜੋ ਕਲੀਸਿਆ ਦਾਅਵਾ ਕਰਦੀ ਹੈ ਕਿ ਉਸਦੇ ਮੈਂਬਰਾਂ ਦੀ ਕੋਈ ਸੂਚੀ ਨਹੀਂ ਹੈ, ਉੱਥੇ ਵੀ ਇਹ ਨਿਰਧਾਰਤ ਕਰਨ ਦੀ ਇੱਕ ਅਣਲਿਖਤ ਪ੍ਰਣਾਲੀ ਹੈ ਕਿ ਇਸਦੇ ਵਿੱਚ ਕੌਣ ਸ਼ਾਮਿਲ ਹੈ ਅਤੇ ਕੌਣ ਨਹੀਂ ਹਨ।

ਜਿਸ ਕਲੀਸਿਆ ਦੇ ਵਿੱਚ ਕਲੀਸਿਆਈ ਮੈਂਬਰਸ਼ਿਪ ਹੁੰਦੀ ਹੈ, ਉੱਥੇ ਨਿਯੰਤਰਣ ਕਿਸੇ ਪਾਸਟਰ ਜਾਂ ਪ੍ਰਭਾਵਸ਼ਾਲੀ ਪਰਿਵਾਰਾਂ ਦੇ ਆਗੂਆਂ ਦੇ ਹੱਥਾਂ ਵਿੱਚ ਹੋ ਸਕਦਾ ਹੈ।

ਜੇਕਰ ਕਿਸੇ ਨਵੀਂ ਕਲੀਸਿਆ ਦੇ ਵਿੱਚ ਕਲੀਸਿਆਈ ਮੈਂਬਰਸ਼ਿਪ ਅੰਤਿਮ ਅਧਿਕਾਰ ਦੇ ਵੱਜੋਂ ਹੈ, ਤਾਂ ਇਹ ਨਹੀਂ ਕਿਹਾ ਜਾ ਸਕਦਾ ਕਿ ਕੁਝ ਸਾਲਾਂ ਤੋਂ ਬਾਅਦ ਇਹ ਕਿਸ ਪ੍ਰਕਾਰ ਦੀ ਹੋਵੇਗੀ।

ਜੇਕਰ ਕਿਸੇ ਪੁਰਾਣੀ ਕਲੀਸਿਆ ਦੇ ਵਿੱਚ ਕਲੀਸਿਆਈ ਮੈਂਬਰਸ਼ਿਪ ਦੀ ਸਥਿਰਤਾ ਹੈ, ਤਾਂ ਜਾਂ ਇਸ ਤੇ ਕਿਸੇ ਪਰਿਵਾਰਿਕ ਸਮੂਹ ਜਾਂ ਫਿਰ ਕਿਸੇ ਮਜ਼ਬੂਤ ਲੰਬੇ ਸਮੇਂ ਦੇ ਪਾਸਟਰ ਦਾ ਨਿਯੰਤਰਣ ਹੋਵੇਗਾ। ਉਨ੍ਹਾਂ ਦੇ ਲਈ ਚੀਜਾਂ ਨੂੰ ਕਰਨ ਦੇ ਨਿਯਮਾਂ ਦੀ ਵਿਆਖਿਆ ਕਰ ਪਾਉਣਾ ਬਹੁਤ ਕਠਿਨ ਹੋਵੇਗਾ, ਪਰ ਉਹ ਆਗੂ ਲੋਕਾਂ ਤੇ ਭਰੋਸਾ ਕਰਦੇ ਹਨ। ਇੱਥੇ ਸ਼ਾਇਦ ਲਿਖਤੀ ਨੀਤੀਆਂ ਮੌਜੂਦ ਨਾ ਹੋਣ ਜਾਂ ਅਣਡਿੱਠ ਕੀਤੀਆਂ ਗਈਆਂ ਹੋਣ। ਜਦੋਂ ਪਾਸਟਰ ਜਾਂ ਹੋਰ ਆਗੂਆਂ ਨੂੰ ਬਦਲਿਆ ਜਾਂਦਾ ਹੈ, ਤਾਂ ਫਿਰ ਕਲੀਸਿਆ ਦੇ ਵਿੱਚ ਵੱਡੀਆਂ ਤਬਦੀਲੀਆਂ ਆ ਸਕਦੀਆਂ ਹਨ।

► ਤੁਸੀਂ ਉੱਪਰ ਦੱਸੀਆਂ ਦੋ ਮੈਂਬਰਸ਼ਿਪ ਪ੍ਰਣਾਲੀਆਂ ਦੇ ਵਿੱਚ ਕਿਹੜੇ ਲਾਭ ਜਾਂ ਹਾਨੀਆਂ ਨੂੰ ਵੇਖਦੇ ਹੋ?

► ਅੱਗੇ ਦੱਸੀਆਂ ਦੋ ਉਦਾਹਰਨਾਂ ਨੂੰ ਵੇਖੋ ਜਿੰਨ੍ਹਾਂ ਵਿੱਚੋਂ ਇੱਕ ਅਮਰੀਕਾ ਦੀ ਇੱਕ ਕਲੀਸਿਆ ਦੀ ਹੈ ਅਤੇ ਦੂਸਰੀ ਫਿਲੀਪੀਨਸ ਦੀ ਇੱਕ ਕਲੀਸਿਆ ਦੀ ਹੈ। ਚਰਚਾ ਕਰੋ ਕਿ ਇਹ ਦੋਵੇਂ ਵਰਣਨ ਉਨ੍ਹਾਂ ਕਲੀਸਿਆਵਾਂ ਦੀ ਮੈਂਬਰਸ਼ਿਪ ਦੇ ਨਾਲ ਤੁਲਨਾ ਕਿਵੇਂ ਕਰ ਸਕਦੇ ਹੋ ਜਿੰਨ੍ਹਾਂ ਨੂੰ ਤੁਸੀਂ ਜਾਣਦੇ ਹੋ।

## ਪਹਿਲੀ ਉਦਾਹਰਨ

### ਦਿ ਵਿਕਟਰੀ ਚੈਪਲ ਫੈਲੋਸ਼ਿਪ

ਲੋਕਾਂ ਨੂੰ ਵਿਕਟਰੀ ਚੈਪਲ ਦੀਆਂ ਜਿਆਦਾਤਰ ਸਭਾਵਾਂ ਦੇ ਵਿੱਚ ਆਉਣ ਦਾ ਸੱਦਾ ਦਿੱਤਾ ਜਾਂਦਾ ਹੈ, ਜਿਸਦੇ ਵਿੱਚ ਅਰਾਧਨਾ ਸਭਾਵਾਂ, ਕਲੀਸਿਆ ਦੀਆਂ ਘਰੇਲੂ ਸਭਾਵਾਂ ਅਤੇ ਬਾਈਬਲ ਅਧਿਐਨ ਸ਼ਾਮਿਲ ਹਨ। ਸਾਰੇ ਲੋਕ ਅਰਾਧਨਾ, ਜਰੂਰਤਾਂ ਨੂੰ ਸਾਂਝਾ ਕਰਨ, ਪ੍ਰਾਥਨਾ, ਕਲੀਸਿਆਈ ਭੋਜਨ, ਤਰਤੀਬਵਾਰ ਚਰਚਾ, ਅਤੇ ਗੈਰ-ਰਸਮੀ ਸੰਗਤੀ ਦੇ ਵਿੱਚ ਹਿੱਸਾ ਲੈ ਸਕਦੇ ਹਨ। ਪਰ, ਨਵਾਂ ਨੇਮ ਇਹ ਦਰਸਾਉਂਦਾ ਹੈ ਕਿ ਸਥਾਨਕ ਕਲੀਸਿਆ ਬਣਾਉਣ ਵਾਲੇ ਲੋਕਾਂ ਦੇ ਸਮੂਹ ਨੂੰ ਪਛਾਣਿਆ ਜਾਣਾ ਚਾਹੀਦਾ ਹੈ। ਇਹ ਜਨਤਕ ਤੌਰ ਤੇ ਪਤਾ ਹੋਣਾ ਚਾਹੀਦਾ ਹੈ ਕਿ ਕਲੀਸਿਆ ਦੇ ਲੋਕ ਕਿਹੜੇ ਹਨ। ਅਜਿਹੇ ਪਹਿਚਾਣਯੋਗ ਸਮੂਹ ਤੋਂ ਬਿਨਾਂ, ਇਹ ਅਸੰਭਵ ਹੈ ਕਿ ਕਲੀਸਿਆ ਦੇ ਕੋਲ ਸੰਸਾਰ ਦੇ ਸਾਹਮਣੇ ਇੱਕ ਸਪੱਸ਼ਟ ਗਵਾਹੀ ਹੋ ਸਕੇ, ਸੱਚੀ ਮਸੀਹਤ ਨੂੰ ਸੰਗਤ ਸਾਂਝੀ ਕਰੇ ਜੋ ਦੋਸਤੀ ਤੋਂ ਪਰੇ ਮਸੀਹੀ ਏਕਤਾ ਤੇ ਅਧਾਰਤ ਹੋਵੇ, ਬਾਈਬਲ ਦੇ ਵਿੱਚ ਦੱਸੇ ਕਲੀਸਿਆ ਅਨੁਸ਼ਾਸਨ ਦਾ ਅਭਿਆਸ ਕਰੇ, ਅਤੇ ਕਲੀਸਿਆ ਦੀ ਸੇਵਕਾਈ ਲਈ ਇਕੱਠੇ ਜ਼ਿੰਮੇਵਾਰੀ ਨਿਭਾਏ। ਇਸ ਲਈ, ਵਿਕਟਰੀ ਚੈਪਲ ਦੀਆਂ ਸੇਵਕਾਈਆਂ ਦੀ ਜ਼ਿੰਮੇਵਾਰੀ ਕਲੀਸਿਆ ਦੇ ਅੰਦਰ ਇੱਕ ਸਮੂਹ 'ਤੇ ਹੈ ਜਿਸਨੂੰ "ਫੈਲੋਸ਼ਿਪ" (ਸੰਗਤੀ) ਕਿਹਾ ਜਾਂਦਾ ਹੈ।

### ਸੰਗਤੀ ਦੇ ਵਿੱਚ ਮਿਲਣ ਵਾਲੇ ਲੋਕਾਂ ਦੁਆਰਾ ਮਾਪਦੰਡ ਨੂੰ ਪੂਰਾ ਕੀਤਾ ਗਿਆ

ਅਸੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਹੋਰ ਵੀ ਬਹੁਤ ਸਾਰੀਆਂ ਖਾਸ ਗੱਲਾਂ ਹਨ ਜੋ ਆਤਮਿਕ ਵਿਕਾਸ ਦੇ ਚਿੰਨ੍ਹ ਹਨ, ਪਰ ਹੇਠਾਂ ਦੱਸੀ ਸੂਚੀ ਉਨ੍ਹਾਂ ਮੁੱਢਲੀਆਂ ਚੀਜ਼ਾਂ ਦੀ ਗੱਲ ਕਰਦੀ ਹੈ ਜੋ ਏਕਤਾ ਅਤੇ ਸੱਚੀ ਮਸੀਹੀ ਸੰਗਤੀ ਦੇ ਲਈ ਜਰੂਰੀ ਹਨ।

**(1) ਆਤਮਿਕ ਜੀਵਨ**

ਮਨ ਦੇ ਪਰਿਵਰਤਨ, ਆਤਮਿਕ ਇੱਛਾ ਅਤੇ ਪਰਮੇਸ਼ੁਰ ਦੇ ਨਾਲ ਆਗਿਆਕਾਰੀ ਦੇ ਵਿੱਚ ਚੱਲਣ ਦੇ ਪ੍ਰਮਾਣ ਵਿਖਾਉਣਾ।

**(2) ਬਾਈਬਲ ਆਧਾਰਿਤ ਨੈਤਿਕਤਾ**

ਵਿਭਚਾਰ, ਗ਼ੈਰ-ਕਾਨੂੰਨੀ ਨਸ਼ਿਆਂ, ਤੰਬਾਕੂ ਅਤੇ ਸ਼ਰਾਬ ਦੇ ਸੇਵਨ ਤੋਂ ਦੂਰ ਰਹਿਣਾ।

**(3) ਕਲੀਸਿਆ ਦੇ ਲਈ ਸਮਰਪਣ**

ਵਫ਼ਾਦਾਰੀ ਦੇ ਨਾਲ ਕਲੀਸਿਆ ਦੇ ਵਿੱਚ ਆਉਣਾ ਅਤੇ ਸਿਰਫ਼ ਉਸ ਹਾਲਾਤ ਵਿੱਚ ਗ਼ੈਰ-ਹਾਜ਼ਰ ਹੋਣਾ ਜੇਕਰ ਬਿਮਾਰ ਹੋਵੇ, ਦੂਸਰੀ ਸੇਵਕਾਈ ਕਰ ਰਿਹਾ ਹੋਵੇ, ਜਾਂ ਕਿਸੇ ਅਜਿਹੇ ਰੁਜ਼ਗਾਰ ਦੇ ਵਿੱਚ ਹੋਵੇ ਜੋ ਐਤਵਾਰ ਨੂੰ ਵੀ ਕੰਮ ਕਰਦੇ ਹਨ।

ਕਲੀਸਿਆ ਦੀ ਭੇਂਟ ਦੇ ਵਿੱਚ ਲਗਾਤਾਰ ਦਸਵੰਧ ਦੇਣਾ।

**(4) ਧਰਮ ਸਿਧਾਂਤ ਦੇ ਵਿੱਚ ਏਕਤਾ**

ਵਿਕਟਰੀ ਚੈਪਲ ਦੇ ਵਿਸ਼ਵਾਸ ਕਥਨਾਂ ਦੀ ਸਮਝ ਅਤੇ ਏਕਤਾ ਜਰੂਰੀ ਹਨ। ਪਾਸਬਾਨ ਹਰੇਕ ਉਮੀਦਵਾਰ ਦੇ ਨਾਲ ਸਮਾਂ ਕੱਢ ਕੇ ਚਰਚਾ ਕਰੇਗਾ ਅਤੇ ਉਨ੍ਹਾਂ ਨੂੰ ਹਦਾਇਤਾਂ ਦੇਵੇਗਾ।

**(5) ਵਿਹਾਰਕ ਨੈਤਿਕਤਾ**

ਸਾਰੇ ਸੰਬੰਧਾਂ ਦੇ ਵਿੱਚ ਇਮਾਨਦਾਰੀ ਬਣਾਈ ਰੱਖਣਾ ਅਤੇ ਸਮਰਪਣਾਂ ਨੂੰ ਪੂਰਾ ਕਰਨਾ। ਸੰਗਤੀ ਦੇ ਦੂਸਰੇ ਲੋਕਾਂ ਦੇ ਪ੍ਰਤੀ ਪਿਆਰ ਅਤੇ ਵਫ਼ਾਦਾਰੀ ਵਾਲਾ ਵਿਵਹਾਰ ਰੱਖਣਾ।

## ਨੀਤੀਆਂ

ਅਸੀਂ ਜਾਣਦੇ ਹਾਂ ਕਿ ਕੁਝ ਨਵੇਂ ਮੈਂਬਰ ਛੱਡ ਕੇ ਚਲੇ ਜਾਣਗੇ, ਪਰ ਅਸੀਂ ਪਰਖ ਕਰਨ ਦੇ ਸਮੇਂ ਨੂੰ ਨਾ ਰੱਖਣ ਦੀ ਚੋਣ ਕਰਦੇ ਹਾਂ, ਕਿਉਂਕਿ ਨਵੇਂ ਪਰਿਵਰਤਿਤ ਹੋਏ ਲੋਕਾਂ ਨੂੰ ਕਲੀਸਿਆ ਦੇ ਵਿੱਚ ਤੁਰੰਤ ਸ਼ਮੂਲੀਅਤ ਦੀ ਲੋੜ ਹੁੰਦੀ ਹੈ।

ਪ੍ਰਬੰਧਕ ਸਭਾ ਪਾਸਟਰ ਦੁਆਰਾ ਉਮੀਦਵਾਰ ਦਾ ਇੰਟਰਵਿਊ ਲੈਣ ਤੋਂ ਬਾਅਦ ਫੈਲੋਸ਼ਿਪ ਲਈ ਪ੍ਰਸਤਾਵਿਤ ਨਾਮ ਦਾ ਮੁਲਾਂਕਣ ਕਰੇਗੀ।

ਜੇਕਰ ਪਰਿਵਰਤਿਤ ਹੋਏ ਵਿਅਕਤੀ ਨੇ ਪਹਿਲਾਂ ਬਪਤਿਸਮਾ ਨਹੀਂ ਲਿਆ ਹੋਵੇ ਤਾਂ ਫੈਲੋਸ਼ਿਪ ਵਿੱਚ ਸਵੀਕਾਰ ਜਾਣ ਤੋਂ ਬਾਅਦ ਉਸਨੂੰ ਬਪਤਿਸਮਾ ਦੇਣ ਦਾ ਸਮਾਂ ਤਹਿ ਕੀਤਾ ਜਾਵੇਗਾ।

ਜੇਕਰ ਫੈਲੋਸ਼ਿਪ ਵਿੱਚ ਵਿਸ਼ਵਾਸੀ ਨੂੰ ਨਿਯਮਾਂ/ਮੰਗਾਂ ਦੀ ਉਲੰਘਣਾ ਕਰਦੇ ਪਾਇਆ ਜਾਂਦਾ ਹੈ, ਤਾਂ ਪ੍ਰਬੰਧਕ ਸਭਾ ਜਾਂ ਤਾਂ ਵਿਸ਼ਵਾਸੀ ਨੂੰ ਫੈਲੋਸ਼ਿਪ ਤੋਂ ਬਾਹਰ ਕਰ ਸਕਦੀ ਹੈ ਜਾਂ ਉਸਦੇ ਪਰਖ ਕੀਤੇ ਜਾਣ ਅਤੇ ਜਵਾਬਦੇਹੀ ਦੀ ਮਿਆਦ ਦੀ ਆਗਿਆ ਦੇ ਸਕਦੀ ਹੈ, ਜਿਸ ਤੋਂ ਬਾਅਦ ਉਸਦੇ ਮੁੱਦੇ ਤੇ ਦੁਬਾਰਾ ਵਿਚਾਰ ਕੀਤਾ ਜਾਵੇਗਾ।

### ਦੂਸਰੀ ਉਦਾਹਰਨ

## ਫਿਲੀਪੀਨ ਬਾਈਬਲ ਮੈਥੋਡੇਸਿਟ ਚਰਚ

ਯਿਸੂ ਮਸੀਹ ਨੂੰ ਮੇਰੇ ਮੁਕਤੀਦਾਤਾ ਅਤੇ ਪ੍ਰਭੂ ਦੇ ਤੌਰ ਤੇ ਸਵੀਕਾਰ ਕਰਕੇ, ਉਸਦੀ ਮੌਤ ਤੇ ਵਿਸ਼ਵਾਸ ਕਰਕੇ, ਉਸਦੇ ਲਹੂ ਵਹਾਉਣ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਅਤੇ ਮੇਰੀ ਮੁਕਤੀ ਦੇ ਕੰਮ ਨੂੰ ਪੂਰਾ ਕਰਨ ਤੇ ਪੂਰਾ ਵਿਸ਼ਵਾਸ ਕਰਦਾ ਹਾਂ, ਅਤੇ ਹੁਣ ਮੈਂ ਮਸੀਹ ਦੀ ਵਿਸ਼ਵਵਿਆਪੀ ਦੇਹ ਦੇ ਨਾਲ ਆਪਣੇ ਆਪ ਨੂੰ ਜੋੜ ਲਿਆ ਹੈ। ਪਰ ਜਿਵੇਂ ਸਰੀਰ ਦੇ ਬਹੁਤ ਸਾਰੇ ਅੰਗ ਹਨ, ਉਸੇ ਪ੍ਰਕਾਰ ਮਸੀਹ ਦੀ ਦੇਹ ਦੇ ਬਹੁਤ ਸਾਰੇ ਮੈਂਬਰ ਹਨ। ਦਿਲੀ ਪ੍ਰਾਰਥਨਾ ਦੇ ਦੁਆਰਾ, ਮੈਂ ਪਵਿੱਤਰ ਆਤਮਾ ਦੀ ਅਗਵਾਈ ਹੇਠ ਫਿਲੀਪੀਨ ਬਾਈਬਲ

ਮੈਥੋਡਿਸਟ ਚਰਚ ਪਰਿਵਾਰ ਨਾਲ ਜੁੜਨ ਲਈ ਮਹਿਸੂਸ ਕਰਦਾ ਹਾਂ - ਇਸਦੀ ਸੰਗਤ, ਵਿਸ਼ਵਾਸ ਅਤੇ ਆਤਮਿਕ ਅਨੁਸ਼ਾਸਨਾਂ ਲਈ ਜਿਵੇਂ ਕਿ ਪਰਮੇਸ਼ੁਰ ਮੈਨੂੰ ਵੱਧ ਤੋਂ ਵੱਧ ਸਮਰੱਥ ਬਣਾਉਂਦਾ ਹੈ। ਅਜਿਹਾ ਕਰਨ ਵਿੱਚ, ਮੈਂ ਆਪਣੇ ਆਪ ਨੂੰ ਪਰਮੇਸ਼ੁਰ ਅਤੇ ਦੂਜੇ ਮੈਂਬਰਾਂ ਨੂੰ ਹੇਠ ਲਿਖੇ ਕੰਮ ਕਰਨ ਲਈ ਸਮਰਪਿਤ ਕਰਦਾ ਹਾਂ:

**ਪਹਿਲਾ, ਮੇਰੀ ਕਲੀਸਿਆ ਦੀ ਏਕਤਾ ਦਾ ਬਚਾਅ ਕਰਨ ਦੇ ਲਈ**

- ਦੂਸਰੇ ਮੈਂਬਰਾਂ ਦੇ ਪ੍ਰਤੀ ਪਿਆਰ ਵਾਲਾ ਭਾਵ ਰੱਖ ਕੇ (ਪਤਰਸ ਦੀ ਪਹਿਲੀ ਪੱਤ੍ਰੀ 1:22)
- ਚੁਗਲੀ ਨਿੰਦਿਆ ਤੋਂ ਦੂਰ ਰਹਿ ਕੇ (ਅਫ਼ਸੀਆਂ ਨੂੰ 4:29)
- ਨਿਯੁਕਤ ਕੀਤੇ ਹੋਏ ਆਗੂਆਂ ਦੇ ਪਿੱਛੇ ਚੱਲ ਕੇ (ਇਬਰਾਨੀਆਂ ਨੂੰ 13:17)
- ਉਨ੍ਹਾਂ ਭਰਾਵਾਂ ਤੇ ਦਇਆ ਭਰੀ ਨਜ਼ਰ ਰੱਖ ਕੇ ਜੋ ਪਰਮੇਸ਼ੁਰ ਦੀ ਕ੍ਰਿਪਾ ਤੋਂ ਹੇਠਾ ਡਿੱਗ ਪਏ ਹਨ (ਗਲਾਤੀਆਂ ਨੂੰ 6:1-2)

**ਦੂਸਰਾ, ਕਲੀਸਿਆ ਦੇ ਵਿੱਚ ਮੇਰੀ ਜਿੰਮੇਵਾਰੀ ਨੂੰ ਸਾਂਝੀ ਕਰਕੇ**

- ਇਸਦੀ ਉੱਨਤੀ ਦੇ ਲਈ ਪ੍ਰਾਥਨਾ ਕਰਨ ਦੁਆਰਾ (1 ਥੱਸਲੁਨੀਕੀਆਂ ਨੂੰ 1:1-2)
- ਨਾ-ਪਹੁੰਚੇ ਹੋਏ ਲੋਕਾਂ ਨੂੰ ਆਉਣ ਦਾ ਸੱਦਾ ਦੇਣ ਦੁਆਰਾ (ਲੂਕਾ 14:23)
- ਆਉਣ ਵਾਲਿਆਂ ਦਾ ਨਿੱਘਾ ਸੁਆਗਤ ਕਰਨ ਦੁਆਰਾ (ਰੋਮੀਆਂ ਨੂੰ 15:7)
- ਲੋਕਾਂ ਨੂੰ ਯਿਸੂ ਮਸੀਹ ਬਾਰੇ ਜਾਣ-ਪਛਾਣ ਕਰਾਉਣ ਦੁਆਰਾ (ਰਸੂਲਾਂ ਦੇ ਕਰਤੱਬ 8:33-35)

**ਤੀਸਰਾ, ਮੇਰੀ ਕਲੀਸਿਆ ਦੀ ਸੇਵਕਾਈ ਦੇ ਵਿੱਚ ਸੇਵਾ ਕਰਕੇ**

- ਆਤਮਾ ਵਰਦਾਨਾਂ ਦੀ ਖੋਜ ਕਰਨ ਦੁਆਰਾ (ਪਤਰਸ ਦੀ ਪਹਿਲੀ ਪੱਤ੍ਰੀ 4:10)
- ਪਾਸਬਾਨਾਂ ਦੇ ਨਾਲ ਸੇਵਾ ਕਰਨ ਦੀ ਤਿਆਰੀ ਕਰਨ ਦੁਆਰਾ (ਅਫ਼ਸੀਆਂ ਨੂੰ 4:11-12)
- ਸੰਤਾਂ, ਅਤੇ ਭੁੱਖਿਆਂ, ਨੰਗੇ, ਬਿਮਾਰਾਂ, ਵਿਧਵਾਵਾਂ ਅਤੇ ਅਨਾਥਾਂ, ਅਤੇ ਕੈਦੀਆਂ ਦੀ ਸੇਵਾ ਕਰਨ ਲਈ ਇੱਕ ਸੇਵਕ ਦੇ ਦਿਲ ਨੂੰ ਵਿਕਸਤ ਕਰਕੇ – ਦਿੱਤੇ ਹੋਏ ਸਾਧਨਾਂ ਅਤੇ ਮੌਕਿਆਂ ਦੇ ਅਨੁਸਾਰ (ਮੱਤੀ 25:31-46, ਫ਼ਿਲਿੱਪੀਆਂ ਨੂੰ 2:3-7)।

**ਚੌਥਾ, ਮੇਰੀ ਕਲੀਸਿਆ ਦੀ ਗਵਾਹੀ ਦਾ ਸਮਰਥਨ ਕਰਨ ਦੁਆਰਾ**

- ਵਫ਼ਾਦਾਰੀ ਦੇ ਨਾਲ ਉੱਥੇ ਜਾਣ ਦੁਆਰਾ (ਇਬਰਾਨੀਆਂ ਨੂੰ 10:25)
- ਸੁਣੇ ਹੋਏ ਪ੍ਰਚਾਰ ਨੂੰ ਹਲੀਮੀ ਦੇ ਨਾਲ ਸਵੀਕਾਰ ਕਰਕੇ, ਅਤੇ ਇਸਦੇ ਚਾਨਣ ਵਿੱਚ ਚੱਲਣ ਦੁਆਰਾ (ਯੂਹੰਨਾ ਦੀ ਪਹਿਲੀ ਪੱਤ੍ਰੀ 1:9-10)
- ਪਵਿੱਤਰ ਜੀਵਨ ਦਾ ਪਿੱਛਾ ਕਰਨ ਦੁਆਰਾ (ਇਬਰਾਨੀਆਂ ਨੂੰ 12:14, ਫ਼ਿਲਿੱਪੀਆਂ ਨੂੰ 1:27)
- ਪਾਪਾਂ ਦਾ ਇਕਰਾਰ ਕਰਨ ਦੁਆਰਾ (ਯਾਕੂਬ 5:16)
- ਪ੍ਰਭੂ ਭੋਜ ਦੇ ਵਿੱਚ ਹਿੱਸਾ ਲੈਣ ਦੁਆਰਾ (੧ ਕੁਰਿੰਥੀਆਂ ਨੂੰ 11:23-26)
- ਲਗਾਤਾਰ ਦਾਨ ਦੇਣ ਦੁਆਰਾ (ਲੇਵੀਆਂ ਦੀ ਪੋਥੀ 27:30, ੧ ਕੁਰਿੰਥੀਆਂ ਨੂੰ 16:2, ੨ ਕੁਰਿੰਥੀਆਂ ਨੂੰ 9:7)

ਦਸਤਖਤ _____ ਮਿਤੀ _______________

ਮੈਂਬਰ ਦੇ ਦਸਤਖਤ _________________________________

ਮਨਜ਼ੂਰ ਕਰਨ ਵਾਲਾ: _________________________________ ਸਥਾਨਕ ਚਰਚ ਪਾਸਟਰ

## ਸੱਤ ਸੰਖੇਪ ਕਥਨ

1. ਪਰਮੇਸ਼ੁਰ ਵਿਸ਼ਵਾਸੀਆਂ ਦੇ ਸਮੂਹ ਵਿੱਚ ਖਾਸ ਤਰੀਕੇ ਨਾਲ ਵਾਸ ਕਰਦਾ ਹੈ।
2. ਕਲੀਸਿਆ ਪਰਮੇਸ਼ੁਰ ਦਾ ਪਰਿਵਾਰ ਹੈ, ਜਿੱਥੇ ਵਿਸ਼ਵਾਸੀ ਪਰਿਵਾਰਿਕ ਸੰਬੰਧ ਦੇ ਲਈ ਸਮਰਪਣ ਕਰਦੇ ਹਨ।
3. ਕਲੀਸਿਆ ਦੀ ਮੈਂਬਰਸ਼ਿਪ ਲੈਣਾ ਕਲੀਸਿਆ ਦੇ ਲਈ ਪਰਮੇਸ਼ੁਰ ਦੀ ਯੋਜਨਾ ਵਿੱਚ ਭਾਗੀਦਾਰ ਹੋਣ ਦਾ ਤਰੀਕਾ ਹੈ।
4. ਇੱਕ ਵਿਸ਼ਵਾਸੀਆਂ ਦੇ ਸਮੂਹ ਨੂੰ ਮਿਲ ਕੇ ਕਲੀਸਿਆ ਦੀਆਂ ਜਿੰਮੇਵਾਰੀਆਂ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ।
5. ਜਦੋਂ ਕਿਸੇ ਵਿਅਕਤੀ ਦੀਆਂ ਯੋਗਤਾਵਾਂ ਕਲੀਸਿਆ ਦੇ ਵਿੱਚ ਉਪਯੋਗ ਹੁੰਦੀਆਂ ਹਨ ਤਾਂ ਉਹ ਬਹੁਤ ਮੁੱਲਵਾਨ ਹੋ ਜਾਂਦੀਆਂ ਹਨ।
6. ਇੱਕ ਪਰਿਵਰਤਿਤ ਹੋਏ ਵਿਅਕਤੀ ਨੂੰ ਜਲਦੀ ਦੇ ਨਾਲ ਕਲੀਸਿਆ ਦੇ ਵਿੱਚ ਸ਼ਾਮਿਲ ਕਰ ਲੈਣਾ ਚਾਹੀਦਾ ਹੈ।
7. ਕਲੀਸਿਆ ਦੀ ਮੈਂਬਰਸ਼ਿਪ ਦੇ ਲਈ ਪਰਿਪੱਕਤਾ ਇੱਕ ਮੰਗ ਨਹੀਂ ਹੋਣੀ ਚਾਹੀਦੀ ਹੈ।

## ਪਾਠ 5 ਦੇ ਅਸਾਇਨਮੈਂਟ

1. ਪਾਠ 5 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।

3. ਲਿਖਣ ਵਾਲਾ ਅਸਾਇਨਮੈਂਟ: ਤੁਹਾਡੀ ਕਲੀਸਿਆ ਦੇ ਵਿੱਚ ਆਉਣ ਵਾਲੇ ਉਨ੍ਹਾਂ ਲੋਕਾਂ ਦੀ ਪ੍ਰਤੀਸ਼ਤਤਾ ਦਾ ਅੰਦਾਜ਼ਾ ਲਗਾਓ ਜੋ ਵਚਨਬੱਧ ਮੈਂਬਰ ਹਨ। ਵਰਨਣ ਕਰੋ ਕਿ ਕੋਈ ਵਿਅਕਤੀ ਤੁਹਾਡੇ ਕਲੀਸਿਆ ਵਿੱਚ ਕਿਵੇਂ ਮੈਂਬਰ ਬਣਦਾ ਹੈ।

# ਪਾਠ 6

# ਮਿਲ ਕੇ ਜੀਵਨ ਸਾਂਝਾ ਕਰਨਾ

## ਪੰਤੇਕੁਸਤ ਦੇ ਬਾਅਦ ਕਲੀਸਿਆ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਰਸੂਲਾਂ ਦੇ ਕਰਤੱਬ 2:42-47 ਪੜਣਾ ਚਾਹੀਦਾ ਹੈ। ਪੰਤੇਕੁਸਤ ਦੇ ਬਾਅਦ ਤੁਸੀਂ ਕਲੀਸਿਆ ਦੀ ਸੰਗਤੀ ਦੇ ਬਾਰੇ ਕਿਹੜੇ ਵੇਰਵਿਆਂ ਨੂੰ ਵੇਖਦੇ ਹੋ?

ਪੰਤੇਕੁਸਤ ਦੇ ਬਿਲਕੁਲ ਬਾਅਦ, ਰਸੂਲਾਂ ਦੇ ਕਰਤੱਬ ਕਲੀਸਿਆ ਦੇ ਜੀਵਨ ਬਾਰੇ ਜਾਣਕਾਰੀ ਦਿੰਦਾ ਹੈ। "ਜਿਨ੍ਹਾਂ ਨੇ ਨਿਹਚਾ ਕੀਤੀ ਸੀ ਓਹ ਸਭ ਇਕੱਠੇ ਸਨ ਅਤੇ ਸਾਰੀਆਂ ਵਸਤਾਂ ਵਿੱਚ ਭਾਈਵਾਲ ਸਨ।" ਬਹੁਤ ਸਾਰੇ ਲੋਕਾਂ ਨੇ ਕਲੀਸਿਆ ਦੇ ਭਾਈਚਾਰਕ ਜੀਵਨ ਦਾ ਸਮਰਥਨ ਕਰਨ ਦੇ ਲਈ ਆਪਣੀਆਂ ਜਾਇਦਾਦਾਂ ਨੂੰ ਵੇਚ ਦਿੱਤਾ। ਉਹ ਅਕਸਰ ਅਰਾਧਨਾ ਦੇ ਲਈ ਹੈਕਲ ਅਤੇ ਘਰਾਂ ਦੇ ਵਿੱਚ ਸੰਗਤੀ ਦੇ ਲਈ ਇਕੱਠੇ ਹੁੰਦੇ ਸਨ।

ਉਸ ਸਮੇਂ ਜਦੋਂ ਉਨ੍ਹਾਂ ਵਿੱਚ ਪਵਿੱਤਰ ਆਤਮਾ ਦਾ ਕੰਮ ਆਪਣੇ ਸਿਖਰ ਤੇ ਸੀ, ਕਲੀਸਿਆ ਦਾ ਭਾਈਚਾਰਕ ਜੀਵਨ ਆਪਣੇ ਸਭ ਤੋਂ ਡੂੰਘੇ ਪੱਧਰ ਤੇ ਸੀ। ਉਨ੍ਹਾਂ ਮੁੱਢਲੇ ਵਿਸ਼ਵਾਸੀਆਂ ਲਈ, ਕਲੀਸਿਆ ਦਾ ਹਿੱਸਾ ਹੋਣ ਦਾ ਅਰਥ ਐਤਵਾਰ ਨੂੰ ਸਭਾ ਵਿੱਚ ਸ਼ਾਮਲ ਹੋਣ ਨਾਲੋਂ ਕਿਤੇ ਜ਼ਿਆਦਾ ਸੀ। ਵਿਸ਼ਵਾਸੀ ਰੋਜ਼ਾਨਾ ਇਕੱਠੇ ਜੀਵਨ ਸਾਂਝਾ ਕਰਦੇ ਸਨ।

> "ਪਵਿੱਤਰ ਵਚਨਾਂ ਅਤੇ ਵਿਸ਼ਵਾਸ ਕਥਨ ਦੋਨਾਂ ਦੇ ਵਿੱਚ ਹੀ ਮਸੀਹੀ ਸੰਗਤੀ ਨੂੰ ਕ੍ਰਿਪਾ ਦੇ ਸਾਧਨ ਵੱਜੋਂ ਦਰਸਾਇਆ ਗਿਆ ਹੈ।"
>
> - ਵਿਲੇ ਅਤੇ ਕਲਬਰਟਸਨ,
> *ਇੰਟ੍ਰੋਡਕਸ਼ਨ ਟੂ ਕ੍ਰਿਸਚਨ ਥਿਓਲੋਜੀ*

## ਪਰਿਵਾਰ ਦੇ ਵਿੱਚ ਜੀਵਨ

ਨਵੇਂ ਨੇਮ ਦੇ ਵਿੱਚ ਕਲੀਸਿਆ ਨੂੰ ਪਰਿਵਾਰ (ਘਰਾਣਾ) ਕਿਹਾ ਗਿਆ ਹੈ (ਗਲਾਤੀਆਂ ਨੂੰ 6:10, ਅਫ਼ਸੀਆਂ ਨੂੰ 3:15)। ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੀ ਸੰਤਾਨ ਕਿਹਾ ਗਿਆ ਹੈ (ਗਲਾਤੀਆਂ ਨੂੰ 3:26, ਯੂਹੰਨਾ ਦੀ ਪਹਿਲੀ ਪੱਤ੍ਰੀ 3:2), ਅਤੇ ਉਹ ਇੱਕ ਦੂਸਰੇ ਨੂੰ ਭੈਣਾਂ ਭਾਈ ਕਹਿ ਕੇ ਸੰਬੋਧਿਤ ਕਰਦੇ ਹਨ (ਯਾਕੂਬ 2:15, ੧ ਕੁਰਿੰਥੀਆਂ ਨੂੰ 5:11)।

ਆਓ ਪਰਿਵਾਰ ਦੀ ਕਲਪਨਾ ਕਰੀਏ ਜਿਵੇਂ ਕਿ ਆਧੁਨਿਕ ਸਮੇਂ ਤੱਕ ਸੰਸਾਰ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਸਮਝਿਆ ਜਾਂਦਾ ਰਿਹਾ ਹੈ। ਰਿਸ਼ਤੇਦਾਰਾਂ ਦੇ ਨੈੱਟਵਰਕ ਦੇ ਨਾਲ ਇੱਕ ਕਬੀਲਾ ਬਣਦਾ, ਜੋ ਕਿ ਇੱਕ ਕਬੀਲੇ ਦਾ ਹਿੱਸਾ ਸੀ। ਵਿਸਤ੍ਰਿਤ ਪਰਿਵਾਰ ਸੁਰੱਖਿਆ, ਨਿਆਂ ਤੱਕ ਪਹੁੰਚ, ਜ਼ਮੀਨ ਦਾ ਕਬਜ਼ਾ, ਰੁਜ਼ਗਾਰਯੋਗਤਾ, ਵਿਆਹਯੋਗਤਾ, ਸਿੱਖਿਆ, ਬੁਢਾਪੇ ਦੀ ਸਹਾਇਤਾ, ਅਨਾਥਾਂ ਨੂੰ ਸਹਾਇਤਾ

ਅਤੇ ਵਿਧਵਾਵਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਸੀ। ਇਨ੍ਹਾਂ ਸਭ ਚੀਜ਼ਾਂ ਦੀ ਉਪਲੱਭਧਤਾ ਪਰਿਵਾਰਕ ਸੰਬੰਧਾਂ ਤੋਂ ਬਾਹਰ ਬਹੁਤ ਹੀ ਘੱਟ ਹੁੰਦੀ ਹੈ।

ਇਸ ਪ੍ਰਕਾਰ ਦੇ ਸਭਿਆਚਾਰ ਦੇ ਵਿੱਚ ਹਰ ਕੋਈ ਪਰਿਵਾਰ ਦੇ ਧਰਮ ਨੂੰ ਮੰਨਦਾ ਹੈ। ਧਰਮ ਨੂੰ ਨਿੱਜੀ ਚੋਣ ਦੇ ਤੌਰ ਦੇ ਨਹੀਂ ਵੇਖਿਆ ਜਾਂਦਾ ਸੀ। ਬੱਚਿਆਂ ਨੂੰ ਪਰਿਵਾਰ ਦੀਆਂ ਧਾਰਮਿਕ ਰੀਤਾਂ ਦੇ ਵਿੱਚ ਸਿਖਲਾਈ ਦਿੱਤੀ ਜਾਂਦੀ ਸੀ।

> "ਕਲੀਸਿਆ ਪਰਮੇਸ਼ੁਰ ਦਾ ਪਰਿਵਾਰ, ਜਿੱਥੇ ਲਹੂ ਅਤੇ ਜਨਮ ਦੁਆਰਾ ਅਸੀਂ ਵਿਰਾਸਤ ਅਤੇ ਪਿਆਰ ਦੇ ਸਮੁਦਾਏ ਨਾਲ ਨਵੇਂ ਜਨਮ ਦੁਆਰਾ ਅਤੇ ਯਿਸੂ ਦੇ ਲਹੂ ਦੁਆਰਾ ਜੁੜਦੇ ਹਾਂ।"
>
> - ਲੈਰੀ ਸਮਿਥ,
>
> *ਮੈਂ ਵਿਸ਼ਵਾਸ ਕਰਦਾ ਹਾਂ: ਮਸੀਹੀ ਵਿਸ਼ਵਾਸ ਦੀਆਂ ਮੁੱਢਲੀਆਂ ਗੱਲਾਂ*

ਮਸੀਹਤ ਵਿੱਚ ਆਉਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਦੁਆਰਾ ਤਿਆਗ ਦਿੱਤਾ ਜਾਂਦਾ ਸੀ। ਅਜਿਹੇ ਲੋਕ ਉਹ ਸਭ ਗੁਆ ਦਿੰਦੇ ਸਨ ਜੋ ਆਮ ਤੌਰ ਤੇ ਇੱਕ ਪਰਿਵਾਰ ਦੇ ਦੁਆਰਾ ਮਿਲਦਾ ਹੈ। ਕਲੀਸਿਆ ਉਨ੍ਹਾਂ ਦਾ ਨਵਾਂ ਪਰਿਵਾਰ ਬਣ ਜਾਂਦਾ ਸੀ। ਇਸੇ ਕਾਰਨ ਉਹ ਇੱਕ ਦੂਸਰੇ ਨੂੰ ਭਾਈ ਅਤੇ ਭੈਣ ਕਹਿ ਕੇ ਸੰਬੋਧਿਤ ਕਰਦੇ ਸਨ। ਕਲੀਸਿਆ ਦੇ ਲੋਕ ਇੱਕ ਦੂਸਰੇ ਦੀ ਸਹਾਇਤਾ ਕਰਦੇ ਸਨ ਅਤੇ ਉਹ ਇੱਕ ਦੂਸਰੇ ਤੇ ਨਿਰਭਰ ਰਹਿੰਦੇ ਸਨ।

ਜੇਕਰ ਕਿਸੇ ਕਲੀਸਿਆ ਦੇ ਲੋਕ ਇੱਕ ਦੂਸਰੇ ਨੂੰ ਸਿਰਫ਼ ਐਤਵਾਰ ਨੂੰ ਹੀ ਮਿਲਦੇ ਸਨ ਤਾਂ ਉਹ ਇਹ ਸੋਚਣਾ ਸ਼ੁਰੂ ਕਰ ਦਿੰਦੇ ਹਨ ਕਿ ਸਿਰਫ਼ ਐਤਵਾਰ ਦੀ ਸਭਾ ਹੀ ਕਲੀਸਿਆ ਹੈ। ਨਵੇਂ ਨੇਮ ਦੀਆਂ ਕਲੀਸਿਆਵਾਂ ਐਤਵਾਰ ਨੂੰ ਮਿਲਦੀਆਂ ਸਨ, ਪਰ ਕਲੀਸਿਆ ਪ੍ਰਤੀਦਿਨ ਜੀਵਿਤ ਅਤੇ ਕਿਰਿਆਸ਼ੀਲ ਰਹਿੰਦੀ ਸੀ।

► ਜੇਕਰ ਕਲੀਸਿਆ ਦੇ ਲੋਕ ਪ੍ਰਤੀਦਿਨ ਦੇ ਜੀਵਨ ਵਿੱਚ ਇੱਕ ਦੂਸਰੇ ਦੇ ਸਾਂਝੀ ਹੋਣਗੇ ਤਾਂ ਚੀਜ਼ਾਂ ਅਲੱਗ ਕਿਵੇਂ ਹੋਣਗੀਆਂ?

ਪਾਸਟਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਹਫ਼ਤੇ ਭਰ ਕਲੀਸਿਆ ਦੀ ਸੇਵਕਾਈ ਕਰਨਾ ਅਰਾਧਨਾ ਸਭਾ ਦੀ ਅਗਵਾਈ ਕਰਨ ਜਿੰਨਾ ਹੀ ਮਹੱਤਵਪੂਰਨ ਹੈ। ਇਸਦੇ ਲਈ ਹਰ ਤਰ੍ਹਾਂ ਦੇ ਆਤਮਿਕ ਵਰਦਾਨਾਂ ਅਤੇ ਯੋਗਤਾਵਾਂ ਦੀ ਲੋੜ ਹੁੰਦੀ ਹੈ, ਸਿਰਫ਼ ਕਲੀਸਿਆ ਦੀਆਂ ਸੇਵਾਵਾਂ ਵਿੱਚ ਵਰਤੇ ਜਾਣ ਵਾਲੇ ਵਰਦਾਨਾਂ ਦੀ ਹੀ ਨਹੀਂ। ਹਰੇਕ ਵਿਅਕਤੀ ਲਈ ਸੇਵਾ ਕਰਨ ਦਾ ਇੱਕ ਤਰੀਕਾ ਹੁੰਦਾ ਹੈ। ਸਮਾਜ ਦੇ ਲੋਕ ਵੇਖ ਸਕਣਗੇ ਕਿ ਆਤਮਿਕ ਪਰਿਵਾਰ ਦਾ ਹਿੱਸਾ ਬਣਨ ਦਾ ਅਸਲ ਵਿੱਚ ਕੀ ਅਰਥ ਹੈ।

**ਇੱਕ ਵਿਸ਼ਵਾਸੀ ਪਰਿਵਾਰ ਦੇ ਤੌਰ ਤੇ, ਕਲੀਸਿਆ ਮਨੁੱਖੀ ਸ੍ਰੋਤਾਂ ਨੂੰ ਸਮਰਪਿਤ ਕਰਦੀ ਹੈ ਅਤੇ ਸੰਗਤ ਵਿੱਚ ਰਹਿਣ ਵਾਲਿਆਂ ਲਈ ਹਰ ਕਿਸਮ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਈਸ਼ਵਰੀ ਸ੍ਰੋਤ ਨੂੰ ਲੱਭਦੀ ਹੈ, ਜੀਵਨ ਦੇ ਹਰ ਪਹਿਲੂ ਵਿੱਚ ਸੰਸਾਰ ਨੂੰ ਪਰਮੇਸ਼ੁਰ ਦੀ ਬੁੱਧ ਦਾ ਪ੍ਰਦਰਸ਼ਨ ਕਰਦਾ ਹੈ ਅਤੇ ਨਾ ਬਚਾਏ ਗਏ ਲੋਕਾਂ ਨੂੰ ਮਨ ਪਰਿਵਰਤਨ ਕਰਨ ਅਤੇ ਪਰਿਵਾਰ ਵਿੱਚ ਦਾਖਲ ਹੋਣ ਲਈ ਸੱਦਾ ਦਿੰਦਾ ਹੈ।**

## ਸਾਂਝੇ ਜੀਵਨ ਦੇ ਪਹਿਲੂ

ਜੇਕਰ ਲੋਕ ਮਿਲ ਕੇ ਜੀਵਨ ਨੂੰ ਸਾਂਝਾ ਕਰਦੇ ਹਨ ਤਾਂ ਇਕੱਠਿਆਂ ਉਨ੍ਹਾਂ ਦੇ ਵਿੱਚ ਹੇਠਾਂ ਦੱਸੇ ਪਹਿਲੂ ਸ਼ਾਮਿਲ ਹੋਣਗੇ।

1. **ਸੇਵਕਾਈ ਦੀ ਯੋਜਨਾ ਮਿਲ ਕੇ ਬਣਾਈ ਅਤੇ ਪੂਰੀ ਕੀਤੀ ਜਾਂਦੀ ਹੈ।** ਬਹੁਤ ਸਾਰੀਆਂ ਕਲੀਸਿਆਵਾਂ ਦੇ ਵਿੱਚ ਇੱਕ ਛੋਟੀ ਟੀਮ ਹੀ ਕਲੀਸਿਆ ਦੇ ਕੰਮ ਦੀ ਯੋਜਨਾ ਬਣਾਉਣ ਅਤੇ ਇਸਨੂੰ ਪੂਰਾ ਕਰਨ ਦੇ ਲਈ ਜਿੰਮੇਦਾਰ ਹੁੰਦੀ ਹੈ। ਹਰ ਕਿਸੇ ਨੂੰ ਕਲੀਸਿਆ ਦੇ ਕੰਮ ਵਿੱਚ ਭਾਗੀਦਾਰ ਹੋਣਾ ਚਾਹੀਦਾ ਹੈ, ਇੱਥੋਂ ਤੱਕ ਕਿ ਨਵੇਂ ਪਰਿਵਰਤਿਤ ਹੋਏ ਲੋਕਾਂ ਨੂੰ ਵੀ।

2. **ਜਰੂਰਤਾਂ ਨੂੰ ਮਿਲ ਕੇ ਪੂਰਾ ਕੀਤਾ ਜਾਂਦਾ ਹੈ।** ਜੇਕਰ ਕਿਸੇ ਵਿਅਕਤੀ ਨੂੰ ਕੋਈ ਸਮੱਸਿਆ ਹੈ ਤਾਂ ਉਹ ਸਹਾਇਤਾ ਦੇ ਲਈ ਕਲੀਸਿਆ ਦੇ ਦੋਸਤਾਂ ਤੇ ਨਿਰਭਰ ਹੋ ਸਕਦਾ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਕਿਸੇ ਵਿਅਕਤੀ ਨੂੰ ਗੈਰ-ਜ਼ਿੰਮੇਵਾਰ ਹੋਣ ਦੀ ਮਨਜ਼ੂਰੀ ਦਿੱਤੀ ਜਾ ਸਕਦੀ ਹੈ, ਪਰ ਜੇਕਰ ਉਹ ਉਨ੍ਹਾਂ ਕੰਮ ਕਰ ਰਿਹਾ ਹੈ ਜਿੰਨਾ ਉਹ ਕਰ ਸਕਦਾ ਹੈ, ਤਾਂ ਕਲੀਸਿਆਈ ਪਰਿਵਾਰ ਨੂੰ ਉਸਦੀ ਸਹਾਇਤਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

3. **ਕੰਮ ਨੂੰ ਮਿਲ ਕੇ ਪੂਰਾ ਕੀਤਾ ਜਾਂਦਾ ਹੈ।** ਜਦੋਂ ਵਿਸ਼ਵਾਸੀ ਮਿਲ ਕੇ ਸੰਗਤੀ ਦੇ ਵਿੱਚ ਕਿਸੇ ਦੀ ਸਹਾਇਤਾ ਕਰਦੇ ਹਨ ਤਾਂ ਉਨ੍ਹਾਂ ਦੇ ਵਿੱਚ ਇੱਕ ਮਜ਼ਬੂਤ ਸੰਬੰਧ ਬਣ ਜਾਂਦਾ ਹੈ। ਉਹ ਮਿਲ ਕੇ ਆਪਣੇ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਵੀ ਕੰਮ ਕਰ ਸਕਦੇ ਹਨ।

4. **ਵਿਹਲਾ ਸਮਾਂ ਇਕੱਠੇ ਬਿਤਾਇਆ ਜਾਂਦਾ ਹੈ।** ਕਲੀਸਿਆ ਦੇ ਲੋਕਾਂ ਨੂੰ ਖਾਣਾ ਖਾਣ, ਮਿਲਣ ਜਾਣ ਅਤੇ ਅਜਿਹੀਆਂ ਹੋਰ ਗਤੀਵਿਧੀਆਂ ਕਰਨ ਵੇਲੇ ਆਨੰਦ ਦੇ ਸਮੇਂ ਲਈ ਇਕੱਠੇ ਹੋਣਾ ਚਾਹੀਦਾ ਹੈ।

5. **ਖਾਸ ਸਮਿਆਂ ਨੂੰ ਮਿਲ ਕੇ ਮਨਾਇਆ ਜਾਂਦਾ ਹੈ।** ਸਾਰੇ ਸਭਿਆਚਾਰ ਜੀਵਨ ਦੀਆਂ ਇੱਕੋ ਜਿਹੀਆਂ ਘਟਨਾਵਾਂ ਦੀ ਖੁਸ਼ੀ ਨਹੀਂ ਮਨਾਉਂਦੇ। ਲੋਕਾਂ ਦੇ ਖੁਸ਼ੀ ਮਨਾਉਣ ਦੇ ਕੁਝ ਮੌਕੇ ਜਨਮ ਦੇ ਸਮੇਂ, ਖਾਸ ਉਮਰ ਤੇ ਪਹੁੰਚਣਾ, ਸਕੂਲ ਦੀ ਸ਼ੁਰੂਆਤ, ਸਕੂਲ ਦੀ ਸਮਾਪਤੀ, ਬਪਤਿਸਮਾ ਲੈਣ ਵੇਲੇ, ਜਨਮਦਿਨਾਂ ਤੇ, ਵਿਆਹ ਦੇ ਸਮੇਂ, ਬੱਚੇ ਹੋਣ ਦੇ ਸਮੇਂ, ਜਨਾਜ਼ੇ ਦੇ ਸਮੇਂ (ਦੁੱਖ ਵੇਲੇ) ਅਤੇ ਹੋਰ ਖਾਸ ਸਮੇਂ ਹੁੰਦੇ ਹਨ। ਦੂਜੇ ਧਰਮਾਂ ਦੇ ਲੋਕ ਆਮ ਤੌਰ 'ਤੇ ਇਨ੍ਹਾਂ ਸਮਿਆਂ ਨੂੰ ਮਨਾਉਣ ਲਈ ਵਿਸ਼ੇਸ਼ ਰਸਮਾਂ ਕਰਦੇ ਹਨ। ਕਲੀਸਿਆ ਕੋਲ ਵੀ ਜ਼ਿੰਦਗੀ ਦੇ ਖਾਸ ਸਮਿਆਂ ਨੂੰ ਇਕੱਠੇ ਸਾਂਝਾ ਕਰਨ ਦਾ ਤਰੀਕਾ ਹੋਣਾ ਚਾਹੀਦਾ ਹੈ।

## ਪੁਰਾਣੇ ਨੇਮ ਵਿੱਚ ਦਸਵੰਧ

ਪੁਰਾਣੇ ਨੇਮ ਦੇ ਵਿੱਚ ਦਸਵੰਧ ਸਿਰਫ਼ ਹੈਕਲ ਅਤੇ ਅਰਾਧਨਾ ਕਰਨ ਵਾਲਿਆਂ ਦਾ ਸਮਰਥਨ ਕਰਨ ਦੇ ਲਈ ਹੀ ਨਹੀਂ ਸੀ। ਦਸਵੰਧ ਵਿਧਵਾਵਾਂ, ਅਨਾਥਾਂ ਅਤੇ ਪਰਦੇਸੀਆਂ ਦੀਆਂ ਆਰਥਿਕ ਸਹਾਇਤਾ ਦੇ ਲਈ ਦਿੱਤੇ ਜਾਂਦੇ ਸਨ (ਬਿਵਸਥਾਸਾਰ 26:12)। ਇਸਨੂੰ ਖਾਸ ਮੌਕੇ ਤੇ ਜਸ਼ਨ ਮਨਾਉਣ ਦੇ ਲਈ ਵੀ ਰੱਖਿਆ ਜਾਂਦਾ ਸੀ (ਬਿਵਸਥਾਸਾਰ 12:17-18)। ਦਸਵੰਧ ਦੇ ਇਸਤੇਮਾਲ ਦੱਸਦੇ ਹਨ ਕਿ ਜੀਵਨ ਦੇ ਸਾਰੇ ਪਹਿਲੂ ਕਲੀਸਿਆ ਦੇ ਲਈ ਢੁੱਕਵੇਂ ਹਨ।

## ਸੰਗਤੀ ਅਤੇ ਆਰਥਿਕਤਾ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਯਾਕੂਬ 2:15-16 ਪੜ੍ਹਣਾ ਚਾਹੀਦਾ ਹੈ। ਇਹ ਵਚਨ ਮਸੀਹੀ ਸੰਗਤੀ ਦੇ ਬਾਰੇ ਦਰਸਾਉਂਦੇ ਹਨ?

ਕਈ ਵਾਰ ਲੋਕ ਇਸ ਪ੍ਰਕਾਰ ਜਿਉਂਦੇ ਹਨ ਜਿਵੇਂ ਕਿ ਉਨ੍ਹਾਂ ਦੀਆਂ ਆਰਥਿਕ ਲੋੜਾਂ ਵਿਸ਼ਵਾਸੀਆਂ ਦੀ ਸੰਗਤੀ ਦੇ ਨਾਲ ਨਾ ਜੁੜੀਆਂ ਹੋਣ। ਪਰ ਪਵਿੱਤਰ ਵਚਨ ਸਾਨੂੰ ਦੱਸਦਾ ਹੈ ਕਿ ਵਿਸ਼ਵਾਸ ਦਾ ਪਰਿਵਾਰ ਹੋਣ ਤੋਂ ਭਾਵ ਹੈ ਕਿ ਸਾਨੂੰ ਜਰੂਰਤਾਂ ਦੇ ਵਿੱਚ ਮਦਦ ਕਰਨੀ ਚਾਹੀਦੀ ਹੈ।

ਸੰਗਤੀ ਦਾ ਅਰਥ ਜੀਵਨ ਸਾਂਝਾ ਕਰਨਾ ਹੈ-ਸਿਰਫ਼ ਆਤਮਿਕ ਅਨੁਭਵ ਨਹੀਂ, ਪਰ ਪ੍ਰਤੀਦਿਨ ਦਾ ਜੀਵਨ। ਇਸਦੇ ਵਿੱਚ ਆਰਥਿਕ ਸ੍ਰੋਤਾਂ ਦਾ ਸਾਂਝਾ ਕਰਨਾ ਵੀ ਹੋ ਸਕਦਾ ਹੈ (੨ ਕੁਰਿੰਥੀਆਂ ਨੂੰ 9:13, ੨ ਕੁਰਿੰਥੀਆਂ ਨੂੰ 8:4, ਰੋਮੀਆਂ ਨੂੰ 15:26)। ਯਰੂਸ਼ਲਮ ਦੀ ਪਹਿਲੀ ਸਦੀ ਦੇ ਮਸੀਹੀ ਸਮੁਦਾਏ ਦੇ ਵਿੱਚ ਕਿਸੇ ਨੂੰ ਕਿਸੇ ਲੋੜੀਂਦੀ ਚੀਜ਼ ਦੀ ਕਮੀ ਨਹੀਂ ਸੀ (ਰਸੂਲਾਂ ਦੇ ਕਰਤੱਬ 4:34-35), ਕਿਉਂਕਿ ਲੋਕ ਆਪਣੀਆਂ ਵਸਤਾਂ ਸਾਂਝੀਆਂ ਕਰਦੇ ਸਨ।

ਜਦੋਂ ਆਰਥਿਕ ਸਹਾਇਤਾ ਦੇ ਵਿੱਚ ਪੱਖਪਾਤ ਕੀਤਾ ਗਿਆ, ਤਾਂ ਇਹ ਸੇਵਕਾਈ ਦੇ ਵਿੱਚ ਇੱਕ ਰੁਕਾਵਟ ਬਣੀ। ਜਦੋਂ ਸਮੱਸਿਆ ਨੂੰ ਸੁਧਾਰ ਲਿਆ ਗਿਆ ਤਾਂ ਸ਼ੁਭਸਮਾਚਾਰ ਨੇ ਲਗਾਤਾਰ ਲੋਕਾਂ ਨੂੰ ਬਦਲਣਾ ਜਾਰੀ ਰੱਖਿਆ (ਰਸੂਲਾਂ ਦੇ ਕਰਤੱਬ 6:1, 7)।

125 ਈ. ਦੇ ਵਿੱਚ ਇੱਕ ਅਰਿਸਟਾਈਡ ਨਾਮ ਦੇ ਮਸੀਹੀ ਨੇ ਲਿਖਿਆ:

> ਉਹ ਪੂਰੀ ਨਿਮਰਤਾ ਅਤੇ ਦਿਆਲਤਾ ਨਾਲ ਚੱਲਦੇ ਹਨ, ਅਤੇ ਉਨ੍ਹਾਂ ਵਿੱਚ ਝੂਠ ਨਹੀਂ ਪਾਇਆ ਜਾਂਦਾ, ਅਤੇ ਉਹ ਇੱਕ ਦੂਜੇ ਨੂੰ ਪਿਆਰ ਕਰਦੇ ਹਨ। ਉਹ ਵਿਧਵਾਵਾਂ ਨੂੰ ਤੁੱਛ ਨਹੀਂ ਸਮਝਦੇ ਅਤੇ ਅਨਾਥਾਂ ਨੂੰ ਉਦਾਸ ਨਹੀਂ ਕਰਦੇ। ਜਿਸ ਕੋਲ ਕੁਝ ਹੁੰਦਾ ਹੈ, ਉਹ ਖੁੱਲ੍ਹੇ ਦਿਲ ਨਾਲ ਉਸਨੂੰ ਵੰਡਦਾ ਹੈ ਜਿਸ ਦੇ ਕੋਲ ਨਹੀਂ ਹੈ। ਜੇ ਉਹ ਕਿਸੇ ਅਜਨਬੀ ਨੂੰ ਦੇਖਦੇ ਹਨ, ਤਾਂ ਉਹ ਉਸਨੂੰ ਆਪਣੀ ਛੱਤ ਹੇਠ ਲਿਆਉਂਦੇ ਹਨ ਅਤੇ ਉਸ ਉੱਤੇ ਇਸ ਤਰ੍ਹਾਂ ਖੁਸ਼ੀ ਮਨਾਉਂਦੇ ਹਨ ਜਿਵੇਂ ਉਹ ਆਪਣਾ ਭਰਾ ਹੋਵੇ: ਕਿਉਂਕਿ ਉਹ ਆਪਣੇ ਆਪ ਨੂੰ ਭਰਾ ਕਹਿੰਦੇ ਹਨ, ਸਰੀਰ ਅਨੁਸਾਰ ਨਹੀਂ, ਸਗੋਂ ਆਤਮਾ ਅਤੇ ਪਰਮੇਸ਼ੁਰ

> ਅਨੁਸਾਰ; ਪਰ ਜਦੋਂ ਉਨ੍ਹਾਂ ਦਾ ਕੋਈ ਗਰੀਬ ਦੁਨੀਆਂ ਤੋਂ ਚਲਾ ਜਾਂਦਾ ਹੈ, ਅਤੇ ਉਨ੍ਹਾਂ ਵਿੱਚੋਂ ਕੋਈ ਉਸਨੂੰ ਦੇਖਦਾ ਹੈ, ਤਾਂ ਉਹ ਆਪਣੀ ਯੋਗਤਾ ਅਨੁਸਾਰ ਉਸ ਦੇ ਦਫ਼ਨਾਉਣ ਦਾ ਪ੍ਰਬੰਧ ਕਰਦਾ ਹੈ; ਅਤੇ ਜੇ ਉਹ ਸੁਣਦੇ ਹਨ ਕਿ ਉਨ੍ਹਾਂ ਵਿੱਚੋਂ ਕੋਈ ਵੀ ਉਨ੍ਹਾਂ ਦੇ ਮਸੀਹ ਦੇ ਨਾਮ ਲਈ ਕੈਦ ਕੀਤਾ ਗਿਆ ਹੈ ਜਾਂ ਉਸਨੂੰ ਸਤਾਇਆ ਗਿਆ ਹੈ, ਤਾਂ ਉਹ ਸਾਰੇ ਉਸ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਨ; ਅਤੇ ਜੇ ਇਹ ਸੰਭਵ ਹੋਵੇ ਕਿ ਉਸਨੂੰ ਬਚਾਇਆ ਜਾ ਸਕੇ, ਤਾਂ ਉਹ ਉਸਨੂੰ ਬਚਾਉਂਦੇ ਹਨ। ਅਤੇ ਜੇ ਉਨ੍ਹਾਂ ਵਿੱਚੋਂ ਕੋਈ ਅਜਿਹਾ ਆਦਮੀ ਹੈ ਜੋ ਗਰੀਬ ਅਤੇ ਲੋੜਵੰਦ ਹੈ, ਅਤੇ ਉਨ੍ਹਾਂ ਕੋਲ ਜ਼ਰੂਰਤਾਂ ਦੀ ਬਹੁਤਾਇਤ ਨਹੀਂ ਹੈ, ਤਾਂ ਉਹ ਦੋ ਜਾਂ ਤਿੰਨ ਦਿਨ ਵਰਤ ਰੱਖਦੇ ਹਨ ਤਾਂ ਜੋ ਉਹ ਲੋੜਵੰਦਾਂ ਨੂੰ ਉਨ੍ਹਾਂ ਦਾ ਜ਼ਰੂਰੀ ਭੋਜਨ ਪ੍ਰਦਾਨ ਕਰ ਸਕਣ।

ਇੱਕ ਧਰਮ ਵਿਰੋਧੀ ਰੋਮੀ ਸਮਰਾਟ ਜੂਲੀਅਨ (361-363 ਈ.) ਜਿਸਨੇ ਕਲੀਸਿਆ ਨੂੰ ਬਹੁਤ ਸਤਾਇਆ, ਉਸਨੇ ਮਸੀਹੀਆਂ ਦੇ ਬਾਰੇ ਇਹ ਬਿਆਨ ਦਿੱਤਾ: ਇਹ ਈਸ਼ਵਰ ਰਹਿਤ ਗ਼ਲੀਲੀ ਸਿਰਫ਼ ਆਪਣੇ ਹੀ ਗ਼ਰੀਬਾਂ ਨੂੰ ਨਹੀਂ ਪਰ ਸਾਡੇ ਗ਼ਰੀਬਾਂ ਨੂੰ ਵੀ ਭੋਜਨ ਦਿੰਦੇ ਹਨ।"[4]

ਜੇਕਰ ਕੋਈ ਕਲੀਸਿਆ ਸਿਰਫ਼ ਤੋਬਾ ਦਾ ਪ੍ਰਚਾਰ ਕਰਦੀ ਹੈ ਅਤੇ ਤੋਬਾ ਕਰਨ ਵਾਲੇ ਵਿਅਕਤੀ ਨੂੰ ਵਿਸ਼ਵਾਸ ਦੇ ਪਰਿਵਾਰ ਵਿੱਚ ਨਹੀਂ ਬੁਲਾਉਂਦੀ ਜਿੱਥੇ ਉਹ ਸਿੱਖ ਸਕੇ ਕਿ ਆਪਣੇ ਨਵੇਂ ਜੀਵਨ ਨੂੰ ਕਿਵੇਂ ਬਣਾਈ ਰੱਖਣਾ ਹੈ ਤਾਂ ਇਹ ਸਿਰਫ਼ ਆਪਣਾ ਅੱਧਾ ਕੰਮ ਕਰ ਰਹੀ ਹੈ। ਉਦਾਹਰਨ ਦੇ ਲਈ ਜੇਕਰ ਕਲੀਸਿਆ ਕਿਸੇ ਔਰਤ ਨੂੰ ਕਹਿੰਦੀ ਹੈ ਕਿ ਉਹ ਇੱਕ ਵਿਭਚਾਰੀ ਸੰਬੰਧ ਤੋਂ ਆਪਣੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੀ, ਤਾਂ ਫਿਰ ਕਲੀਸਿਆ ਨੂੰ ਉਸਨੂੰ ਦੱਸਣਾ ਉਹ ਵਿਸ਼ਵਾਸ ਦੇ ਪਰਿਵਾਰ ਵਿੱਚ ਆਪਣਾ ਸਮਰਥਨ ਕਿਵੇਂ ਪ੍ਰਾਪਤ ਕਰ ਸਕਦੀ ਹੈ।

ਅਸੀਂ ਸੰਸਾਰ ਦੇ ਕੁਝ ਹਿੱਸਿਆਂ ਦੇ ਵਿੱਚ ਅਜਿਹੀਆਂ ਕਲੀਸਿਆਵਾਂ ਅਤੇ ਕਲੀਸਿਆਈ ਸੰਸਥਾਨ ਵੇਖਦੇ ਹਾਂ ਜੋ ਇਸ ਪ੍ਰਕਾਰ ਦੇ ਮਸੀਹੀ ਸਮੁਦਾਏ ਦਾ ਪ੍ਰਦਰਸ਼ਨ ਕਰਦੇ ਹਨ। ਇਸ ਸਾਰੀ ਸੰਗਤੀ ਦਾ ਨਤੀਜਾ ਸਿਰਫ਼ ਮੈਂਬਰਾਂ ਦੀ ਆਰਥਿਕ ਮਾਮਲਿਆਂ ਵਿੱਚ ਦੇਖਭਾਲ ਵਿੱਚ ਹੀ ਹੁੰਦਾ ਨਹੀਂ ਹੈ, ਸਗੋਂ ਇਸਦੇ ਨਾਲ ਸੇਵਕਾਈ ਨੂੰ ਵੀ ਇੱਕ ਵੱਡੀ ਮਜ਼ਬੂਤੀ ਮਿਲਦੀ ਹੈ।

> [ਬੋਲੀਵੀਆ ਦੇ ਵਿੱਚ] ਇੰਨ੍ਹਾਂ ਕਲੀਸਿਆਵਾਂ ਦੇ ਗਰੀਬਾਂ ਕੋਲ ਉਹ ਹੈ ਜਿਸਨੂੰ ਅਸੀਂ ਬਚਾਅ ਲਈ ਪ੍ਰਬੰਧਕੀ ਕਹਿ ਸਕਦੇ ਹਾਂ। ਗਰੀਬਾਂ ਵਿੱਚ ਚੱਲਣ ਵਾਲੀਆਂ ਇਹ ਪ੍ਰਸਿੱਧ ਕਲੀਸਿਆਵਾਂ ਕਿਸੇ ਪਰੰਪਰਾ, ਰਾਜ ਦੀ ਮਦਦ, ਅਮੀਰ ਦਾਨੀ ਸੱਜਣਾਂ ਦੇ ਦਾਨ ਤੇ, ਜਾਂ ਪੇਸ਼ੇਵਰ ਸੇਵਕਾਂ ਦੇ ਸਮੂਹ ਤੇ ਨਿਰਭਰ ਨਹੀਂ ਕਰਦੀਆਂ। ਉਹਨਾਂ ਦੇ ਵਿੱਚ ਅਜਿਹੀਆਂ ਸੰਗਤੀਆਂ ਹਨ ਜਿੱਥੇ ਮੈਂਬਰ ਸਮੁਦਾਏ ਨੂੰ ਜੀਉਣ, ਵਧਣ, ਵਿਸ਼ਵਾਸ ਦਾ ਪ੍ਰਚਾਰ ਕਰਨ ਅਤੇ ਬਚਣ ਮਿਲ ਕੇ ਕੰਮ ਕਰਦੇ ਹਨ। ਜੀਵਨ ਦੀ ਸੰਪੂਰਨਤਾ ਦੀ ਪ੍ਰਬੰਧਕੀ ਨੂੰ ਪੂਰਨ ਮਿਸ਼ਨਰੀ ਗਤੀਸ਼ੀਲਤਾ ਵਜੋਂ ਅਨੁਭਵ ਕੀਤਾ ਜਾਂਦਾ ਹੈ। ਵਿਕਸਿਤ ਅਤੇ ਸਥਾਪਿਤ

---

[4] ਮਸੀਹੀਆਂ ਨੂੰ "ਈਸ਼ਵਰ ਰਹਿਤ" ਜਾਂ ਨਾਸਤਿਕ ਕਿਹਾ ਜਾਂਦਾ ਸੀ ਕਿਉਂਕਿ ਉਹ ਬਹੁਤ ਸਾਰੀਆਂ ਵਿਖਣ ਵਾਲੀਆਂ ਮੂਰਤੀਆਂ ਤੇ ਵਿਸ਼ਵਾਸ ਕਰਨ ਦੀ ਬਜਾਏ ਇੱਕ ਹੀ ਪਰਮੇਸ਼ੁਰ ਤੇ ਭਰੋਸਾ ਰੱਖਦੇ ਸਨ, ਅਤੇ ਇਹ ਮੰਨਦੇ ਸਨ ਕਿ ਉਹ ਅਦਿੱਖ ਹੈ

> ਕਲੀਸਿਆਵਾਂ ਦੇ ਮਾਮਲੇ ਵਿੱਚ ਜੋ ਪ੍ਰਾਪਤ ਕਰਨਾ ਵਧੇਰੇ ਮੁਸ਼ਕਲ ਜਾਪਦਾ ਹੈ ਉਹ ਹੈ ਆਮ ਵਿਸ਼ਵਾਸੀਆਂ ਦੀ ਗਤੀਸ਼ੀਲਤਾ ਅਤੇ ਮਸੀਹੀ ਭਾਈਚਾਰੇ ਦੀ ਸੰਪੂਰਨ ਭਲਾਈ ਵਿੱਚ ਪੂਰੀ ਭਾਗੀਦਾਰੀ। ਗਰੀਬਾਂ ਦੀਆਂ ਕਲੀਸਿਆਵਾਂ ਦੇ ਵਿੱਚ, ਅਜਿਹੀ ਗਤੀਸ਼ੀਲਤਾ ਸਮੁਦਾਏ ਦੀ ਆਮ ਜੀਵਨ ਸ਼ੈਲੀ ਹੈ। ਜੀਵਨ ਅਤੇ ਸੇਵਕਾਈ ਦਾ ਕੋਈ ਹੋਰ ਰੂਪ ਸੰਭਵ ਹੀ ਨਹੀਂ ਹੈ।[5]

ਅਸੀਂ ਇਸ ਕਲਪਨਾ ਦੇ ਵਿੱਚ ਪੈ ਸਕਦੇ ਹਾਂ ਕਿ ਸ਼ਾਇਦ ਕਲੀਸਿਆ ਦੇ ਕੋਲ ਇਸਦੇ ਮੈਂਬਰਾਂ ਦੀ ਸਹਾਇਤਾ ਕਰਨ ਦੇ ਲਈ ਬਹੁਤ ਸਾਰਾ ਪੈਸਾ ਹੋਵੇਗਾ। ਪਰ ਇਸ ਪ੍ਰਕਾਰ ਦਾ ਸਮੁਦਾਏ ਬੋਲੀਵੀਆ ਦੀਆਂ ਗ਼ਰੀਬ ਕਲੀਸਿਆਵਾਂ ਦੇ ਵਿੱਚਕਾਰ ਵੱਸਦਾ ਹੈ।

ਹਰੇਕ ਸਮਾਜ ਦੇ ਲੋਕ ਜਨਤਕ ਆਰਥਿਕਤਾ ਦੇ ਦੁਆਰਾ ਜੀਵਨ ਨੂੰ ਵਿੱਤੀ ਤੌਰ ਤੇ ਸਾਂਝਾ ਕਰਦੇ ਹਨ। ਅਸੀਂ ਪੈਸਾ ਕਮਾਉਣ ਦੇ ਲਈ ਕੰਮ ਕਰਦੇ ਹਾਂ ਅਤੇ ਆਪਣੀ ਜਰੂਰਤ ਦੀਆਂ ਵਸਤਾਂ ਖਰੀਦਦੇ ਹਾਂ।

> "[ਮਸੀਹੀ ਹੋਣ ਦੀ ਇੱਛਾ ਵਿਖਾਓ] ਭਲੇ ਕੰਮ ਕਰਕੇ ਖਾਸ ਕਰਕੇ ਵਿਸ਼ਵਾਸ ਦੇ ਪਰਿਵਾਰ ਲਈ, ਦੂਸਰਿਆਂ ਦੀ ਬਜਾਏ ਉਨ੍ਹਾਂ ਨੂੰ ਕੰਮ ਤੇ ਰੱਖ ਕੇ, ਇੱਕ ਦੂਸਰੇ ਤੋਂ ਵਸਤਾਂ ਖਰੀਦ ਕੇ, ਵਿਉਪਾਰ ਦੇ ਵਿੱਚ ਇੱਕ ਦੂਸਰੇ ਦੀ ਸਹਾਇਤਾ ਕਰਕੇ ਅਤੇ ਜਿਆਦਾ ਕਰੋ ਕਿਉਂਕਿ ਸੰਸਾਰ ਤਾਂ ਸਿਰਫ਼ ਇਸਦੇ ਆਪਣਿਆਂ ਨੂੰ ਪਿਆਰ ਕਰੇਗਾ।"
>
> \- ਜੋਨ੍ਹ ਵੈਸਲੀ
>
> ਮੈਥੋਡਿਸਟ ਕਹੇ ਜਾਣ ਵਾਲੇ ਸਮੁਦਾਏ ਦੇ ਨਿਯਮ।"

ਇੱਕ ਹੋਰ ਕਿਸਮ ਦੀ ਆਰਥਿਕਤਾ ਇੱਕ ਪਰਿਵਾਰ ਦੇ ਵਿੱਚ ਕੰਮ ਕਰਦੀ ਹੈ। ਪਰਿਵਾਰ ਦੇ ਹਰੇਕ ਮੈਂਬਰ ਦੁਆਰਾ ਕੀਤੇ ਜਾਣ ਵਾਲੇ ਕੰਮ ਨੂੰ ਪੈਸਿਆਂ ਦੇ ਵਿੱਚ ਨਹੀਂ ਮਾਪਿਆ ਜਾਂਦਾ ਹੈ। ਹਰੇਕ ਵਿਅਕਤੀ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਉੱਦਮ ਦੇ ਅਨੁਸਾਰ ਸਹਾਇਤਾ ਹੈ, ਅਤੇ ਇਸਦੇ ਲਈ ਕੋਈ ਕਠੋਰ ਲੇਖਾ ਜੋਖਾ ਨਹੀਂ ਕੀਤਾ ਜਾਂਦਾ। ਸਹਾਇਤਾ ਪਰਿਵਾਰਕ ਸੰਬੰਧਾਂ ਦੇ ਪ੍ਰਸੰਗ ਵਿੱਚ ਦਿੱਤੀ ਜਾਂਦੀ ਹੈ। ਇਹ ਉਮੀਦ ਨਹੀਂ ਕੀਤੀ ਜਾਂਦੀ ਕਿ ਹਰ ਮੈਂਬਰ ਇੱਕੋ ਜਿਹੇ ਕੰਮ ਕਰ ਸਕੇਗਾ ਜਾਂ ਬਰਾਬਰ ਦੇ ਮੁੱਲ ਦਾ ਕੰਮ ਕਰੇਗਾ, ਪਰ ਉਸਨੂੰ ਉਹ ਕਰਨਾ ਚਾਹੀਦਾ ਹੈ ਜੋ ਉਹ ਕਰ ਸਕਦਾ ਹੈ। ਜੇਕਰ ਪਰਿਵਾਰ ਦਾ ਕੋਈ ਮੈਂਬਰ ਉਹ ਕੰਮ ਕਰਨ ਲਈ ਤਿਆਰ ਨਹੀਂ ਹੈ ਜੋ ਉਹ ਕਰ ਸਕਦਾ ਹੈ, ਤਾਂ ਉਸਨੂੰ ਇਸਦੇ ਬਾਰੇ ਪੁੱਛਿਆ ਜਾਂਦਾ ਹੈ ਅਤੇ ਹੋ ਸਕਦਾ ਹੈ ਕਿ ਉਸਨੂੰ ਦੂਜਿਆਂ ਤੋਂ ਉਹ ਮਦਦ ਨਾ ਮਿਲੇ ਜੋ ਉਹ ਚਾਹੁੰਦਾ ਹੈ।

ਕਲੀਸਿਆ ਦੀ ਆਰਥਿਕ ਪ੍ਰਣਾਲੀ ਜਨਤਾ ਦੀ ਆਰਥਿਕਤਾ ਵਰਗੀ ਹੋਣ ਦੀ ਬਜਾਏ ਪਰਿਵਾਰ ਦੀ ਪ੍ਰਣਾਲੀ ਜਿਹੀ ਹੋਣੀ ਚਾਹੀਦੀ ਹੈ। ਅਜਿਹਾ ਕਰਨ ਦੇ ਲਈ ਕਲੀਸਿਆ ਦੇ ਵਿੱਚਕਾਰ ਸੰਬੰਧ ਸਿਰਫ਼ ਉੱਪਰੀ ਦੋਸਤੀ ਤੱਕ ਨਹੀਂ ਹੋਣਾ ਚਾਹੀਦਾ। ਪ੍ਰਸਨ ਉਦੋਂ ਪੁੱਛੇ ਜਾਂਦੇ ਹਨ ਜਦੋਂ ਕੋਈ ਵਿਅਕਤੀ ਆਪਣੇ ਸ੍ਰੋਤਾਂ ਪ੍ਰਤੀ ਗੈਰ-ਜ਼ਿੰਮੇਵਾਰ ਹੋਣ ਜਾਂ ਦੂਜਿਆਂ ਦੀ ਮਦਦ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ ਵੀ ਮਦਦ ਦੀ ਮੰਗ ਕਰਦਾ ਹੈ।

---

[5] Samuel Escobar, in *The Urban Face of Mission: Ministering the Gospel in a Diverse and Changing World*. Edited by Manuel Ortiz and Susan S. Baker. (Phillipsburg: P & R Publishing, 2002), 105.

ਇੱਕ ਕਲੀਸਿਆ ਇਸ ਸੰਬੰਧ ਨੂੰ ਆਪਣੇ ਲੋਕਾਂ ਦੇ ਵਿੱਚ ਵਿਕਸਿਤ ਕਰਨਾ ਸਿੱਖਦੀ ਹੈ। ਉਹ ਅਜਿਹੇ ਲੋਕਾਂ ਨੂੰ ਕਲੀਸਿਆ ਦੇ ਬਾਰੇ ਸਮਝਾਉਣ ਦੇ ਯੋਗ ਹੋਣੇ ਚਾਹੀਦੇ ਹਨ ਜੋ ਕਦੇ ਵੀ ਕਿਸੇ ਦੀ ਸਹਾਇਤਾ ਨਹੀਂ ਕਰਦੇ ਪਰ ਮਦਦ ਦੀ ਮੰਗ ਕਰਦੇ ਹਨ। ਉਨ੍ਹਾਂ ਨੂੰ ਅਜਿਹੇ ਲੋਕਾਂ ਨੂੰ ਸਿਖਾਉਣਾ ਚਾਹੀਦਾ ਹੈ ਜੋ ਦੂਸਰਿਆਂ ਦੇ ਨਾਲ ਸਹਿਯੋਗ ਨਹੀਂ ਕਰ ਸਕਦੇ। ਉਨ੍ਹਾਂ ਨੂੰ ਅਜਿਹੇ ਲੋਕਾਂ ਦਾ ਵਿਰੋਧ ਕਰਨਾ ਚਾਹੀਦਾ ਹੈ ਜੋ ਨੈਤਿਕ ਮਾਮਲਿਆਂ ਦੇ ਵਿੱਚ ਸਿਰਫ਼ ਆਪਣੇ ਮਨ ਦੀ ਮਰਜੀ ਕਰਦੇ ਹਨ ਅਤੇ ਪਾਸਟਰ ਦੁਆਰਾ ਦੱਸੇ ਸੁਧਾਰ ਵੱਲ ਪ੍ਰਤੀਕਿਰਿਆ ਨਹੀਂ ਕਰਦੇ।

► ਕੁਝ ਅਜਿਹੇ ਤਰੀਕਿਆਂ ਦੀਆਂ ਉਦਾਹਰਨਾਂ ਦੱਸੋ ਜਿੰਨ੍ਹਾਂ ਨੂੰ ਕਰਨ ਨਾਲ ਕਲੀਸਿਆ ਦੇ ਮੈਂਬਰ ਇੱਕ ਦੂਸਰੇ ਦੀ ਸਹਾਇਤਾ ਕਰ ਸਕਦੇ ਹਨ? (ਬਾਗਬਾਨੀ, ਬੱਚਿਆਂ ਦੀ ਦੇਖਭਾਲ, ਰੁਜ਼ਗਾਰ ਅਤੇ ਮੁਸ਼ਕਿਲਾਂ ਦੇ ਵਿੱਚ ਸਹਾਇਤਾ)।

## ਅਭਿਆਸਿਕ ਦਿਸ਼ਾ ਨਿਰਦੇਸ਼

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 5:3-16 ਨੂੰ ਪੜਣਾ ਚਾਹੀਦਾ ਹੈ।

ਵਚਨ ਦਾ ਇਹ ਭਾਗ ਇਸ ਗੱਲ ਦੇ ਬਾਰੇ ਅਭਿਆਸਿਕ ਦਿਸ਼ਾ ਨਿਰਦੇਸ਼ ਦਿੰਦਾ ਹੈ ਕਿ ਕਲੀਸਿਆ ਦੇ ਮੈਂਬਰਾਂ ਨੂੰ ਜਰੂਰਤਮੰਦ ਮੈਂਬਰਾਂ ਦਾ ਸਰਮਥਨ ਕਿਵੇਂ ਕਰਨਾ ਚਾਹੀਦਾ ਹੈ। 16 ਵਚਨ ਦੱਸਦਾ ਹੈ ਕਿ ਲੋਕਾਂ ਨੂੰ ਆਪਣੇ ਪਰਿਵਾਰਿਕ ਮੈਂਬਰਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ ਤਾਂ ਕਿ ਕਲੀਸਿਆ ਉਨ੍ਹਾਂ ਦੀ ਮਦਦ ਕਰ ਸਕੇ ਜਿੰਨ੍ਹਾਂ ਦਾ ਕੋਈ ਨਹੀਂ ਹੈ। ਰਸੂਲ ਇਸ ਗੱਲ ਨੂੰ ਮੰਨਦਾ ਹੈ ਕਿ ਮੈਂਬਰਾਂ ਦੀ ਆਰਥਿਕ ਦੇਖਭਾਲ ਕਰਨਾ ਕਲੀਸਿਆ ਦੀ ਜਿੰਮੇਦਾਰੀ ਹੈ।

ਜ਼ਾਹਿਰ ਤੌਰ ਤੇ, ਜੇਕਰ ਕਲੀਸਿਆ ਦਾ ਹਰੇਕ ਮੈਂਬਰ ਆਰਥਿਕ ਤੌਰ ਤੇ ਕਲੀਸਿਆ ਤੇ ਨਿਰਭਰ ਹੋ ਜਾਏ ਤਾਂ ਕਲੀਸਿਆ ਕਿਸੇ ਦੀ ਵੀ ਸਹਾਇਤਾ ਨਹੀਂ ਕਰ ਪਾਏਗੀ। ਵਚਨ ਦਾ ਇਹ ਭਾਗ ਅਭਿਆਸਿਕ ਦਿਸ਼ਾ ਨਿਰਦੇਸ਼ ਦਿੰਦਾ ਹੈ ਤਾਂ ਕਿ ਕਲੀਸਿਆ ਇਸਦੇ ਜਰੂਰਤਮੰਦ ਮੈਂਬਰਾਂ ਦੀ ਸਹਾਇਤਾ ਕਰ ਸਕੇ।

ਵਚਨ ਦਾ ਇਹ ਹਿੱਸਾ ਖਾਸ ਤੌਰ ਤੇ ਵਿਧਵਾਵਾਂ ਦੇ ਬਾਰੇ ਗੱਲ ਕਰਦਾ ਹੈ, ਪਰ ਇਹ ਸਿਧਾਂਤ ਬਾਕੀਆਂ ਤੇ ਵੀ ਲਾਗੂ ਕੀਤੇ ਜਾ ਸਕਦੇ ਹਨ। ਅਸੀਂ ਜਾਣਦੇ ਹਾਂ ਕਿ ਕਲੀਸਿਆ ਦੀ ਦੂਸਰਿਆਂ ਦੇ ਪ੍ਰਤੀ ਜਿੰਮੇਦਾਰੀ ਹੈ: ਯਾਕੂਬ 2:15-16 ਦੱਸਦਾ ਹੈ ਕਿ ਸਾਨੂੰ ਆਪਣੇ ਲੋੜਵੰਦ ਭਰਾ ਜਾਂ ਭੈਣ ਦੀ ਸਹਾਇਤਾ ਕਰਨੀ ਚਾਹੀਦੀ ਹੈ; ਯਾਕੂਬ 1:27 ਦੇ ਵਿਧਵਾਵਾਂ ਅਤੇ ਅਨਾਥਾਂ ਦਾ ਜ਼ਿਕਰ ਕੀਤਾ ਗਿਆ ਹੈ।

ਕਲੀਸਿਆ ਦੇ ਮੈਂਬਰਾਂ ਦੀ ਆਰਥਿਕ ਸਹਾਇਤਾ ਕਰਨ ਦੇ ਲਈ ਤਿੰਨ ਸਿਧਾਂਤ:

1. **ਪਹਿਲੀ ਜਿੰਮੇਵਾਰੀ ਪਰਿਵਾਰ ਦੀ ਹੈ।** ਪਰਿਵਾਰਿਕ ਮੈਂਬਰ ਆਪਣੇ ਲੋੜਵੰਦ ਸੰਬੰਧੀਆਂ ਦੀ ਸਹਾਇਤਾ ਕਰਨ ਦੇ ਪ੍ਰਤੀ ਜਿੰਮੇਦਾਰ ਹਨ ਤਾਂ ਕਿ ਕਲੀਸਿਆ ਨੂੰ ਉਨ੍ਹਾਂ ਦਾ ਸਮਰਥਨ ਨਾ ਕਰਨਾ ਪਵੇ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 5:4, 16)। ਜੇਕਰ ਕੋਈ ਵਿਅਕਤੀ ਆਪਣੇ ਪਰਿਵਾਰ ਦੀ ਸਹਾਇਤਾ ਨਹੀਂ ਕਰਦਾ, ਉਹ ਇੱਕ ਮਸੀਹੀ ਨਹੀਂ ਹੈ (5:8)। ਜੇਕਰ

ਪਾਸਬਾਨ ਵੇਖਦਾ ਹੈ ਕਿ ਕਲੀਸਿਆ ਦੇ ਵਿੱਚ ਕਿਸੇ ਨੂੰ ਕੋਈ ਜਰੂਰਤ ਹੈ, ਤਾਂ ਉਸਨੂੰ ਪਤਾ ਕਰਨਾ ਚਾਹੀਦਾ ਹੈ ਕਿ ਉਸਦਾ ਕਿਹੜਾ ਰਿਸ਼ਤੇਦਾਰ ਉਸਦੀ ਸਹਾਇਤਾ ਕਰ ਸਕਦਾ ਹੈ।

2. **ਇੱਕ ਵਫ਼ਾਦਾਰ ਮੈਂਬਰ ਸਹਾਇਤਾ ਦਾ ਹੱਕਦਾਰ ਹੁੰਦਾ ਹੈ।** ਜੇਕਰ ਕਿਸੇ ਵਿਧਵਾ ਦੇ ਵਫ਼ਾਦਾਰ ਮਸੀਹੀ ਜੀਵਨ ਜੀਵਿਆ ਹੈ ਅਤੇ ਦੂਸਰਿਆਂ ਦੀ ਸਹਾਇਤਾ ਕੀਤੀ ਹੈ ਤਾਂ ਉਹ ਸਹਾਇਤਾ ਲੈਣ ਦੀ ਹੱਕਦਾਰ ਹੈ (5:10)। ਵਿਧਵਾ ਤੋਂ ਇਲਵਾ ਇਹੀ ਸਿਧਾਂਤ ਬਾਕੀ ਅਜਿਹੇ ਲੋੜਵੰਦਾਂ ਤੇ ਵੀ ਲਾਗੂ ਹੁੰਦਾ ਹੈ ਜੋ ਆਪਣੀ ਸਹਾਇਤਾ ਕਰ ਪਾਉਣ ਦੇ ਅਯੋਗ ਹਨ।

3. **ਇੱਕ ਮੈਂਬਰ ਨੂੰ ਆਪਣੇ ਵਿੱਤ ਦੇ ਅਨੁਸਾਰ ਦੂਸਰਿਆਂ ਦੀ ਸਹਾਇਤਾ ਜਰੂਰ ਕਰਨੀ ਚਾਹੀਦੀ ਹੈ।** ਇੱਕ ਮਸੀਹੀ ਨੂੰ ਦੂਸਰਿਆਂ ਦੇ ਲਈ ਬਰਕਤ ਦਾ ਕਾਰਨ ਬਣਨ ਦੇ ਲਈ ਹਰ ਸੰਭਵ ਕੰਮ ਕਰਨਾ ਚਾਹੀਦਾ ਹੈ (5:10)। ਜੇਕਰ ਉਸਦੇ ਕੋਲ ਰੁਜ਼ਗਾਰ ਨਹੀਂ ਹੈ ਤਾਂ ਉਹ ਦੂਸਰਿਆਂ ਦੀ ਸਹਾਇਤਾ ਕਰਨ ਦੇ ਹੋਰ ਤਰੀਕੇ ਲੱਭ ਸਕਦਾ ਹੈ। ਜਿਹੜਾ ਵਿਅਕਤੀ ਕੰਮ ਕਰਨ ਦੀ ਇੱਛਾ ਨਹੀਂ ਰੱਖਦਾ ਕਲੀਸਿਆ ਨੂੰ ਉਸਦੀ ਸਹਾਇਤਾ ਨਹੀਂ ਕਰਨੀ ਚਾਹੀਦੀ (ਥੱਸਲੁਨੀਕੀਆਂ ਨੂੰ ਦੂਜੀ ਪੱਤ੍ਰੀ 3:10)।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਥੱਸਲੁਨੀਕੀਆਂ ਨੂੰ ਦੂਜੀ ਪੱਤ੍ਰੀ 3:6-12 ਨੂੰ ਪੜਣਾ ਚਾਹੀਦਾ ਹੈ।

ਵਚਨ ਦਾ ਇਹ ਭਾਗ ਅਰੰਭਿਕ ਕਲੀਸਿਆ ਦੇ ਜੀਵਨ ਬਾਰੇ ਕਾਫੀ ਕੁਝ ਦੱਸਦਾ ਹੈ। ਇੱਥੇ ਪੌਲੁਸ ਉਨ੍ਹਾਂ ਲੋਕਾਂ ਦੇ ਬਾਰੇ ਗੱਲ ਕਰਦਾ ਹੈ ਜੋ ਕੰਮ ਨਹੀਂ ਕਰਦੇ ਪਰ ਉਹ ਆਪਣੀ ਸਹਾਇਤਾ ਦੇ ਲਈ ਕਲੀਸਿਆ ਤੇ ਨਿਰਭਰ ਰਹਿੰਦੇ ਹਨ। ਉਹ ਆਪਣੇ ਜੀਵਨ ਨੂੰ ਲੋਕਾਂ ਦੇ ਕੋਲ ਜਾ ਕੇ ਚੁਗਲੀਆਂ ਕਰਨ ਦੇ ਵਿੱਚ ਬਿਤਾਉਂਦੇ ਹਨ।

ਇਹ ਸਾਨੂੰ ਉਸ ਸਮੇਂ ਦੀ ਕਲੀਸਿਆ ਦੇ ਬਾਰੇ ਕੀ ਕਹਿੰਦਾ ਹੈ? ਉਹ ਆਪਣੇ ਮੈਂਬਰਾਂ ਦੀ ਦੇਖਭਾਲ ਕਰਦੇ ਸਨ। ਕਲੀਸਿਆ ਇਸ ਗੱਲ ਨੂੰ ਪੱਕਿਆਂ ਕਰਦੀ ਦੀ ਕਲੀਸਿਆ ਦਾ ਕੋਈ ਵੀ ਮੈਂਬਰ ਭੁੱਖਾ ਨਾ ਰਹੇ। ਉਹ ਇੱਕ ਪਰਿਵਾਰ ਦੀ ਤਰ੍ਹਾਂ ਰਹਿੰਦੇ ਸਨ।

ਕਿਉਂਕਿ ਉਹ ਇੱਕ ਪਰਿਵਾਰ ਦੀ ਤਰ੍ਹਾਂ ਰਹਿੰਦੇ ਸਨ, ਇੱਕ ਵਿਅਕਤੀ ਲਈ ਆਲਸੀ ਹੋਣਾ ਅਤੇ ਦੂਜਿਆਂ ਤੇ ਨਿਰਭਰ ਹੋਣਾ ਸੰਭਵ ਸੀ। ਪੌਲੁਸ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਹਰ ਕਿਸੇ ਤੋਂ ਉਹ ਕਰਨ ਦੀ ਮੰਗ ਕਰਨੀ ਚਾਹੀਦੀ ਹੈ ਜੋ ਉਹ ਕਰ ਸਕਦਾ ਹੈ। ਜੇਕਰ ਕੋਈ ਵਿਅਕਤੀ ਉਹ ਕਰਨ ਲਈ ਤਿਆਰ ਨਹੀਂ ਹੈ ਜੋ ਉਹ ਕਰ ਸਕਦਾ ਹੈ, ਤਾਂ ਉਸਨੂੰ ਦੂਜਿਆਂ ਦੁਆਰਾ ਦਿੱਤਾ ਗਿਆ ਭੋਜਨ ਖਾਣ ਦੀ ਵੀ ਮਨਜ਼ੂਰੀ ਨਹੀਂ ਹੋਣੀ ਚਾਹੀਦੀ।

ਜਦੋਂ ਕਲੀਸਿਆ ਇੱਕ ਅਜਿਹੇ ਪਰਿਵਾਰ ਦੀ ਤਰ੍ਹਾਂ ਹੁੰਦੀ ਹੈ ਜੋ ਹਰ ਤਰ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ ਤਾਂ ਇਹ ਬਹੁਤ ਵਧੀਆ ਹੁੰਦਾ ਹੈ। ਅਜਿਹਾ ਹੋਣ ਲਈ, ਕਲੀਸਿਆ ਨੂੰ ਸਿਧਾਂਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਕਲੀਸਿਆ ਦੇ ਕੋਲ ਉਨ੍ਹਾਂ ਲੋਕਾਂ ਲਈ ਬਾਰੇ ਫੈਸਲਾ ਲੈਣ ਦੀਆਂ ਮੰਗਾਂ ਹੋਣੀਆਂ ਚਾਹੀਦੀਆਂ ਹਨ ਜੋ ਸਹਾਇਤਾ ਲਈ ਚਰਚ ਤੇ ਨਿਰਭਰ ਹੁੰਦੇ ਹਨ। ਮੰਗਾਂ ਰੱਖਣ ਤੋਂ

ਬਿਨਾਂ, ਕਲੀਸਿਆ ਦੇ ਉੱਤੇ ਜਲਦੀ ਹੀ ਆਲਸੀ ਲੋਕਾਂ ਦਾ ਬਹੁਤ ਜ਼ਿਆਦਾ ਬੋਝ ਪੈ ਜਾਵੇਗਾ ਅਤੇ ਜ਼ਰੂਰਤਾਂ ਨੂੰ ਪੂਰਾ ਕਰਨਾ ਜਾਰੀ ਰੱਖਣਾ ਬਹੁਤ ਔਖਾ ਹੋ ਜਾਵੇਗਾ।

ਪਾਸਬਾਨਾਂ ਅਤੇ ਸੇਵਕਾਂ ਨੂੰ ਕਲੀਸਿਆ ਦੀ ਇੱਕ ਪਰਿਵਾਰ ਦੇ ਤੌਰ ਤੇ ਕੰਮ ਕਰਨ ਦੇ ਵਿੱਚ ਅਗਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਜਰੂਰਤਾਂ ਦੇ ਪ੍ਰਤੀ ਪਿਆਰ ਭਰੀ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ। ਪਰ, ਪਿਆਰ ਦਾ ਅਰਥ ਹੈ ਕਿ ਉਹ ਸੱਚ ਬੋਲਣ ਦੇ ਇਛੁੱਕ ਹਨ। ਜੇਕਰ ਕੋਈ ਵਿਅਕਤੀ ਆਪਣੀ ਜਿੰਮੇਵਾਰੀ ਨਹੀਂ ਲੈ ਰਿਹਾ ਤਾਂ ਕਿਸੇ ਨੂੰ ਉਸਦੇ ਨਾਲ ਗੱਲ ਕਰਨ ਦਾ ਇਛੁੱਕ ਹੋਣਾ ਚਾਹੀਦਾ ਹੈ। ਜੇਕਰ ਕੋਈ ਵਿਅਕਤੀ ਦੂਸਰਿਆਂ ਦੀ ਸਹਾਇਤਾ ਨਹੀਂ ਕਰਦਾ ਅਤੇ ਆਪਣੀ ਦੇਖਭਾਲ ਕਰਨ ਦੇ ਲਈ ਵੀ ਕੋਈ ਕੰਮ ਨਹੀਂ ਕਰਦਾ, ਤਾਂ ਫਿਰ ਕਲੀਸਿਆ ਨੂੰ ਲਗਾਤਾਰ ਉਸਦਾ ਸਮਰਥਨ ਨਹੀਂ ਕਰਨਾ ਚਾਹੀਦਾ।

ਜਦੋਂ ਕੋਈ ਵਿਅਕਤੀ ਸਹਾਇਤਾ ਦੀ ਮੰਗ ਕਰਦਾ ਹੈ ਤਾਂ ਉਸ ਤੋਂ ਪ੍ਰਸ਼ਨ ਪੁੱਛਣੇ ਜ਼ਾਇਜ ਹਨ। ਕੀ ਉਹ ਦੂਸਰਿਆਂ ਦੀ ਸਹਾਇਤਾ ਕਰਨ ਦਾ ਇਛੁੱਕ ਹੈ? ਕੀ ਉਹ ਜਦੋਂ ਸੰਭਵ ਹੋਵੇ ਕੋਈ ਕੰਮ ਕਰਦਾ ਹੈ? ਕੀ ਉਹ ਪੈਸੇ ਨੂੰ ਬੁੱਧੀਮਾਨੀ ਦੇ ਨਾਲ ਵਰਤਦਾ ਹੈ? ਕੀ ਉਹ ਆਪਣੇ ਪਰਿਵਾਰ ਦੀ ਜਿੰਮੇਵਾਰੀ ਲੈਂਦਾ ਹੈ?

ਕਲੀਸਿਆ ਦੇ ਕੋਲ ਬਹੁਤ ਸਾਰੇ ਲੋਕ ਮਦਦ ਮੰਗਣ ਲਈ ਆਉਂਦੇ ਹਨ। ਕਲੀਸਿਆ ਦੇ ਕੋਲ ਲੋਕਾਂ ਦੀ ਪਹਿਲੀ ਵਾਰ ਦੇਖਭਾਲ ਕਰਨ ਦਾ ਇੱਕ ਤਰੀਕਾ ਹੋਣਾ ਚਾਹੀਦਾ ਹੈ, ਇਸ ਤੋਂ ਪਹਿਲਾਂ ਕਿ ਵਿਅਕਤੀ ਜ਼ਿੰਮੇਵਾਰੀ ਵਿਖਾ ਸਕੇ। ਫਿਰ, ਸੰਬੰਧ ਨੂੰ ਵਿਕਸਤ ਕਰਨ ਦਾ ਇੱਕ ਤਰੀਕਾ ਹੋਣਾ ਚਾਹੀਦਾ ਹੈ। ਵਿਅਕਤੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸਨੂੰ ਕਲੀਸਿਆ ਦੀ ਸੰਗਤ ਦਾ ਹਿੱਸਾ ਬਣਨ ਲਈ ਕੀ ਕਰਨਾ ਚਾਹੀਦਾ ਹੈ।

## ਸੱਤ ਸੰਖੇਪ ਕਥਨ

1. ਕਲੀਸਿਆ ਦੇ ਵਿੱਚ ਪਵਿੱਤਰ ਆਤਮਾ ਦਾ ਕੰਮ ਕਲੀਸਿਆ ਦੇ ਮੈਂਬਰਾਂ ਨੂੰ ਜੀਵਨ ਸਾਂਝਾ ਕਰਨ ਦੇ ਲਈ ਨੇੜਤਾ ਦੇ ਸੰਬੰਧ ਵਿੱਚ ਲਿਆਉਣਾ ਹੈ
2. ਕਲੀਸਿਆ ਇੱਕ ਪਰਿਵਾਰ ਹੈ ਜੋ ਪ੍ਰਤੀਦਿਨ ਦੇ ਜੀਵਨ ਨੂੰ ਸਾਂਝਾ ਕਰਦੇ ਹਨ ਅਤੇ ਹਰੇਕ ਜਰੂਰਤ ਦੀ ਪੂਰਤੀ ਦੇ ਲਈ ਮਿਲ ਕੇ ਕੰਮ ਕਰਦਾ ਹੈ।
3. ਕਲੀਸਿਆ ਇੱਕ ਤੋਬਾ ਕਰਨ ਵਾਲੇ ਪਾਪੀ ਨੂੰ ਵਿਸ਼ਵਾਸ ਦੇ ਪਰਿਵਾਰ ਵਿੱਚ ਸੱਦਾ ਦਿੰਦੀ ਹੈ ਜਿੱਥੇ ਉਹ ਵਿਅਕਤੀ ਆਪਣੇ ਨਵੇਂ ਜੀਵਨ ਨੂੰ ਬਣਾਈ ਰੱਖ ਸਕਦਾ ਹੈ।
4. ਕਲੀਸਿਆ ਹਰ ਰੋਜ਼ ਚੱਲਦੀ ਹੈ, ਇਸਦੇ ਵਿੱਚ ਹਰੇਕ ਵਿਸ਼ਵਾਸੀ ਦੀ ਸੇਵਕਾਈ ਦੇ ਲਈ ਸਥਾਨ ਹੈ।
5. ਕਲੀਸਿਆ ਦੇ ਵਿੱਚ ਬਿਤਾਏ ਜਾਣ ਵਾਲੇ ਸਮੇਂ ਦੇ ਵਿੱਚ ਸੇਵਕਾਈ, ਜਰੂਰਤਾਂ, ਕੰਮ, ਵਿਹਲਾ ਸਮਾਂ ਅਤੇ ਜਸ਼ਨ ਮਨਾਉਣਾ ਸ਼ਾਮਿਲ ਹੈ।
6. ਮਸੀਹੀ ਸੰਗਤੀ ਦੇ ਵਿੱਚ ਭੌਤਿਕ ਸ੍ਰੋਤਾਂ ਨੂੰ ਸਾਂਝਾ ਕਰਨਾ ਸ਼ਾਮਿਲ ਹੈ।
7. ਕਲੀਸਿਆ ਨੂੰ ਉਨ੍ਹਾਂ ਦੀ ਸਹਾਇਤਾ ਕਰਨ ਦੀ ਜਰੂਰਤ ਨਹੀਂ ਹੈ ਜੋ ਦੂਸਰਿਆਂ ਦੀ ਅਤੇ ਆਪਣੇ ਸਹਾਇਤਾ ਕਰਨ ਦੇ ਲਈ ਸੰਭਾਵਨਾ ਅਨੁਸਾਰ ਕੰਮ ਨਹੀਂ ਕਰਦੇ।

## ਪਾਠ 6 ਦੇ ਅਸਾਇਨਮੈਂਟ

1. ਪਾਠ 6 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।
2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।
3. ਲਿਖਣ ਵਾਲਾ ਅਸਾਇਨਮੈਂਟ: ਤੁਹਾਡੀ ਕਲੀਸਿਆ ਦੇ ਵਿੱਚ ਲੋਕ ਅਰਾਧਨਾ ਸਭਾ ਤੋਂ ਪਰੇ ਜੀਵਨ ਨੂੰ ਕਿੰਨਾਂ ਤਰੀਕਿਆਂ ਦੇ ਨਾਲ ਸਾਂਝਾ ਕਰਦੇ ਹਨ?

# ਪਾਠ 7

# ਸੰਸਾਰ ਦੇ ਵਿੱਚ ਕਲੀਸਿਆ

## ਸਮਾਜ ਦੇ ਵਿੱਚ ਕਲੀਸਿਆ

► ਕਲੀਸਿਆ ਨੂੰ ਸਮਾਜ ਦੇ ਵਿੱਚ ਕਿਵੇਂ ਸ਼ਮੂਲੀਅਤ ਕਰਨੀ ਚਾਹੀਦੀ ਹੈ?

ਯਿਰਮਿਯਾਹ ਨੇ ਗ਼ੁਲਾਮੀ ਵਿੱਚ ਪਏ ਯਹੂਦੀਆਂ ਨੂੰ ਇਹ ਕਹਿੰਦੇ ਹੋਏ ਲਿਖਿਆ ਕਿ ਜਿਸ ਪਰਾਈ ਕੌਮ ਦੇ ਵਿੱਚ ਉਹ ਰਹਿੰਦੇ ਹਨ ਉਸਦੇ ਨਾਲ ਉਨ੍ਹਾਂ ਦਾ ਸੰਬੰਧ ਕਿਸ ਪ੍ਰਕਾਰ ਦਾ ਹੋਣਾ ਚਾਹੀਦਾ ਹੈ। ਇੰਨ੍ਹਾਂ ਯਹੂਦੀਆਂ ਨੂੰ ਉਨ੍ਹਾਂ ਦੀ ਇੱਛਾ ਉੱਲਟ ਉੱਥੇ ਰਹਿਣਾ ਪੈ ਰਿਹਾ ਸੀ; ਉਸ ਸਮਾਜ ਦਾ ਧਰਮ ਉਨ੍ਹਾਂ ਦੇ ਲਈ ਗ਼ੈਰ ਸੀ; ਉੱਥੋ ਦੀ ਸਰਕਾਰ ਜ਼ੁਲਮੀ ਸੀ ਅਤੇ ਉਸ ਨੇ ਉਨ੍ਹਾਂ ਦੇ ਦੇਸ਼ ਨੂੰ ਬਰਬਾਦ ਕਰ ਦਿੱਤਾ ਸੀ; ਅਤੇ ਉਹ ਉਸ ਦਿਨ ਦੀ ਉਡੀਕ ਵਿੱਚ ਸਨ ਜਦੋਂ ਉਹ ਉੱਥੋਂ ਵਾਪਿਸ ਜਾ ਸਕਦੇ। ਸ਼ਾਇਦ ਉਨ੍ਹਾਂ ਨੇ ਸੋਚਿਆ ਹੋਵੇਗਾ ਕਿ ਉਨ੍ਹਾਂ ਨੂੰ ਇਸ ਸਮਾਜ ਦੀਆਂ ਸਮੱਸਿਆਵਾਂ ਦੇ ਹੱਲ ਵਿੱਚ ਸ਼ਾਮਿਲ ਨਹੀਂ ਹੋਣਾ ਚਾਹੀਦਾ।

ਉਸ ਸੰਦੇਸ਼ ਨੂੰ ਸੁਣੋ ਜੋ ਪਰਮੇਸ਼ੁਰ ਨੇ ਨਬੀ ਨੂੰ ਇੰਨ੍ਹਾਂ ਲੋਕਾਂ ਦੇ ਲਈ ਦਿੱਤਾ:

> ਅਤੇ ਉਸ ਸ਼ਹਿਰ ਲਈ ਸ਼ਾਂਤੀ ਭਾਲੋ ਜਿੱਥੇ ਮੈਂ ਤੁਹਾਨੂੰ ਅਸੀਰ ਕਰ ਕੇ ਘੱਲਿਆ ਹੈ ਅਤੇ ਉਸ ਦੇ ਕਾਰਨ ਯਹੋਵਾਹ ਅੱਗੇ ਪ੍ਰਾਰਥਨਾ ਕਰੋ ਕਿਉਂ ਜੋ ਉਹ ਦੀ ਸ਼ਾਂਤੀ ਵਿੱਚ ਤੁਹਾਡੀ ਸ਼ਾਂਤੀ ਹੈ (ਯਿਰਮਿਯਾਹ 29:7)।

> "ਕਲੀਸਿਆ ਅਜਿਹਾ ਸਮੁਦਾਏ ਹੈ ਜਿਸਦੇ ਦੁਆਰਾ ਪਵਿੱਤਰ ਆਤਮਾ ਛੁਟਕਾਰੇ ਨੂੰ ਲਿਆਉਂਦਾ ਹੈ ਅਤੇ ਵਰਦਾਨਾਂ ਨੂੰ ਵੰਡਦਾ ਹੈ, ਅਜਿਹਾ ਸਾਧਨ ਜਿਸਦੇ ਵਿੱਚ ਅਤੇ ਦੁਆਰਾ ਪਰਮੇਸ਼ੁਰ ਮਸੀਹ ਦੇ ਵਿੱਚ ਮਨੁੱਖ ਦੇ ਨਾਲ ਆਪਣੀ ਸੁਲਾਹ ਦੇ ਕੰਮ ਨੂੰ ਕਰਦਾ ਹੈ। ਕਲੀਸਿਆ ਨੂੰ ਸੰਸਾਰ ਦੇ ਵਿੱਚ ਪਰਮੇਸ਼ੁਰ ਦੇ ਆਉਣ ਦੇ ਜਸ਼ਨ ਨੂੰ ਮਨਾਉਣ ਦੇ ਲਈ ਸੱਦਿਆ ਗਿਆ ਹੈ, ਅਤੇ ਇਸਨੂੰ ਸੰਸਾਰ ਦੇ ਵਿੱਚ ਵਾਪਿਸ ਜਾ ਕੇ ਪਰਮੇਸ਼ੁਰ ਦੇ ਰਾਜ ਦੇ ਅਜਿਹੇ ਰਾਜ ਦੀ ਘੋਸ਼ਣਾ ਕਰਨ ਦੇ ਲਈ ਘੱਲਿਆ ਗਿਆ ਹੈ ਜੋ ਪਰਮੇਸ਼ੁਰ ਦੇ ਆਉਣ ਅਤੇ ਫਿਰ ਦੁਬਾਰਾ ਆਉਣ ਤੇ ਕੇਂਦਰਿਤ ਹੈ।"
>
> - ਥੋਮਸ ਓਡੇਨ,
> *ਆਤਮਾ ਦੇ ਵਿੱਚ ਜੀਵਨ*

ਸ਼ਾਂਤੀ ਸ਼ਬਦ ਸਿਰਫ਼ ਸ਼ਾਂਤੀ ਨੂੰ ਹੀ ਨਹੀਂ, ਪਰ ਉਨ੍ਹਾਂ ਬਰਕਤਾਂ ਨੂੰ ਵੀ ਦਰਸਾਉਂਦਾ ਹੈ ਜੋ ਸ਼ਾਂਤੀ ਦੇ ਨਾਲ ਆਉਂਦੀਆਂ ਹਨ। ਇਹ ਪਰਮੇਸ਼ੁਰ ਦੀਆਂ ਬਰਕਤਾਂ ਨੂੰ ਦਰਸਾਉਂਦਾ ਹੈ। ਪਰਮੇਸ਼ੁਰ ਦੇ ਉਹ ਅਰਾਧਕ ਇੱਕ ਪਰਾਈ ਕੌਮ ਦੇ ਸਮਾਜ ਵਿੱਚ ਜਦੋਂ ਉਨ੍ਹਾਂ ਲੋਕਾਂ ਦੇ ਲਈ ਬਰਕਤਾਂ ਲਿਆਉਣਗੇ ਤਾਂ ਉਨ੍ਹਾਂ ਨੂੰ ਆਪ ਵੀ ਬਰਕਤਾਂ ਮਿਲਣਗੀਆਂ!

ਸੰਸਾਰ ਦੀਆਂ ਸਮੱਸਿਆਵਾਂ ਪਾਪ ਦੀ ਜੜ੍ਹ ਤੋਂ ਆਉਂਦੀਆਂ ਹਨ। ਵਿਅਕਤੀ ਅਤੇ ਸੰਗਠਿਤ ਸ਼ਕਤੀਆਂ ਪਰਮੇਸ਼ੁਰ ਦੇ ਵਚਨਾਂ ਦਾ ਆਦਰ ਨਹੀਂ ਕਰਦੇ। ਕਲੀਸਿਆ ਸੰਸਾਰ ਦੀਆਂ ਸਮੱਸਿਆਵਾਂ ਨਾਲ ਗੱਲ ਕਰਨ ਲਈ ਵਿਲੱਖਣ ਤੌਰ ਤੇ ਯੋਗ ਹੈ

ਕਿਉਂਕਿ ਕਲੀਸਿਆ ਪਰਮੇਸ਼ੁਰ ਦੇ ਵਚਨਾਂ ਦੀ ਵਿਆਖਿਆ ਕਰ ਸਕਦੀ ਹੈ ਅਤੇ ਪਰਮੇਸ਼ੁਰ ਦੀ ਬੁੱਧ ਦਾ ਪ੍ਰਦਰਸ਼ਨ ਕਰ ਸਕਦੀ ਹੈ। ਕਲੀਸਿਆ ਨੂੰ ਸਿਰਫ਼ ਸਮਾਜ ਦੇ ਪਾਪਾਂ ਦੇ ਵਿਰੁੱਧ ਹੀ ਨਹੀਂ ਬੋਲਣਾ ਚਾਹੀਦਾ, ਸਗੋਂ ਇਹ ਵੀ ਸਮਝਾਉਣਾ ਅਤੇ ਵਿਖਾਉਣਾ ਚਾਹੀਦਾ ਹੈ ਕਿ ਸਮਾਜ ਕਿਹੋ ਜਿਹਾ ਹੋਣਾ ਚਾਹੀਦਾ ਹੈ।

### ਕਲੀਸਿਆ ਅਤੇ ਗੁਆਂਢ

► ਕਿਸੇ ਕਲੀਸਿਆ ਦੀ ਸਫਲਤਾ ਦੇ ਚਿੰਨ੍ਹ ਕੀ ਹਨ?

ਸਫਲਤਾ ਦੀ ਸੰਸਾਰਿਕ ਧਾਰਨਾ ਦੇ ਨਾਲ ਕੋਈ ਵਿਅਕਤੀ ਸੋਚ ਸਕਦਾ ਹੈ ਕਿ ਕਿਸੇ ਕਲੀਸਿਆ ਦੀ ਸਫਲਤਾ ਜਿਆਦਾ ਲੋਕਾਂ ਦੀ ਹਾਜ਼ਰੀ, ਵੱਡੀ ਆਮਦਨੀ ਅਤੇ ਖਰਚ ਅਤੇ ਇੱਕ ਵੱਡੀ ਇਮਾਰਤ ਦੇ ਨਾਲ ਜੁੜੀ ਹੋਈ ਹੈ।

ਮਸੀਹੀ ਲੋਕ ਜਾਣਦੇ ਹਨ ਕਿ ਪਰਮੇਸ਼ੁਰ ਦੀਆਂ ਨਜ਼ਰਾਂ ਦੇ ਵਿੱਚ ਇਹ ਸਫਲਤਾ ਨਹੀਂ ਹੈ, ਪਰ ਅਸੀਂ ਅਕਸਰ ਇੰਨ੍ਹਾਂ ਚੀਜ਼ਾਂ ਦੇ ਦੁਆਰਾ ਪ੍ਰਭਾਵਿਤ ਹੋ ਜਾਂਦੇ ਹਾਂ। ਅਸੀਂ ਆਮ ਤੌਰ ਤੇ ਸੋਚਦੇ ਹਾਂ ਕਿ ਜੇਕਰ ਕਿਸੇ ਪਾਸਬਾਨ ਦੇ ਕੋਲ ਅਜਿਹੀ ਕਲੀਸਿਆ ਹੈ ਤਾਂ ਉਹ ਇੱਕ ਸਫਲ ਪਾਸਟਰ ਹੈ।

ਸਫਲਤਾ ਦਾ ਜਿਆਦਾ ਮਹੱਤਵਪੂਰਨ ਨਾਪ ਉਨ੍ਹਾਂ ਅਸਲ ਪਰਿਵਰਤਨਾਂ ਦੀ ਸੰਖਿਆ ਹੈ ਜੋ ਕਲੀਸਿਆ ਦੀ ਸੇਵਕਾਈ ਦੇ ਕਾਰਨ ਹੁੰਦੇ ਹਨ। ਵਿਸ਼ਵਾਸੀਆਂ ਦਾ ਆਤਮਿਕ ਵਿਕਾਸ ਵੀ ਬਹੁਤ ਜਰੂਰੀ ਹੈ, ਪਰ ਇਸਨੂੰ ਨਾਪਣਾ ਬਹੁਤ ਕਠਿਨ ਹੈ। ਕਿਸੇ ਕਲੀਸਿਆ ਦਾ ਮਹੱਤਵਪੂਰਨ ਪ੍ਰਦਰਸ਼ਨ ਉਹ ਬਦਲਾਅ ਹੈ ਜੋ ਉਹ ਆਪਣੇ ਗੁਆਂਢ ਦੇ ਵਿੱਚ ਲਿਆਉਂਦਾ ਹੈ।

► ਤੁਸੀਂ ਇਸ ਬਿਆਨ ਦੇ ਬਾਰੇ ਕੀ ਸੋਚਦੇ ਹੋ?

> ਕਿਸੇ ਸਥਾਨਕ ਕਲੀਸਿਆ ਦੀ ਸਫਲਤਾ ਸਿੱਧੇ ਤੌਰ ਤੇ ਉਸਦੇ ਗੁਆਂਢ ਵਿੱਚ ਲਿਆਂਦੇ ਬਦਲਾਅ ਦੇ ਪੱਧਰ ਤੇ ਆਧਾਰਿਤ ਹੈ। ਸਫਲਤਾ ਕੋਈ ਵੀ ਹੋਰ ਪਹਿਲੂ ਦੂਸਰੇ ਨੰਬਰ ਤੇ ਆਉਂਦਾ ਹੈ।[6]

ਸ਼ੁਭਸਮਾਚਾਰ ਸਿਰਫ਼ ਪਰਿਵਰਤਿਤ ਹੋਏ ਲੋਕਾਂ ਤੋਂ ਕਿਤੇ ਜਿਆਦਾ ਆਪਣੇ ਪ੍ਰਭਾਵ ਨੂੰ ਪਾਉਂਦਾ ਹੈ। ਹਰੇਕ ਪਰਿਵਰਤਿਤ ਹੋਇਆ ਵਿਅਕਤੀ ਜਦੋਂ ਮਸੀਹੀ ਸਿਧਾਂਤਾਂ ਦੇ ਨਾਲ ਜਿਉਂਦਾ ਹੈ ਤਾਂ ਉਹ ਦੂਸਰਿਆਂ ਤੇ ਵੀ ਇਸਦਾ ਪ੍ਰਭਾਵ ਪਾਉਂਦਾ ਹੈ। ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਕਿਹਾ ਕਿ ਤੁਸੀਂ ਧਰਤੀ ਦੇ ਲੂਣ ਅਤੇ ਚਾਨਣ ਹੋ।

---

[6] John Perkins, quoted by Daniel Hill in "Church in Emerging Culture," in *A Heart for the Community*. Edited by John Fuder and Noel Castellanos. (Chicago: Moody Publishers, 2009), 203.

ਮਸੀਹੀ ਸਿਧਾਂਤ ਆਜਾਦੀ ਅਤੇ ਨਿਆਂ ਦੀ ਨੀਂਹ ਹਨ, ਅਤੇ ਇਹ ਕਿਸੇ ਸਮਾਜ ਨੂੰ ਪਰਿਵਰਤਿਤ ਕਰਨ ਦਾ ਆਧਾਰ ਹੈ। ਜੇਕਰ ਕੋਈ ਕਲੀਸਿਆ ਲੋਕਾਂ ਨੂੰ ਮਸੀਹੀ ਸਿਧਾਂਤ ਅਪਨਾਉਣ ਦੇ ਲਈ ਪ੍ਰਭਾਵਿਤ ਕਰ ਰਹੀ ਹੈ, ਤਾਂ ਸਮਾਜ ਇਸਦੇ ਵਿੱਚ ਆਜਾਦੀ ਅਤੇ ਨਿਆਂ ਨੂੰ ਸਥਾਪਿਤ ਕਰਨ ਦੇ ਲਈ ਪ੍ਰਭਾਵਿਤ ਹੋਵੇਗਾ।

ਇਹ ਸਥਾਨਕ ਸਮੁਦਾਏ ਤੇ ਵੀ ਲਾਗੂ ਹੁੰਦਾ ਹੈ। ਜੇਕਰ ਗੁਆਂਢ ਦੇ ਲੋਕ ਬਚਾਏ ਜਾ ਰਹੇ ਹਨ, ਤਾਂ ਗੁਆਂਢ ਦੇ ਵਿੱਚ ਬਦਲਾਅ ਹੋਣਾ ਚਾਹੀਦਾ ਹੈ।

► ਜੇਕਰ ਤੁਹਾਡੇ ਗੁਆਂਢ ਦੇ ਵਿੱਚ ਬਹੁਤ ਸਾਰੇ ਲੋਕ ਮਸੀਹੀ ਸਿਧਾਂਤਾਂ ਦੇ ਪਿੱਛੇ ਚੱਲਣ ਲਈ ਪ੍ਰਭਾਵਿਤ ਹੋ ਰਹੇ ਹਨ ਤਾਂ ਇਸਦੇ ਵਿੱਚ ਕੀ ਬਦਲਾਅ ਆਉਣਗੇ?

ਆਸ-ਪਾਸ ਦੇ ਇਲਾਦੇ ਦਾ ਕਲੀਸਿਆ ਦੀ ਸੇਵਕਾਈ ਤੋਂ ਪ੍ਰਭਾਵਿਤ ਹੋਣ ਦਾ ਕੀ ਅਰਥ ਹੋਵੇਗਾ? ਅਪਰਾਧ, ਬੱਚਿਆਂ ਨਾਲ ਬਦਸਲੂਕੀ ਅਤੇ ਅਣਗਹਿਲੀ, ਅਨੈਤਿਕ ਵਿਵਹਾਰ, ਹਿੰਸਾ, ਨਸਲੀ ਵਿਤਕਰੇ, ਗੈਰ-ਕਾਨੂੰਨੀ ਕਾਰੋਬਾਰ, ਸ਼ੋਸ਼ਣ ਵਾਲੇ ਕਾਰੋਬਾਰ ਅਤੇ ਭੰਨਤੋੜ ਵਿੱਚ ਕਮੀ ਆਵੇਗੀ। ਕਿਰਾਏਦਾਰ ਵਧੇਰੇ ਵਫ਼ਾਦਾਰ ਹੋਣਗੇ। ਮਕਾਨ ਮਾਲਕ ਸੁਰੱਖਿਅਤ ਘਰ ਪ੍ਰਦਾਨ ਕਰਨਗੇ। ਵਧੇਰੇ ਲੋਕ ਆਪਣੇ ਘਰਾਂ ਦੇ ਮਾਲਕ ਬਣਨ ਦੇ ਯੋਗ ਹੋਣਗੇ। ਕਾਰੋਬਾਰੀ ਕਰਮਚਾਰੀਆਂ ਨੂੰ ਵਿਕਸਤ ਕਰਨ ਲਈ ਤਿਆਰ ਹੋਣਗੇ। ਕਰਮਚਾਰੀਆਂ ਦਾ ਕੰਮ ਦੇ ਲਈ ਬਿਹਤਰ ਚਰਿੱਤਰ ਹੋਵੇਗਾ।

ਕਲੀਸਿਆ ਦਾ ਆਤਮਿਕ ਪ੍ਰਭਾਵ ਪਹਿਲੀ ਪ੍ਰਾਥਮਿਕਤਾ ਹੈ, ਪਰ ਜੇਕਰ ਆਤਮਿਕ ਪ੍ਰਭਾਵ ਅਸਲੀ ਹੈ, ਤਾਂ ਫਿਰ ਇਸਦੇ ਦੁਆਰਾ ਆਸ-ਪਾਸ ਦੇ ਵਿੱਚ ਵੇਖੇ ਜਾ ਸਕਣ ਵਾਲੇ ਬਦਲਾਅ ਆਉਣਗੇ।

## ਗ਼ਰੀਬਾਂ ਦੇ ਲਈ ਸੇਵਕਾਈ

► ਯਿਸੂ ਨੇ ਦੂਸਰਾ ਵੱਡਾ ਹੁਕਮ ਕਿਸਨੂੰ ਕਿਹਾ ਸੀ?

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਲੂਕਾ 10:25-29 ਪੜ੍ਹਣਾ ਚਾਹੀਦਾ ਹੈ।

ਇੱਕ ਸ਼ਰਾ ਦੇ ਸਿਖਾਉਣ ਵਾਲੇ ਯਿਸੂ ਤੋਂ ਪੁੱਛਿਆ ਕਿ ਉਹ ਸਦੀਪਕ ਜੀਵਨ ਕਿਵੇਂ ਪਾ ਸਕਦਾ ਹੈ। ਯਿਸੂ ਨੇ ਉੱਤਰ ਦਿੱਤਾ, "ਤੁਰੇਤ ਵਿੱਚ ਕੀ ਲਿੱਖਿਆ ਹੋਇਆ ਹੈ?" ਉਸਨੇ ਉਸ ਵਿਅਕਤੀ ਨੂੰ ਦੋ ਮਹਾਨ ਆਗਿਆਵਾਂ ਜੋੜ ਕੇ ਉੱਤਰ ਦਿੱਤਾ। ਉਸਨੇ ਕਿਹਾ ਕਿ ਤੈਨੂੰ ਆਪਣੇ ਸਭ ਕੁਝ ਦੇ ਨਾਲ ਪਰਮੇਸ਼ੁਰ ਦੇ ਨਾਲ ਪਿਆਰ ਕਰਨਾ ਚਾਹੀਦਾ ਹੈ ਅਤੇ ਆਪਣੇ ਗੁਆਂਢੀ ਨੂੰ ਆਪਣੇ ਸਮਾਨ ਪਿਆਰ ਕਰਨਾ ਚਾਹੀਦਾ ਹੈ (ਲੂਕਾ 10:27)। ਯਿਸੂ ਨੇ ਕਿਹਾ ਕਿ ਉਸਦਾ ਉੱਤਰ ਸਹੀ ਹੈ ਅਤੇ ਕਿਹਾ ਕਿ, "ਇਹੋ ਕਰ ਤਾਂ ਤੂੰ ਜੀਏਂਗਾ" ਜਿਸ ਵਿਅਕਤੀ ਦੇ ਕੋਲ ਪਿਆਰ ਹੈ ਉਸਦੇ ਕੋਲ ਸਦੀਪਕ ਜੀਵਨ ਹੈ।

ਫਿਰ ਉਸ ਵਿਅਕਤੀ ਨੇ ਪੁੱਛਿਆ, “ਕੌਣ ਹੈ ਮੇਰਾ ਗੁਆਂਢੀ?” ਉਸਨੇ ਇਹ ਨਹੀਂ ਸੋਚਿਆ ਕਿ ਉਸਨੂੰ ਹਰ ਕਿਸੇ ਦੇ ਨਾਲ ਪਿਆਰ ਕਰਨਾ ਚਾਹੀਦਾ ਹੈ। ਉਹ ਲੋਕਾਂ ਦੀ ਇੱਕ ਤੰਗ ਤਰੀਕਾ ਲੱਭਣਾ ਚਾਹੁੰਦਾ ਸੀ ਜਿਸਨੂੰ ਉਸਨੂੰ ਪਿਆਰ ਕਰਨਾ ਚਾਹੀਦਾ ਹੈ, ਤਾਂ ਜੋ ਉਹ ਮਹਿਸੂਸ ਕਰ ਸਕੇ ਕਿ ਉਹ ਉਸ ਮੰਗ ਨੂੰ ਪੂਰਾ ਕਰ ਰਿਹਾ ਹੈ। ਯਿਸੂ ਨੇ ਇਸ ਪ੍ਰਸ਼ਨ ਦਾ ਉੱਤਰ ਇੱਕ ਕਹਾਣੀ ਨਾਲ ਦਿੱਤਾ।

► ਯਿਸੂ ਨੇ ਗੁਆਂਢੀ ਦੇ ਨਾਲ ਪਿਆਰ ਕਰਨ ਦੀ ਉਦਾਹਰਨ ਦੇ ਵੱਜੋਂ ਕਿਹੜੀ ਕਹਾਣੀ ਦੱਸੀ?

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਲੂਕਾ 10:30-37 ਪੜਣਾ ਚਾਹੀਦਾ ਹੈ।

ਯਿਸੂ ਨੇ ਆਪਣੇ ਗੁਆਂਢੀ ਨੂੰ ਆਪਣੇ ਸਮਾਨ ਪਿਆਰ ਕਰਨ ਦੀ ਉਦਾਹਰਨ ਦੇ ਵੱਜੋਂ ਇੱਕ ਸਾਮਰੀ ਵਿਅਕਤੀ ਦੀ ਕਹਾਣੀ ਸੁਣਾਈ। ਪਿਆਰ ਸਾਨੂੰ ਕਿਸੇ ਲੋੜਵੰਦ ਵਿਅਕਤੀ ਦੀ ਸਹਾਇਤਾ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਯਿਸੂ ਨੇ ਲੂਕਾ 4:18-19 ਦੇ ਵਿੱਚ ਆਪਣੇ ਮਿਸ਼ਨ ਬਾਰੇ ਦੱਸਿਆ:

> ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਹ ਨੇ ਮੈਨੂੰ ਮਸਹ ਕੀਤਾ ਭਈ ਗਰੀਬਾਂ ਨੂੰ ਖੁਸ਼ ਖਬਰੀ ਸੁਣਾਵਾਂ। ਓਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪਰਚਾਰ ਕਰਾਂ, ਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ, ਅਤੇ ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ ਦਾ ਪਰਚਾਰ ਕਰਾਂ।

ਇਹ ਬਿਆਨ ਇਸ ਪ੍ਰਸ਼ਨ ਦਾ ਉੱਤਰ ਦਿੰਦਾ ਹੈ, “ਯਿਸੂ ਕਿਉਂ ਆਇਆ ਸੀ?” ਯਿਸੂ ਨੇ ਕਿਹਾ ਕਿ ਉਸਨੂੰ ਇਹ ਕਰਨ ਦੇ ਲਈ ਮਸਹ ਕੀਤਾ ਗਿਆ ਹੈ। ਇਸ ਉਦੇਸ਼ ਦੀ ਭਵਿੱਖਬਾਣੀ ਪੁਰਾਣੇ ਨੇਮ ਦੇ ਵਿੱਚ ਕੀਤੀ ਗਈ ਸੀ।

ਯਿਸੂ ਦੇ ਮਿਸ਼ਨ ਨੇ ਕਲੀਸਿਆ “ਮਸੀਹ ਦੀ ਦੇਹ” ਸੰਸਾਰ ਦੇ ਵਿੱਚ ਅਗਵਾਈ ਕੀਤੀ। ਯਿਸੂ ਨੇ ਕਿਹਾ ਕਿ ਉਸ ਦੁਆਰਾ ਕਰਨ ਵਾਲਾ ਪਹਿਲਾ ਕੰਮ ਗ਼ਰੀਬਾਂ ਨੂੰ ਸ਼ੁਭਸਮਾਚਾਰ ਸੁਣਾਉਣਾ ਹੈ। ਜੇਕਰ ਕਲੀਸਿਆ ਗ਼ਰੀਬਾਂ ਨੂੰ ਭੁੱਲ ਜਾਂਦੀ ਹੈ ਤਾਂ ਇਹ ਆਪਣੇ ਮਿਸ਼ਨ ਨੂੰ ਪੂਰਾ ਨਹੀਂ ਕਰ ਰਹੀ। ਯਿਸੂ ਨੇ ਕਿਹਾ ਕਿ ਗ਼ਰੀਬਾਂ ਨੂੰ ਸਵਰਗ ਦੇ ਰਾਜ ਦੀ ਬਰਕਤ ਦਿੱਤੀ ਜਾਵੇਗੀ (ਲੂਕਾ 6:20)। ਯਾਕੂਬ ਰਸੂਲ ਨੇ ਕਿਹਾ ਕਿ ਪਰਮੇਸ਼ੁਰ ਨੇ ਸਾਨੂੰ ਗ਼ਰੀਬਾਂ ਨੂੰ ਵਿਸ਼ਵਾਸ ਦੇ ਵਿੱਚ ਅਮੀਰ ਬਣਾਉਣ ਦੇ ਲਈ ਚੁਣਿਆ ਹੈ (ਯਾਕੂਬ 2:5)। ਪਰਮੇਸ਼ੁਰ ਨੇ ਆਪਣੀ ਸਮਰੱਥਾ ਵਿਖਾਉਣ ਦੇ ਲਈ ਸੰਸਾਰ ਗ਼ਰੀਬਾਂ ਅਤੇ ਕਮਜ਼ੋਰਾਂ ਨੂੰ ਚੁਣਿਆ ਹੈ (੧ ਕੁਰਿੰਥੀਆਂ ਨੂੰ 1:27-29)। ਕਲੀਸਿਆ ਦੇ ਕੋਲ ਗ਼ਰੀਬਾਂ ਨੂੰ ਸ਼ੁਭਸਮਾਚਾਰ ਸੁਣਾਉਣ ਦੇ ਯਤਨ ਕਰਨ ਦੇ ਬਹੁਤ ਸਾਰੇ ਕਾਰਨ ਹਨ। ਇੱਕ ਕਾਰਨ ਇਹ ਹੈ ਕਿ ਸ਼ੁਭਸਮਾਚਾਰ ਗ਼ਰੀਬਾਂ ਦੇ ਵਿੱਚ ਬਹੁਤ ਤੇਜ਼ੀ ਦੇ ਨਾਲ ਫੈਲਦਾ ਹੈ।

ਯਿਸੂ ਦੁਆਰਾ ਉਸਦੀ ਸੇਵਕਾਈ ਦੇ ਬਾਰੇ ਦਿੱਤਾ ਵੇਰਵਾ ਵਿਖਾਉਂਦਾ ਹੈ ਕਿ ਉਸਨੇ ਧਰਤੀ ਦੇ ਹਾਲਾਤਾਂ ਨੂੰ ਬਦਲਣ ਦੀ ਉਮੀਦ ਵੀ ਕੀਤੀ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਮੀਕਾਹ 6:6-8 ਨੂੰ ਪੜਣਾ ਚਾਹੀਦਾ ਹੈ। ਨਬੀ ਕੀ ਪ੍ਰਸ਼ਨ ਪੁੱਛ ਰਿਹਾ ਸੀ?

ਮੀਕਾਹ ਨਬੀ ਨੇ ਇਸ ਪ੍ਰਸ਼ਨ ਤੇ ਵਿਚਾਰ ਕੀਤਾ ਕਿ ਪਰਮੇਸ਼ੁਰ ਅਸਲ ਦੇ ਵਿੱਚ ਆਪਣੇ ਅਰਾਧਕਾਂ ਤੋਂ ਕੀ ਚਾਹੁੰਦਾ ਹੈ। ਕੁਝ ਲੋਕਾਂ ਨੇ ਪੁੱਛਿਆ ਕਿ ਕੀ ਭੇਡੂਆਂ ਦੇ ਝੁੰਡ ਬਲੀਦਾਨ ਲਈ ਕਾਫ਼ੀ ਹੋਣਗੇ, ਜਾਂ ਬੱਚਿਆਂ ਦੀ ਬਲੀ ਵੀ। ਮੀਕਾਹ ਨੇ ਸਮਝਾਇਆ ਕਿ ਇਹ ਅਜਿਹੀ ਬਲੀਦਾਨ ਲੱਭਣ ਦੀ ਗੱਲ ਨਹੀਂ ਹੈ ਜੋ ਪਰਮੇਸ਼ੁਰ ਦੇ ਯੋਗ ਹੋਣ ਲਈ ਕਾਫ਼ੀ ਹੋਵੇ। ਪਰਮੇਸ਼ੁਰ ਨੇ ਆਪਣੀਆਂ ਮੰਗਾਂ ਨੂੰ ਪ੍ਰਗਟ ਕੀਤਾ ਹੈ। ਅਸੀਂ ਆਪ ਨਿਆਂ ਕਰਨ ਅਤੇ ਦੂਜਿਆਂ ਨੂੰ ਨਿਆਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਜ਼ਿੰਮੇਵਾਰ ਹਾਂ।

ਦਯਾ ਸਿਰਫ਼ ਅਧਿਕਾਰ ਦਾ ਹਲੀਮੀ ਦੇ ਨਾਲ ਇਸਤੇਮਾਲ ਕਰਨ ਦੇ ਬਾਰੇ ਨਹੀਂ ਹੈ। ਦਯਾ ਦਾ ਮਤਲਬ ਜ਼ਰੂਰਤਾਂ ਦੇ ਵਿੱਚ ਰਾਹਤ ਦੇਣਾ ਵੀ ਹੈ। ਯਿਸੂ ਨੇ ਕਿਹਾ ਕਿ ਸਾਮਰੀ ਉਸ ਪਿਆਰ ਦੀ ਇੱਕ ਉਦਾਹਰਣ ਸੀ ਜਿਸ ਦਾ ਹੁਕਮ ਪਰਮੇਸ਼ੁਰ ਦਿੰਦਾ ਹੈ ਕਿਉਂਕਿ ਉਸਨੇ ਦਯਾ ਅਤੇ ਹਮਦਰਦੀ ਵਿਖਾਈ। ਉਸਨੇ ਜਰੂਰਤ ਨੂੰ ਵੇਖ ਕੇ ਪ੍ਰਤੀਕਿਰਿਆ ਕੀਤੀ (ਲੂਕਾ 10:33-34)। ਕਈ ਵਾਰ ਕਲੀਸਿਆਵਾਂ ਸੋਚਦੀਆਂ ਹਨ ਕਿ ਉਨ੍ਹਾਂ ਨੂੰ ਸਿਰਫ਼ ਆਤਮਿਕ ਲੋੜਾਂ ਦੇ ਵੱਲ ਧਿਆਨ ਦੇਣਾ ਚਾਹੀਦਾ ਹੈ। ਉਹ ਸੋਚਦੇ ਹਨ ਕਿ ਉਹ ਗ਼ਰੀਬੀ ਦੇ ਮੁੱਦਿਆਂ ਦੇ ਪ੍ਰਤੀ ਜਿੰਮੇਵਾਰ ਨਹੀਂ ਹਨ। ਪਰ ਫਿਰ ਵੀ ਬਾਈਬਲ 400 ਵਾਰ ਦੇ ਲਗਭਗ ਗ਼ਰੀਬਾਂ ਦਾ ਜ਼ਿਕਰ ਕਰਦੀ ਹੈ। ਗ਼ਰੀਬਾਂ ਦੀ ਸਮੱਸਿਆ ਪਰਮੇਸ਼ੁਰ ਦੀ ਫਿਰਕ ਦਾ ਹਿੱਸਾ ਹੈ। ਨੇਕ ਸਾਮਰੀ ਦੀ ਤਰ੍ਹਾਂ, ਕਲੀਸਿਆ ਨੂੰ ਲੋੜਵੰਦਾਂ ਦੇ ਪ੍ਰਤੀ ਦਯਾ ਵਿਖਾਉਣੀ ਚਾਹੀਦੀ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਹਿਜ਼ਕੀਏਲ 16:49-50 ਪੜਣਾ ਚਾਹੀਦਾ ਹੈ। ਇੰਨ੍ਹਾਂ ਵਚਨਾਂ ਦੇ ਵਿੱਚ ਸਦੂਮ ਦੇ ਕਿਹੜੇ ਪਾਪ ਦਾ ਜ਼ਿਕਰ ਕੀਤਾ ਗਿਆ ਹੈ?

ਸਦੂਮ ਨਗਰ ਨੂੰ ਜਿਨਸੀ ਗੜਬੜੀ ਦੇ ਪਾਪ ਲਈ ਯਾਦ ਕੀਤਾ ਜਾਂਦਾ ਹੈ; ਪਰ ਇਸ ਨਗਰ ਦੀ ਦੁਸ਼ਟਤਾ ਇਕੱਲੀ ਇਹੀ ਨਹੀਂ ਸੀ। ਸਦੂਮ ਦੇ ਲੋਕਾਂ ਨੇ ਆਪਣੀ ਸੰਪੰਨਤਾ ਦੀ ਵਰਤੋਂ ਆਪਣੇ ਲਈ ਐਸ਼ੋ-ਆਰਾਮ ਦੇ ਲਈ ਕੀਤੀ ਅਤੇ ਗਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਨਹੀਂ ਕੀਤੀ।

## ਕਲੀਸਿਆਈ ਖੇਤਰ ਦੀ ਧਾਰਨਾ

ਜਦੋਂ ਕਿਸੇ ਕਲੀਸਿਆ ਦੇ ਕੋਲ ਇਸਦੇ ਗੁਆਂਢ ਦੀ ਜਿੰਮੇਵਾਰੀ ਹੁੰਦੀ ਹੈ, ਤਾਂ ਉਸ ਇਲਾਕੇ ਨੂੰ ਕਲੀਸਿਆਈ ਖੇਤਰ ਕਿਹਾ ਜਾਂਦਾ ਹੈ। ਇਤਿਹਾਸਿਕ ਤੌਰ ਤੇ, ਵੱਡੀਆਂ ਕਲੀਸਿਆਈ ਸੰਸਥਾਵਾਂ ਸਥਾਨਕ ਕਲੀਸਿਆਵਾਂ ਤੋਂ ਕਿਸੇ ਖਾਸ ਭੂਗੋਲਿਕ ਖੇਤਰ ਦੇ ਵਿੱਚ ਸੇਵਾ ਕਰਨ ਦੀ ਉਮੀਦ ਰੱਖਦੀਆਂ ਹਨ। ਇਹ ਰਿਵਾਜ ਰੋਮਨ ਕੈਥੋਲਿਕ ਚਰਚ ਦੀ ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਦੇ ਵਿੱਚ, ਲੂਦਰਨ ਚਰਚ ਦਾ ਜ਼ਰਮਨੀ ਦੇ ਵਿੱਚ ਅਤੇ ਚਰਚ ਆੱਫ ਇੰਗਲੈਂਡ ਦਾ ਗ੍ਰੇਟ ਬ੍ਰਿਟੇਨ ਦੇ ਵਿੱਚ ਪਾਇਆ ਜਾਂਦਾ ਹੈ। ਬਹੁਤ ਸਾਰੇ ਪ੍ਰੋਟੈਸਟੈਂਟ ਕਲਿਸਿਆਈ ਸੰਸਥਾਨਾਂ ਦੇ ਵਿੱਚ ਕਲੀਸਿਆਈ ਖੇਤਰ ਨੂੰ ਇਸੇ ਤਰੀਕੇ ਨਾਲ ਨਹੀਂ ਲਿਆ ਜਾਂਦਾ।

ਕਲਪਨਾ ਕਰੋ ਕਿ ਇੱਕ ਕਲੀਸਿਆ ਦੇ ਲਈ ਆਪਣੇ ਆਪ ਨੂੰ ਆਪਣੇ ਸਮਾਜ ਦੇ ਲਈ ਕਲੀਸਿਆ ਸਮਝਣਾ ਕਿਹੋ ਜਿਹਾ ਹੋਵੇਗਾ। ਕਲੀਸਿਆਈ ਖੇਤਰ ਦੇ ਵਿੱਚ ਹਰ ਕੋਈ ਜਾਣਦਾ ਹੋਵੇਗਾ ਕਿ ਪਾਸਟਰ ਕੌਣ ਸੀ ਅਤੇ ਉਹ ਪ੍ਰਾਰਥਨਾ ਕਰਨ, ਉਤਸ਼ਾਹਿਤ ਕਰਨ

ਅਤੇ ਸਲਾਹ ਦੇਣ ਲਈ ਉਪਲਬਧ ਸੀ, ਭਾਵੇਂ ਉਹ ਉਸਦੇ ਕਲੀਸਿਆ ਦੇ ਵਿੱਚ ਜਾਂਦੇ ਸਨ ਜਾਂ ਨਹੀਂ। ਜਦੋਂ ਉਹ ਸਮਾਜ ਵਿੱਚ ਜਾਂਦਾ , ਤਾਂ ਉਸਦਾ ਮੁੱਖ ਟੀਚਾ ਉਨ੍ਹਾਂ ਨੂੰ ਕਲੀਸਿਆ ਵਿੱਚ ਜਾਣ ਲਈ ਮਨਾਉਣਾ ਨਹੀਂ ਹੁੰਦਾ ਸੀ। ਇਸ ਦੀ ਬਜਾਏ, ਉਹ ਕਲੀਸਿਆ ਦੀ ਸੇਵਕਾਈ ਉਨ੍ਹਾਂ ਤੱਕ ਲੈ ਜਾ ਰਿਹਾ ਹੁੰਦਾ ਸੀ।

ਕਲੀਸਿਆ ਅਜਿਹੀਆਂ ਸੇਵਕਾਈਆਂ ਪ੍ਰਦਾਨ ਕਰੇਗੀ ਜੋ ਉਸ ਇਲਾਕੇ ਦੀਆਂ ਜਰੂਰਤਾਂ ਹੋਣਗੀਆਂ, ਜਿਵੇਂ ਕਿ ਪਰਿਵਾਰ ਦੇ ਸਲਾਹ, ਜੁਆਨਾਂ ਨੂੰ ਸਿਖਾਉਣਾ ਅਤੇ ਚਰਿੱਤਰ ਆਧਾਰਿਤ ਕੰਮ ਦੀ ਸਿਖਲਾਈ। ਇਹ ਸਾਰੇ ਕੰਮ ਕਲੀਸਿਆ ਦੇ ਉਦੇਸ਼ ਤੋਂ ਬਾਹਰ ਨਹੀਂ ਹਨ। ਇਹ ਉਹ ਖੇਤਰ ਹਨ ਜਿੱਥੇ ਬਾਈਬਲ ਦੇ ਜਵਾਬ ਮਹੱਤਵਪੂਰਨ ਹਨ, ਅਤੇ ਕਲੀਸਿਆ ਨੂੰ ਵਿਹਾਰਕ ਖੇਤਰਾਂ ਵਿੱਚ ਪਰਮੇਸ਼ੁਰ ਦੇ ਵਚਨਾਂ ਦੀ ਬੁੱਧ ਸਾਂਝੀ ਕਰਨੀ ਚਾਹੀਦੀ ਹੈ। ਸਮਾਜ ਵਿੱਚ ਗਲਤ ਚੀਜ਼ਾਂ ਵੱਲ ਇਸ਼ਾਰਾ ਕਰਨਾ ਆਸਾਨ ਹੈ, ਪਰ ਕਲੀਸਿਆ ਨੂੰ ਇਹ ਸਿਖਾਉਣਾ ਵੀ ਚਾਹੀਦਾ ਹੈ ਕਿ ਸਮਾਜ ਕਿਹੋ ਜਿਹਾ ਹੋਣਾ ਚਾਹੀਦਾ ਹੈ।

► ਤੁਹਾਡੇ ਇਲਾਕੇ ਦੇ ਵਿੱਚ ਅਜਿਹੀਆਂ ਕਿਹੜੀਆਂ ਜਰੂਰਤਾਂ ਹਨ ਜੋ ਪਰਮੇਸ਼ੁਰ ਦੇ ਵਚਨਾਂ ਦੇ ਵਚਨਾਂ ਦੇ ਨਾਲ ਬਦਲੀਆਂ ਜਾ ਸਕਦੀਆਂ ਹਨ?

> "ਯਿਸੂ ਦੀ ਦੇਹ ਦੇ ਸਮਾਨ, ਕਲੀਸਿਆ ਸਮੂਹ ਦੇ ਵਿੱਚ ਅਜਿਹੀ ਸੰਗਤੀ ਹੈ ਜੋ ਉਸਦੀ ਇੱਛਾ ਨੂੰ ਪੂਰਾ ਕਰਦੇ ਹਨ ਅਤੇ ਉਸਦੇ ਰਾਜ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਦੇ ਹਨ।"
>
> - ਲੈਰੀ ਸਮਿਥ,
> *ਮੈਂ ਵਿਸ਼ਵਾਸ ਕਰਦਾ ਹਾਂ:ਮਸੀਹੀ ਵਿਸ਼ਵਾਸ ਦੀਆਂ ਮੁੱਢਲੀਆਂ ਗੱਲਾਂ*

ਪੁਰਾਣੇ ਨੇਮ ਦੇ ਨਬੀਆਂ ਨੇ ਵੇਖਿਆ ਕਿ ਦੇਸ਼ ਅਤੇ ਲੋਕ ਪਰਮੇਸ਼ੁਰ ਦੇ ਹਨ, ਅਤੇ ਉਨ੍ਹਾਂ ਨੇ ਸਭਨਾਂ ਨੂੰ ਪਰਮੇਸ਼ੁਰ ਨੇਮ ਵਿੱਚ ਆਉਣ ਲਈ ਕਿਹਾ। ਉਨ੍ਹਾਂ ਨੇ ਅਜਿਹੀਆਂ ਬਰਕਤਾਂ ਦਾ ਪ੍ਰਚਾਰ ਕੀਤਾ ਜੋ ਸਮਾਜ ਦੇ ਦੁਆਰਾ ਪਰਮੇਸ਼ੁਰ ਦੀ ਯੋਜਨਾ ਦੇ ਪਿੱਛੇ ਚੱਲਣ ਦੇ ਨਾਲ ਆਉਂਦੀਆਂ ਹਨ ਅਤੇ ਨਾਲ ਹੀ ਅਣ-ਆਗਿਆਕਾਰੀ ਦੇ ਦੁਆਰਾ ਆਉਣ ਵਾਲੇ ਸ਼ਰਾਪਾਂ ਦੇ ਬਾਰੇ ਵੀ ਦੱਸਿਆ।

ਇੱਕ ਪਾਸਟਰ ਨੂੰ ਆਪਣੇ ਸਮਾਜ ਨੂੰ ਪਰਮੇਸ਼ੁਰ ਦੇ ਅਧੀਨ ਆਪਣੇ ਕਲੀਸਿਆਈ ਖੇਤਰ ਵਜੋਂ ਵੇਖਣਾ ਚਾਹੀਦਾ ਹੈ। ਪਰਮੇਸ਼ੁਰ ਮਾਲਕ ਅਤੇ ਸ਼ਾਸਕ ਹੈ ਜੋ ਲੋਕਾਂ ਨੂੰ ਬਰਕਤ ਦੇਣ ਦੀ ਪੇਸ਼ਕਸ਼ ਕਰਦਾ ਹੈ ਜੇਕਰ ਉਹ ਉਸਦੀ ਯੋਜਨਾ ਅਨੁਸਾਰ ਜੀਵਨ ਬਤੀਤ ਕਰਨਗੇ। ਪਾਸਟਰ ਨੂੰ ਸਮਾਜ ਦੇ ਲੋਕਾਂ ਨੂੰ ਪਰਮੇਸ਼ੁਰ ਦੀ ਅਧੀਨਗੀ ਦੇ ਹੇਠ ਜਿਉਣ ਲਈ ਲਗਾਤਾਰ ਬੁਲਾਉਣਾ ਚਾਹੀਦਾ ਹੈ। ਉਸਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਪਰਮੇਸ਼ੁਰ ਦੀਆਂ ਬਰਕਤਾਂ ਦੇ ਨਾਲ ਜਿਉਣ ਦਾ ਕੀ ਅਰਥ ਹੈ ਅਤੇ ਉਹਨਾਂ ਨੂੰ ਪਰਮੇਸ਼ੁਰ ਦੇ ਨਾਲ ਸੰਬੰਧ ਬਣਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਕਲੀਸਿਆਈ ਖੇਤਰ ਦਾ ਇਹ ਅਰਥ ਨਹੀਂ ਹੈ ਕਿ ਉਸ ਇਲਾਕੇ ਵਿੱਚ ਆਉਣ ਵਾਲਾ ਹਰੇਕ ਵਿਅਕਤੀ ਕਲੀਸਿਆ ਦਾ ਮੈਂਬਰ ਹੈ। ਕਲੀਸਿਆ ਦੇ ਵਿੱਚ ਸਿਰਫ਼ ਉਹੀ ਲੋਕ ਸ਼ਾਮਿਲ ਹਨ ਜੋ ਪਰਮੇਸ਼ੁਰ ਦੇ ਨਾਲ ਸੰਬੰਧ ਦੇ ਵਿੱਚ ਜਿਉਣ ਦੇ ਪ੍ਰਤੀ ਸਮਰਪਿਤ ਹਨ, ਪਰ ਸਮਾਜ ਕਲੀਸਿਆ ਦੇ ਦੁਆਰਾ ਪ੍ਰਭਾਵਿਤ ਹੁੰਦਾ ਹੈ।

ਕਲੀਸਿਆਈ ਖੇਤਰ ਦੀ ਧਾਰਨਾ ਦਾ ਇਹ ਅਰਥ ਨਹੀਂ ਹੈ ਕਿ ਉਹ ਇਲਾਕਾ ਕਲੀਸਿਆ ਤੇ ਨਿਯੰਤਰਣ ਰੱਖਦਾ ਹੈ ਜਾਂ ਇਸਦੀਆਂ ਕਦਰਾਂ ਕੀਮਤਾਂ ਨਿਰਧਾਰਿਤ ਕਰਦਾ ਹੈ। ਕਲੀਸਿਆ ਨੂੰ ਪਰਮੇਸ਼ੁਰ ਨੇ ਨਿਯੁਕਤ ਕੀਤਾ ਹੈ, ਜੋ ਉਸਦੇ ਵਚਨਾਂ ਦੀ ਪਾਲਣਾ ਕਰਦੀ ਹੈ, ਅਤੇ ਇਹ ਗੁਆਂਢ ਦੇ ਵਿੱਚ ਪਰਮੇਸ਼ੁਰ ਦੇ ਰਾਜ ਦੀ ਵਕਾਲਤ ਕਰਦਾ ਹੈ।

ਕਿਉਂਕਿ ਕਲੀਸਿਆ ਨੂੰ ਲੂਣ ਅਤੇ ਚਾਨਣ ਕਿਹਾ ਗਿਆ ਹੈ (ਮੱਤੀ 5:13-14), ਇਸ ਲਈ ਕਲੀਸਿਆ ਨੂੰ ਸਮਾਜ ਦੇ ਵਿੱਚ ਅੰਤਰ ਲਿਆਉਣ ਦੇ ਲਈ ਬੁਲਾਇਆ ਗਿਆ ਹੈ।

## ਸ਼ੁਭਸਮਾਚਾਰ ਦੀ ਪ੍ਰਾਥਮਿਕਤਾ

ਬਹੁਤ ਸਾਰੀਆਂ ਸੇਵਕਾਈਆਂ ਅਜਿਹੇ ਪ੍ਰੋਗਰਾਮ ਲਿਆਉਂਦੀਆ ਹਨ ਜੋ ਉਸ ਇਲਾਕੇ ਦੇ ਲੋਕਾਂ ਦੀਆਂ ਭੌਤਿਕ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ। ਉਹ ਸਮਾਜ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੇ ਹਨ ਅਤੇ ਸੋਚਦੇ ਹਨ ਕਿ ਲੋਕਾਂ ਦੀ ਅਭਿਆਸਿਕ ਤਰੀਕਿਆਂ ਨਾਲ ਸਹਾਇਤਾ ਕਰਨ ਨਾਲ ਮਿੱਤਰ ਬਣਨਗੇ ਅਤੇ ਸ਼ੁਭਸਮਾਚਾਰ ਦੇ ਵੱਲ ਧਿਆਨ ਖਿੱਚਿਆ ਜਾਵੇਗਾ। ਉਨ੍ਹਾਂ ਦਾ ਟੀਚਾ ਸ਼ੁਭਸਮਾਚਾਰ ਨੂੰ ਸਾਂਝਾ ਕਰਨ ਦੇ ਮੌਕੇ ਪੈਦਾ ਕਰਨਾ ਹੈ। ਉਹ ਇਹ ਵਿਖਾਉਣਾ ਚਾਹੁੰਦੇ ਹਨ ਕਿ ਉਹ ਫਿਕਰ ਕਰਦੇ ਹਨ।

ਉਨ੍ਹਾਂ ਦਾ ਤਰੀਕਾ ਇਹ ਹੈ: ਪ੍ਰੋਗਰਾਮ, ਫਿਰ ਸੰਬੰਧ ਅਤੇ ਫਿਰ ਸ਼ੁਭਸਮਾਚਾਰ। ਪਰ ਫਿਰ ਵੀ, ਪ੍ਰੋਗਰਾਮ ਬਹੁਤ ਤਰੀਕਿਆਂ ਦੇ ਨਾਲ਼ ਗ਼ਲਤ ਜਾ ਸਕਦੇ ਹਨ। ਕਈ ਵਾਰ ਸਹਾਇਤਾ ਲੈਣ ਅਤੇ ਦੇਣ ਦੇ ਸੰਬੰਧ ਨਾਲੋਂ ਜਿਆਦਾ ਕੁਝ ਨਹੀਂ ਕਰ ਪਾਉਂਦੀ।

ਕਈ ਵਾਰ ਸ਼ੁਭਸਮਾਚਾਰ ਦਿੱਤੀਆਂ ਜਾਣ ਵਾਲੀਆਂ ਵਸਤਾਂ ਨਾਲੋਂ ਅਲੱਗ ਪ੍ਰਤੀਤ ਹੁੰਦਾ ਹੈ, ਅਤੇ ਲੋਕ ਸ਼ੁਭਸਮਾਚਾਰ ਦੇ ਵਿੱਚ ਦਿਲਚਸਪੀ ਰੱਖਣ ਤੋਂ ਬਿਨਾਂ ਵੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਇਸ ਪ੍ਰੋਗਰਾਮ ਵਿੱਚ ਕੰਮ ਕਰਨ ਵਾਲੇ ਲੋਕ ਮਦਦ ਕਰਨ ਦੇ ਵਿੱਚ ਇੰਨੇ ਰੁੱਝ ਸਕਦੇ ਹਨ ਕਿ ਉਹ ਸ਼ੁਭਸਮਾਚਾਰ ਸਾਂਝਾ ਹੀ ਨਾ ਕਰਨ। ਲੈਣ ਵਾਲੇ ਜਿਆਦਾ ਤੋਂ ਜਿਆਦਾ ਪ੍ਰਾਪਤ ਕਰਕੇ ਕਿਸੇ ਹੋਰ ਸਥਾਨ ਤੋਂ ਮਦਦ ਲੱਭਣ ਲਈ ਜਾ ਸਕਦੇ ਹਨ।

ਇਸ ਤਰੀਕੇ ਨੂੰ ਉਲਟਾ ਕਰਨਾ ਚਾਹੀਦਾ ਹੈ। ਕਲੀਸਿਆ ਨੂੰ ਹਰੇਕ ਵਿਅਕਤੀ ਨੂੰ ਇਸਦੇ ਪਹਿਲੇ ਸੰਪਰਕ ਦੇ ਵਿੱਚ ਹੀ ਸ਼ੁਭਸਮਾਚਾਰ ਤੇ ਜ਼ੋਰ ਦੇਣਾ ਚਾਹੀਦਾ ਹੈ।

► ਸ਼ੁਭਸਮਾਚਾਰ ਕੀ ਹੈ?

ਜਦੋਂ ਕਲੀਸਿਆ ਸੰਸਾਰ ਦੇ ਸਾਹਮਣੇ ਸ਼ੁਭਸਮਾਚਾਰ ਨੂੰ ਰੱਖਦੀ ਹੈ, ਤਾਂ ਉਨ੍ਹਾਂ ਨੂੰ ਵਫ਼ਾਦਾਰੀ ਦੇ ਨਾਲ ਇਸਦੇ ਵਿੱਚ ਕਲੀਸਿਆ ਦੇ ਨਵੇਂ ਜੀਵਨ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ। ਮੁਕਤੀ ਕੋਈ ਅਜਿਹਾ ਨਿੱਜੀ ਫੈਸਲਾ ਨਹੀਂ ਹੈ ਜੋ ਕਿਸੇ ਵਿਅਕਤੀ ਨੂੰ ਇੱਕ ਨਵੇਂ, ਅਜੀਬ ਜੀਵਨ ਦੇ ਵਿੱਚ ਇਕੱਲਾ ਛੱਡ ਦਿੰਦਾ ਹੈ। ਪਾਪੀ ਆਮ ਤੌਰ ਤੇ ਉਸ ਸਮੇਂ ਤੱਕ ਸ਼ੁਭਸਮਾਚਾਰ ਨੂੰ ਸਵੀਕਾਰ ਨਹੀਂ ਕਰਨਗੇ ਜਦੋਂ ਤੱਕ ਉਹ ਇਸਦੀ ਘੋਸ਼ਣਾ ਕਰਨ ਵਾਲੇ ਵਿਸ਼ਵਾਸ ਸਮੁਦਾਏ ਦੇ ਸੰਪਰਕ ਵਿੱਚ ਨਹੀਂ ਆਉਂਦੇ।

ਯਿਸੂ ਅਤੇ ਰਸੂਲਾਂ ਦੀ ਸੇਵਕਾਈ ਵਿੱਚ, ਅਸੀਂ ਵੇਖਦੇ ਹਾਂ ਕਿ ਸ਼ੁਭਸਮਾਚਾਰ ਪਰਮੇਸ਼ੁਰ ਦੇ ਰਾਜ ਦਾ ਸ਼ੁਭਸਮਾਚਾਰ ਹੈ। ਇਹ ਸੰਦੇਸ਼ ਹੈ ਕਿ ਪਾਪੀ ਨੂੰ ਮਾਫ਼ ਕੀਤਾ ਜਾ ਸਕਦਾ ਹੈ ਅਤੇ ਪਰਮੇਸ਼ੁਰ ਨਾਲ ਸੰਬੰਧ ਜੋੜਿਆ ਜਾ ਸਕਦਾ ਹੈ। ਉਸਨੂੰ ਪਾਪ ਦੀ ਸ਼ਕਤੀ ਤੋਂ ਛੁਡਾਇਆ ਜਾਂਦਾ ਹੈ ਅਤੇ ਇੱਕ ਨਵੀਂ ਰਚਨਾ ਵਿੱਚ ਬਣਾਇਆ ਜਾਂਦਾ ਹੈ। ਉਹ ਵਿਸ਼ਵਾਸ ਦੇ ਪਰਿਵਾਰ ਵਿੱਚ ਦਾਖਿਲ ਹੁੰਦਾ ਹੈ, ਜਿੱਥੇ ਉਸਦੇ ਆਤਮਿਕ ਭਰਾ ਅਤੇ ਭੈਣ ਉਸਨੂੰ ਉਤਸ਼ਾਹਿਤ ਕਰਦੇ ਹਨ ਅਤੇ ਉਸਦੀ ਜ਼ਰੂਰਤਾਂ ਵਿੱਚ ਉਸਦੀ ਮਦਦ ਕਰਦੇ ਹਨ।

ਕਲੀਸਿਆ ਨੂੰ ਸ਼ੁਭਸਮਾਚਾਰ ਦੇ ਪ੍ਰਚਾਰ ਨੂੰ ਇਸਦੇ ਮੁੱਢਲੇ ਮਿਸ਼ਨ ਵੱਜੋਂ ਵੇਖਣਾ ਚਾਹੀਦਾ ਹੈ। ਹਰੇਕ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਲੀਸਿਆ ਦਾ ਮੁੱਖ ਕੰਮ ਆਤਮਾਵਾਂ ਦੀ ਮੁਕਤੀ ਦੇ ਲਈ ਕੰਮ ਕਰਨਾ ਹੈ। ਫਿਰ, ਕਲੀਸਿਆ ਅਜਿਹੇ ਲੋਕਾਂ ਨੂੰ ਆਕਰਸ਼ਿਤ ਕਰਦੀ ਹੈ ਜੋ ਸ਼ੁਭਸਮਾਚਾਰ ਦੇ ਵਿੱਚ ਰੁਚੀ ਰੱਖਦੇ ਹਨ। ਸ਼ੁਭਸਮਾਚਾਰ ਦੀ ਸੇਵਕਾਈ ਇੱਕ ਸੰਬੰਧ ਨੂੰ ਬਣਾਉਂਦੀ ਹੈ।

ਫਿਰ ਕਲੀਸਿਆ ਉਨ੍ਹਾਂ ਲੋਕਾਂ ਦੀ ਸਹਾਇਤਾ ਕਰਦੀ ਹੈ ਜੋ ਕਲੀਸਿਆ ਦੇ ਨਾਲ ਸੰਬੰਧ ਦੇ ਵਿੱਚ ਹਨ। ਹੋ ਸਕਦਾ ਹੈ ਕਿ ਉਹ ਸਾਰੇ ਲੋਕ ਅਜੇ ਬਚਾਏ ਨਾ ਜਾਣ, ਪਰ ਉਹ ਕਲੀਸਿਆ ਦੀ ਸ਼ੁਭਸਮਾਚਾਰ ਦੀ ਸੇਵਕਾਈ ਦੇ ਨਾਲ ਜੁੜ ਜਾਂਦੇ ਹਨ।

ਇਸ ਲਈ, ਇਹ ਉਲਟਾ ਕੀਤਾ ਹੋਇਆ ਤਰੀਕਾ ਹੈ ਪਹਿਲਾਂ ਸ਼ੁਭਸਮਾਚਾਰ, ਫਿਰ ਸੰਬੰਧ ਅਤੇ ਫਿਰ ਸਹਾਇਤਾ (ਨਾ ਕਿ ਕੋਈ ਪ੍ਰੋਗਰਾਮ)। ਕਲੀਸਿਆ ਇੱਕ ਅਜਿਹੀ ਸੰਸਥਾ ਨਹੀਂ ਹੋਣੀ ਚਾਹੀਦੀ ਜੋ ਸਹਾਇਤਾ ਦੇ ਲਈ ਪ੍ਰੋਗਰਾਮ ਦਾ ਪ੍ਰਸਤਾਵ ਦਿੰਦੀ ਹੋਵੇ। ਇਸਦੀ ਬਜਾਏ, ਕਲੀਸਿਆ ਅਜਿਹੇ ਲੋਕਾਂ ਦਾ ਸਮੂਹ ਹੋਣੀ ਚਾਹੀਦੀ ਹੈ ਜੋ ਇਸਦੇ ਨਾਲ ਸੰਬੰਧਿਤ ਲੋਕਾਂ ਦੀ ਸਹਾਇਤਾ ਕਰਦੀ ਹੈ। ਜੇਕਰ ਉਹ ਪ੍ਰੋਗਰਾਮ ਨੂੰ ਅਰੰਭ ਕਰਦੇ ਹਨ ਤਾਂ ਲੋਕ ਬਿਨਾਂ ਸੰਬੰਧ ਦੇ ਉਨ੍ਹਾਂ ਦੇ ਕੋਲ ਪ੍ਰੋਗਰਾਮ ਦੇ ਲਈ ਆਉਣਗੇ।

## ਸੱਤ ਸੰਖੇਪ ਕਥਨ

1. ਇੱਕ ਪ੍ਰਭਾਵਸ਼ਾਲੀ ਕਲੀਸਿਆ ਆਪਣੇ ਇਲਾਕੇ ਦੇ ਵਿੱਚ ਬਦਲਾਅ ਲਿਆਉਂਦੀ ਹੈ।
2. ਸਾਨੂੰ ਆਪਣੇ ਗੁਆਂਢੀਆਂ ਦੀਆਂ ਜਰੂਰਤਾਂ ਦੇ ਪ੍ਰਤੀ ਪ੍ਰਤੀਕਿਰਿਆ ਕਰਕੇ ਆਪਣਾ ਪਿਆਰ ਵਿਖਾਉਣਾ ਚਾਹੀਦਾ ਹੈ।
3. ਕਲੀਸਿਆ ਨੂੰ ਇਸਦੇ ਮਿਸ਼ਨ ਨੂੰ ਪੂਰਾ ਕਰਨ ਦੇ ਲਈ ਗ਼ਰੀਬਾਂ ਦੀ ਸੇਵਾ ਕਰਨੀ ਚਾਹੀਦੀ ਹੈ।
4. ਕਲੀਸਿਆ ਨੂੰ ਇਸਦੇ ਭੂਗੋਲਿਕ ਖੇਤਰ ਦੇ ਵਿੱਚ ਮੌਜੂਦ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ।
5. ਕਲੀਸਿਆ ਨੂੰ ਵਰਣਨ ਕਰਨਾ ਅਤੇ ਵਿਖਾਉਣਾ ਚਾਹੀਦਾ ਹੈ ਕਿ ਸਮਾਜ ਕਿਸ ਪ੍ਰਕਾਰ ਦਾ ਹੋਣਾ ਚਾਹੀਦਾ ਹੈ।
6. ਸ਼ੁਭਸਮਾਚਾਰ ਦੀ ਸੇਵਕਾਈ ਕਲੀਸਿਆ ਦੀ ਪਹਿਲੀ ਪ੍ਰਾਥਮਿਕਤਾ ਹੈ।
7. ਕਲੀਸਿਆ ਨੂੰ ਸੰਬੰਧ ਦੇ ਪ੍ਰਸੰਗ ਵਿੱਚ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

## ਪਾਠ 7 ਦੇ ਅਸਾਇਨਮੈਂਟ

1. ਪਾਠ 7 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।

3. ਇੰਟਰਵਿਊ ਅਸਾਇਨਮੈਂਟ: ਉਨ੍ਹਾਂ ਕੁਝ ਲੋਕਾਂ ਦੇ ਨਾਲ ਗੱਲਬਾਤ ਕਰੋ ਜੋ ਕਲੀਸਿਆ ਦੇ ਵਿੱਚ ਨਹੀਂ ਜਾਂਦੇ ਹਨ। ਉਨ੍ਹਾਂ ਤੋਂ ਇਲਾਕੇ ਦੇ ਵਿੱਚ ਕਲੀਸਿਆ ਦੇ ਪ੍ਰਭਾਵ ਬਾਰੇ ਪੁੱਛੋ। ਇਸਦਾ ਸਾਰ ਲਿਖੋ।

# ਪਾਠ 8

# ਸਥਾਨਕ ਕਲੀਸਿਆ ਦਾ ਸਮਰਥਨ

## ਯਿਸੂ ਦੇ ਦਿਸ਼ਾ-ਨਿਰਦੇਸ਼

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਲੂਕਾ 10:1-9 ਪੜਣਾ ਚਾਹੀਦਾ ਹੈ। ਜਦੋਂ ਯਿਸੂ ਨੇ ਚੇਲ੍ਹਿਆਂ ਨੂੰ ਸੇਵਕਾਈ ਕਰਨ ਦੇ ਲਈ ਤਾਂ ਉਸ ਦੁਆਰਾ ਦਿੱਤੇ ਦਿਸ਼ਾ-ਨਿਰਦੇਸ਼ਾਂ ਦੇ ਵਿੱਚ ਕਿਹੜੀਆਂ ਗੱਲਾਂ ਅਜੀਬ ਸਨ?

ਚੇਲਿਆਂ ਨੂੰ ਬਹੁਤ ਸਾਰੇ ਪਿੰਡਾਂ ਵਿੱਚ ਸ਼ੁਭਸਮਾਚਾਰ ਦਾ ਪ੍ਰਚਾਰ ਕਰਨ ਲਈ ਸਭ ਤੋਂ ਪਹਿਲਾਂ ਭੇਜਿਆ ਗਿਆ ਸੀ। ਯਿਸੂ ਕੋਲ ਸਾਰੀ ਸਮਰੱਥਾ ਅਤੇ ਸ੍ਰੋਤ ਸਨ ਅਤੇ ਉਹ ਉਨ੍ਹਾਂ ਨੂੰ ਕੁਝ ਵੀ ਦੇ ਸਕਦਾ ਸੀ। ਉਹ ਉਨ੍ਹਾਂ ਨੂੰ ਲੋੜੀਂਦੀ ਹਰ ਚੀਜ਼ ਖਰੀਦਣ ਅਤੇ ਦੂਜੇ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਾਫ਼ੀ ਪੈਸਾ ਦੇ ਸਕਦਾ ਸੀ। ਉਹ ਉਨ੍ਹਾਂ ਨੂੰ ਆਪਣੇ ਲਈ ਅਤੇ ਜਿਨ੍ਹਾਂ ਲੋਕਾਂ ਨੂੰ ਉਹ ਪ੍ਰਚਾਰ ਕਰਦੇ ਸਨ, ਉਨ੍ਹਾਂ ਲਈ ਰੋਟੀਆਂ ਅਤੇ ਮੱਛੀਆਂ ਵਧਾਉਣ ਦੀ ਸ਼ਕਤੀ ਦੇ ਸਕਦਾ ਸੀ। ਜਿੱਥੇ ਵੀ ਉਹ ਜਾਂਦੇ ਉੱਥੇ ਉਹ ਹਰ ਪਿੰਡ ਵਿੱਚ ਭੋਜਨ ਪ੍ਰਦਾਨ ਕਰਵਾ ਸਕਦੇ ਸਨ।

ਇਸਦੀ ਬਜਾਏ, ਉਸਨੇ ਉਨ੍ਹਾਂ ਨੂੰ ਬਿਨਾਂ ਕਿਸੇ ਪੈਸੇ ਦੇ ਭੇਜਿਆ। ਉਸਨੇ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੀਆਂ ਲੋੜਾਂ ਦੇ ਲਈ ਪਿੰਡਾਂ ਦੇ ਲੋਕਾਂ ਤੇ ਨਿਰਭਰ ਰਹਿਣ। ਚੇਲ੍ਹੇ ਯਿਸੂ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਗਏ, ਅਤੇ ਉਨ੍ਹਾਂ ਦੀਆਂ ਜਰੂਰਤਾਂ ਪੂਰੀਆਂ ਕੀਤੀਆਂ ਗਈਆਂ (ਲੂਕਾ 22:35)।

► ਯਿਸੂ ਨੇ ਉਨ੍ਹਾਂ ਨੂੰ ਇਸ ਪ੍ਰਕਾਰ ਕਿਉਂ ਭੇਜਿਆ?

ਉਨ੍ਹਾਂ ਦੀ ਸੇਵਕਾਈ ਨੇ ਸਹੀ ਲੋਕਾਂ ਨੂੰ ਆਕਰਸ਼ਿਤ ਕੀਤਾ। ਕਿਉਂਕਿ ਪਹਿਲਾਂ ਉਨ੍ਹਾਂ ਨੇ ਸ਼ੁਭਸਮਾਚਾਰ ਦਾ ਪ੍ਰਚਾਰ ਕੀਤਾ, ਉਨ੍ਹਾਂ ਨੇ ਅਜਿਹੇ ਲੋਕਾਂ ਨੂੰ ਆਪਣੇ ਨਾਲ ਜੋੜਿਆ ਜੋ ਰੁਚੀ ਰੱਖਦੇ ਸਨ। ਕਿਉਂਕਿ ਉਨ੍ਹਾਂ ਦੀਆਂ ਜਰੂਰਤਾਂ ਸਨ ਇਸ ਲਈ ਉਨ੍ਹਾਂ ਨੇ ਅਜਿਹੇ ਲੋਕਾਂ ਨੂੰ ਆਕਰਸ਼ਿਤ ਜੋ ਮਦਦ ਕਰਨਾ ਚਾਹੁੰਦੇ ਸਨ। ਉਨ੍ਹਾਂ ਦੇ ਕੋਲ ਕਲੀਸਿਆ ਦੀ ਸ਼ੁਰੂਆਤ ਕਰਨ ਦੇ ਲਈ ਸਭ ਤੋਂ ਉੱਤਮ ਲੋਕ ਸਨ।

ਜੇਕਰ ਉਹ ਪਿੰਡਾਂ ਵਿੱਚ ਆਪਣੀ ਜਰੂਰਤ ਦੀਆਂ ਸਾਰੀਆਂ ਚੀਜ਼ਾਂ ਅਤੇ ਲੋਕਾਂ ਨੂੰ ਦੇਣ ਲਈ ਚੀਜ਼ਾਂ ਲੈ ਕੇ ਜਾਂਦੇ ਤਾਂ ਕੀ ਹੁੰਦਾ? ਉਹ ਗ਼ਲਤ ਲੋਕਾਂ ਨੂੰ ਆਕਰਸ਼ਿਤ ਕਰਦੇ। ਉਹ ਕੁਝ ਲੈਣ ਲਈ ਆਉਣ ਵਾਲੇ ਲੋਕਾਂ ਦਾ ਇੱਕ ਸਮੂਹ ਇਕੱਠਾ ਕਰਦੇ। ਉਸ ਤੋਂ ਬਾਅਦ, ਸੇਵਕਾਈ ਸਿਰਫ਼ ਚੀਜ਼ਾਂ ਦੇਣਾ ਜਾਰੀ ਰੱਖ ਕੇ ਹੀ ਜਾਰੀ ਰਹਿ ਸਕਦੀ ਸੀ। ਸੇਵਕਾਈ ਹੋਰ ਚੀਜ਼ਾਂ ਦੇਣ ਤੋਂ ਬਿਨਾਂ ਨਹੀਂ ਵਧ ਸਕਦੀ

ਸੀ। ਉਨ੍ਹਾਂ ਕੋਲ ਉਦੋਂ ਤੱਕ ਮਦਦ ਨਹੀਂ ਹੁੰਦੀ ਜਦੋਂ ਤੱਕ ਉਹ ਇਸਦਾ ਭੁਗਤਾਨ ਨਹੀਂ ਕਰਦੇ। ਉਨ੍ਹਾਂ ਕੋਲ ਲੋਕਾਂ ਦਾ ਅਜਿਹਾ ਸਮੂਹ ਨਾ ਹੁੰਦਾ ਜਿਸਦੇ ਨਾਲ ਇੱਕ ਕਲੀਸਿਆ ਦੀ ਚੰਗੀ ਸ਼ੁਰੂਆਤ ਕੀਤੀ ਜਾ ਸਕਦੀ।

ਜੋ ਵਿਧੀ ਯਿਸੂ ਨੇ ਉਨ੍ਹਾਂ ਨੂੰ ਦਿੱਤੀ ਉਸਦੇ ਨਾਲ ਅਜਿਹੇ ਸਮੂਹ ਦੀ ਸ਼ੁਰੂਆਤ ਹੋਈ ਜੋ ਕਲੀਸਿਆ ਬਣ ਸਕਦਾ ਸੀ। ਇਹ ਅਜਿਹੇ ਲੋਕਾਂ ਦਾ ਸਮੂਹ ਸੀ ਜੋ ਸ਼ੁਭਸਮਾਚਾਰ ਦੇ ਪ੍ਰਤੀ ਬਹੁਤ ਉਤਸੁਕ ਸੀ ਅਤੇ ਮਦਦ ਕਰਨ ਦੀ ਇੱਛਾ ਰੱਖਦਾ ਸੀ। ਇਹ ਮਹੱਤਵਪੂਰਨ ਹੈ ਕਿ ਕਲੀਸਿਆਵਾਂ ਸਹੀ ਤਰੀਕੇ ਦੇ ਨਾਲ ਸ਼ੁਰੂ ਕੀਤੀਆਂ ਜਾਣ।

## ਕਿਸੇ ਕਲੀਸਿਆ ਨੂੰ ਸਥਾਨਕ ਤੌਰ ਤੇ ਹੀ ਸਮਰਥਨ ਕਿਉਂ ਦੇਣਾ ਚਾਹੀਦਾ ਹੈ

► ਕਿਸੇ ਕਲੀਸਿਆ ਨੂੰ ਸਥਾਨਕ ਤੌਰ ਤੇ ਹੀ ਸਮਰਥਨ ਕਿਉਂ ਦੇਣਾ ਚਾਹੀਦਾ ਹੈ? ਹੇਠਾਂ ਦਿੱਤੀ ਸੂਚੀ ਨੂੰ ਵੇਖਣ ਤੋਂ ਪਹਿਲਾਂ ਤੁਸੀਂ ਦੱਸੋ ਕਿ ਤੁਹਾਡੇ ਮਨ ਵਿੱਚ ਇਸਦੇ ਕਿਹੜੇ ਕਾਰਨ ਆਉਂਦੇ ਹਨ?

1. **ਯਿਸੂ ਨੇ ਸਾਨੂੰ ਵਿਖਾਇਆ ਕਿ ਕਿਸੇ ਸਥਾਨ ਦੇ ਵਿੱਚ ਸੇਵਕਾਈ ਤੁਰੰਤ ਸ਼ੁਰੂ ਕਰ ਦਿੱਤੀ ਜਾਣੀ ਚਾਹੀਦੀ ਹੈ।** ਉਸਨੇ ਚੇਲ੍ਹਿਆਂ ਨੂੰ ਬਿਨਾਂ ਕਿਸੇ ਪੈਸੇ ਦੇ ਭੇਜਿਆ ਤਾਂ ਕਿ ਉਨ੍ਹਾਂ ਦੀ ਸੇਵਕਾਈ ਅਜਿਹੇ ਲੋਕਾਂ ਨੂੰ ਆਕਰਸ਼ਿਤ ਕਰ ਸਕੇ ਜੋ ਸ਼ੁਭਸਮਾਚਾਰ ਦੇ ਵਿੱਚ ਰੁਚੀ ਰੱਖਦੇ ਸਨ ਅਤੇ ਸਹਾਇਤਾ ਕਰਨੀ ਚਾਹੁੰਦੇ ਸਨ।

2. **ਪਰਮੇਸ਼ੁਰ ਨੇ ਨਵੇਂ ਨੇਮ ਦੀਆਂ ਕਲੀਸਿਆਵਾਂ ਨੂੰ ਦੇਣ ਦੇ ਲਈ ਦਿਸ਼ਾ-ਨਿਰਦੇਸ਼ ਦਿੱਤੇ।** ਉਨ੍ਹਾਂ ਨੇ ਯਰੂਸ਼ਲਮ ਦੀ ਪਹਿਲੀ ਕਲੀਸਿਆ ਦੇ ਲਈ ਸਮਰਥਨ ਭੇਜਣਾ ਸੀ (੧ ਕੁਰਿੰਥੀਆਂ ਨੂੰ 16:1-3; ੨ ਕੁਰਿੰਥੀਆਂ ਨੂੰ 8:1-7, ੨ ਕੁਰਿੰਥੀਆਂ ਨੂੰ 9:1-6)। ਉਨ੍ਹਾਂ ਨੇ ਕਲੀਸਿਆ ਦੇ ਵਿੱਚ ਵਿਧਵਾਵਾਂ ਅਤੇ ਲੋੜਵੰਦ ਲੋਕਾਂ ਦੀ ਸਹਾਇਤਾ ਕਰਨੀ ਸੀ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 5:16; ਯਾਕੂਬ 1:27, ਯਾਕੂਬ 2:15-16)। ਉਨ੍ਹਾਂ ਨੇ ਪੂਰੇ ਸਮੇਂ ਦੀ ਸੇਵਕਾਈ ਕਰਨ ਵਾਲੇ ਲੋਕਾਂ ਦਾ ਸਮਰਥਨ ਕਰਨਾ ਸੀ (ਗਲਾਤੀਆਂ ਨੂੰ 6:6)।

3. **ਪਰਮੇਸ਼ੁਰ ਹਰੇਕ ਕਲੀਸਿਆ ਨੂੰ ਇਸਦੇ ਖੇਤਰ ਵਿੱਚ ਮਸੀਹ ਦੀ ਦੇਹ ਹੋਣ ਦੇ ਲਈ ਸਮਰੱਥਾ ਦਿੰਦਾ ਹੈ** (੧ ਕੁਰਿੰਥੀਆਂ ਨੂੰ 12:27)। ਇਸਦਾ ਅਰਥ ਹੈ ਕਿ ਇੱਕ ਪਰਿਪੱਕ ਕਲੀਸਿਆ ਫੈਸਲੇ ਲੈ ਸਕਦੀ ਹੈ ਅਤੇ ਆਪਣੀ ਸੇਵਕਾਈ ਦੇ ਲਈ ਆਪਣੇ ਦਰਸ਼ਨ ਨੂੰ ਉੱਨਤ ਕਰ ਸਕਦੀ ਹੈ। ਜੇਕਰ ਇਹ ਸਹਾਇਤਾ ਅਤੇ ਦਿਸ਼ਾ ਲਈ ਬਾਹਰੀ ਆਗੂਆਂ ਤੇ ਨਿਰਭਰ ਹੈ ਤਾਂ ਅਜਿਹਾ ਨਹੀਂ ਹੋ ਪਾਉਂਦਾ। ਕਲੀਸਿਆ ਦੀ ਪਰਿਪੱਕਤਾ ਲਈ ਸਥਾਨਕ ਆਰਥਿਕ ਸਹਾਇਤਾ ਜ਼ਰੂਰੀ ਹੈ।

4. **ਪਰਮੇਸ਼ੁਰ ਦਸਵੰਧ ਦੇਣ ਵਾਲੇ ਲੋਕਾਂ ਨੂੰ ਆਰਥਿਕ ਤੌਰ ਤੇ ਬਰਕਤ ਦਿੰਦਾ ਹੈ।** ਦਸਵੰਧ ਨਾ ਦੇਣ ਵਾਲੇ ਲੋਕਾਂ ਦੀ ਆਰਥਿਕਤਾ ਸ਼ਰਾਪਿਤ ਹੋ ਜਾਂਦੀ ਹੈ (ਮਲਾਕੀ 3:8-10)।

5. **ਬਾਹਰੀ ਸਹਾਇਤਾ ਤੇ ਨਿਰਭਰ ਰਹਿਣਾ ਸਥਾਨਕ ਕਲੀਸਿਆ ਨੂੰ ਕਮਜ਼ੋਰ ਬਣਾ ਦਿੰਦਾ ਹੈ।** ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਰਥਵਿਵਸਥਾਵਾਂ ਅਨਿਸ਼ਚਿਤ ਹਨ। ਜੇਕਰ ਦੂਰ ਰਹਿਣ ਵਾਲੇ ਦਾਨੀ ਦੇਣਾ ਬੰਦ ਕਰ ਦਿੰਦੇ ਹਨ, ਤਾਂ ਉਨ੍ਹਾਂ ਤੇ ਨਿਰਭਰ ਰਹਿਣ ਵਾਲੀਆਂ ਕਲੀਸਿਆਵਾਂ ਦੁੱਖ ਉਠਾਉਣਗੀਆਂ।

6. **ਪਾਸਬਾਨਾਂ ਨੂੰ ਉਨ੍ਹਾਂ ਲੋਕਾਂ ਦੁਆਰਾ ਸਮਰਥਨ ਮਿਲਣਾ ਚਾਹੀਦਾ ਹੈ ਜਿੰਨ੍ਹਾਂ ਦੇ ਵਿੱਚ ਉਹ ਸੇਵਕਾਈ ਕਰਦੇ ਹਨ** (ਗਲਾਤੀਆਂ ਨੂੰ 6:6)। ਸਥਾਨਕ ਕਲੀਸਿਆ ਪਾਸਟਰ ਦੀ ਵਫ਼ਾਦਾਰੀ ਬਾਰੇ ਜਾਣਦੀ ਹੈ। ਉਹ ਜਾਣਦੇ ਹਨ ਕਿ ਉਹ ਸੇਵਕਾਈ ਦੇ ਵਿੱਚ ਕਿੰਨਾ ਸਮਾਂ ਬਿਤਾਉਂਦਾ ਹੈ। ਉਸਨੂੰ ਲੰਬੇ ਸਮੇਂ ਦੇ ਲਈ ਦੂਰ ਰਹਿਣ ਵਾਲੇ ਲੋਕਾਂ ਤੋਂ ਸਮਰਥਨ ਨਹੀਂ ਮਿਲਣਾ ਚਾਹੀਦਾ।

► ਦੂਰ ਤੋਂ ਮਿਲਣ ਵਾਲੇ ਸਮਰਥਨ ਤੇ ਨਿਰਭਰ ਹੋਣ ਦੇ ਨਾਲ ਕੀ ਸਮੱਸਿਆਵਾਂ ਆਉਂਦੀਆਂ ਹਨ?

## ਮਿਸ਼ਨ ਦੀਆਂ ਆਰਥਿਕ ਨੀਤੀਆਂ ਸਥਾਨਕ ਕਲੀਸਿਆ ਦੇ ਕੇਂਦਰ ਤੇ ਆਧਾਰਿਤ ਹਨ

ਇੱਕ ਅੰਤਰਰਾਸ਼ਟਰੀ ਮਿਸ਼ਨ ਜਾਂ ਕਲੀਸਿਆਈ ਸੰਸਥਾਨ ਨੂੰ ਕਲੀਸਿਆਵਾਂ ਦੀ ਮਦਦ ਕਰਨ ਦੇ ਤਰੀਕਿਆਂ ਵਿੱਚ ਕੁਝ ਸਿਧਾਂਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਸੰਸਥਾ ਨੂੰ ਇਸ ਤਰੀਕੇ ਨਾਲ ਮਦਦ ਕਰਨ ਲਈ ਸਾਵਧਾਨ ਰਹਿਣਾ ਚਾਹੀਦਾ ਹੈ ਜਿਸ ਨਾਲ ਉਹ ਕਲੀਸਿਆਵਾਂ ਨੂੰ ਹੋਰ ਨਿਰਭਰ ਬਣਾਉਣ ਦੀ ਬਜਾਏ ਮਜ਼ਬੂਤ ਬਣਾਏ। ਇੱਥੇ ਕੁਝ ਨੀਤੀਆਂ ਦੀਆਂ ਉਦਾਹਰਨਾਂ ਦੱਸੀਆਂ ਗਈਆਂ ਹਨ ਜਿੰਨਾਂ ਨੂੰ ਕਿਸੇ ਮਿਸ਼ਨ ਜਾਂ ਕਲੀਸਿਆਈ ਸੰਸਥਾਨ ਦੇ ਦੁਆਰਾ ਵਿਕਸਿਤ ਕੀਤਾ ਜਾ ਸਕਦਾ ਹੈ।

1. **ਦਸਵੰਧ ਤੇ ਮਸੀਹੀ ਆਰਥਿਕਤਾ ਦੀ ਨੀਂਹ ਵੱਜੋਂ ਜ਼ੋਰ ਦਿਓ।** ਜੇਕਰ ਕਲੀਸਿਆ ਦਸਵੰਧ ਨਹੀਂ ਦਿੰਦੀ, ਤਾਂ ਪਰਮੇਸ਼ੁਰ ਉਨ੍ਹਾਂ ਦੀ ਆਰਥਿਕਤਾ ਨੂੰ ਬਰਕਤ ਨਹੀਂ ਦੇਵੇਗਾ। ਜੇਕਰ ਉਹ ਪਹਿਲਾਂ ਤੋਂ ਹੀ ਆਪਣੇ ਵਿੱਤ ਦੇ ਅਨੁਸਾਰ ਕੁਝ ਨਹੀਂ ਕਰ ਰਹੇ ਹਨ ਤਾਂ ਉਨ੍ਹਾਂ ਦੇ ਕੋਲ ਸੇਵਕਾਈ ਦੀ ਆਰਥਿਕਤਾ ਦੇ ਬਾਰੇ ਗ਼ਲਤ ਧਾਰਨਾ ਹੈ। ਬਾਹਰੀ ਸਹਾਇਤਾ ਚੀਜ਼ਾਂ ਨੂੰ ਬਿਹਤਰ ਬਣਾਉਣ ਦੀ ਬਜਾਏ ਉਨ੍ਹਾਂ ਨੂੰ ਵਿਗਾੜ ਸਕਦੀ ਹੈ।

2. **ਲਗਾਤਾਰ ਆਰਥਿਕ ਸਹਾਇਤਾ ਦੇਣ ਦੀ ਬਜਾਏ, ਅਜਿਹੇ ਪ੍ਰੋਜੈਕਟ ਕਰੋ ਜਿਸਦੇ ਨਾਲ ਸਥਾਈ ਤੌਰ ਤੇ ਕੁਝ ਕੀਤਾ ਜਾ ਸਕੇ।** ਸੰਸਥਾ ਨੂੰ ਉਨ੍ਹਾਂ ਪ੍ਰੋਜੈਕਟਾਂ ਲਈ ਪੈਸਾ ਖਰਚ ਕਰਨਾ ਚਾਹੀਦਾ ਹੈ ਜੋ ਕਲੀਸਿਆ ਨੂੰ ਆਰਥਿਕ ਤੌਰ ਤੇ ਮਜ਼ਬੂਤ ਬਣਾਉਣ ਵਿੱਚ ਮਦਦ ਕਰ ਸਕਣ, ਨਾ ਕਿ ਤਨਖਾਹਾਂ ਪ੍ਰਦਾਨ ਕਰਨ ਜਿਸਦੇ ਨਾਲ ਕਲੀਸਿਆ ਦੂਰ ਤੋਂ ਮਿਲਣ ਵਾਲੀ ਸਹਾਇਤਾ ਤੇ ਨਿਰਭਰ ਹੋ ਕੇ ਰਹਿ ਜਾਂਦੀਆਂ ਹਨ। ਜਿੰਨ੍ਹਾਂ ਸੰਸਥਾਵਾਂ ਦੇ ਵਿੱਚ ਪਹਿਲਾਂ ਤੋਂ ਹੀ ਮਹੀਨਾਵਾਰ ਤਨਖਾਹਾਂ ਮੌਜੂਦ ਹਨ, ਤਾਂ ਉਸ ਸੰਸਥਾ ਨੂੰ ਕਲੀਸਿਆ ਦੀ ਸਵੈ-ਨਿਰਭਰ ਬਣਨ ਵਿੱਚ ਮਦਦ ਕਰਨ ਲਈ ਤਬਦੀਲੀ ਕਰਨੀ ਚਾਹੀਦੀ ਹੈ।

3. **ਅਜਿਹੀਆਂ ਸੇਵਕਾਈਆਂ ਦੀ ਸ਼ੁਰੂਆਤ ਨਾ ਕਰੋ ਜਿੰਨ੍ਹਾਂ ਨੂੰ ਸਥਾਨਕ ਸਮਰਥਨ ਨਹੀਂ ਮਿਲ ਸਕਦਾ।** ਸੰਸਥਾਵਾਂ ਨੂੰ ਅਜਿਹੀਆਂ ਸੇਵਕਾਈਆਂ ਦੀ ਸ਼ੁਰੂਆਤ ਨਹੀਂ ਕਰਨੀ ਚਾਹੀਦੀ ਜੋ ਇਸਦੇ ਸੰਚਾਲਨ ਲਈ ਸਿਰਫ਼ ਬਾਹਰੀ ਆਰਥਿਕ ਸਮਰਥਨ ਤੇ ਨਿਰਭਰ ਰਹਿਣ। ਇੱਥੇ ਟੀਚਾ ਅਜਿਹੀ ਸੇਵਕਾਈ ਜਾਂ ਸਾਧਨ ਨੂੰ ਸਥਾਪਤ ਕਰਨਾ ਹੈ ਜੋ ਸਥਾਨਕ ਕਲੀਸਿਆ ਨਾਲ ਸਬੰਧਤ ਹੋਣ ਅਤੇ ਸਥਾਨਕ ਤੌਰ ਤੇ ਸੰਭਾਲੇ ਜਾ ਸਕਣ। ਉਦਾਹਰ ਵਜੋਂ, ਇੱਕ ਸਕੂਲ ਇੱਕ ਸਥਾਨਕ ਕਲੀਸਿਆ ਦੀ ਸੇਵਕਾਈ ਹੋਣੀ ਚਾਹੀਦੀ ਹੈ।

   ਸੇਵਕਾਈ ਦਾ ਕੋਈ ਵੀ ਅਜਿਹਾ ਯਤਨ ਥੋੜ੍ਹੇ ਸਮੇਂ ਲਈ ਹੋਣਾ ਚਾਹੀਦਾ ਹੈ ਜਿਸਨੂੰ ਸਥਾਨਕ ਤੌਰ ਤੇ ਕਦੇ ਵੀ ਵਿੱਤੀ ਸਮਰਥਨ ਮਿਲਣ ਦੀ ਸੰਭਾਵਨਾ ਨਹੀਂ ਹੈ, ਉਹ ਜਿਸਨੂੰ ਨਿਰਭਰਤਾ ਪੈਦਾ ਕੀਤੇ ਬਿਨਾਂ ਇੱਕ ਉਦੇਸ਼ ਨੂੰ ਜਲਦੀ ਪੂਰਾ ਕੀਤਾ ਜਾ ਸਕੇ (ਉਦਾਹਰਨ: ਕਨਵੈਂਨਸ਼ਨਾਂ ਅਤੇ ਸੈਮੀਨਾਰ)।

4. **ਇਸਨੂੰ ਨਜ਼ਰਅੰਦਾਜ ਕੀਤੇ ਬਿਨਾਂ ਸਥਾਨਕ ਕਲੀਸਿਆ ਦੇ ਆਗੂਆਂ ਨੂੰ ਮਜ਼ਬੂਤ ਬਣਾਓ।** ਜਦੋਂ ਬਾਹਰੀ ਜਾਂ ਉੱਚ ਦਰਜੇ ਦੇ ਆਗੂ ਲੋੜਵੰਦਾਂ ਨੂੰ ਸਿੱਧੇ ਤੌਰ ਤੇ ਸਹਾਇਤਾ ਦਿੰਦੇ ਹਨ, ਤਾਂ ਫਿਰ ਸਥਾਨਕ ਸੇਵਕਾਈ ਕਰਨ ਵਾਲੇ ਲੋਕ ਪ੍ਰਭਾਵਸ਼ਾਲੀ ਨਹੀਂ ਰਹਿੰਦੇ। ਕਿਸੇ ਕਲੀਸਿਆ ਦੇ ਲੋਕਾਂ ਨੂੰ ਸਿੱਧੇ ਤੌਰ ਤੇ ਕੁਝ ਦੇਣ ਦੀ ਬਜਾਏ, ਸੰਸਥਾਵਾਂ ਨੂੰ ਆਗੂਆਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਉਹ ਜਰੂਰਤਾਂ ਨੂੰ ਪੂਰਿਆਂ ਕਰ ਸਕਣ।

► ਗ਼ਲਤ ਤਰੀਕੇ ਦੀ ਮਿਸ਼ਨ ਸਹਾਇਤਾ ਦੀਆਂ ਕੁਝ ਉਦਾਹਰਨਾਂ ਕੀ ਹਨ? ਸਹੀ ਕਿਸਮ ਦੀ ਸਹਾਇਤਾ ਦੀਆਂ ਕੁਝ ਉਦਾਹਰਨਾਂ ਕੀ ਹਨ?

## ਸਹਾਇਤਾ ਉਦਯੋਗ ਬਣਨ ਤੋਂ ਬਚਣਾ

ਕਿਸੇ ਕਲੀਸਿਆ ਨੂੰ ਇਸਦੇ ਮੁੱਖ ਕੰਮ ਤੋਂ ਭਟਕ ਕੇ "ਸਹਾਇਤਾ ਉਦਯੋਗ" ਨਹੀਂ ਬਣਨਾ ਚਾਹੀਦਾ। ਕੁਝ ਅਜਿਹੇ ਲੋਕ ਅਤੇ ਸੰਸਥਾਵਾਂ ਹਨ ਜੋ ਗ਼ਰੀਬੀ ਨੂੰ ਦੂਰ ਕਰਨ ਦੇ ਲਈ ਸ੍ਰੋਤ ਦੇਣਾ ਚਾਹੁੰਦੇ ਹਨ ਪਰ ਉਨ੍ਹਾਂ ਦਾ ਲੋੜਵੰਦ ਲੋਕਾਂ ਦੇ ਨਾਲ ਕੋਈ ਸਿੱਧਾ ਸੰਪਰਕ ਨਹੀਂ ਹੁੰਦਾ। "ਰਾਹਤ ਸੰਸਥਾਵਾਂ" ਅਜਿਹੀਆਂ ਸੰਸਥਾਵਾਂ ਹਨ ਜੋ ਲੋੜਵੰਦ ਲੋਕਾਂ ਨੂੰ ਦੇਣ ਲਈ ਦਾਨੀਆਂ ਤੋਂ ਸ੍ਰੋਤ ਇਕੱਠੇ ਕਰਦੇ ਹਨ। ਕਈ ਵਾਰ ਸਹਾਇਤਾ ਦੇ ਪ੍ਰਬੰਧਕ ਆਪਣੇ ਦੁਆਰਾ ਪ੍ਰਬੰਧਿਤ ਸ੍ਰੋਤਾਂ ਤੋਂ ਤਨਖਾਹ ਕਮਾਉਂਦੇ ਹਨ। ਕਈ ਵਾਰ ਧੋਖਾ ਹੁੰਦਾ ਹੈ, ਅਤੇ ਇਹ ਧੋਖਾ ਦਾਨੀ ਅਤੇ ਲੋੜਵੰਦ ਦੋਵਾਂ ਨਾਲ ਹੀ ਹੁੰਦਾ ਹੈ। ਜਦੋਂ ਸਹਾਇਤਾ ਸਹੀ ਲੋਕਾਂ ਤੱਕ ਜਾਂਦੀ ਹੈ, ਤਾਂ ਵੀ ਸਹਾਇਤਾ ਉਦਯੋਗ ਲੋਕਾਂ ਦੀਆਂ ਅਸਲ ਜ਼ਰੂਰਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨ ਦੀ ਬਜਾਏ ਉਹ ਕੰਮ ਕਰਦਾ ਹੈ ਜੋ ਦਾਨੀ ਨੂੰ ਖੁਸ਼ ਕਰਨ।

ਸਹਾਇਤਾ ਉਦਯੋਗ ਅਕਸਰ ਸਥਾਨਕ ਕਲੀਸਿਆ ਨੂੰ ਨਜ਼ਰਅੰਦਾਜ ਕਰਦਾ ਹੈ। ਇਹ ਅਜਿਹੇ ਤਰੀਕੇ ਨਾਲ ਦਿੰਦਾ ਹੈ ਜਿਸ ਦੁਆਰਾ ਮਦਦ ਪ੍ਰਾਪਤ ਕਰਨ ਵਾਲੇ ਲੋਕਾਂ ਨਾਲ ਕਲੀਸਿਆ ਦੇ ਸੰਬੰਧਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਦਾਨ ਦੇਣ ਦਾ ਬਿਹਤਰ ਪ੍ਰਭਾਵ

ਉਦੋਂ ਪੈਂਦਾ ਹੈ ਜਦੋਂ ਇਹ ਕਲੀਸਿਆ ਦੇ ਰਾਂਹੀ ਕੀਤਾ ਜਾਂਦਾ ਹੈ, ਲੋਕਾਂ ਦੇ ਹਾਲਾਤਾਂ ਨੂੰ ਜਾਣਨ ਵਾਲੇ ਆਗੂਆਂ ਦੁਆਰਾ ਕੀਤਾ ਜਾਂਦਾ ਹੈ, ਅਤੇ ਇਹ ਇੱਕ ਤਰੀਕੇ ਨਾਲ ਕਲੀਸਿਆ ਦੇ ਮਹੱਤਵ ਨੂੰ ਦਰਸਾਉਂਦਾ ਹੈ।

ਜੇਕਰ ਕੋਈ ਸੰਸਥਾ ਲੋਕਾਂ ਦੇ ਹਾਲਾਤ ਬਦਲੇ ਬਿਨਾਂ ਉਨ੍ਹਾਂ ਦੀ ਮੁੱਢਲੀਆਂ ਲੋੜਾਂ (ਜਿਵੇਂ ਭੋਜਨ) ਦਿੰਦੀ ਹੈ ਤਾਂ ਇਹ ਗ਼ਰੀਬਾਂ ਨੂੰ ਆਪਣੇ ਤੇ ਨਿਰਭਰ ਬਣਾ ਲੈਂਦੀ ਹੈ। ਜੇਕਰ ਕੋਈ ਦੇ ਲੋਕ ਕਾਫੀ ਸਾਰੇ ਸ੍ਰੋਤ ਹੋਣ ਦਾ ਉਹ ਪੂਰੇ ਸਮੁਦਾਇਆਂ ਨੂੰ ਹੀ ਨਿਰਭਰ ਬਣਾ ਦਿੰਦੇ ਹਨ। ਜੇਕਰ ਉਹ ਜਿਆਦਾ ਦੇਰ ਅਜਿਹਾ ਕਰਦੇ ਰਹਿਣ ਤਾਂ ਉਹ ਨਿਰਭਰ ਰਹਿਣ ਵਾਲੇ ਲੋਕਾਂ ਦੀ ਇੱਕ ਪੀੜ੍ਹੀ ਬਣਾ ਦਿੰਦੇ ਹਨ।

ਇੱਕ ਮਿਸ਼ਨ ਨੂੰ ਕਲੀਸਿਆ ਦੀਆਂ ਪ੍ਰਾਥਮਿਕਤਾਵਾਂ ਭੁੱਲ ਕੇ ਸਹਾਇਤਾ ਉਦਯੋਗ ਦਾ ਹਿੱਸਾ ਨਹੀਂ ਬਣਨਾ ਚਾਹੀਦਾ। ਅਜਿਹਾ ਕਰਨ ਦੇ ਨਾਲ ਕਲੀਸਿਆ ਅਤੇ ਲੋੜਵੰਦ ਲੋਕ ਦੋਵਾਂ ਨੂੰ ਹੀ ਨੁਕਸਾਨ ਪਹੁੰਚਦਾ ਹੈ।

► ਤੁਸੀਂ ਸਹਾਇਤਾ ਉਦਯੋਗ ਅਤੇ ਇਸਦੇ ਪ੍ਰਭਾਵ ਦੀਆਂ ਕਿਹੜੀਆਂ ਉਦਾਹਰਨਾਂ ਨੂੰ ਵੇਖਿਆ ਹੈ?

## ਪਾਸਬਾਨਾਂ ਦੀ ਸਹਾਇਤਾ ਦੇ ਲਈ ਪਰਮੇਸ਼ੁਰ ਦੀ ਯੋਜਨਾ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਬਿਵਸਥਾਸਾਰ 18:1-5 ਪੜਣਾ ਚਾਹੀਦਾ ਹੈ। ਵਚਨ ਦਾ ਇਹ ਭਾਗ ਸੇਵਕਾਈ ਦੇ ਆਰਥਿਕ ਸਮਰਥਨ ਦੇ ਬਾਰੇ ਕੀ ਕਹਿੰਦਾ ਹੈ?

ਪੂਰੇ ਸਮੇਂ ਦੀ ਸੇਵਕਾਈ ਕਰਨ ਵਾਲੇ ਲੋਕਾਂ ਦੀ ਆਰਥਿਕ ਸਹਾਇਤਾ ਕਰਨਾ ਪੁਰਾਣੇ ਨੇਮ ਤੋਂ ਹੀ ਪਰਮੇਸ਼ੁਰ ਦੀ ਯੋਜਨਾ ਦਾ ਹਿੱਸਾ ਸੀ। ਜਾਜਕਾਂ ਨੂੰ ਹੈਕਲ ਦੇ ਵਿੱਚ ਉਨ੍ਹਾਂ ਦੀ ਸੇਵਕਾਈ ਦੇ ਲਈ ਆਰਥਿਕ ਸਮਰਥਨ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਜ਼ਮੀਨ ਦਾ ਹਿੱਸਾ ਨਹੀਂ ਮਿਲਿਆ ਸੀ, ਕਿਉਂਕਿ ਉਹ ਖੇਤੀ ਦੇ ਕੰਮ ਵਿੱਚ ਰੁੱਝ ਨਹੀਂ ਸਕਦੇ ਸਨ।

ਕਈ ਵਾਰ ਜਦੋਂ ਇਸਰਾਏਲ ਅਰਾਧਨਾ ਦੇ ਵਿੱਚ ਆਪਣੀ ਵਫ਼ਾਦਾਰੀ ਤੋਂ ਡਿੱਗ ਪੈਂਦਾ ਸੀ ਤਾਂ ਜਾਜਕਾਂ ਦਾ ਆਰਥਿਕ ਸਮਰਥਨ ਵੀ ਘੱਟ ਹੋ ਜਾਂਦਾ ਸੀ। ਜਦੋਂ ਹੈਕਲ ਦੇ ਕਰਮਚਾਰੀਆਂ ਨੂੰ ਹੈਕਲ ਤੋਂ ਬਾਹਰ ਜਾ ਕੇ ਕੰਮ ਕਰਨਾ ਪਿਆ ਤਾਂ ਇਸਨੂੰ ਇਸਰਾਏਲ ਦੀ ਬੇਵਫ਼ਾਈ ਦਾ ਚਿੰਨ੍ਹ ਦੱਸਿਆ ਗਿਆ ਹੈ (ਨਹਮਯਾਹ 13:10)।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 9:1-14 ਪੜਣਾ ਚਾਹੀਦਾ ਹੈ। ਵਚਨ ਦਾ ਇਹ ਭਾਗ ਸੇਵਕਾਈ ਦੇ ਆਰਥਿਕ ਸਮਰਥਨ ਦੇ ਬਾਰੇ ਕੀ ਕਹਿੰਦਾ ਹੈ?

ਪੌਲੁਸ ਨੇ ਕਿਹਾ ਕਿ ਸ਼ੁਭਸਮਾਚਾਰ ਦੇ ਪ੍ਰਚਾਰਕਾਂ ਦੇ ਲਈ ਪਰਮੇਸ਼ੁਰ ਦੀ ਯੋਜਨਾ ਇਹ ਹੈ ਕਿ ਉਨ੍ਹਾਂ ਦਾ ਆਰਥਿਕ ਸਮਰਥਨ ਸੇਵਕਾਈ ਦੇ ਦੁਆਰਾ ਕੀਤਾ ਜਾਵੇ, ਜਿਵੇਂ ਪੁਰਾਣੇ ਨੇਮ ਦੇ ਵਿੱਚ ਇਹ ਪ੍ਰਣਾਲੀ ਸੀ (੧ ਕੁਰਿੰਥੀਆਂ ਨੂੰ 9:13-14)। ਪੌਲੁਸ ਨੇ ਇਸ ਸਿਧਾਂਤ ਦੇ ਕਈ ਉਦਾਹਰਨਾਂ ਦਾ ਇਸਤੇਮਾਲ ਕੀਤਾ। ਇੱਕ ਕਿਸਾਨ ਨੂੰ ਉਸਦੀ ਪੈਦਾਵਾਰ ਦੁਆਰਾ ਸਮਰਥਨ ਪ੍ਰਾਪਤ ਹੁੰਦਾ ਹੈ। ਇੱਕ ਚਰਵਾਹੇ ਨੂੰ ਇੱਜੜ ਦੀ ਪੈਦਾਵਾਰ ਦੁਆਰਾ ਸਮਰਥਨ ਕੀਤਾ ਜਾਂਦਾ ਹੈ। ਇੱਕ ਸਿਪਾਹੀ ਆਪਣੇ ਖਰਚੇ ਤੇ ਯੁੱਧ ਨਹੀਂ ਲੜਦਾ।

ਰਸੂਲ ਦੱਸ ਰਿਹਾ ਹੈ ਕਿ ਸੇਵਕਾਈ ਪਾਸਬਾਨ ਦੇ ਪੂਰੇ ਧਿਆਨ ਦੀ ਹੱਕਦਾਰ ਹੈ। ਇਸ ਲਈ ਉਸਦੇ ਲਈ ਸਭ ਤੋਂ ਵਧੀਆ ਇਹੀ ਹੈ ਕਿ ਉਹ ਬਾਕੀ ਦੇ ਸਾਰੇ ਕੰਮਾਂ ਨੂੰ ਛੱਡ ਦੇਵੇ(ਵਚਨ 6)। ਰਸੂਲ ਕਹਿੰਦਾ ਹੈ ਕਿ ਸੇਵਕਾਈ ਨੂੰ ਪਾਸਬਾਨ ਦੀ ਪਤਨੀ ਦਾ ਸਮਰਥਨ ਵੀ ਕਰਨਾ ਚਾਹੀਦਾ ਹੈ, ਜੋ ਉਸਦੇ ਬੱਚਿਆਂ ਤੇ ਵੀ ਲਾਗੂ ਹੁੰਦਾ ਹੈ (ਵਚਨ 5)।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 5:17-18 ਨੂੰ ਪੜਣਾ ਚਾਹੀਦਾ ਹੈ। ਵਚਨ ਦਾ ਇਹ ਭਾਗ ਸੇਵਕਾਈ ਦੇ ਆਰਥਿਕ ਸਮਰਥਨ ਦੇ ਬਾਰੇ ਕੀ ਦੱਸਦਾ ਹੈ?

ਚੰਗਾ ਪ੍ਰਬੰਧ ਕਰਨ ਵਾਲੇ ਬਜ਼ੁਰਗ ਦੁਗਣੇ ਆਦਰ ਦੇ ਯੋਗ ਹਨ। ਵਚਨ 18 ਦੱਸਦਾ ਹੈ ਕਿ ਇਹ ਆਦਰ ਆਰਥਿਕ ਸਹਾਇਤਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਗਲਾਤੀਆਂ ਨੂੰ 6:6 ਨੂੰ ਪੜਣਾ ਚਾਹੀਦਾ ਹੈ।

ਸੇਵਕਾਈ ਤੋਂ ਲਾਭ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ ਵੀ ਸੇਵਕਾਈ ਦਾ ਸਮਰਥਨ ਕਰਨਾ ਚਾਹੀਦਾ ਹੈ।

## ਇੱਕ ਕਲੀਸਿਆ ਦੀ ਆਮ ਸ਼ੁਰੂਆਤ

ਪਹਿਲੀ ਸਦੀ ਤੋਂ ਲੈ ਕੇ ਹੁਣ ਤੱਕ ਜਿਆਦਾਤਰ ਕਲੀਸਿਆਵਾਂ ਦੀ ਸ਼ੁਰੂਆਤ ਘਰਾਂ ਦੇ ਵਿੱਚ ਹੋਣ ਵਾਲੀਆਂ ਛੋਟੀਆਂ ਸਭਾਵਾਂ ਤੋਂ ਹੋਈ ਹੈ। ਪਹਿਲੇ 200 ਸਾਲਾਂ ਤੱਕ ਕਲੀਸਿਆ ਦੇ ਕੋਲ ਇੱਕ ਵੀ ਇਮਾਰਤ ਨਹੀਂ ਸੀ, ਫਿਰ ਵੀ ਮਸੀਹਤ ਦਾ ਵਾਧਾ ਬਹੁਤ ਤੇਜ਼ੀ ਦੇ ਨਾਲ ਹੋਇਆ। ਕਈ ਵੱਡੇ ਸ਼ਹਿਰਾਂ ਦੇ ਵਿੱਚ ਕਲੀਸਿਆ ਦੀ ਸੰਗਤ ਵਿੱਚ ਹਜ਼ਾਰਾਂ ਲੋਕ ਸਨ ਪਰ ਉਹ ਘਰਾਂ ਦੇ ਵਿੱਚ ਛੋਟੇ ਸਮੂਹਾਂ ਦੇ ਵਿੱਚ ਇਕੱਠੇ ਹੁੰਦੇ ਸਨ।

ਜਿਵੇਂ ਪੌਲੁਸ ਯਾਤਰਾਵਾਂ ਕਰਦਾ ਅਤੇ ਸ਼ੁਭਸਮਾਚਾਰ ਪ੍ਰਚਾਰ ਕਰਦਾ ਸੀ ਤਾਂ ਉਸਦੀ ਮੁੱਖ ਪ੍ਰਾਥਮਿਕਤਾ ਹਰੇਕ ਸਥਾਨ ਤੇ ਕਲੀਸਿਆ ਸਥਾਪਿਤ ਕਰਨ ਦੀ ਹੁੰਦੀ ਸੀ। ਇਸ ਵਿਧੀ ਦੇ ਵਿੱਚ ਪਾਸਬਾਨਾਂ ਦਾ ਨਿਯੁਕਤ ਕੀਤੇ ਜਾਣਾ ਵੀ ਸ਼ਾਮਿਲ ਸੀ (ਰਸੂਲਾਂ ਦੇ ਕਰਤੱਬ 14:23, ਤੀਤੁਸ ਨੂੰ 1:5)। ਹਰੇਕ ਸਥਾਨ ਤੇ ਪਾਸਬਾਨ ਉਹ ਵਿਅਕਤੀ ਸੀ ਜੋ ਪਹਿਲਾਂ ਤੋਂ ਹੀ ਉੱਥੇ ਰਹਿੰਦਾ ਸੀ ਅਤੇ ਸੰਗਤੀ ਦਾ ਹਿੱਸਾ ਸੀ।

> ਆਉ ਅਸੀਂ ਉਨ੍ਹਾਂ ਬੁਰੇ ਲੋਕਾਂ ਦੀ ਸ਼ਲਾਘਾ ਨਾ ਕਰੀਏ ਜੋ ਘੁੰਮਦੇ ਰਹਿੰਦੇ ਹਨ ਅਤੇ ਕਿਸੇ ਕਲੀਸਿਆ ਦਾ ਹਿੱਸਾ ਨਹੀਂ ਬਣਦੇ, ਕਿਉਂਕਿ ਉਨ੍ਹਾਂ ਨੂੰ ਕਿਤੇ ਵੀ ਸੰਪੂਰਨ ਲੋਕ ਨਹੀਂ ਮਿਲਦੇ, ਹਮੇਸ਼ਾਂ ਕੋਈ ਨਾ ਕੋਈ ਕਮੀ ਹੁੰਦੀ ਹੈ।
>
> ਫਿਲਿਪ ਮੇਲਾਂਚਥਨ,
> *ਲੋਸੀ*

ਇੱਕ ਪਾਸਬਾਨ ਅਕਸਰ ਆਪਣੀ ਸੇਵਕਾਈ ਕਿਸੇ ਆਰਥਿਕ ਸਮਰਥਨ ਤੋਂ ਬਿਨਾਂ ਸ਼ੁਰੂ ਕਰਦਾ ਹੈ। ਉਹ ਮਿਸ਼ਨਰੀ ਦੀ ਸਹਾਇਤਾ ਕਰਦਾ ਹੈ ਜਾਂ ਬਿਨਾਂ ਕਿਸੇ ਮਿਸ਼ਨਰੀ ਦੇ ਸ਼ੁਭਸਮਾਚਾਰ ਦਾ ਪ੍ਰਚਾਰ ਕਰਨਾ ਸ਼ੁਰੂ ਕਰਦਾ ਹੈ ਕਿਉਂਕਿ ਉਸਦੇ ਅੰਦਰ ਸਹਾਇਤਾ ਕਰਨ ਦੀ ਇੱਛਾ ਹੁੰਦੀ ਹੈ। ਉਹ ਸੇਵਕਾਈ ਦੇ ਲਈ ਆਪਣੇ ਵਰਦਾਨ ਅਤੇ ਯੋਗਤਾਵਾਂ ਵਿਖਾਉਣੀਆਂ ਸ਼ੁਰੂ ਕਰਦਾ ਹੈ। ਉਹ ਅਜਿਹਾ ਕਿਸੇ ਪੈਸੇ ਦੇ ਲਈ ਨਹੀਂ ਪਰ ਆਤਮਿਕ ਉਤਸੁਕਤਾ ਦੇ ਨਾਲ ਕਰਦਾ ਹੈ।

ਜਿਵੇਂ ਹੀ ਵਿਸ਼ਵਾਸੀਆਂ ਦਾ ਸਮੂਹ ਬਣ ਜਾਂਦਾ ਹੈ, ਤਾਂ ਪਾਸਬਾਨ ਦੀਆਂ ਜਿੰਮੇਵਾਰੀਆਂ ਵੱਧ ਜਾਂਦੀਆਂ ਹਨ ਅਤੇ ਇੰਨ੍ਹਾਂ ਵਿੱਚ ਜਿਆਦਾ ਸਮਾਂ ਲੱਗਦਾ ਹੈ। ਸਮੂਹ ਨੂੰ ਪਾਸਬਾਨ ਦਾ ਆਰਥਿਕ ਸਮਰਥਨ ਕਰਨਾ ਚਾਹੀਦਾ ਹੈ ਤਾਂ ਕਿ ਉਹ ਆਪਣਾ ਸਮਾਂ ਸੇਵਕਾਈ ਦੇ ਲਈ ਬਿਤਾ ਸਕੇ। ਹੋ ਸਕਦਾ ਹੈ ਕਿ ਇਹ ਸਮਰਥਨ ਸ਼ੁਰੂਆਤ ਦੇ ਵਿੱਚ ਪੂਰਾ ਨਾ ਹੋਵੇ, ਇਹ ਹੌਲੀ-ਹੌਲੀ ਵੱਧ ਸਕਦਾ ਹੈ।

► ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਬਾਰੇ ਕੀ ਕਹੋਗੇ ਜੋ ਕਹਿੰਦਾ ਹੈ ਕਿ ਉਹ ਇੱਕ ਪਾਸਬਾਨ ਬਣਨਾ ਚਾਹੁੰਦਾ ਹੈ ਪਰ ਉਹ ਆਰਥਿਕ ਸਮਰਥਨ ਦੀ ਉਡੀਕ ਕਰ ਰਿਹਾ ਹੈ?

### ਅਲੱਗ ਹਾਲਾਤ

ਪੌਲੁਸ ਨੇ ਵਿਆਖਿਆ ਕੀਤੀ ਕਿ ਪਰਮੇਸ਼ੁਰ ਦੀ ਯੋਜਨਾ ਇਹ ਹੈ ਕਿ ਪਾਸਬਾਨ ਦਾ ਸਮਰਥਨ ਕੀਤਾ ਜਾਵੇ। ਪਰ ਕਈ ਉਸਦੀ ਆਪਣੀ ਸੇਵਕਾਈ ਦੇ ਹਾਲਾਤ ਅਲੱਗ ਸਨ। ਕਈ ਸਥਾਨਾਂ ਤੇ ਉਸਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਲਈ ਕੰਮ ਕਰਨਾ ਪਿਆ (1 ਥੱਸਲੁਨੀਕੀਆਂ ਨੂੰ 2:9, ਥੱਸਲੁਨੀਕੀਆਂ ਨੂੰ ਦੂਜੀ ਪੱਤ੍ਰੀ 3:8)।

ਇੱਕ ਨਵੀਂ ਕਲੀਸਿਆ ਇੱਕ ਪਾਸਬਾਨ ਦਾ ਪੂਰੀ ਤਰ੍ਹਾਂ ਸਮਰਥਨ ਕਰਨ ਦੇ ਯੋਗ ਨਹੀਂ ਹੋ ਸਕਦੀ। ਜਦੋਂ ਇੱਕ ਮਿਸ਼ਨਰੀ ਸ਼ੁਭਸਮਾਚਾਰ ਦੇ ਪ੍ਰਚਾਰ ਕਰਨ ਲਈ ਇੱਕ ਨਵੇਂ ਖੇਤਰ ਵਿੱਚ ਜਾਂਦਾ ਹੈ, ਤਾਂ ਹੋ ਸਕਦਾ ਹੈ ਕਿ ਉਸ ਲਈ ਬਹੁਤਾ ਆਰਥਿਕ ਸਮਰਥਨ ਨਾ ਮਿਲੇ। ਇਸ ਲਈ, ਇੱਕ ਪ੍ਰਚਾਰਕ ਨੂੰ ਇੱਕ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜੋ ਇਸ ਲਈ ਪ੍ਰਚਾਰ ਕਰਦਾ ਹੈ ਕਿਉਂਕਿ ਉਹ ਪਰਮੇਸ਼ੁਰ ਦੀ ਬੁਲਾਹਟ ਦੀ ਪਾਲਣਾ ਕਰਨੀ ਚਾਹੁੰਦਾ ਹੈ। ਉਹ ਸੇਵਕਾਈ ਇਸ ਲਈ ਕਰੇਗਾ ਕਿਉਂਕਿ ਇਹ ਉਸਦੇ ਦਿਲ ਵਿੱਚ ਹੈ, ਭਾਵੇਂ ਉਸਨੂੰ ਤਨਖਾਹ ਮਿਲੇ ਜਾਂ ਨਾ ਮਿਲੇ।

ਜੇਕਰ ਕੋਈ ਪਾਸਬਾਨ ਆਪਣੀ ਲੋੜਾਂ ਪੂਰੀਆਂ ਕਰਨ ਦੇ ਲਈ ਕੰਮ ਕਰਨ ਅਤੇ ਲੋੜ ਪੈਣ ਤੇ ਬਿਨਾਂ ਤਨਖਾਹ ਦੇ ਪ੍ਰਚਾਰ ਕਰਨ ਲਈ ਤਿਆਰ ਨਹੀਂ ਹੈ, ਤਾਂ ਉਸਦੇ ਕੋਲ ਪਰਮੇਸ਼ੁਰ ਲਈ ਉਹ ਪਿਆਰ ਨਹੀਂ ਹੈ ਜੋ ਹੋਣਾ ਚਾਹੀਦਾ ਹੈ। ਕੁਝ ਲੋਕ ਪੈਸੇ ਲਈ ਅਜਿਹੇ ਕੰਮ ਕਰਦੇ ਹਨ ਜੋ ਉਹ ਪਰਮੇਸ਼ੁਰ ਲਈ ਨਹੀਂ ਕਰਨਗੇ। ਸਾਨੂੰ ਪਰਮੇਸ਼ੁਰ ਦੇ ਲਈ ਕੁਝ ਵੀ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ। ਜੇਕਰ ਕੋਈ ਪਾਸਬਾਨ ਸੋਚਦਾ ਹੈ ਕਿ ਉਹ ਇੰਨ੍ਹਾਂ ਮਹੱਤਵਪੂਰਨ ਹੈ ਕਿ ਉਹ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਲਈ ਕੰਮ ਕਰਨ ਲਈ ਕੰਮ ਨਹੀਂ ਕਰ ਸਕਦਾ, ਤਾਂ ਉਸਨੂੰ ਪੌਲੁਸ ਦੀ ਉਦਾਹਰਣ ਯਾਦ ਰੱਖਣੀ ਚਾਹੀਦੀ ਹੈ। ਪੌਲੁਸ ਤੋਂ ਵੱਡਾ ਮਿਸ਼ਨਰੀ ਕਦੇ ਨਹੀਂ ਹੋਇਆ, ਪਰ ਉਹ ਸੇਵਕਾਈ ਨੂੰ ਪੂਰਾ ਕਰਨ ਲਈ ਜੋ ਵੀ ਜ਼ਰੂਰੀ ਸੀ ਕਰਨ ਲਈ ਤਿਆਰ ਸੀ।

ਪੌਲੁਸ ਨੇ ਕਿਹਾ ਕਿ ਉਹ ਸ਼ੁਭਸਮਾਚਾਰ ਦਾ ਪ੍ਰਚਾਰ ਪਰਮੇਸ਼ੁਰ ਦੀ ਬੁਲਾਹਦ ਦੇ ਕਾਰਨ ਕਰਦਾ ਹੈ। ਉਹ ਪ੍ਰਚਾਰ ਕਰਦਾ ਹੈ ਕਿਉਂਕਿ ਇਸਦੇ ਬਿਨਾਂ ਪਰਮੇਸ਼ੁਰ ਨੂੰ ਪ੍ਰਸੰਨ ਨਹੀਂ ਕਰ ਸਕਦਾ। ਪ੍ਰਚਾਰਕ ਦੀ ਇੱਕ ਖਾਸ ਜਿੰਮੇਵਾਰੀ ਹੈ, ਅਤੇ ਜੇਕਰ ਉਹ ਆਗਿਆਕਾਰੀ ਨਹੀਂ ਕਰਦਾ ਤਾਂ ਇਸਦੇ ਆਧਾਰ ਤੇ ਉਸ ਦਾ ਨਿਆਂ ਕੀਤਾ ਜਾਵੇਗਾ (੧ ਕੁਰਿੰਥੀਆਂ ਨੂੰ 9:16-17)।

► ਕਿਹੜੀ ਚੀਜ਼ ਇੱਕ ਪਾਸਬਾਨ ਦੇ ਲਈ ਸੇਵਕਾਈ ਕਰਨ ਦੀ ਪ੍ਰੇਰਨਾ ਹੋਣੀ ਚਾਹੀਦੀ ਹੈ?

ਪਤਰਸ ਰਸੂਲ ਨੇ ਕਿਹਾ ਕਿ ਬਜ਼ੁਰਗ ਅਜਿਹਾ ਚਰਵਾਹਾ ਹੈ ਜੋ ਇੱਜੜ ਨੂੰ ਖੁਵਾਉਣ ਅਤੇ ਰਖਵਾਲੀ ਕਰਨ ਦੀ ਇੱਛਾ ਦੇ ਨਾਲ ਇਸਦੀ ਦੀ ਦੇਖਭਾਲ ਕਰਦਾ ਹੈ। ਉਸਦਾ ਇਰਾਦਾ ਪੈਸੇ ਕਮਾਉਣਾ ਨਹੀਂ ਹੋਣਾ ਚਾਹੀਦਾ (ਪਤਰਸ ਦੀ ਪਹਿਲੀ ਪੱਤ੍ਰੀ 5:1-2)।

ਦੇਮਾਸ ਇੱਕ ਅਜਿਹਾ ਮਨੁੱਖ ਸੀ ਜਿਸਨੇ ਪੌਲੁਸ ਰਸੂਲ ਦੀ ਸਹਾਇਤਾ ਕੀਤੀ, ਪਰ ਉਸਨੇ ਸੰਸਾਰ ਦੀਆਂ ਵਸਤਾਂ ਦੇ ਨਾਲ ਮੋਹ ਲਗਾ ਕੇ ਉਸਨੂੰ ਛੱਡ ਗਿਆ (ਤਿਮੋਥਿਉਸ ਨੂੰ ਦੂਜੀ ਪੱਤ੍ਰੀ 4:10)। ਕਲਪਨਾ ਕਰੋ ਕਿ ਦੇਮਾਸ ਦੇ ਕੋਲ ਕਲੀਸਿਆ ਦੀ ਪਹਿਲੀ ਸਦੀ ਦੇ ਵਿੱਚ ਪੌਲੁਸ ਦੇ ਨਾਲ ਸੇਵਕਾਈ ਕਰਨ ਦਾ ਕਿੰਨਾ ਵੱਡਾ ਸੁਭਾਗ ਸੀ, ਪਰ ਫਿਰ ਵੀ ਉਸਨੇ ਭੋਤਿਕਵਾਦ ਦੇ ਕਾਰਨ ਸੇਵਕਾਈ ਨੂੰ ਛੱਡ ਦਿੱਤਾ। ਕੁਝ ਪਾਸਬਾਨ ਸੰਸਾਰ ਦੀਆਂ ਵਸਤਾਂ ਨੂੰ ਪਰਮੇਸ਼ੁਰ ਦੇ ਨਾਲੋਂ ਜਿਆਦਾ ਪਿਆਰ ਕਰਦੇ ਹਨ। ਉਨ੍ਹਾਂ ਵਿੱਚੋਂ ਕੁਝ ਲੋਕ ਸੇਵਕਾਈ ਨੂੰ ਤਿਆਗ ਦਿੰਦੇ ਹਨ, ਪਰ ਕੁਝ ਹੋਰ ਸੇਵਕਾਈ ਦਾ ਇਸਤੇਮਾਲ ਸੰਸਾਰ ਦੀਆਂ ਵਸਤਾਂ ਪ੍ਰਾਪਤ ਕਰਨ ਦੇ ਲਈ ਕਰਦੇ ਹਨ।

ਝੂਠੇ ਧਰਮ ਸਿਧਾਂਤ ਸਿਖਾਉਣ ਵਾਲੇ ਸਿੱਖਿਅਕਾਂ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਉਹ ਅਜਿਹਾ ਪੈਸੇ ਕਮਾਉਣ ਦੇ ਲਈ ਕਰਦੇ ਹਨ (ਤੀਤੁਸ ਨੂੰ 1:11, ਪਤਰਸ ਦੀ ਦੂਜੀ ਪੱਤ੍ਰੀ 2:3)।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੨ ਕੁਰਿੰਥੀਆਂ ਨੂੰ 12:17-18 ਪੜਣਾ ਚਾਹੀਦਾ ਹੈ। ਵਚਨ ਦੇ ਇਸ ਭਾਗ ਵਿੱਚ ਅਸੀਂ ਪੌਲੁਸ ਅਤੇ ਤੀਤੁਸ ਦੇ ਬਾਰੇ ਕੀ ਸਿੱਖਦੇ ਹਾਂ?

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਫ਼ਿਲਿੱਪੀਆਂ ਨੂੰ 2:19-22 ਪੜਣਾ ਚਾਹੀਦਾ ਹੈ। ਵਚਨ ਦੇ ਇਸ ਭਾਗ ਵਿੱਚ ਅਸੀਂ ਤਿਮੋਥਿਉਸ ਦੇ ਬਾਰੇ ਕੀ ਸਿੱਖਦੇ ਹਾਂ?

ਪੌਲੁਸ ਪਰਮੇਸ਼ੁਰ ਦੇ ਪਿਆਰ ਦੇ ਕਾਰਨ ਸੇਵਕਾਈ ਕਰਨ ਦਾ ਇੱਕ ਨਮੂਨਾ ਰੱਖਦਾ ਹੈ। ਤਿਮੋਥਿਉਸ ਅਤੇ ਤੀਤੁਸ ਉਸ ਨਮੂਨੇ ਦੇ ਪਿੱਛੇ ਚੱਲਦੇ ਹਨ (ਫ਼ਿਲਿੱਪੀਆਂ ਨੂੰ 2:19-22, ੨ ਕੁਰਿੰਥੀਆਂ ਨੂੰ 12:17-18)।

### ਆਰਥਿਕ ਜੁਆਬਦੇਹੀ

ਸਥਾਨਕ ਕਲੀਸਿਆ ਦੇ ਵਿੱਚ ਆਤਮਿਕ ਜੁਆਬਦੇਹੀ ਦਾ ਹੋਣਾ ਬਹੁਤ ਮਹੱਤਵਪੂਰਨ ਹੈ। ਪੌਲੁਸ ਰਸੂਲ ਨੇ ਸਾਡੇ ਲਈ ਇੱਕ ਨਮੂਨਾ ਖੜ੍ਹਾ ਕੀਤਾ ਹੈ। ਜਦੋਂ ਉਹ ਇੱਕ ਕਲੀਸਿਆ ਤੋਂ ਦੂਸਰੀ ਕਲੀਸਿਆ ਦੇ ਲਈ ਦਾਨ ਇਕੱਠਾ ਕਰ ਰਿਹਾ ਸੀ, ਤਾਂ ਉਸਦੇ ਕੋਲ ਗਵਾਹ ਸਨ ਅਤੇ ਉਸਨੇ ਇਸ ਗੱਲ ਨੂੰ ਪੱਕਿਆਂ ਕੀਤਾ ਕਿ ਕੁਝ ਵੀ ਗੁਪਤ ਦੇ ਵਿੱਚ ਨਾ ਕੀਤਾ ਜਾਵੇ (੨ ਕੁਰਿੰਥੀਆਂ ਨੂੰ 8:20-21)।

ਸੰਸਾਰ ਦੇ ਲੋਕ ਪੈਸੇ ਦਾ ਸੰਚਾਲਨ ਕਰਨ ਵਾਲੇ ਲੋਕਾਂ ਤੇ ਭਰੋਸਾ ਨਹੀਂ ਕਰਦੇ ਹਨ। ਉਹ ਸੋਚਦੇ ਹਨ ਕਿ ਬਹੁਤ ਸਾਰੇ ਪੈਸੇ ਦਾ ਸੰਚਾਲਨ ਕਰਨ ਵਾਲੇ ਲੋਕ ਪੈਸੇ ਵਿੱਚੋਂ ਚੋਰੀ ਕਰਦੇ ਹਨ । ਉਹ ਮੰਨਦੇ ਹਨ ਕਿ ਬਹੁਤ ਸਾਰੇ ਪਾਸਬਾਨ ਸਿਰਫ਼ ਪੈਸੇ ਲਈ ਸੇਵਕਾਈ ਕਰਦੇ ਹਨ। ਸਥਾਨਕ ਕਲੀਸਿਆ ਦੇ ਲਈ ਵਿੱਤੀ ਜਵਾਬਦੇਹੀ ਲਈ ਇੱਕ ਪ੍ਰਣਾਲੀ ਹੋਣਾ ਮਹੱਤਵਪੂਰਨ ਹੈ ਜੋ ਇਹ ਸਾਬਤ ਕਰਦੀ ਹੈ ਕਿ ਉਨ੍ਹਾਂ ਦੇ ਪਾਸਬਾਨ ਤੇ ਭਰੋਸਾ ਕੀਤਾ ਜਾ ਸਕਦਾ ਹੈ।

► ਅਜਿਹੇ ਕੁਝ ਅਭਿਆਸ ਕੀ ਹਨ ਜੋ ਕਲੀਸਿਆ ਨੂੰ ਇਹ ਵਿਖਾਉਣ ਦੇ ਵਿੱਚ ਸਹਾਇਤਾ ਕਰਦੇ ਹਨ ਕੀ ਦਾਨ ਦਾ ਇਸਤੇਮਾਲ ਇਮਾਨਦਾਰੀ ਦੇ ਨਾਲ ਹੋ ਰਿਹਾ ਹੈ?

ਆਰਥਿਕ ਜੁਆਬਦੇਹੀ ਦੇ ਲਈ ਦਾਨ ਨੂੰ ਇਕੱਠਾ ਕਰਨ ਤੋਂ ਬਾਅਦ ਇਸਨੂੰ ਇੱਕ ਵਿਅਕਤੀ ਦੁਆਰਾ ਨਹੀਂ ਬਲਕਿ ਕੁਝ ਲੋਕਾਂ ਗਿਣਿਆ ਜਾਣਾ ਚਾਹੀਦਾ ਹੈ। ਕਿਸੇ ਵਿਅਕਤੀ ਨੂੰ ਪਾਸਬਾਨ ਦੇ ਨਾਲ ਇਹ ਵੇਰਵਾ ਰੱਖਣਾ ਚਾਹੀਦਾ ਹੈ ਕਿ ਇਸ ਪੈਸੇ ਦਾ ਇਸਤੇਮਾਲ ਕਿਵੇਂ ਕੀਤਾ ਜਾ ਰਿਹਾ ਹੈ।

ਕੁਝ ਪਾਸਬਾਨ ਸਿਖਾਉਂਦੇ ਹਨ ਕਿ ਦਸਵੰਧ ਉਨ੍ਹਾਂ ਦੇ ਲਈ ਹੈ। ਬਾਈਬਲ ਇਹ ਨਹੀਂ ਸਿਖਾਉਂਦੀ ਕਿ ਸਾਰਾ ਦਸਵੰਧ ਪਾਸਬਾਨ ਦੇ ਕੋਲ ਜਾਣਾ ਚਾਹੀਦਾ ਹੈ। ਦਸਵੰਧ ਦਾ ਉਪਯੋਗ ਕਈ ਉਦੇਸ਼ਾਂ ਦੇ ਲਈ ਕੀਤਾ ਜਾਂਦਾ ਸੀ (ਬਿਵਸਥਾਸਾਰ 26:12)।

ਪਾਸਬਾਨ ਨੂੰ ਕਲੀਸਿਆ ਦਾ ਦਸਵੰਧ ਅਤੇ ਦਾਨ ਦਾ ਸੇਵਕਾਈ ਦੇ ਕੰਮਾਂ ਵਿੱਚ ਲਗਾਏ ਜਾਣ ਦੇ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ। ਜੇਕਰ ਕਲੀਸਿਆ ਵੇਖਦੀ ਹੈ ਕਿ ਉਨ੍ਹਾਂ ਦੇ ਦਾਨ ਦਾ ਵਫ਼ਾਦਾਰੀ ਦੇ ਨਾਲ ਉਪਯੋਗ ਹੋ ਰਿਹਾ ਹੈ ਤਾਂ ਉਹ ਹੋਰ ਜਿਆਦਾ ਦੇਣ ਦੇ ਲਈ ਇਛੁੱਕ ਹੁੰਦੇ ਹਨ।

## ਸੱਤ ਸੰਖੇਪ ਕਥਨ

1. ਨਵੇਂ ਸਥਾਨ ਵਿੱਚ ਹੋਣ ਵਾਲੀ ਸੇਵਕਾਈ ਨੂੰ ਸ਼ੁਭਸਮਾਚਾਰ ਪ੍ਰਚਾਰ ਤੇ ਜ਼ੋਰ ਦੇ ਕੇ ਸਹੀ ਲੋਕਾਂ ਨੂੰ ਆਰਕਰਸ਼ਿਤ ਕਰਨਾ ਚਾਹੀਦਾ ਹੈ।
2. ਇੱਕ ਪਰਿਪੱਕ ਕਲੀਸਿਆ ਬਾਹਰੀ ਸਹਾਇਤਾ ਜਾਂ ਅਗਵਾਈ ਤੇ ਨਿਰਭਰ ਨਹੀਂ ਹੁੰਦੀ।
3. ਸੰਸਥਾਵਾਂ ਨੂੰ ਕਲੀਸਿਆ ਦੀ ਸਹਾਇਤਾ ਇਸ ਤਰੀਕੇ ਨਾਲ ਕਰਨੀ ਚਾਹੀਦੀ ਹੈ ਜਿਸਦੇ ਨਾਲ ਇਸਦਾ ਸਥਾਨਕ ਸਮਰਥਨ ਕਮਜ਼ੋਰ ਨਾ ਹੋਵੇ।
4. ਸਹਾਇਤਾ ਕਰਨ ਵਾਲੀਆਂ ਸੰਸਥਾਵਾਂ ਅਕਸਰ ਕਲੀਸਿਆ ਦੀ ਸੇਵਕਾਈ ਦੇ ਵਿੱਚ ਰੁਕਾਵਟ ਬਣਦੀਆਂ ਹਨ ਅਤੇ ਨਿਰਭਰਤਾ ਨੂੰ ਉਤਪੰਨ ਕਰਦੀਆਂ ਹਨ।
5. ਇੱਕ ਕਲੀਸਿਆ ਨੂੰ ਆਪਣੇ ਪਾਸਬਾਨ ਦਾ ਆਰਥਿਕ ਸਮਰਥਨ ਕਰਨਾ ਚਾਹੀਦਾ ਹੈ ਤਾਂ ਕਿ ਉਹ ਸੇਵਕਾਈ ਦੇ ਲਈ ਜਿਆਦਾ ਸਮਾਂ ਦੇ ਸਕੇ।
6. ਕਲੀਸਿਆ ਦੇ ਕੋਲ ਜੁਆਬਦੇਹੀ ਦੀ ਅਜਿਹੀ ਪ੍ਰਣਾਲੀ ਹੋਣੀ ਚਾਹੀਦੀ ਹੈ ਜੋ ਉਨ੍ਹਾਂ ਦੀ ਈਮਾਨਦਾਰੀ ਨੂੰ ਸਾਬਿਤ ਕਰਦੀ ਹੈ।
7. ਇੱਕ ਪਾਸਬਾਨ ਦੀ ਪ੍ਰੇਰਨਾ ਪਰਮੇਸ਼ੁਰ ਦੇ ਲਈ ਉਸਦਾ ਪਿਆਰ ਅਤੇ ਸੇਵਾ ਕਰਨ ਦੀ ਇੱਛਾ ਹੋਣੀ ਚਾਹੀਦੀ ਹੈ।

## ਪਾਠ 8 ਦੇ ਅਸਾਇਨਮੈਂਟ

1. ਪਾਠ 8 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।

3. ਪ੍ਰੀਖਿਆ: ਅੱਗਲੀ ਕਲਾਸ ਸ਼ੈਸ਼ਨ ਦੀ ਸ਼ੁਰੂਆਤ ਵਿੱਚ, ਤੁਹਾਨੂੰ ਸਥਾਨਕ ਕਲੀਸਿਆ ਦੇ ਸਮਰਥਨ ਬਾਰੇ ਛੇਆਂ ਦੇ ਵਿੱਚੋਂ ਘੱਟੋ-ਘੱਟ ਪੰਜ ਅਤੇ ਮਿਸ਼ਨ ਦੀਆਂ ਆਰਥਿਕ ਨੀਤੀਆਂ ਦੇ ਬਾਰੇ ਚਾਰ ਬਿੰਦੂ ਆਪਣੀ ਯਾਦਦਾਸ਼ਤ ਦੇ ਵਿੱਚੋਂ ਲਿਖਣੇ ਪੈਣਗੇ।

# ਪਾਠ 9
# ਦਸਵੰਧ

## ਜਾਣ-ਪਛਾਣ

ਦਸਵੰਧ ਕੁਝ ਸਥਾਨਾਂ ਤੇ ਇੱਕ ਵਿਵਾਦਿਤ ਮੁੱਦਾ ਹੈ। ਕੁਝ ਲੋਕ ਸੋਚਦੇ ਹਨ ਦਸਵੰਧ ਦਾ ਸਿਧਾਂਤ ਕ੍ਰਿਪਾ ਦੁਆਰਾ ਮਿਲਣ ਵਾਲੀ ਮੁਕਤੀ ਤੇ ਲਾਗੂ ਨਹੀਂ ਹੁੰਦਾ। ਉਹ ਸੋਚਦੇ ਹਨ ਕਿ ਇਹ ਤਾਂ ਮੁਕਤੀ ਦੇ ਲਈ ਭੁਗਤਾਨ ਕਰਨ ਜਿਹਾ ਜਾਪਦਾ ਹੈ। ਕੁਝ ਲੋਕ ਕਲੀਸਿਆ ਦਾ ਸਮਰਥਨ ਕਰਨ ਦੇ ਲਈ ਜਿੰਮੇਵਾਰੀ ਨੂੰ ਮਹਿਸੂਸ ਨਹੀਂ ਕਰਦੇ। ਉਹ ਆਪਣੀ ਇੱਛਾ ਦੇ ਨਾਲ ਕਿਸੇ ਵੀ ਸਮੇਂ ਦਾਨ ਦਿੰਦੇ ਹਨ। ਇਸ ਪਾਠ ਦੇ ਵਿੱਚ ਅਸੀਂ ਦਸਵੰਧ ਦੇ ਬਾਈਬਲ ਆਧਾਰ ਅਤੇ ਅਭਿਆਸਿਕ ਉਦੇਸ਼ ਨੂੰ ਵੇਖਾਂਗੇ।

► ਤੁਸੀਂ ਲੋਕਾਂ ਨੂੰ ਦਸਵੰਧ ਨਾ ਦੇਣ ਦੇ ਕਾਰਨਾਂ ਵਿੱਚੋਂ ਕੀ ਕਹਿੰਦੇ ਹੋਏ ਸੁਣਿਆ ਹੈ?

## ਸਭਨਾਂ ਦਾ ਪ੍ਰਭੂ

ਇੱਕ ਮਸੀਹੀ ਇਸ ਗੱਲ ਨੂੰ ਸਮਝਦਾ ਹੈ ਕਿ ਪਰਮੇਸ਼ੁਰ ਇਸ ਬ੍ਰਹਿਮੰਡ ਵਿੱਚ ਪਾਈ ਜਾਣ ਵਾਲੀ ਹਰੇਕ ਚੀਜ਼ ਦਾ ਮਾਲਕ ਹੈ। ਇੱਕ ਰਚਨਹਾਰਾ ਹੋਣ ਦੇ ਕਾਰਨ ਅਸੀਂ ਵੀ ਪਰਮੇਸ਼ੁਰ ਦੇ ਹੀ ਹਾਂ। ਉਸਦੇ ਸਾਨੂੰ ਰਚਿਆ, ਯੋਗਤਾਵਾਂ ਦਿੱਤੀਆਂ, ਅਤੇ ਉਨ੍ਹਾਂ ਸਾਰੇ ਸ੍ਰੋਤਾਂ ਨੂੰ ਬਣਾਇਆ ਜੋ ਅਸੀਂ ਇਸਤੇਮਾਲ ਕਰਦੇ ਹਾਂ। ਸਭ ਕੁਝ ਉਸਦੇ ਦੁਆਰਾ ਰਚਿਆ ਗਿਆ, ਉਸਦੀ ਸਮਰੱਥਾ ਦੇ ਨਾਲ ਬਣਿਆ ਰਹਿੰਦਾ ਹੈ ਅਤੇ ਉਸਦੀ ਮਹਿਮਾ ਦੇ ਲਈ ਹੈ (ਕੁਲੁੱਸੀਆਂ ਨੂੰ 1:16-17)।

ਪਰਮੇਸ਼ੁਰ ਨੇ ਸਾਨੂੰ ਛੁਟਕਾਰਾ ਦਿੱਤਾ ਹੈ ਇਸ ਲਈ ਅਸੀਂ ਉਸਦੇ ਹਾਂ। ਉਸਨੇ ਸਾਡੀ ਮੁਕਤੀ ਦੀ ਕੀਮਤ ਚੁਕਾਈ ਹੈ। ਉਸਨੇ ਸਾਨੂੰ ਉਸ ਸਜ਼ਾ ਤੋਂ ਬਚਾਇਆ ਹੈ ਜੋ ਸਾਡੇ ਪਾਪਾਂ ਦੇ ਕਾਰਨ ਸਾਨੂੰ ਮਿਲਣੀ ਸੀ। ਸਾਡੇ ਜੀਵਨ ਉਸਦੇ ਹਨ ਕਿਉਂਕਿ ਯਿਸੂ ਸਾਡੇ ਲਈ ਮਰਿਆ ਹੈ (੨ ਕੁਰਿੰਥੀਆਂ ਨੂੰ 5:14-15)।

ਅਸੀਂ ਛੁਟਕਾਰੇ ਦੇ ਕਾਰਨ ਪਰਮੇਸ਼ੁਰ ਦੇ ਹਾਂ। ਪਾਪੀ ਮਨੁੱਖਾਂ ਦੇ ਤੌਰ ਤੇ ਅਸੀਂ ਪਾਪ ਅਤੇ ਸ਼ੈਤਾਨ ਦੀ ਤਾਕਤ ਦੇ ਅਧੀਨ ਸੀ। ਮੁਕਤੀ ਨੇ ਸਾਨੂੰ ਬੁਰਿਆਈ ਦੇ ਕਾਬੂ ਤੋਂ ਛੁਡਾਇਆ (ਰਸੂਲਾਂ ਦੇ ਕਰਤੱਬ 26:18)।

ਕਿਉਂਕਿ ਅਸੀਂ ਪਰਮੇਸ਼ੁਰ ਦੇ ਹਾਂ ਇਸ ਲਈ ਸਾਡਾ ਸਭ ਕੁਝ ਪਰਮੇਸ਼ੁਰ ਦਾ ਹੈ।

► ਇੱਕ ਉਦਾਹਰਨ ਦਿਓ ਕਿ ਤੁਸੀਂ ਪਰਮੇਸ਼ੁਰ ਦੇ ਲਈ ਆਪਣੀਆਂ ਸੰਪਤੀਆਂ ਦਾ ਸੰਚਾਲਨ ਕਿਵੇਂ ਕਰਦੇ ਹੋ।

## ਪਰਮੇਸ਼ੁਰ ਦੇ ਖਾਸ ਦਿਸ਼ਾ-ਨਿਰਦੇਸ਼

ਕਈ ਵਾਰ ਪਰਮੇਸ਼ੁਰ ਜੋ ਸਾਡੇ ਕੋਲ ਹਿੱਸਾ ਹੈ ਉਸਦੇ ਲਈ ਖਾਸ ਦਿਸ਼ਾ-ਨਿਰਦੇਸ਼ ਦੇ ਕੇ ਆਪਣੀ ਮਾਲਕੀਅਤ ਨੂੰ ਪ੍ਰਦਰਸ਼ਿਤ ਕਰਦਾ ਹੈ। ਜਦੋਂ ਅਸੀਂ ਉਸ ਹਿੱਸੇ ਦੇ ਲਈ ਪਰਮੇਸ਼ੁਰ ਦੀ ਆਗਿਆਕਾਰੀ ਕਰਦੇ ਹਾਂ, ਤਾਂ ਅਸੀਂ ਵਿਖਾਉਂਦੇ ਹਾਂ ਕਿ ਅਸੀਂ ਹਰੇਕ ਗੱਲ ਵਿੱਚ ਉਸਦੀ ਆਗਿਆਕਾਰੀ ਕਰਨ ਦੇ ਇਛੁੱਕ ਹਾਂ।

ਉਦਾਹਰਨ ਦੇ ਲਈ, ਜਦੋਂ ਪਰਮੇਸ਼ੁਰ ਨੇ ਆਦਮ ਅਤੇ ਹਵਾ ਨੂੰ ਅਦਨ ਦੇ ਬਾਗ਼ ਵਿੱਚ ਰੱਖਿਆ ਤਾਂ ਉਸਨੇ ਉਨ੍ਹਾਂ ਨੂੰ ਇੱਕ ਖਾਸ ਰੁੱਖ ਦਾ ਫ਼ਲ ਖਾਣ ਤੋਂ ਮਨ੍ਹਾ ਕੀਤਾ। ਇਸ ਖਾਸ ਹੁਕਮ ਨੇ ਆਗਿਆਕਾਰੀ ਦਾ ਵਿਖਾਵਾ ਕੀਤਾ।

ਪਰਮੇਸ਼ੁਰ ਦੀਆਂ ਖਾਸ ਮੰਗਾਂ ਸਾਨੂੰ ਆਪਣੀ ਆਗਿਆਕਾਰੀ ਵਿਖਾਉਣ ਦਾ ਮੌਕਾ ਦਿੰਦੀਆਂ ਹਨ। ਜੇਕਰ ਕੋਈ ਵਿਅਕਤੀ ਆਪਣੇ ਜੀਵਨ ਦੇ ਕਿਸੇ ਹਿੱਸੇ ਦੇ ਵਿੱਚ ਪਰਮੇਸ਼ੁਰ ਦੇ ਦਿਸ਼ਾ-ਨਿਰਦੇਸ਼ ਦੀ ਆਗਿਆਕਾਰੀ ਨਹੀਂ ਕਰ ਰਿਹਾ ਤਾਂ ਇਸਦਾ ਇਹ ਅਰਥ ਹੈ ਕਿ ਉਹ ਆਮ ਦਿਸ਼ਾ-ਨਿਰਦੇਸ਼ ਦੇ ਵਿੱਚ ਵੀ ਆਗਿਆਕਾਰੀ ਨਹੀਂ ਕਰ ਰਿਹਾ।

ਇੱਕ ਔਰਤ ਨੇ ਇੱਕ ਪਾਸਬਾਨ ਦੇ ਅੱਗੇ ਸ਼ਿਕਾਇਤ ਕੀਤੀ ਕਿ ਉਹ ਸਮਝ ਨਹੀਂ ਪਾ ਰਹੀ ਕਿ ਪਰਮੇਸ਼ੁਰ ਉਸਨੂੰ ਬਰਕਤ ਕਿਉਂ ਨਹੀਂ ਦੇ ਰਿਹਾ। ਉਸਨੇ ਕਿਹਾ, "ਹਾਂ ਮੈਂ ਸਹੀ ਕਰਨ ਦਾ ਯਤਨ ਕਰ ਰਹੀ ਹਾਂ। ਮੈਨੂੰ ਨਹੀਂ ਪਤਾ ਕਿ ਮੈਨੂੰ ਹੋਰ ਕੀ ਅਲੱਗ ਤਰੀਕੇ ਨਾਲ ਕਰਨਾ ਚਾਹੀਦਾ ਹੈ।" ਪਾਸਬਾਨ ਨੇ ਉਸਨੂੰ ਯਾਦ ਦਿਵਾਇਆ ਕਿ ਉਹ ਕਲੀਸਿਆ ਦੇ ਵਿੱਚ ਨਹੀਂ ਆ ਰਹੀ ਹੈ। ਉਸਨੇ ਕਿਹਾ, "ਤੁਹਾਨੂੰ ਇਹ ਪਤਾ ਨਹੀਂ ਹੋਵੇਗਾ ਕਿ ਪਰਮੇਸ਼ੁਰ ਹਫ਼ਤੇ ਦੇ ਬਾਕੀ ਦਿਨਾਂ ਵਿੱਚ ਤੁਹਾਡੇ ਦੁਆਰਾ ਕੀਤੇ ਕੰਮਾਂ ਤੋਂ ਕੀ ਚਾਹੁੰਦਾ ਹੈ, ਪਰ ਤੁਸੀਂ ਜਾਣਦੇ ਹੋ ਉਸਦੀ ਇੱਛਾ ਦੇ ਅਨੁਸਾਰ ਤੁਹਾਨੂੰ ਐਤਵਾਰ ਦੇ ਦਿਨ ਕੀ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਉਸ ਦਿਨ ਅਜਿਹਾ ਕੰਮ ਨਹੀਂ ਕਰਦੇ ਜੋ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਉਸ ਦਿਨ ਕਰਨਾ ਚਾਹੀਦਾ ਹੈ, ਤਾਂ ਸ਼ਾਇਦ ਤੁਸੀਂ ਬਾਕੀ ਦੇ ਦਿਨਾਂ ਵਿੱਚ ਵੀ ਪਰਮੇਸ਼ੁਰ ਦੀ ਆਗਿਆਕਾਰੀ ਨਹੀਂ ਕਰ ਰਹੇ ਹੋ।"

ਬਾਈਬਲ ਦੇ ਵਿੱਚ ਇਸ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ ਕਿ ਜਦੋਂ ਪਰਮੇਸ਼ੁਰ ਨੇ ਕਿਸੇ ਵਿਅਕਤੀ ਦੇ ਜੀਵਨ ਬਾਰੇ ਕੁਝ ਖਾਸ ਦਿਸ਼ਾ-ਨਿਰਦੇਸ਼ ਦਿੱਤੇ। ਪਰਮੇਸ਼ੁਰ ਨੇ ਆਗਿਆਕਾਰੀ ਦੇ ਲਈ ਪ੍ਰਤੀਫ਼ਲ ਦਿੱਤਾ ਅਤੇ ਅਣ-ਆਗਿਆਕਾਰੀ ਦੇ ਲਈ ਸਜ਼ਾ ਦਿੱਤੀ। ਪ੍ਰਤੀਫ਼ਲ ਅਤੇ ਸਜ਼ਾ ਨੇ ਉਨ੍ਹਾਂ ਦੇ ਜੀਵਨ ਦੇ ਸਿਰਫ਼ ਉਸ ਹਿੱਸੇ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਜੋ ਮੰਗ ਦੇ ਅਧੀਨ ਸੀ। ਉਨ੍ਹਾਂ ਦੀ ਚੋਣ ਨੇ ਉਨ੍ਹਾਂ ਦੇ ਜੀਵਨ ਦੇ ਹਰੇਕ ਹਿੱਸੇ ਨੂੰ ਪ੍ਰਭਾਵਿਤ ਕੀਤਾ।

## ਖਾਸ ਦਿਸ਼ਾ-ਨਿਰਦੇਸ਼ ਦੀਆਂ ਉਦਾਹਰਨਾਂ

### (1) ਅਦਨ ਦੇ ਬਾਗ਼ ਵਿੱਚ ਮਨ੍ਹਾਂ ਕੀਤਾ ਹੋਇਆ ਰੁੱਖ

ਪਰਮੇਸ਼ੁਰ ਨੇ ਆਦਮ ਅਤੇ ਹਵਾ ਨੂੰ ਕਿਹਾ ਕਿ ਉਹ ਇੱਕ ਖਾਸ ਰੁੱਖ ਦਾ ਫ਼ਲ ਨਾ ਖਾਣ। ਉਨ੍ਹਾਂ ਦੇ ਅਣ-ਆਗਿਆਕਾਰੀ ਕਰਨ ਤੋਂ ਪਹਿਲਾਂ ਤੋਂ ਬਰਕਤ ਦੇ ਵਿੱਚ ਸਨ ਅਤੇ ਪਰਮੇਸ਼ੁਰ ਦੀ ਹਜ਼ੂਰੀ ਦੇ ਵਿੱਚ ਵੱਸਦੇ ਸਨ। ਜਦੋਂ ਉਨ੍ਹਾਂ ਨੇ ਉਸ ਮਨ੍ਹਾ ਕੀਤੇ ਹੋਏ ਰੁੱਖ ਵਾਲੀ ਆਗਿਆ ਦਾ ਉਲੰਘਣ ਕੀਤਾ, ਤਾਂ, ਉਨ੍ਹਾਂ ਨੇ ਅਦਨ ਵਿੱਚ ਰਹਿਣ ਦੇ ਹੱਕ ਨੂੰ ਗੁਆ ਦਿੱਤਾ, ਪਰਮੇਸ਼ੁਰ ਨੇ ਨਾਲ ਉਨ੍ਹਾਂ ਦਾ ਸੰਬੰਧ ਟੁੱਟ ਗਿਆ, ਅਤੇ ਉਨ੍ਹਾਂ ਦੇ ਕਾਰਨ ਸਾਰੀ ਮਨੁੱਖਜਾਤੀ ਤੇ ਸ਼ਰਾਪ ਆਇਆ (ਉਤਪਤ 3:17-19)।

### (2) ਸੱਤਵਾਂ ਦਿਨ

ਪਰਮੇਸ਼ੁਰ ਨੇ ਸੱਤਵੇਂ ਦਿਨ ਦੇ ਬਾਰੇ ਕੁਝ ਸਖ਼ਤ ਹਦਾਇਤਾਂ ਦਿੱਤੀਆਂ। ਜੋ ਵਿਅਕਤੀ ਉਸ ਦਿਨ ਪਰਮੇਸ਼ੁਰ ਦੀ ਆਗਿਆਕਾਰੀ ਨਹੀਂ ਕਰਦਾ ਸੀ ਇਸ ਤੋਂ ਇਹ ਪਤਾ ਲੱਗਦਾ ਸੀ ਕਿ ਉਹ ਬਾਕੀ ਦੇ ਦਿਨਾਂ ਵਿੱਚ ਵੀ ਪਰਮੇਸ਼ੁਰ ਦੀ ਆਗਿਆਕਾਰੀ ਨਹੀਂ ਕਰਦਾ ਹੈ। ਅਣ-ਆਗਿਆਕਾਰੀ ਨੇ ਅਜਿਹਾ ਸ਼ਰਾਪ ਲਿਆਂਦਾ ਜਿਸਨੇ ਜੀਵਨ ਦੇ ਹਰੇਕ ਭਾਗ ਨੂੰ ਪ੍ਰਭਾਵਿਤ ਕੀਤਾ (ਯਸਾਯਾਹ 58:13-14)।

### (3) ਯਰੀਹੋ

ਯਰੀਹੋ ਉਹ ਪਹਿਲਾ ਸ਼ਹਿਰ ਸੀ ਜਿਸਦਾ ਨਾਸ਼ ਕਰਕੇ ਇਸਰਾਏਲ ਵਾਇਦਾ ਕੀਤੀ ਹੋਈ ਭੂਮੀ ਦੇ ਵਿੱਚ ਦਾਖਲ ਹੋਇਆ। ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਹਾ ਕਿ ਯਰੀਹੋ ਤੋਂ ਮਿਲਣ ਵਾਲੀ ਹਰੇਕ ਵਸਤੂ ਪਰਮੇਸ਼ੁਰ ਦੇ ਲਈ ਸਮਰਪਿਤ ਹੈ। ਬਾਕੀ ਦੇ ਸ਼ਹਿਰਾਂ ਦੇ ਲਈ ਇਹ ਮੰਗ ਨਹੀਂ ਸੀ, ਪਰ ਪਰਮੇਸ਼ੁਰ ਨੇ ਯਰੀਹੋ ਸ਼ਹਿਰ ਦੇ ਲਈ ਇਹ ਖਾਸ ਦਿਸ਼ਾ-ਨਿਰਦੇਸ਼ ਦਿੱਤੇ। ਅਣ-ਆਗਿਆਕਾਰੀ ਦੇ ਕਾਰਨ ਯੁੱਧ ਦੇ ਹਾਰ ਹੋਈ, 36 ਮਨੁੱਖ ਮਾਰੇ ਗਏ, ਅਤੇ ਇੱਕ ਪਰਿਵਾਰ ਦੀ ਮੌਤ ਹੋ ਗਈ (ਯਹੋਸ਼ੁਆ 7:5)।

### (4) ਸਾਊਲ ਅਤੇ ਅਮਾਲੇਕੀ

ਪਰਮੇਸ਼ੁਰ ਨੇ ਇਸਰਾਏਲ ਦੇ ਰਾਜੇ ਸ਼ਾਊਲ ਕਿਹਾ ਕਿ ਉਹ ਅਮਾਲੇਕ ਦੇ ਦੇਸ਼ ਨੂੰ ਨਾਸ਼ ਕਰ ਦੇਵੇ ਅਤੇ ਸਾਰੇ ਲੋਕਾਂ ਅਤੇ ਜਾਨਵਰਾਂ ਨੂੰ ਮਾਰ ਦੇਵੇ। ਸ਼ਾਊਲ ਨੇ ਕਈਆਂ ਨੂੰ ਜਿਉਂਦੇ ਰੱਖ ਲਿਆ। ਉਸਨੇ ਦਾਅਵਾ ਕੀਤਾ ਕਿ ਉਸਨੇ ਪਰਮੇਸ਼ੁਰ ਦੀ ਆਗਿਆਕਾਰੀ ਕੀਤੀ ਹੈ, ਭਾਵੇਂ ਕਿ ਉਸਨੇ ਖਾਸ ਹੁਕਮ ਦੀ ਪਾਲਣਾ ਨਹੀਂ ਕੀਤੀ ਸੀ। ਪਰਮੇਸ਼ੁਰ ਨੇ ਸ਼ਾਊਲ ਨੂੰ ਰਾਜਾ ਹੋਣ ਤੋਂ ਰੱਦ ਦਿੱਤਾ (1 ਸਮੂਏਲ 15:3, 9, 20-23)।

### (5) ਭੂਮੀ ਦੇ ਲਈ ਸਬਤ

ਭੂਮੀ ਨੂੰ ਸੱਤਵੇਂ ਸਾਲ ਵਿੱਚ ਆਰਾਮ ਦੇਣ ਦਾ ਹੁਕਮ ਸੀ। ਲੋਕਾਂ ਨੇ ਪਰਮੇਸ਼ੁਰ ਦੀ ਅਣ-ਆਗਿਆਕਾਰੀ ਕੀਤੀ ਅਤੇ ਜ਼ਮੀਨ ਦੇ ਲਈ ਸਬਤ ਨੂੰ ਨਹੀਂ ਮੰਨਿਆ। ਜੇਕਰ ਕੋਈ ਕਿਸਾਨ ਸੱਤਵੇਂ ਸਾਲ ਵਿੱਚ ਪਰਮੇਸ਼ੁਰ ਦੀ ਆਗਿਆਕਾਰੀ ਨਹੀਂ ਕਰ ਰਿਹਾ ਸੀ ਤਾਂ ਉਹ

ਸ਼ਾਇਦ ਬਾਕੀ ਦੇ ਸਾਲਾਂ ਵਿੱਚ ਵੀ ਅਜਿਹਾ ਨਹੀਂ ਕਰ ਰਿਹਾ ਸੀ। ਜਦੋਂ ਲੋਕਾਂ ਨੇ ਅਣ-ਆਗਿਆਕਾਰੀ ਕੀਤੀ, ਤਾਂ ਪਰਮੇਸ਼ੁਰ ਨੇ ਇਹ ਹੋਣ ਦਿੱਤਾ ਉਨ੍ਹਾਂ ਦੀ ਸਾਰੀ ਜ਼ਮੀਨ ਹੀ ਉਨ੍ਹਾਂ ਦੇ ਹੱਥੋਂ ਜਾਂਦੀ ਰਹੇ। ਜ਼ਮੀਨ ਦੇ ਸਬਤਾਂ ਨੂੰ 70 ਸਾਲਾਂ ਦੀ ਗ਼ੁਲਾਮੀ ਦੇ ਦੁਆਰਾ ਪੂਰਾ ਕੀਤਾ ਗਿਆ (੨ ਇਤਿਹਾਸ 36:21)।

### (6) ਪਹਿਲਾ ਫ਼ਲ

ਇਸਰਾਈਲੀਆਂ ਨੂੰ ਆਪਣੇ ਖੇਤਾਂ ਦਾ ਪਹਿਲਾ ਫ਼ਲ ਪਰਮੇਸ਼ੁਰ ਨੂੰ ਦੇਣਾ ਸੀ। ਜੇਕਰ ਉਹ ਇਸ ਵਿੱਚ ਆਗਿਆਕਾਰੀ ਕਰਦੇ ਸਨ ਤਾਂ ਪਰਮੇਸ਼ੁਰ ਉਨ੍ਹਾਂ ਦੇ ਖੇਤਾਂ ਦੀਆਂ ਫਸਲਾਂ ਨੂੰ ਬਰਕਤ ਦਿੰਦਾ ਸੀ (ਕਹਾਉਤਾਂ 3:9-10)। ਇਹ ਬਰਕਤ ਸਿਰਫ਼ ਉਨ੍ਹਾਂ ਦੁਆਰਾ ਦਿੱਤੇ ਹਿੱਸੇ ਲਈ ਨਹੀਂ ਸਗੋਂ ਸਾਰੀ ਫਸਲ ਦੇ ਲਈ ਹੁੰਦੀ ਸੀ। ਜੇਕਰ ਉਹ ਇਸ ਦੀ ਆਗਿਆਕਾਰੀ ਨਹੀਂ ਕਰਦੇ ਸਨ ਤਾਂ ਜ਼ਮੀਨ ਨੂੰ ਬਰਕਤ ਨਹੀਂ ਮਿਲਦੀ ਸੀ। ਜੇਕਰ ਕੋਈ ਵਿਅਕਤੀ ਉਹ ਹਿੱਸਾ ਨਹੀਂ ਦਿੰਦਾ ਜਿਸਦੀ ਪਰਮੇਸ਼ੁਰ ਮੰਗ ਕਰਦਾ ਹੈ, ਤਾਂ ਇਸਦਾ ਅਰਥ ਹੈ ਕਿ ਉਹ ਬਾਕੀ ਦੇ ਹਿੱਸਿਆਂ ਵਿੱਚ ਵੀ ਪਰਮੇਸ਼ੁਰ ਦੀ ਆਗਿਆਕਾਰੀ ਨਹੀਂ ਕਰ ਰਿਹਾ।

### (7) ਦਸਵੰਧ

ਪਰਮੇਸ਼ੁਰ ਦਸਵਾਂ ਹਿੱਸਾ ਦੇਣ ਦਾ ਹੁਕਮ ਦਿੰਦਾ ਹੈ। ਜੇਕਰ ਕੋਈ ਵਿਅਕਤੀ ਇਹ ਨਹੀਂ ਦਿੰਦਾ ਤਾਂ ਉਹ ਵਿਖਾਉਂਦਾ ਹੈ ਕਿ ਉਸਦਾ ਪੈਸਾ ਪਰਮੇਸ਼ੁਰ ਦੇ ਲਈ ਸਮਰਪਿਤ ਨਹੀਂ ਹੈ। ਇਸਦਾ ਅਰਥ ਹੈ ਕਿ ਉਹ ਬਾਕੀ ਦਾ 90% ਵੀ ਪਰਮੇਸ਼ੁਰ ਦੀ ਮਹਿਮਾ ਦੇ ਲਈ ਇਸਤੇਮਾਲ ਨਹੀਂ ਕਰ ਰਿਹਾ। ਪਰਮੇਸ਼ੁਰ ਦਸਵੰਧ ਦੇਣ ਵਾਲੇ ਵਿਅਕਤੀ ਦੀ ਸੰਪਤੀ ਨੂੰ ਬਰਕਤ ਦਿੰਦਾ ਹੈ (ਮਲਾਕੀ 3:10)। ਜੇਕਰ ਕੋਈ ਵਿਅਕਤੀ ਸੇਵਕਾਈ ਦਾ ਸਮਰਥਨ ਕਰਨ ਦੇ ਲਈ ਦਾਨ ਨਹੀਂ ਦਿੰਦਾ ਹੈ ਤਾਂ ਉਸ ਦੀਆਂ ਸਾਰੀਆਂ ਸੰਪਤੀਆਂ ਸ਼ਰਾਪਿਤ ਹੋ ਜਾਂਦੀਆਂ ਹਨ (ਹੱਜਈ 1:6)।

ਇੱਕ ਵਾਰ ਇੱਕ ਦੁਕਾਨਦਾਰ ਯਾਤਰਾ ਦੇ ਲਈ ਗਿਆ। ਜਾਣ ਤੋਂ ਪਹਿਲਾਂ, ਉਸਨੇ ਆਪਣੇ ਕਰਮਚਾਰੀ ਨੂੰ ਕਿਹਾ, "ਦੁਕਾਨ ਦਾ ਧਿਆਨ ਰੱਖੋ ਅਤੇ ਫਰਸ਼ ਨੂੰ ਜਰੂਰ ਸਾਫ਼ ਰੱਖਣਾ।" ਜਦੋਂ ਉਹ ਵਾਪਸ ਆਇਆ, ਤਾਂ ਫਰਸ਼ ਸਾਫ਼ ਨਹੀਂ ਕੀਤਾ ਗਿਆ ਸੀ। ਕਰਮਚਾਰੀ ਨੇ ਕਿਹਾ, "ਮੈਂ ਤੁਹਾਡੇ ਲਈ ਦੁਕਾਨ ਦੀ ਦੇਖਭਾਲ ਕੀਤੀ।" ਮਾਲਕ ਨੇ ਕਿਹਾ, "ਕਿਉਂਕਿ ਤੂੰ ਉਹ ਇੱਕ ਖਾਸ ਕੰਮ ਨਹੀਂ ਕੀਤਾ ਜਿਸਦਾ ਮੈਂ ਤੈਨੂੰ ਹੁਕਮ ਦਿੱਤਾ ਸੀ, ਇਸ ਤੋਂ ਮੈਂ ਜਾਣਦਾ ਹਾਂ ਕਿ ਤੁਸੀਂ ਆਪਣੇ ਸਾਰੇ ਕੰਮ ਵਿੱਚ ਮੈਨੂੰ ਖੁਸ਼ ਕਰਨ ਦੀ ਬਜਾਏ ਆਪਣੇ ਆਪ ਨੂੰ ਖੁਸ਼ ਕੀਤਾ ਹੋਵੇਗਾ।"

► ਕੋਈ ਵਿਅਕਤੀ ਇਹ ਕਿਵੇਂ ਵਿਖਾ ਸਕਦਾ ਹੈ ਕਿ ਉਹ ਪਰਮੇਸ਼ੁਰ ਦੀ ਆਗਿਆਕਾਰੀ ਕਰ ਰਿਹਾ ਹੈ?

## ਦਸਵੰਧ ਦਾ ਮੂਲ ਉਦੇਸ਼

► ਦਸਵੰਧ ਦੀ ਵਰਤੋਂ ਕਿਸ ਕੰਮ ਦੇ ਲਈ ਕੀਤੀ ਜਾਂਦੀ ਸੀ?

ਪੁਰਾਣੇ ਨੇਮ ਦੇ ਜਾਜਕਾਂ ਦਾ ਸਮਰਥਨ ਦਸਵੰਧ ਦੇ ਦੁਆਰਾ ਕੀਤਾ ਜਾਂਦਾ ਸੀ (ਗਿਣਤੀ 18:20-21)। ਲੇਵੀ, ਜੋ ਜਾਜਕਾਂ ਦੀ ਗੋਤ ਸੀ, ਉਨ੍ਹਾਂ ਨੂੰ ਜ਼ਮੀਨ ਨਹੀਂ ਦਿੱਤੀ ਗਈ ਸੀ (ਬਿਵਸਥਾਸਾਰ 18:1-4)। ਉਨ੍ਹਾਂ ਨੂੰ ਹੈਕਲ ਵਿੱਚ ਸੇਵਕਾਈ ਕਰਨ ਦੇ ਲਈ ਆਰਥਿਕ ਸਮਰਥਨ ਦਿੱਤਾ ਜਾਂਦਾ ਸੀ। ਪਰਮੇਸ਼ੁਰ ਦੀ ਲੇਵੀਆਂ ਦੇ ਲਈ ਇਹ ਯੋਜਨਾ ਸੀ ਕਿ ਉਹ ਆਪਣਾ ਧਿਆਨ ਸੇਵਕਾਈ ਤੇ ਲਗਾਉਣ ਅਤੇ ਕਿਸੇ ਤਰ੍ਹਾਂ ਦੇ ਵਿਉਪਾਰ ਦੇ ਵਿੱਚ ਸ਼ਾਮਿਲ ਨਾ ਹੋਣ।

ਦਸਵੰਧ ਦੀ ਵਰਤੋਂ ਹੈਕਲ ਦੀ ਅਰਾਧਨਾ ਅਤੇ ਇਸਨੂੰ ਕਰਨ ਵਾਲਿਆਂ ਦੇ ਸਮਰਥਨ ਲਈ ਵੀ ਕੀਤੀ ਜਾਂਦੀ ਸੀ। ਦਸਵੰਧ ਦੀ ਵਰਤੋਂ ਪਰਬਾਂ ਦੇ ਵਿੱਚ ਅਰਾਧਨਾ ਕਰਨ ਦੇ ਸਮੁਦਾਏ ਵਿੱਚ ਵੀ ਕੀਤੀ ਜਾਂਦੀ ਸੀ, ਜਿੱਥੇ ਗ਼ਰੀਬਾਂ ਨੂੰ ਸੱਦਾ ਦਿੱਤਾ ਜਾਂਦਾ ਸੀ (ਬਿਵਸਥਾਸਾਰ 12:17-18, ਬਿਵਸਥਾਸਾਰ 14:22-29)। ਦਸਵੰਧ ਦੀ ਵਰਤੋਂ ਗ਼ਰੀਬਾਂ, ਵਿਧਵਾਵਾਂ ਅਤੇ ਪਰਦੇਸੀਆਂ ਦੀ ਸਹਾਇਤਾ ਕਰਨ ਦੇ ਲਈ ਵੀ ਕੀਤੀ ਜਾਂਦੀ ਸੀ (ਬਿਵਸਥਾਸਾਰ 26:12)।

► ਤੁਸੀਂ ਅੱਜ ਦੇ ਸਮੇਂ ਵਿੱਚ ਦਿੱਤੇ ਜਾਣ ਵਾਲੇ ਦਸਵੰਧ ਦੇ ਵਿੱਚ ਕੀ ਅੰਤਰ ਵੇਖਦੇ ਹੋ?

ਜਦੋਂ ਇਸਰਾਏਲ ਦੇ ਲੋਕਾਂ ਜਾਣ ਲੈਂਦੇ ਸਨ ਕਿ ਉਨ੍ਹਾਂ ਨੇ ਵਫ਼ਾਦਾਰੀ ਦੇ ਨਾਲ ਦਸਵੰਧ ਦੇ ਦਿੱਤਾ ਹੈ, ਤਾਂ ਫਿਰ ਉਹ ਪਰਮੇਸ਼ੁਰ ਦੀਆਂ ਬਰਕਤਾਂ ਦੇ ਲਈ ਪ੍ਰਾਥਨਾ ਕਰਦੇ ਸਨ (ਬਿਵਸਥਾਸਾਰ 26:12-15)। ਦਸਵੰਧ ਦਾ ਨਾ ਦੇਣਾ ਪਰਮੇਸ਼ੁਰ ਨੂੰ ਲੁੱਟਣ ਦੇ ਬਰਾਬਰ ਹੈ, ਪਰ ਪਰਮੇਸ਼ੁਰ ਦੇ ਮੋਦੀ ਖ਼ਾਨੇ ਵਿੱਚ ਦਸਵੰਧ ਲਿਆਉਣ ਦੇ ਨਾਲ ਭਰਪੂਰ ਬਰਕਤਾਂ ਮਿਲਦੀਆਂ ਹਨ (ਮਲਾਕੀ 3:8-10)।

► ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਕੀ ਕਹੋਗੇ ਜੋ ਕਹਿੰਦਾ ਹੈ ਕਿ ਉਹ ਬਹੁਤ ਗ਼ਰੀਬ ਹੈ ਇਸ ਲਈ ਦਸਵੰਧ ਨਹੀਂ ਦਿੰਦਾ?

## ਦਸਵੰਧ ਦਾ ਆਧੁਨਿਕ ਮਹੱਤਵ

ਕੁਝ ਲੋਕ ਕਹਿੰਦੇ ਹਨ ਕਿ ਦਸਵੰਧ ਦੇਣਾ ਪੁਰਾਣੇ ਨੇਮ ਦੀ ਪ੍ਰਣਾਲੀ ਸੀ।

► ਕੀ ਅਜਿਹਾ ਵਿਸ਼ਵਾਸ ਕਰਨ ਦੇ ਕੁਝ ਕਾਰਨ ਹਨ ਕਿ ਦਸਵੰਧ ਦੇਣਾ ਸਿਰਫ਼ ਪੁਰਾਣੇ ਨੇਮ ਦੀ ਅਸਥਾਈ ਮੰਗ ਨਹੀਂ ਸੀ?

### (1) ਅਬਰਾਹਾਮ

ਮੂਸਾ ਦੁਆਰਾ ਇਸਰਾਏਲ ਨੂੰ ਸ਼ਰਾ ਦੇਣ ਤੋਂ ਪਹਿਲਾਂ ਅਬਰਾਹਾਮ ਨੇ ਮਲਕਿਸਿਦਕ ਨੂੰ ਦਸਵੰਧ ਦਿੱਤਾ। ਇਹ ਵਿਖਾਉਂਦਾ ਹੈ ਕਿ ਇਹ ਮੂਸਾ ਤੋਂ ਪਹਿਲਾਂ ਵੀ ਇੱਕ ਆਮ ਸਿਧਾਂਤ ਸੀ। ਦਸਵੰਧ ਦੀ ਸ਼ੁਰੂਆਤ ਪੁਰਾਣੇ ਨੇਮ ਦੀ ਸ਼ਰਾ ਦੇ ਨਾਲ ਨਹੀਂ ਹੋਈ, ਇਹ ਸਿਧਾਂਤ ਸ਼ੁਰੂਆਤ ਤੋਂ ਹੀ ਸੀ (ਉਤਪਤ 14:20, ਇਬਰਾਨੀਆਂ ਨੂੰ 7:4)।

### (2) ਯਾਕੂਬ

ਯਾਕੂਬ ਨੇ ਪਰਮੇਸ਼ੁਰ ਨੂੰ ਦਸਵੰਧ ਦੇਣ ਦਾ ਵਾਇਦਾ ਕੀਤਾ (ਉਤਪਤ 28:20-22), ਭਾਵੇਂ ਕਿ ਅਜੇ ਮੂਸਾ ਦੀ ਸ਼ਰਾ ਨਹੀਂ ਦਿੱਤੀ ਗਈ ਸੀ। ਯਾਕੂਬ ਜਾਣਦਾ ਸੀ ਕਿ ਇਹ ਪਹਿਲਾਂ ਤੋਂ ਹੀ ਪਰਮੇਸ਼ੁਰ ਨੂੰ ਦੇਣ ਦਾ ਸਿਧਾਂਤ ਹੈ।

### (3) ਯਿਸੂ

ਯਿਸੂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਅਤੇ ਇਹ ਨਹੀਂ ਕਿਹਾ ਕਿ ਦਸਵੰਧ ਸਿਰਫ਼ ਬੀਤੇ ਹੋਏ ਸਮੇਂ ਦੇ ਲਈ ਸੀ (ਮੱਤੀ 23:23)।

### (4) ਪੌਲੁਸ

ਪੌਲੁਸ ਨੇ ਕਲੀਸਿਆ ਦੇ ਮੈਂਬਰਾਂ ਨੂੰ ਕਿਹਾ ਕਿ ਉਹ ਹਫ਼ਤੇ ਦੇ ਪਹਿਲੇ ਦਿਨ ਆਪਣੀ ਯੋਗਤਾ ਅਨੁਸਾਰ ਦਾਨ ਦੇਣ(੧ ਕੁਰਿੰਥੀਆਂ ਨੂੰ 16:2)। ਕਿਉਂਕਿ ਜੋ ਉਨ੍ਹਾਂ ਪ੍ਰਾਪਤ ਕੀਤਾ ਉਸਦੇ ਧੰਨਵਾਦ ਵੱਜੋਂ ਇਹ ਦੇਣਾ ਸੀ। ਪੁਰਾਣੇ ਨੇਮ ਦੇ 10% ਦੇ ਦਿਸ਼ਾ-ਨਿਰਦੇਸ਼ ਸਾਨੂੰ ਦਿਖਾਉਂਦੇ ਹਨ ਕਿ ਪਰਮੇਸ਼ੁਰ ਇੱਕ ਵਾਜਬ ਅਨੁਪਾਤ ਨੂੰ ਕੀ ਸਮਝਦਾ ਹੈ। ਇਹ ਸੋਚਣ ਦਾ ਕੋਈ ਕਾਰਨ ਨਹੀਂ ਹੈ ਕਿ ਹੁਣ ਪਰਮੇਸ਼ੁਰ ਦੀ ਰਾਏ ਬਦਲ ਗਈ ਹੈ।

"ਹੁਣ ਕਈ ਵਾਰ ਅਸੀਂ ਕਿਸੇ ਨੂੰ ਹੈਰਾਨੀ ਨਾਲ ਇਹ ਕਹਿੰਦਿਆਂ ਸੁਣਦੇ ਹਾਂ, 'ਉਹ ਵਿਅਕਤੀ ਦਸਵੰਧ ਦਿੰਦਾ ਹੈ!' ਮੈਂ ਪੁੱਛਦਾ ਹਾਂ ਕਿ ਇਹ ਕਿੰਨੇ ਨਿਰਾਦਰ ਦੀ ਗੱਲ ਹੈ, ਕਿ ਜੋ ਗੱਲ ਯਹੂਦੀਆਂ ਦੇ ਵਿੱਚਕਾਰ ਹੈਰਾਨੀ ਜਾਂ ਪ੍ਰਸਿੱਧ ਹੋਣ ਦਾ ਮੁੱਦਾ ਨਹੀਂ ਸੀ ਅੱਜ ਉਹ ਮਸੀਹੀਆਂ ਦੇ ਲਈ ਹੈਰਾਨੀ ਦੀ ਗੱਲ ਬਣ ਗਈ ਹੈ? ਜੇਕਰ ਉਸ ਸਮੇਂ ਦਸਵੰਧ ਦੇਣ ਦੇ ਵਿੱਚ ਅਸਫਲ ਹੋਣਾ ਖ਼ਤਰਨਾਕ ਗੱਲ ਸੀ ਤਾਂ ਇਹ ਹੁਣ ਵੀ ਖ਼ਤਰਨਾਕ ਹੈ।"

- ਜੋਨ੍ਹ ਕੈਰੀਸੋਸਟੋਮ
*ਅਫ਼ਸੀਆਂ ਤੇ ਪ੍ਰਚਾਰ*
(400 ਏ.ਡੀ ਤੋਂ ਪਹਿਲਾਂ ਲਿਖਿਆ ਗਿਆ)

### (5) ਅੱਜ

ਅੱਜ ਵੀ ਪਰਮੇਸ਼ੁਰ ਦੀ ਇਹੀ ਯੋਜਨਾ ਹੈ ਕਿ ਜੋ ਲੋਕ ਪੂਰੇ ਸਮੇਂ ਦੀ ਸੇਵਕਾਈ ਦੇ ਵਿੱਚ ਹਨ ਉਨ੍ਹਾਂ ਦੀ ਸੇਵਕਾਈ ਹੀ ਉਨ੍ਹਾਂ ਦੀ ਆਰਥਿਕ ਸਹਾਇਤਾ ਕਰੇ। ਜੋ ਸ਼ੁਭਸਮਾਚਾਰ ਦਾ ਪ੍ਰਚਾਰ ਕਰਦੇ ਹਨ ਉਨ੍ਹਾਂ ਦਾ ਗੁਜ਼ਾਰਾ ਸ਼ੁਭਸਮਾਚਾਰ ਦੁਆਰਾ ਹੋਣਾ ਚਾਹੀਦਾ ਹੈ। ਇਹ ਪਰਮੇਸ਼ੁਰ ਦੀ ਯੋਜਨਾ ਨਹੀਂ ਹੈ ਕਿ ਪਾਸਬਾਨ ਕੰਮ ਕਰਕੇ ਆਪਣਾ ਗੁਜ਼ਾਰਾ ਕਰਨ, ਇਸ ਪ੍ਰਕਾਰ ਉਨ੍ਹਾਂ ਦੇ ਕੋਲ ਸੇਵਕਾਈ ਦੇ ਲਈ ਸਮਾਂ ਨਹੀਂ ਹੋਵੇਗਾ। ੧ ਕੁਰਿੰਥੀਆਂ ਨੂੰ 9:11-14 ਦੱਸਦਾ ਹੈ ਕਿ ਜੋ ਵਿਅਕਤੀ ਆਤਮਿਕ ਲਾਭ ਪ੍ਰਦਾਨ ਕਰਦਾ ਹੈ ਉਸਨੂੰ ਉਨ੍ਹਾਂ ਲੋਕਾਂ ਤੋਂ ਆਰਥਿਕ ਲਾਭ ਮਿਲਣੇ ਚਾਹੀਦੇ ਹਨ ਜਿੰਨ੍ਹਾਂ ਦੀ ਉਹ ਸੇਵਾ ਕਰਦਾ ਹੈ। ੨ ਕੁਰਿੰਥੀਆਂ ਨੂੰ 12:13 ਦੱਸਦਾ ਹੈ ਕਿ ਕਲੀਸਿਆ ਅਕਸਰ ਪੌਲੁਸ ਦਾ ਆਰਥਿਕ ਤੌਰ ਤੇ ਸਮਰਥਨ ਕਰਦੀ ਸੀ।

## ਕਲੀਸਿਆ ਦੀਆਂ ਨੀਤੀਆਂ

> "ਚਾਹੇ ਕੋਈ ਵਿਅਕਤੀ ਕੁਝ ਵੀ ਕੰਮ ਕਰਦਾ ਹੋਵੇ, ਉਸਨੂੰ ਦਸਵੰਧ ਜਰੂਰ ਦੇਣਾ ਚਾਹੀਦਾ ਹੈ।"
>
> - ਅਗਸਟਿਨ

ਕਲੀਸਿਆ ਦੇ ਸਮਰਪਿਤ ਲੋਕਾਂ ਨੂੰ ਦਸਵੰਧ ਦੇਣਾ ਚਾਹੀਦਾ ਹੈ। ਕਲੀਸਿਆ ਨੂੰ ਨਾ ਬਚਾਏ ਹੋਏ ਲੋਕਾਂ ਨੂੰ ਦਸਵੰਧ ਦੇ ਬਾਰੇ ਨਹੀਂ ਸਿਖਾਉਣਾ ਚਾਹੀਦਾ।

ਕਲੀਸਿਆ ਦੇ ਵਿੱਚ ਪਹਿਲੀ ਵਾਰ ਆਉਣ ਵਾਲੇ ਵਿਅਕਤੀ ਨੂੰ ਅਜਿਹਾ ਮਹਿਸੂਸ ਨਹੀਂ ਹੋਣਾ ਚਾਹੀਦਾ ਕਿ ਕਲੀਸਿਆ ਉਸ ਤੋਂ ਪੈਸੇ ਇਕੱਠੇ ਕਰਨ ਦੀ ਉਮੀਦ ਕਰਦੀ ਹੈ।

ਕਲੀਸਿਆ ਨੂੰ ਕਲੀਸਿਆ ਦੇ ਆਉਣ ਵਾਲੇ ਮਹਿਮਾਨਾਂ ਤੋਂ ਦਸਵੰਧ ਨਹੀਂ ਲੈਣਾ ਚਾਹੀਦਾ ਜੋ ਅਜੇ ਕਲੀਸਿਆ ਦੇ ਸਮਰਪਿਤ ਮੈਂਬਰ ਨਹੀਂ ਹਨ।

ਕਲੀਸਿਆ ਨੂੰ ਇਹ ਗੱਲ ਸਪੱਸ਼ਟ ਕਰਨੀ ਚਾਹੀਦੀ ਹੈ ਕਿ ਲੋਕ ਇਹ ਨਾ ਸੋਚਣ ਕਿ ਉਹ ਆਪਣੀ ਮੁਕਤੀ ਦੇ ਹਿੱਸੇ ਵੱਜੋਂ ਦਸਵੰਧ ਦਾ ਭੁਗਤਾਨ ਕਰ ਰਹੇ ਹਨ। ਕਿਸੇ ਨੂੰ ਅਜਿਹਾ ਨਹੀਂ ਸੋਚਣਾ ਚਾਹੀਦਾ ਕਿ ਕੋਈ ਵਿਅਕਤੀ ਦਸਵੰਧ ਦੇਣ ਦੇ ਦੁਆਰਾ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਕਲੀਸਿਆ ਨੂੰ ਇਸਦੇ ਮੈਂਬਰਾਂ ਅਤੇ ਸਮਾਜ ਦੀ ਸੇਵਾ ਬਿਨਾਂ ਕਿਸੇ ਭੁਗਤਾਨ ਦੀ ਉਮੀਦ ਦੇ ਕਰਨੀ ਚਾਹੀਦੀ ਹੈ।

ਕਲੀਸਿਆ ਦੇ ਸਾਰੇ ਮੈਂਬਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਲੀਸਿਆ ਦੇ ਪੈਸੇ ਦੀ ਵਰਤੋਂ ਕਿੱਥੇ ਹੋ ਰਹੀ ਹੈ। ਕਲੀਸਿਆ ਨੂੰ ਪੈਸੇ ਦੇ ਪ੍ਰਬੰਧ ਦੀਆਂ ਸਾਵਧਾਨੀਪੂਰਵਕ ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਹਰ ਇੱਕ ਮੈਂਬਰ ਇਹ ਜਾਣ ਸਕੇ ਕਿ ਇਹ ਸਭ ਇਮਾਨਦਾਰੀ ਦੇ ਨਾਲ ਕੀਤਾ ਜਾਂਦਾ ਹੈ।

ਦਸਵੰਧ ਸਿਰਫ਼ ਪਾਸਬਾਨ ਦੇ ਲਈ ਹੀ ਨਹੀਂ ਹੁੰਦਾ। ਦਸਵੰਧ ਦੇ ਦੁਆਰਾ ਕਲੀਸਿਆ ਦੀ ਸੇਵਕਾਈ ਨੂੰ ਆਰਥਿਕ ਸਮਰਥਨ ਮਿਲਣਾ ਚਾਹੀਦਾ ਹੈ। ਪਰ, ਪਾਸਬਾਨ ਦਾ ਸਮਰਥਨ ਕਰਨਾ ਕਲੀਸਿਆ ਦੀ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ।

## ਸੱਤ ਸੰਖੇਪ ਕਥਨ

1. ਪਰਮੇਸ਼ੁਰ ਸਾਡਾ ਅਤੇ ਸਾਡੀਆਂ ਸਭਨਾਂ ਵਸਤਾਂ ਦਾ ਮਾਲਕ ਹੈ।
2. ਦਸਵੰਧ ਪਰਮੇਸ਼ੁਰ ਅਤੇ ਕਲੀਸਿਆ ਦੋਨਾਂ ਦੇ ਹੀ ਪ੍ਰਤੀ ਇੱਕ ਸਮਰਪਣ ਹੈ।
3. ਜੋ ਵਿਅਕਤੀ ਦਸਵੰਧ ਦੇਣ ਦੇ ਵਿੱਚ ਪਰਮੇਸ਼ੁਰ ਦੀ ਆਗਿਆਕਾਰੀ ਨਹੀਂ ਕਰ ਰਿਹਾ ਉਹ ਆਪਣੇ ਆਮ ਪੈਸੇ ਦੇ ਨਾਲ ਪਰਮੇਸ਼ੁਰ ਦੀ ਆਗਿਆਕਾਰੀ ਨਹੀਂ ਕਰ ਰਿਹਾ।
4. ਦਸਵੰਧ ਮੁਕਤੀ ਦਾ ਭੁਗਤਾਨ ਨਹੀਂ ਹੈ।
5. ਦਸਵੰਧ ਕਲੀਸਿਆ ਦੀ ਸੇਵਕਾਈ ਦਾ ਸਮਰਥਨ ਕਰਨ ਲਈ ਪਰਮੇਸ਼ੁਰ ਦੀ ਯੋਜ਼ਨਾ ਹੈ।
6. ਪਰਮੇਸ਼ੁਰ ਦਸਵੰਧ ਅਤੇ ਬਲੀਦਾਨੀ ਤਰੀਕੇ ਨਾਲ ਦਿੱਤੇ ਦਾਨ ਨੂੰ ਬਰਕਤ ਦਿੰਦਾ ਹੈ।
7. ਦਸਵੰਧ ਸਾਡੇ ਦੁਆਰਾ ਪਰਮੇਸ਼ੁਰ ਤੇ ਨਿਰਭਰ ਰਹਿਣ ਦਾ ਸਮਰਪਣ ਹੈ।

## ਪਾਠ 9 ਦੇ ਅਸਾਇਨਮੈਂਟ

1. ਪਾਠ 9 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।
2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।
3. ਇੰਟਰਵਿਊ ਅਸਾਇਨਮੈਂਟ: ਆਪਣੀ ਕਲੀਸਿਆ ਦੇ ਕਈ ਸਾਰੇ ਮੈਂਬਰਾਂ ਤੋਂ ਪੁੱਛੋ ਕਿ ਉਹ ਦਸਵੰਧ ਦਿੰਦੇ ਹਨ ਜਾਂ ਨਹੀਂ, ਨਾਲ ਹੀ ਦਸਵੰਧ ਦੇਣ ਜਾਂ ਨਾ ਦੇਣ ਦਾ ਕਾਰਨ ਵੀ ਪੁੱਛੋ। ਇਸਦਾ ਸਾਰ ਲਿਖੋ।

# ਪਾਠ 10

# ਬਪਤਿਸਮਾ

## ਬਪਤਿਸਮੇ ਦੀ ਰੀਤ ਦੀ ਸ਼ੁਰੂਆਤ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਮੱਤੀ 3:1-12 ਪੜ੍ਹਣਾ ਚਾਹੀਦਾ ਹੈ।

ਨਵੇਂ ਨੇਮ ਦੇ ਵਿੱਚ ਯੂਹੰਨਾ ਬਪਤਿਸਮਾ ਦੇਣ ਵਾਲਾ ਬਪਤਿਸਮੇ ਦੀ ਧਾਰਨਾ ਦੇ ਨਾਲ ਸਾਡੀ ਜਾਣ-ਪਛਾਣ ਕਰਾਉਂਦਾ ਹੈ। ਪਰ ਫਿਰ ਵੀ, ਬਪਤਿਸਮੇ ਦੀ ਧਾਰਨਾ ਨੂੰ ਯੂਹੰਨਾ ਨੇ ਸ਼ੁਰੂ ਨਹੀਂ ਕੀਤਾ ਸੀ। ਫ਼ਰੀਸੀ ਲੋਕ ਪਰਾਈਆਂ ਕੌਮਾਂ ਤੋਂ ਯਹੂਦੀਅਤ ਦੇ ਨਾਲ ਜੁੜਣ ਵਾਲੇ ਲੋਕਾਂ ਨੂੰ ਬਪਤਿਸਮਾ ਦਿੰਦੇ ਸਨ। ਫ਼ਰੀਸੀ ਯਹੂਦੀਆਂ ਨੂੰ ਬਪਤਿਸਮਾ ਨਹੀਂ ਦਿੰਦੇ ਸਨ ਕਿਉਂਕਿ ਉਹ ਮੰਨਦੇ ਸਨ ਕਿ ਯਹੂਦੀ ਪਹਿਲਾਂ ਤੋਂ ਹੀ ਪਰਮੇਸ਼ੁਰ ਦੇ ਲੋਕ ਹਨ। ਯੂਹੰਨਾ ਦੀ ਰੀਤ ਅਲੱਗ ਸੀ ਕਿਉਂਕਿ ਉਹ ਯਹੂਦੀਆਂ ਨੂੰ ਬਪਤਿਸਮਾ ਦਿੰਦਾ ਸੀ।

► ਯੂਹੰਨਾ ਨੇ ਕਿੰਨਾਂ ਲੋਕਾਂ ਨੂੰ ਬਪਤਿਸਮਾ ਦੇਣ ਤੋਂ ਇਨਕਾਰ ਕੀਤਾ? ਅਤੇ ਕਿਉਂ? ਇਸ ਤੋਂ ਸਾਨੂੰ ਬਪਤਿਸਮੇ ਦੀਆਂ ਮੰਗਾਂ ਦੇ ਬਾਰੇ ਕੀ ਪਤਾ ਲੱਗਦਾ ਹੈ?

ਕੁਝ ਫ਼ਰੀਸੀ ਯੂਹੰਨਾ ਦੇ ਕੋਲ ਬਪਤਿਸਮਾ ਲੈਣ ਦੇ ਲਈ ਆਏ, ਪਰ ਯੂਹੰਨਾ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਦੇ ਤੌਬਾ ਨਹੀਂ ਕੀਤੀ ਸੀ।

ਫ਼ਰੀਸੀਆਂ ਨੇ ਸੋਚਿਆ ਕਿ ਉਨ੍ਹਾਂ ਨੂੰ ਤੌਬਾ ਕਰਨ ਅਤੇ ਮਾਫ਼ ਕੀਤੇ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਉਹ ਯਹੂਦੀ ਸਨ। ਯੂਹੰਨਾ ਚਾਹੁੰਦਾ ਸੀ ਕਿ ਉਹ ਸਮਝਣ ਕਿ ਪਰਮੇਸ਼ੁਰ ਦੇ ਅਸਲੀ ਲੋਕ ਉਹ ਹਨ ਜੋ ਉਸ ਨੂੰ ਪਿਆਰ ਕਰਦੇ ਹਨ ਅਤੇ ਉਸਦੀ ਸੇਵਾ ਕਰਦੇ ਹਨ। ਜਿਹੜੇ ਲੋਕ ਯਹੂਦੀ ਵਜੋਂ ਜਨਮ ਲੈਣ ਕਰਕੇ ਪਰਮੇਸ਼ੁਰ ਦੇ ਲੋਕ ਹੋਣ ਦਾ ਦਾਅਵਾ ਕਰਦੇ ਹਨ ਉਹ ਅਜਿਹੇ ਰੁੱਖਾਂ ਵਰਗੇ ਹਨ ਜੋ ਫਲ ਨਹੀਂ ਦਿੰਦੇ। ਪਰਮੇਸ਼ੁਰ ਉਨ੍ਹਾਂ ਨੂੰ ਰੱਦ ਕਰ ਦਿੰਦਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਯੂਹੰਨਾ 3:22-23 ਅਤੇ ਯੂਹੰਨਾ 4:1-2 ਪੜ੍ਹਣਾ ਚਾਹੀਦਾ ਹੈ।

ਜ਼ਾਹਿਰ ਤੌਰ ਤੇ ਯਿਸੂ ਨੇ ਆਪਣੀ ਸੇਵਕਾਈ ਦੇ ਵਿੱਚ ਬਪਤਿਸਮੇ ਦੇ ਖਾਸ ਜ਼ੋਰ ਦਿੱਤਾ। ਯਿਸੂ ਆਪ ਬਪਤਿਸਮਾ ਨਹੀਂ ਦਿੰਦਾ ਸੀ, ਪਰ ਉਸਨੇ ਇਹ ਜਿੰਮੇਵਾਰੀ ਚੇਲ੍ਹਿਆਂ ਨੂੰ ਦਿੱਤੀ ਸੀ। ਉਨ੍ਹਾਂ ਨੇ ਯੂਹੰਨਾ ਨਾਲੋਂ ਵੀ ਜਿਆਦਾ ਲੋਕਾਂ ਨੂੰ ਬਪਤਿਸਮੇ ਦਿੱਤੇ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਮੱਤੀ 28:18-20 ਪੜ੍ਹਣਾ ਚਾਹੀਦਾ ਹੈ।

ਯਿਸੂ ਨੇ ਆਪਣੀ ਧਰਤੀ ਤੇ ਸੇਵਕਾਈ ਦੇ ਅੰਤ ਦੇ ਸਮੇਂ, ਆਪਣੇ ਚੇਲ੍ਹਿਆਂ ਨੂੰ ਕਿਹਾ ਕਿ ਉਹ ਸੰਸਾਰ ਦੇ ਹਰੇਕ ਸਥਾਨ ਤੇ ਜਾ ਕੇ ਚੇਲ੍ਹੇ ਬਣਾਉਣ। ਉਸਨੇ ਉਨ੍ਹਾਂ ਨੂੰ ਬਪਤਿਸਮਾ ਦੇਣ ਦੇ ਲਈ ਕਿਹਾ।

ਅਸੀਂ ਜਾਣਦੇ ਹਾਂ ਕਿ ਇਹ ਹੁਕਮ ਸਿਰਫ਼ ਰਸੂਲਾਂ ਦੇ ਲਈ ਹੀ ਨਹੀਂ ਸੀ, ਕਿਉਂਕਿ ਇਸ ਮਿਸ਼ਨ ਨੂੰ ਪੂਰਾ ਕਰਨ ਦੇ ਵਿੱਚ ਕਈ ਸਦੀਆਂ ਲੱਗਣੀਆਂ ਸਨ। ਯਿਸੂ ਨੇ ਉਨ੍ਹਾਂ ਦੇ ਨਾਲ ਵਾਇਦਾ ਕੀਤਾ ਉਹ "ਅੰਤ ਤੱਕ" ਉਨ੍ਹਾਂ ਦੇ ਨਾਲ ਹੋਵੇਗਾ, ਜੋ ਇਸ ਗੱਲ ਨੂੰ ਵਿਖਾਉਂਦਾ ਹੈ ਕਿ ਇਹ ਹੁਕਮ ਅਤੇ ਵਾਇਦਾ ਆਉਣ ਵਾਲੀਆਂ ਪੀੜ੍ਹੀਆਂ ਦੀ ਕਲੀਸਿਆ ਦੇ ਲਈ ਸਨ।

ਅਸੀਂ ਨਵੇਂ ਨੇਮ ਦੀਆਂ ਪੱਤ੍ਰੀਆਂ ਤੋਂ ਵੇਖਦੇ ਹਾਂ ਕਿ ਪਹਿਲੀ ਸਦੀ ਦੀ ਕਲਿਸਿਆ ਨੇ ਇਸ ਹੁਕਮ ਦੀ ਬਾਅਦ ਦੇ ਵਿੱਚ ਵੀ ਸ਼ਾਬਦਿਕ ਤੌਰ ਤੇ ਪਾਲਣਾ ਕੀਤੀ (ਰਸੂਲਾਂ ਦੇ ਕਰਤੱਬ 2:38, ਰਸੂਲਾਂ ਦੇ ਕਰਤੱਬ 8:38)।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 1:12-17 ਪੜਣਾ ਚਾਹੀਦਾ ਹੈ। ਪੌਲੁਸ ਇਸ ਗੱਲ ਦੇ ਪ੍ਰਤੀ ਖੁਸ਼ ਕਿਉਂ ਸੀ ਕਿ ਉਸਨੇ ਕੁਰਿੰਥੁਸ ਦੇ ਵਿੱਚ ਨਿੱਜੀ ਤੌਰ ਤੇ ਜਿਆਦਾ ਲੋਕਾਂ ਨੂੰ ਬਪਤਿਸਮਾ ਨਹੀਂ ਦਿੱਤਾ?

ਬਪਤਿਸਮਾ ਕਲੀਸਿਆ ਦੇ ਵਿੱਚ ਦਾਖਿਲ ਹੋਣ ਦਾ ਚਿੰਨ੍ਹ ਸੀ। ਕੁਰਿੰਥੁਸ ਦੀ ਕਲੀਸਿਆ ਦੇ ਵਿੱਚ ਫੁੱਟ ਪੈ ਚੁੱਕੀ ਸੀ ਅਤੇ ਮੈਂ ਅਲੱਗ-ਅਲੱਗ ਆਗੂਆਂ ਦੇ ਪਿੱਛੇ ਚੱਲ ਰਹੇ ਸਨ। ਪੌਲੁਸ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਬਪਤਿਸਮੇ ਦਾ ਅਰਥ ਕਿਸੇ ਆਮ ਵਿਅਕਤੀ ਦਾ ਪੈਰੋਕਾਰ ਬਣਨਾ ਨਹੀਂ ਹੈ; ਇਸਦਾ ਅਰਥ ਹੈ ਕਿ ਉਹ ਯਿਸੂ ਦੇ ਪੈਰੋਕਾਰ ਬਣਦੇ ਹਨ। ਉਹ ਇਸ ਗੱਲ ਤੋਂ ਖੁਸ਼ ਸੀ ਕਿ ਉਸਨੇ ਨਿੱਜੀ ਤੌਰ ਤੇ ਉਨ੍ਹਾਂ ਦੇ ਵਿੱਚੋਂ ਜਿਆਦਾਤਰ ਲੋਕਾਂ ਨੂੰ ਬਪਤਿਸਮਾ ਨਹੀਂ ਦਿੱਤਾ ਸੀ, ਤਾਂ ਜੋ ਕੋਈ ਇਹ ਨਾ ਸੋਚੇ ਕਿ ਉਹ ਚਾਹੁੰਦਾ ਹੈ ਕਿ ਉਹ ਉਸਦੇ ਨਿੱਜੀ ਪੈਰੋਕਾਰ ਬਣ ਜਾਣ। ਪੌਲੁਸ ਦੀ ਪ੍ਰਾਥਮਿਕਤਾ ਸ਼ੁਭਸਮਾਚਾਰ ਦਾ ਪ੍ਰਚਾਰ ਕਰਨਾ ਸੀ।

► ਵਚਨ ਦਾ ਇਹ ਭਾਗ ਅਰੰਭਿਕ ਕਲੀਸਿਆ ਦੇ ਵਿੱਚ ਬਪਤਿਸਮੇ ਦੇ ਆਮ ਅਭਿਆਸ ਦੇ ਬਾਰੇ ਕੀ ਜਾਣਕਾਰੀ ਦਿੰਦਾ ਹੈ?

ਵਚਨ ਦਾ ਇਹ ਭਾਗ ਸਾਨੂੰ ਦੱਸਦਾ ਹੈ ਕਿ ਅਰੰਭਿਕ ਕਲੀਸਿਆ ਦੇ ਵਿਸ਼ਵਾਸੀਆਂ ਨੂੰ ਹਰੇਕ ਸਥਾਨ ਤੇ ਬਪਤਿਸਮਾ ਦਿੰਤਾ ਜਾਂਦਾ ਸੀ। ਉਹ ਯਿਸੂ ਦੇ ਹੁਕਮ ਦੀ ਪਾਲਣਾ ਕਰ ਰਹੇ ਸਨ। ਬਪਤਿਸਮਾ ਸਿਰਫ਼ ਇਸਰਾਏਲ ਦੇ ਲੋਕਾਂ ਲਈ ਹੀ ਨਹੀਂ ਸੀ। ਇਹ ਕੋਈ ਅਸਥਾਈ ਰਸਮ ਨਹੀਂ ਸੀ। ਇਸਦੇ ਬਜਾਏ ਜਿੱਥੇ ਕਿਤੇ ਸ਼ੁਭਸਮਾਚਾਰ ਗਿਆ ਉੱਥੇ ਇਹ ਧਾਰਮਿਕ ਰੀਤ ਵੀ ਪੂਰੀ ਕੀਤੀ ਗਈ।

ਸ਼ੁਰੂਆਤ ਤੋਂ ਹੀ ਕਲੀਸਿਆ ਨੇ ਬਪਤਿਸਮੇ ਦਾ ਕਿਸੇ ਪਾਪੀ ਦੁਆਰਾ ਤੋਬਾ ਕਰਨ ਅਤੇ ਵਿਸ਼ਵਾਸੀਆਂ ਦੀ ਸੰਗਤੀ ਦੇ ਵਿੱਚ ਸ਼ਾਮਿਲ ਹੋਣ ਦੀ ਗਵਾਹੀ ਵੱਜੋਂ ਅਭਿਆਸ ਕੀਤਾ ਹੈ।

> "ਮਸੀਹੀ ਬਪਤਿਸਮਾ ਇੱਕ ਅਜਿਹੀ ਧਾਰਮਿਕ ਰੀਤ ਹੈ ਜੋ ਮਸੀਹ ਦੁਆਰਾ ਲਿਆਂਦੇ ਲਾਭਾਂ ਨੂੰ ਦਰਸਾਉਂਦਾ ਹੈ, ਅਤੇ ਇਹ ਪੂਰਨ ਉਦੇਸ਼ ਦੀ ਪਵਿੱਤਰਤਾਈ ਦੇ ਵਿੱਚ ਆਗਿਆਕਾਰੀ ਅਤੇ ਧਾਰਮਿਕਤਾ ਦਾ ਸਮਰਪਣ ਹੈ।
>
> - *ਵਿਲੇ ਅਤੇ ਕਲਬਰਟਸਨ,*
> *ਇੰਟ੍ਰੋਡਕਸ਼ਨ ਟੂ ਕ੍ਰਿਸਚਨ ਥਿਓਲੋਜੀ*

ਜਿਆਦਾਤਰ ਲੋਕਾਂ ਦੇ ਲਈ ਬਪਤਿਸਮਾ ਉਹ ਪਲ ਨਹੀਂ ਹੁੰਦਾ ਜਦੋਂ ਉਹ ਮਸੀਹੀ ਬਣਦੇ ਹਨ। ਇੱਕ ਤੋਬਾ ਕਰਨ ਵਾਲਾ ਪਾਪੀ ਮਸੀਹ ਦੇ ਵਿੱਚ

ਵਿਸ਼ਵਾਸ ਕਰਦੇ ਹੀ ਬਚਾਇਆ ਜਾਂਦਾ ਹੈ। ਬਚਾਏ ਜਾਣ ਤੋਂ ਬਾਅਦ, ਉਸਨੂੰ ਯਿਸੂ ਨੂੰ ਪ੍ਰਭੂ ਵਜੋਂ ਮੰਨਣ ਦੇ ਆਪਣੇ ਨਵੇਂ ਜੀਵਨ ਦੇ ਪ੍ਰਦਰਸ਼ਨ ਵਜੋਂ ਬਪਤਿਸਮਾ ਲੈਣ ਦੇ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ। ਕੁਝ ਲੋਕ ਅਜਿਹੇ ਹਨ ਜੋ ਅਪਵਾਦ ਹਨ, ਕਿਉਂਕਿ ਬਪਤਿਸਮੇ ਦੇ ਸਮੇਂ ਉਨ੍ਹਾਂ ਨੇ ਮਸੀਹ ਵਿੱਚ ਵਿਸ਼ਵਾਸ ਕੀਤਾ ਅਤੇ ਮਨ ਪਰਿਵਰਤਨ ਦਾ ਅਨੁਭਵ ਕੀਤਾ। ਪਰ ਆਮ ਤੌਰ ਤੇ, ਬਪਤਿਸਮਾ ਇਸ ਗੱਲ ਦੀ ਗਵਾਹੀ ਹੈ ਕਿ ਮੁਕਤੀ ਪਹਿਲਾਂ ਹੀ ਹੋ ਚੁੱਕੀ ਹੈ।

► ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਬਾਰੇ ਕੀ ਕਹੋਗੇ ਜੋ ਕਹਿੰਦਾ ਹੈ ਕਿ ਉਹ ਬਪਤਿਸਮਾ ਲੈਣ ਦੇ ਸਮੇਂ ਮਸੀਹੀ ਬਣ ਗਿਆ ਸੀ?

## ਇੱਕ ਗ਼ਲਤੀ ਤੋਂ ਬਚਾਅ ਕਰਨਾ: ਬਪਤਿਸਮੇ ਨੂੰ ਮਨ ਪਰਿਵਰਤਨ ਦੇ ਭਾਗ ਵੱਜੋਂ ਵੇਖਣਾ

ਕੁਝ ਲੋਕ ਵਚਨਾਂ ਦੇ ਕੁਝ ਹਿੱਸਿਆ ਨੂੰ ਲੈ ਕੇ ਉਨ੍ਹਾਂ ਦੀ ਵਿਆਖਿਆ ਇਸ ਪ੍ਰਕਾਰ ਕਰਦੇ ਹਨ ਕਿ ਬਪਤਿਸਮਾ ਮੁਕਤੀ ਦਾ ਇੱਕ ਭਾਗ ਹੈ। ਉਹ ਮੰਨਦੇ ਹਨ ਕਿ ਜਦੋਂ ਤੱਕ ਕੋਈ ਵਿਅਕਤੀ ਬਪਤਿਸਮਾ ਨਹੀਂ ਲੈਂਦਾ ਉਦੋਂ ਤੱਕ ਉਹ ਬਚਾਇਆ ਹੋਇਆ ਨਹੀਂ ਹੈ। ਹਨਾਨਿਯਾਹ ਨੇ ਸੌਲੁਸ ਨੂੰ ਕਿਹਾ "ਉੱਠ ਅਤੇ... ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ" (ਰਸੂਲਾਂ ਦੇ ਕਰਤੱਬ 22:16)। ਪਰ ਸਾਡੇ ਪਾਪ ਯਿਸੂ ਦੇ ਲਹੂ ਦੁਆਰਾ ਧੋਤੇ ਜਾਂਦੇ ਹਨ (ਯੂਹੰਨਾ ਦੀ ਪਹਿਲੀ ਪੱਤ੍ਰੀ 1:7)। ਪਾਣੀ ਦੇ ਨਾਲ ਧੋਣਾ ਸਿਰਫ਼ ਇੱਕ ਆਤਮਿਕ ਅਸਲੀਅਤ ਨੂੰ ਦਰਸਾਉਂਦਾ ਹੈ। ਹਨਾਨਿਯਾਹ ਸੌਲੁਸ ਨੂੰ ਕਹਿ ਰਿਹਾ ਸੀ ਕਿ ਉਸਨੂੰ ਵਿਸ਼ਵਾਸ ਦੇ ਕਦਮਾਂ ਨੂੰ ਸਰੀਰਕ ਤੌਰ ਤੇ ਵਿਖਾਉਣਾ ਚਾਹੀਦਾ ਹੈ। ਬਪਤਿਸਮਾ ਇਸ ਗੱਲ ਦੀ ਗਵਾਹੀ ਸੀ ਕਿ ਉਸਦੇ ਪਾਪ ਧੋਤੇ ਜਾ ਚੁੱਕੇ ਹਨ।

ਇਬਰਾਨੀਆਂ ਨੂੰ 10:22, ਦੇ ਵਿੱਚ ਸਾਨੂੰ ਕਿਹਾ ਗਿਆ ਹੈ ਕਿ ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੇ ਕੋਲ ਜਾਣਾ ਚਾਹੀਦਾ ਹੈ, "ਜਦੋਂ ਸਾਡੇ ਦਿਲ ਅਸ਼ੁੱਧ ਅੰਤਹਕਰਨ ਤੋਂ ਛਿੜਕਾਓ ਨਾਲ ਸ਼ੁੱਧ ਹੋਏ ਅਤੇ ਸਾਡੀ ਦੇਹੀ ਸਾਫ਼ ਪਾਣੀ ਨਾਲ ਨੁਲ੍ਹਾਈ ਗਈ।" ਸ਼ਾਇਦ ਪਾਣੀ ਬਪਤਿਸਮੇ ਨੂੰ ਦਰਸਾਉਂਦਾ ਹੈ। ਇਹ ਗੱਲ ਪੂਰੀ ਤਰ੍ਹਾਂ ਪੱਕੀ ਨਹੀਂ ਹੈ। ਪਰ ਜੇਕਰ ਇਹ ਬਪਤਿਸਮੇ ਦੇ ਬਾਰੇ ਗੱਲ ਕਰਦਾ ਹੈ ਫਿਰ ਵੀ ਇਹ ਵਚਨ ਅਜਿਹਾ ਨਹੀਂ ਕਹਿੰਦਾ ਕਿ ਬਪਤਿਸਮਾ ਸਾਨੂੰ ਬਚਾਉਂਦਾ ਹੈ। ਇਹ ਸਿਰਫ਼ ਇੰਨਾ ਹੀ ਕਹਿੰਦਾ ਹੈ ਕਿ ਸਾਨੂੰ ਬਪਤਿਸਮਾ ਲੈ ਕੇ ਪਰਮੇਸ਼ੁਰ ਦੀ ਆਗਿਆ ਨੂੰ ਪੂਰਾ ਕਰਨਾ ਚਾਹੀਦਾ ਹੈ।

ਯੂਹੰਨਾ 3:5 ਦੇ ਵਿੱਚ ਯਿਸੂ ਨੇ ਨਿਕੋਦਿਮੁਸ ਨੂੰ ਕਿਹਾ ਜਦੋਂ ਤੱਕ ਕੋਈ ਵਿਅਕਤੀ "ਜਲ ਅਰ ਆਤਮਾ ਤੋਂ ... ਨਾ ਜੰਮੇ"। ਇਸ ਬਿਆਨ ਤੋਂ ਬਾਅਦ ਇੱਕ ਹੋਰ ਬਿਆਨ ਆਉਂਦਾ ਹੈ ਕਿ ਕਿਸੇ ਵਿਅਕਤੀ ਨੂੰ ਨਵੇਂ ਸਿਰੇ ਤੋਂ ਜਨਮ ਲੈਣਾ ਪੈਂਦਾ ਹੈ, ਜਿਸਦੇ ਨਾਲ ਨਿਕੋਦਿਮੁਸ ਉਲਝਣ ਦੇ ਵਿੱਚ ਪੈ ਗਿਆ। ਨਿਕੋਦਿਮੁਸ ਇੱਥੇ ਸਰੀਰਕ ਜਨਮ ਦੇ ਬਾਰੇ ਸੋਚ ਰਿਹਾ ਸੀ। ਯਿਸੂ ਕਹਿ ਰਿਹਾ ਸੀ ਕਿ ਸਵਰਗ ਦੇ ਰਾਜ ਵਿੱਚ ਦਾਖਿਲ ਹੋਣ ਦੇ ਲਈ ਕਿਸੇ ਮਨੁੱਖ ਨੂੰ ਸਰੀਰਕ ਨਹੀਂ ਪਰ ਆਤਮਿਕ ਤੌਰ ਤੇ ਜਨਮ ਲੈਣਾ ਪੈਂਦਾ ਹੈ। ਇੱਥੇ "ਜਲ...ਤੋਂ ਜੰਮੇ" ਦਾ ਅਰਥ ਸਰੀਰਕ ਅਰਥ ਹੈ।

## ਮਸੀਹ ਦੀ ਆਗਿਆਕਾਰੀ ਦੇ ਵਿੱਚ ਬਪਤਿਸਮਾ

ਕੋਈ ਵਿਅਕਤੀ ਬਪਤਿਸਮੇ ਦੇ ਦੁਆਰਾ ਮੁਕਤੀ ਦੇ ਯੋਗ ਨਹੀਂ ਬਣਦਾ ਨਾ ਉਹ ਇਸਦੇ ਦੁਆਰਾ ਆਪਣੀ ਮੁਕਤੀ ਨੂੰ ਕਮਾ ਸਕਦਾ ਹੈ। ਕੁਝ ਲੋਕ ਸੋਚਦੇ ਹਨ ਕਿ ਕਿਉਂਕਿ ਬਪਤਿਸਮੇ ਦੇ ਦੁਆਰਾ ਮੁਕਤੀ ਪ੍ਰਾਪਤ ਨਹੀਂ ਹੁੰਦੀ ਹੈ, ਇਸ ਲਈ ਸਾਨੂੰ ਬਪਤਿਸਮਾ ਨਹੀਂ ਲੈਣਾ ਚਾਹੀਦਾ। ਉਹ ਇਸ ਗੱਲ ਦੀ ਚਿੰਤਾ ਕਰਦੇ ਹਨ ਕਿ ਲੋਕ ਤੋਬਾ ਵਿੱਚ ਦਿੱਤੀ ਗਈ ਕਿਰਪਾ ਤੇ ਨਿਰਭਰ ਕਰਨ ਦੀ ਬਜਾਏ ਬਪਤਿਸਮੇ ਵਿੱਚ ਆਪਣਾ ਵਿਸ਼ਵਾਸ ਰੱਖ ਸਕਦੇ ਹਨ। ਪਰ ਫਿਰ ਵੀ, ਮਸੀਹ ਦੇ ਕਿਸੇ ਵੀ ਹੁਕਮ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ, ਅਤੇ ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਪਰਮੇਸ਼ੁਰ ਦੇ ਹੁਕਮਾਂ ਦੀ ਪਾਲਣਾ ਕਰਨ ਦੇ ਨਾਲ ਅਸੀਂ ਮੁਕਤੀ ਨੂੰ ਕਮਾ ਸਕਦੇ ਹਾਂ।

## ਕ੍ਰਿਪਾ ਦੇ ਸਾਧਨ ਵੱਜੋਂ ਬਪਤਿਸਮਾ

ਬਪਤਿਸਮੇ ਨੂੰ ਕ੍ਰਿਪਾ ਪ੍ਰਾਪਤ ਕਰਨ ਵਾਲਾ ਸਾਧਨ ਮੰਨਿਆ ਜਾ ਸਕਦਾ ਹੈ। ਇਸਦਾ ਇਹ ਅਰਥ ਨਹੀਂ ਹੈ ਕਿ ਇਹ ਸਾਨੂੰ ਮੁਕਤੀ ਦਿਵਾਉਂਦਾ ਹੈ, ਜਾਂ ਇਹ ਕੰਮ ਆਪਣੇ ਆਪ ਹੀ ਸਾਨੂੰ ਕ੍ਰਿਪਾ ਪ੍ਰਦਾਨ ਕਰਦਾ ਹੈ। ਜੇਕਰ ਕੋਈ ਵਿਅਕਤੀ ਬਿਨਾਂ ਵਿਸ਼ਵਾਸ ਦੇ ਬਪਤਿਸਮਾ ਲੈਂਦਾ ਹੈ ਤਾਂ ਇਸਦਾ ਕੋਈ ਮੁੱਲ ਨਹੀਂ ਹੁੰਦਾ। ਬਪਤਿਸਮਾ ਕ੍ਰਿਪਾ ਦਾ ਸਾਧਨ ਹੈ ਕਿਉਂਕਿ ਇਹ ਅਜਿਹਾ ਕੰਮ ਹੈ ਜਿਸਨੂੰ ਪਰਮੇਸ਼ੁਰ ਨੇ ਸਾਡੇ ਲਈ ਬਣਾਇਆ ਹੈ। ਜਦੋਂ ਅਸੀਂ ਇਸਨੂੰ ਵਿਸ਼ਵਾਸ ਅਤੇ ਆਗਿਆਕਾਰੀ ਦੇ ਨਾਲ ਕਰਦੇ ਹਾਂ, ਤਾਂ ਪਰਮੇਸ਼ੁਰ ਦਾ ਆਤਮਾ ਸਾਡੇ ਦਿਲਾਂ ਵਿੱਚ ਕੰਮ ਕਰਕੇ ਸਾਨੂੰ ਮਸੀਹੀ ਜੀਵਨ ਦੇ ਵਿੱਚ ਸਥਾਪਿਤ ਕਰਦਾ ਹੈ।

► ਸਾਨੂੰ ਬਪਤਿਸਮਾ ਕਿਉਂ ਲੈਣਾ ਚਾਹੀਦਾ ਹੈ?

## ਧਰਮ ਸਿੱਖਿਆ ਦਾ ਚਿੰਨ੍ਹ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਰੋਮੀਆਂ ਨੂੰ 6:3-11 ਪੜਣਾ ਚਾਹੀਦਾ ਹੈ। ਵਚਨ ਦੇ ਇਸ ਭਾਗ ਦੇ ਅਨੁਸਾਰ ਬਪਤਿਸਮਾ ਕਿਸ ਚੀਜ਼ ਦਾ ਚਿੰਨ੍ਹ ਹੈ?

ਬਾਈਬਲ ਸਾਨੂੰ ਦੱਸਦੀ ਹੈ ਕਿ ਬਪਤਿਸਮਾ ਮਸੀਹ ਦੀ ਮੌਤ, ਦਫਨਾਏ ਜਾਣ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦਾ ਚਿੰਨ੍ਹ ਹੈ। ਜਦੋਂ ਕੋਈ ਵਿਸ਼ਵਾਸੀ ਬਪਤਿਸਮਾ ਲੈਂਦਾ ਹੈ ਤਾਂ ਉਹ ਇਹ ਗਵਾਹੀ ਦਿੰਦਾ ਹੈ ਕਿ ਉਹ ਮਸੀਹ ਦੁਆਰਾ ਪ੍ਰਦਾਨ ਕੀਤੇ ਪ੍ਰਾਸਚਿੱਤ ਦੇ ਨਾਲ ਜੁੜਿਆ ਹੋਇਆ ਹੈ। ਇੱਥੋਂ ਤੱਕ ਕਿ ਰਸੂਲ ਨੇ ਇਹ ਬਿਆਨ ਦਿੱਤਾ ਕਿ ਅਸੀਂ "ਮਸੀਹ ਯਿਸੂ ਦਾ ਬਪਤਿਸਮਾ ਲਿਆ।"

ਮੁਕਤੀ ਦੇ ਵਿੱਚ, ਅਸੀਂ ਖਾਸ ਤੌਰ ਤੇ ਮਸੀਹ ਦੀ ਮੌਤ ਦੇ ਲਾਭ ਨੂੰ ਪ੍ਰਾਪਤ ਕਰਦੇ ਹਾਂ, ਅਤੇ ਉਸਦੀ ਮੌਤ ਦੇ ਸਾਂਝੀ ਵੀ ਹੁੰਦੇ ਹਾਂ। ਯਿਸੂ ਪਾਪ ਦੇ ਕਾਰਨ ਮਰਿਆ, ਆਪਣੇ ਪਾਪ ਦੇ ਲਈ ਨਹੀਂ, ਪਰ ਸੰਸਾਰ ਦੇ ਪਾਪਾਂ ਲਈ। ਇਸੇ ਪ੍ਰਕਾਰ, ਮੁਕਤੀ ਦੇ ਵਿੱਚ ਅਸੀਂ ਪਾਪ ਦੇ ਵੱਲੋਂ ਮਰ ਜਾਂਦੇ ਹਾਂ, ਕਿਉਂਕਿ ਅਸੀਂ ਤੋਬਾ ਕਰਕੇ ਇਸਨੂੰ ਛੱਡ ਦਿੰਦੇ ਹਾਂ।

ਰੋਮੀਆਂ 6 ਦਾ ਮੁੱਖ ਵਿਸ਼ਾ ਪਾਪ ਤੇ ਜਿੱਤ ਹੈ। ਇਹ ਸਿਰਫ਼ ਮਾਫ਼ੀ ਨੂੰ ਹੀ ਨਹੀਂ ਦਰਸਾਉਂਦਾ। ਇਹ ਇਸ ਗੱਲ ਦੇ ਪ੍ਰਤੀ ਸਪੱਸ਼ਟ ਹੈ ਕਿ ਇੱਕ ਵਿਸ਼ਵਾਸੀ ਪਾਪ ਦੇ ਕਾਬੂ ਤੋਂ ਆਜਾਦ ਹੈ (12-14) ਅਤੇ ਉਹ ਪਾਪ ਦੇ ਵਿੱਚ ਬਣਿਆ ਨਹੀਂ ਰਹਿੰਦਾ (1)।

ਮੁਕਤੀ ਦੇ ਵਿੱਚ ਅਸੀਂ ਯਿਸੂ ਦੇ ਜੀ ਉੱਠਣ ਵਿੱਚ ਸਾਂਝੀ ਹੁੰਦੇ ਹਾਂ। ਜਿਵੇਂ ਉਹ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ, ਉਸੇ ਤਰ੍ਹਾਂ ਅਸੀਂ ਪਾਪ ਤੋਂ ਮਰ ਕੇ ਇੱਕ ਨਵੇਂ ਜੀਵਨ ਦੀ ਸ਼ੁਰੂਆਤ ਕਰਦੇ ਹਾਂ। ਅਸੀਂ ਪਾਪ ਤੇ ਜਿੱਤ ਅਤੇ ਇਸ ਤੋਂ ਆਜਾਦੀ ਦੇ ਜੀਵਨ ਦੀ ਸ਼ੁਰੂਆਤ ਕਰਦੇ ਹਾਂ।

## ਬਪਤਿਸਮੇ ਦੀ ਵਿਧੀ ਦਾ ਮੁੱਦਾ

ਵਿਧੀ ਦਾ ਪ੍ਰਸ਼ਨ ਇਹ ਹੈ: ਕੀ ਇੱਕ ਵਿਸ਼ਵਾਸੀ ਨੂੰ ਡੁਬਕੀ ਵਾਲਾ, ਪਾਣੀ ਸਿਰ ਤੇ ਡੋਲ੍ਹਣ ਵਾਲਾ ਜਾਂ ਛਿੜਕੇ ਵਾਲਾ ਬਪਤਿਸਮਾ ਲੈਣਾ ਚਾਹੀਦਾ ਹੈ?

ਸੰਸਾਰ ਭਰ ਦੇ ਵਿੱਚ ਜਿਆਦਾਤਰ ਮਸੀਹੀ ਲੋਕ ਡੁਬਕੀ ਵਾਲੇ ਬਪਤਿਸਮੇ ਦਾ ਅਭਿਆਸ ਕਰਦੇ ਹਨ।

ਮਸੀਹੀਆਂ ਦੁਆਰਾ ਡੁਬਕੀ ਵਾਲੇ ਬਪਤਿਸਮੇ ਨੂੰ ਸਹੀ ਮੰਨਣ ਦੇ ਬਹੁਤ ਸਾਰੇ ਕਾਰਨ ਹਨ।

> "ਜਿਸ ਕ੍ਰਿਪਾ ਦੀ ਸਾਨੂੰ ਲੋੜ ਹੈ ਉਹ ਪਾਣੀ ਦੇ ਵਿੱਚ ਨਹੀਂ ਹੈ, ਪਰ ਪਵਿੱਤਰ ਆਤਮਾ ਦੇ ਕੰਮ ਵਿੱਚ ਹੈ ਜਿਸਨੂੰ ਬਪਤਿਸਮੇ ਦੇ ਵਿੱਚ ਦਰਸਾਇਆ ਜਾਂਦਾ ਹੈ; ਇਹ ਰੋਟੀ ਅਤੇ ਦਾਖਰਸ ਦੇ ਵਿੱਚ ਨਹੀਂ ਹੈ, ਪਰ ਉਸ ਪ੍ਰਾਸਚਿੱਤ ਵਿੱਚ ਹੈ ਜਿਸਨੂੰ ਇਸਦੀ ਧਾਰਮਿਕ ਰਸਮ ਦਰਸਾਉਂਦੀ ਹੈ।"
>
> - ਜੋਨ੍ਹ ਮਿਲੇ,
>
> *ਸਿਸਟੇਮੈਟਿਕ ਥਿਓਲੋਜੀ*

1. ਬਪਤਿਸਮਾ ਸ਼ਬਦ ਯੂਨਾਨੀ ਦੇ ਅਜਿਹੇ ਸ਼ਬਦ ਦਾ ਅਨੁਵਾਦ ਹੈ ਜਿਸਦਾ ਅਰਥ ਪਾਣੀ ਦੇ ਵਿੱਚ ਡੁਬੋਣਾ ਹੈ।
2. ਬਪਤਿਸਮਾ ਮਸੀਹ ਦੀ ਮੌਤ, ਦਫਨਾਏ ਜਾਣ ਅਤੇ ਜੀ ਉੱਠਣ ਨੂੰ ਦਰਸਾਉਂਦਾ ਹੈ, ਇਸ ਚਿੰਨ੍ਹ ਨੂੰ ਡੁਬਕੀ ਦੇ ਦੁਆਰਾ ਉੱਤਮ ਤਰੀਕੇ ਨਾਲ ਦਰਸਾਇਆ ਜਾ ਸਕਦਾ ਹੈ (ਰੋਮੀਆਂ ਨੂੰ 6:3-5)।
3. ਬਾਈਬਲ ਦੇ ਵਿੱਚ ਲੋਕ ਬਪਤਿਸਮਾ ਲੈਣ ਦੇ ਲਈ ਪਾਣੀ ਦੇ ਵਿੱਚ ਉੱਤਰੇ ਸਨ (ਮਰਕੁਸ 1:10, ਰਸੂਲਾਂ ਦੇ ਕਰਤੱਬ 8:38)।
4. ਮੁੱਢਲੀ ਕਲੀਸਿਆ ਵੀ ਡੁਬਕੀ ਦੁਆਰਾ ਹੀ ਬਪਤਿਸਮਾ ਦਿੰਦੀ ਸੀ ਅਤੇ ਅਜਿਹਾ ਸਿਰਫ਼ ਉਸ ਸਮੇਂ ਹੀ ਨਹੀਂ ਕੀਤਾ ਜਾਂਦਾ ਹੈ ਜਦੋਂ ਕਿਸੇ ਗੰਭੀਰ ਬਿਮਾਰੀ ਜਾਂ ਪਾਣੀ ਦੀ ਕਮੀ ਦੇ ਕਾਰਨ ਅਜਿਹਾ ਕਰ ਪਾਉਣਾ ਅਸੰਭਵ ਸੀ। ਦੂਸਰੀ ਸਦੀ ਦੇ *ਡਿਡਾਕੇ* ਰਸੂਲਾਂ ਦੀ ਸਿੱਖਿਆ ਦਾ ਸਾਰ ਸੀ ਜੋ ਦੱਸਦਾ ਹੈ ਕਿ ਜੇਕਰ ਜਿਆਦਾ ਪਾਣੀ ਉਪਲੱਭਧ ਨਹੀਂ ਹੈ ਤਾਂ ਵਿਸ਼ਵਾਸੀ ਤੇ ਪਾਣੀ ਡੋਲ੍ਹ ਕੇ ਉਸਨੂੰ ਬਪਤਿਸਮਾ ਦਿੱਤਾ ਜਾ ਸਕਦਾ ਹੈ।

ਇੰਨ੍ਹਾਂ ਬਹੁਤ ਸਾਰੇ ਕਾਰਨਾਂ ਦੇ ਕਰਕੇ ਬਹੁਤ ਸਾਰੇ ਮਸੀਹੀ ਇਹ ਵਿਸ਼ਵਾਸ ਕਰਦੇ ਹਨ ਕਿ ਡੁਬਕੀ ਵਾਲਾ ਬਪਤਿਸਮਾ ਬਾਈਬਲ ਅਤੇ ਇਤਿਹਾਸ ਆਧਾਰਿਤ ਹੈ।

ਕੁਝ ਮਸੀਹੀ ਵਿਸ਼ਵਾਸ ਕਰਦੇ ਹਨ ਕਿ ਬਪਤਿਸਮੇ ਦੀ ਦੂਸਰੀ ਵਿਧੀ ਵਚਨਾਂ ਤੇ ਆਧਾਰਿਤ ਹੈ। ਪੁਰਾਣੇ ਨੇਮ ਦੇ ਵਿੱਚ ਛਿੜਕੇ ਜਾਣ ਦੀਆਂ ਰਸਮਾਂ ਦੇ ਦੁਆਰਾ ਪ੍ਰਾਸਚਿੱਤ ਦੀ ਪ੍ਰਤੀਨਿਧਤਾ ਕੀਤੀ ਜਾਂਦੀ ਸੀ। ਨਵਾਂ ਨੇਮ ਵੀ ਲਹੂ ਦੇ ਛਿੜਕੇ ਜਾਣ ਦੀ ਗੱਲ ਕਰਦਾ ਹੈ। ਕਿਉਂਕਿ ਲਹੂ ਦਾ ਛਿੜਕਿਆ ਜਾਣਾ ਪ੍ਰਾਸਚਿੱਤ ਨੂੰ ਦਰਸਾਉਂਦਾ ਹੈ ਇਸ ਲਈ ਛਿੜਕਾਅ ਬਪਤਿਸਮਾ ਵੀ ਸੰਭਵ ਹੈ (ਛਿੜਕਾਅ ਦੇ ਬਾਰੇ ਬਾਈਬਲ ਦੇ ਹਵਾਲੇ ਵੇਖੋ ਕੂਚ 24:8, ਇਬਰਾਨੀਆਂ ਨੂੰ 9:19-20, ਇਬਰਾਨੀਆਂ ਨੂੰ 10:22, ਇਬਰਾਨੀਆਂ ਨੂੰ 12:22-24, ਗਿਣਤੀ 8:6-7, ਯਸਾਯਾਹ 52:15, ਹਿਜ਼ਕੀਏਲ 36:25, ਅਤੇ ਪਤਰਸ ਦੀ ਪਹਿਲੀ ਪੱਤ੍ਰੀ 1:2.)।

ਕਿਉਂਕਿ ਬਾਈਬਲ ਕਿਤੇ ਵੀ ਕੋਈ ਪੱਕਾ ਬਿਆਨ ਨਹੀਂ ਦਿੰਦੀ ਕਿ ਬਪਤਿਸਮੇ ਦੀ ਵਿਧੀ ਕਿਹੜੀ ਹੋਣੀ ਚਾਹੀਦੀ ਹੈ, ਇਸ ਕਾਰਨ ਸਾਨੂੰ ਉਨ੍ਹਾਂ ਮਸੀਹੀਆਂ ਨੂੰ ਸਹਿਣ ਕਰਨਾ ਚਾਹੀਦਾ ਹੈ ਜਿੰਨ੍ਹਾਂ ਦੀ ਇਸ ਮੁੱਦੇ ਤੇ ਸਾਡੇ ਨਾਲੋਂ ਅਲੱਗ ਧਾਰਨਾ ਹੈ।

### ਛੋਟੇ ਬੱਚਿਆਂ ਦੇ ਬਪਤਿਸਮੇ ਦਾ ਮੁੱਦਾ

ਕਲੀਸਿਆ ਵਿਸ਼ਵਾਸ ਦਾ ਸਮੁਦਾਏ ਹੈ ਜੋ ਪਰਮੇਸ਼ੁਰ ਦੇ ਨੇਮ ਦੇ ਅਧੀਨ ਰਹਿੰਦਾ ਹੈ। ਜਦੋਂ ਕੋਈ ਪਾਪੀ ਤੋਬਾ ਕਰਕੇ ਵਿਸ਼ਵਾਸ ਦੇ ਸਮੁਦਾਏ ਵਿੱਚ ਦਾਖਿਲ ਹੁੰਦਾ ਹੈ, ਤਾਂ ਬਪਤਿਸਮਾ ਉਸਦੇ ਪਰਿਵਰਤਨ ਦੀ ਜਨਤਕ ਗਵਾਹੀ ਹੁੰਦਾ ਹੈ।

ਪਰ ਉਨ੍ਹਾਂ ਬੱਚਿਆਂ ਦੇ ਬਾਰੇ ਕੀ ਕਰਨਾ ਚਾਹੀਦਾ ਹੈ ਜੋ ਕਲੀਸਿਆ ਦੇ ਵਿੱਚ ਮਸੀਹੀ ਮਾਪਿਆਂ ਤੋਂ ਪੈਦਾ ਹੁੰਦੇ ਹਨ? ਬੱਚਾ ਵਿਸ਼ਵਾਸ ਦੇ ਸਮੁਦਾਏ ਦਾ ਹਿੱਸਾ ਹੈ। ਜਿੰਨੀ ਦੇਰ ਤੱਕ ਬੱਚਾ ਪਰਿਪੱਕ ਹੋ ਕੇ ਆਪਣਾ ਫੈਸਲਾ ਖੁਦ ਕਰਨ ਦੇ ਯੋਗ ਨਹੀਂ ਹੁੰਦਾ ਉਨੀ ਦੇਰ ਪਰਮੇਸ਼ੁਰ ਉਸ ਛੋਟੇ ਬੱਚੇ ਨੂੰ ਸਵੀਕਾਰ ਕਰ ਲੈਂਦਾ ਹੈ।

ਕੁਝ ਕਲੀਸਿਆਵਾਂ ਦੀ ਮਾਨਤਾ ਹੈ ਕਿ ਇੱਕ ਬੱਚੇ ਨੂੰ ਇਸ ਗੱਲ ਦੇ ਚਿੰਨ੍ਹ ਵਜੋਂ ਬਪਤਿਸਮਾ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਵਿਸ਼ਵਾਸ ਦੇ ਸਮੁਦਾਏ ਵਿੱਚ ਹੈ। ਜੇਕਰ ਬੱਚਾ ਵੱਡਾ ਹੋਣ ਤੇ ਕਲੀਸਿਆ ਦੇ ਸਿਧਾਂਤਾਂ ਨੂੰ ਸਵੀਕਾਰ ਕਰਦਾ ਹੈ, ਤਾਂ ਇਹਨਾਂ ਕਲੀਸਿਆਵਾਂ ਦੇ ਵਿੱਚ "ਪੁਸ਼ਟੀ" ਨਾਮਕ ਇੱਕ ਰਸਮ ਹੁੰਦੀ ਹੈ। ਕੁਝ ਕਲੀਸਿਆਵਾਂ ਮਨ ਪਰਿਵਰਤਨ ਨੂੰ ਜ਼ਰੂਰੀ ਨਹੀਂ ਸਮਝਦੀਆਂ, ਕਿਉਂਕਿ ਬੱਚਾ ਕਲੀਸਿਆ ਦੇ ਹੀ ਵਿੱਚ ਪੈਦਾ ਹੋਇਆ ਸੀ ਅਤੇ ਉਸਨੇ ਉਹੀ ਸਵੀਕਾਰ ਕੀਤਾ ਜੋ ਉਸਨੂੰ ਸਿਖਾਇਆ ਗਿਆ ਸੀ। (ਇਸ ਦੀਆਂ ਉਦਾਹਰਨਾਂ ਦੇ ਲਈ ਰੋਮਨ ਕੈਥੋਲਿਕ ਚਰਚ, ਲੂਥਰਨ ਚਰਚ ਅਤੇ ਚਰਚ ਆਫ਼ ਇੰਗਲੈਂਡ ਹਨ।) ਹੋਰ ਕਲੀਸਿਆ ਜੋ ਛੋਟੇ ਬੱਚਿਆਂ ਦੇ ਬਪਤਿਸਮੇ ਦਾ ਅਭਿਆਸ ਕਰਦੀਆਂ ਹਨ, ਉਹ ਇਸ ਗੱਲ ਨੂੰ ਮੰਨਦੇ ਹਨ ਕਿ ਮਨ ਪਰਿਵਰਤਨ ਮਹੱਤਵਪੂਰਨ ਹੈ। (ਉਦਾਹਰਨ ਵਜੋਂ, ਜੌਨ ਵੈਸਲੀ ਦੀ ਅਗਵਾਈ ਵਿੱਚ ਸ਼ੁਰੂ ਕੀਤੀਆਂ ਗਈ ਮੈਥੋਡਿਸਟ ਕਲੀਸਿਆਵਾਂ ਦਾ ਮੰਨਣਾ ਸੀ ਕਿ ਮਨ ਪਰਿਵਰਤਨ ਉਸ ਵਿਅਕਤੀ ਲਈ ਵੀ ਜ਼ਰੂਰੀ ਹੈ ਜਿਸਨੇ ਇੱਕ ਬੱਚੇ ਦੇ ਰੂਪ ਵਿੱਚ ਬਪਤਿਸਮਾ ਲਿਆ ਸੀ।)

ਕੁਝ ਲੋਕ ਵਿਸ਼ਵਾਸ ਕਰਦੇ ਹਨ ਕਿ ਪੁਰਾਣੇ ਨੇਮ ਦੇ ਵਿੱਚ ਸੁੰਨਤ ਇਸੇ ਪ੍ਰਕਾਰ ਦੇ ਉਦੇਸ਼ ਨੂੰ ਪੂਰਾ ਕਰਦੀ ਸੀ। ਇੱਕ ਬੱਚੇ ਦੀ ਇਹ ਦਰਸਾਉਣ ਦੇ ਲਈ ਸੁੰਨਤ ਕੀਤੀ ਜਾਂਦੀ ਸੀ ਉਹ ਨੇਮ ਦੇ ਵਿੱਚ ਹੈ। ਉਸਨੂੰ ਨੇਮ ਦਾ ਅਰਥ ਸਮਝਣ ਲਈ ਕਾਫ਼ੀ ਵੱਡਾ ਹੋਣ ਤੱਕ ਇੰਤਜ਼ਾਰ ਕਰਨ ਦੀ ਜਰੂਰਤ ਨਹੀਂ ਸੀ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਮੁੱਢਲੀ ਕਲੀਸਿਆ ਛੋਟੇ ਬੱਚਿਆਂ ਦੇ ਬਪਤਿਸਮੇ ਦਾ ਅਭਿਆਸ ਕਰਦੀ ਸੀ। ਹਿਪੋਲੀਟਸ ਨੇ 212 ਈ. ਵਿੱਚ ਰਸੂਲਾਂ ਦੀ ਪਰੰਪਰਾ ਬਾਰੇ ਲਿਖਿਆ ਅਤੇ ਕਿਹਾ ਕਿ ਛੋਟੇ ਬੱਚਿਆਂ ਨੂੰ ਬਪਤਿਸਮਾ ਦਿੱਤਾ ਜਾਣਾ ਚਾਹੀਦਾ ਹੈ; ਅਤੇ, ਜੇਕਰ ਉਹ ਜਿਆਦਾ ਛੋਟੇ ਹਨ ਅਤੇ ਬੋਲ ਨਹੀਂ ਸਕਦੇ, ਤਾਂ ਉਨ੍ਹਾਂ ਦੇ ਮਾਪੇ ਉਨ੍ਹਾਂ ਲਈ ਬੋਲ ਸਕਦੇ ਹਨ। ਔਰੀਗਿਨ ਨੇ 248 ਈਸਵੀ ਵਿੱਚ ਲਿਖਿਆ ਕਿ ਰਸੂਲ ਛੋਟੇ ਬੱਚਿਆਂ ਦੇ ਬਪਤਿਸਮੇ ਦਾ ਅਭਿਆਸ ਕਰਦੇ ਸਨ। ਅਗਸਟਿਨ ਨੇ 400 ਈਸਵੀ ਵਿੱਚ ਲਿਖਿਆ ਕਿ ਰਸੂਲਾਂ ਦੇ ਸਮੇਂ ਤੋਂ ਹੀ ਪੂਰੀ ਕਲੀਸਿਆ ਦੇ ਦੁਆਰਾ ਛੋਟੇ ਬੱਚਿਆਂ ਦੇ ਬਪਤਿਸਮੇ ਦਾ ਅਭਿਆਸ ਕੀਤਾ ਜਾਂਦਾ ਰਿਹਾ ਹੈ ਅਤੇ ਉਸਨੇ ਕਦੇ ਵੀ ਕਿਸੇ ਅਜਿਹੇ ਵਿਅਕਤੀ ਬਾਰੇ ਨਹੀਂ ਸੁਣਿਆ ਜਿਸਨੇ ਬੱਚਿਆਂ ਦੇ ਬਪਤਿਸਮੇ ਤੋਂ ਇਨਕਾਰ ਕੀਤਾ ਹੋਵੇ।

ਰਸੂਲਾਂ ਦੇ ਕਰਤੱਬ ਦੀ ਕਿਤਾਬ ਦੇ ਵਿੱਚ ਕਈ ਵਾਰ ਰਸੂਲ ਪੂਰੇ ਪਰਿਵਾਰ ਨੂੰ ਬਪਤਿਸਮਾ ਦੇ ਦਿੰਦੇ ਸਨ (ਰਸੂਲਾਂ ਦੇ ਕਰਤੱਬ 11:14, ਰਸੂਲਾਂ ਦੇ ਕਰਤੱਬ 16:15, 33)। ਅਸੀਂ ਇਹ ਕਲਪਨਾ ਕਰ ਸਕਦੇ ਹਾਂ ਕਿ ਉਨ੍ਹਾਂ ਨੇ ਬੱਚਿਆਂ ਨੂੰ ਵੀ ਬਪਤਿਸਮਾ ਦਿੱਤਾ ਹੋਵੇਗਾ।

**ਛੋਟੇ ਬੱਚਿਆਂ ਦੇ ਬਪਤਿਸਮੇ ਤੇ ਜਤਾਏ ਜਾਣ ਵਾਲੇ ਇਤਰਾਜ਼**

1. ਨਵੇਂ ਨੇਮ ਦੇ ਵਿੱਚ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਵਿਸ਼ਵਾਸ ਦੀ ਗਵਾਹੀ ਤੋਂ ਬਾਅਦ ਬਪਤਿਸਮਾ ਦਿੱਤਾ ਜਾਂਦਾ ਸੀ। ਉਹ ਅਜਿਹੇ ਲੋਕ ਹੁੰਦੇ ਸਨ ਜਿੰਨ੍ਹਾਂ ਨੇ ਤੋਬਾ ਕੀਤੀ ਹੁੰਦੀ ਸੀ ਅਤੇ ਸ਼ੁਭਸਮਾਚਾਰ ਤੇ ਵਿਸ਼ਵਾਸ ਕੀਤਾ ਹੁੰਦਾ ਸੀ। ਛੋਟੇ ਬੱਚਿਆਂ ਨੂੰ ਬਪਤਿਸਮਾ ਦੇਣ ਦੀਆਂ ਕੋਈ ਹਦਾਇਤਾਂ ਨਹੀਂ ਹਨ।

2. ਛੋਟੇ ਬੱਚਿਆਂ ਦਾ ਬਪਤਿਸਮਾ ਇਸ ਗਵਾਹੀ ਦੇ ਮੂਲ ਉਦੇਸ਼ ਨੂੰ ਪੂਰਿਆਂ ਨਹੀਂ ਕਰਦਾ ਕਿ ਕੋਈ ਵਿਸ਼ਵਾਸ ਪਾਪ ਦੇ ਲਈ ਮਰ ਗਿਆ ਹੈ ਅਤੇ ਪਰਮੇਸ਼ੁਰ ਦੇ ਲਈ ਜਿਉਂਦਾ ਹੈ।

3. ਛੋਟੇ ਬੱਚਿਆਂ ਦੇ ਬਪਤਿਸਮੇ ਨੇ ਇਤਿਹਾਸਿਕ ਤੌਰ ਤੇ ਨਾ ਬਦਲੇ ਹੋਏ ਲੋਕਾਂ ਦੀਆਂ ਕਲੀਸਿਆਵਾਂ ਬਣਾ ਦਿੱਤੀਆਂ ਜੋ ਸੋਚਦੇ ਹਨ ਕਿ ਉਹ ਮਸੀਹੀ ਹਨ।

ਛੋਟੇ ਬੱਚਿਆਂ ਨੂੰ ਬਪਤਿਸਮਾ ਦੇਣ ਦੀ ਬਜਾਏ ਕੁਝ ਕਲੀਸਿਆਵਾਂ ਬੱਚਿਆਂ ਨੂੰ "ਸਮਰਪਿਤ/ਮਸਹ" ਕਰਨ ਦੀ ਰਸਮ ਅਦਾ ਕਰਦੇ ਹਨ। ਇਸ ਰਸਮ ਦੇ ਵਿੱਚ ਮਾਪੇ ਬੱਚਿਆਂ ਨੂੰ ਪਰਮੇਸ਼ੁਰ ਦੇ ਪ੍ਰਤੀ ਸਮਰਪਿਤ ਕਰਦੇ ਹਨ ਅਤੇ ਉਸਨੂੰ ਮਸੀਹੀ ਸਿਖਲਾਈ ਦੇ ਵਿੱਚ ਵੱਡਾ ਕਰਨ ਦਾ ਵਾਇਦਾ ਕਰਦੇ ਹਨ। ਇੰਨ੍ਹਾਂ ਕਲੀਸਿਆਵਾਂ ਦੇ ਵਿੱਚ, ਕਿਸੇ ਬੱਚੇ ਨੂੰ ਉਸ ਸਮੇਂ ਤੱਕ ਬਪਤਿਸਮਾ ਨਹੀਂ ਦਿੱਤਾ ਜਾਂਦਾ ਜਦੋਂ ਤੱਕ ਉਹ ਤੋਬਾ ਅਤੇ ਵਿਸ਼ਵਾਸ ਨੂੰ ਸਮਝਣ ਦੇ ਯੋਗ ਨਾ ਹੋ ਜਾਏ।

ਜਦੋਂ ਅਸੀਂ ਅਜਿਹੇ ਲੋਕਾਂ ਨੂੰ ਪ੍ਰਚਾਰ ਕਰਦੇ ਹਾਂ ਜਿੰਨ੍ਹਾਂ ਦੇ ਬੱਚਿਆਂ ਤੌਰ ਤੇ ਬਪਤਿਸਮੇ ਹੋਏ ਹਨ, ਤਾਂ ਉਨ੍ਹਾਂ ਦੇ ਬਪਤਿਸਮੇ ਨੂੰ ਰੱਦ ਕਰਨਾ ਜਰੂਰੀ ਨਹੀਂ ਹੈ। ਇਸਦੀ ਬਜਾਏ ਉਨ੍ਹਾਂ ਨੂੰ ਪ੍ਰਚਾਰ ਸੁਣਾਓ ਕਿ ਕੋਈ ਵਿਅਕਤੀ ਤੋਬਾ ਅਤੇ ਬਚਾਏ ਜਾਣ ਵਾਲੇ ਵਿਸ਼ਵਾਸ ਤੋਂ

ਬਿਨਾਂ ਬਚਾਇਆ ਨਹੀਂ ਜਾ ਸਕਦਾ। ਜੇਕਰ ਕੋਈ ਵਿਅਕਤੀ ਪਾਪ ਦੇ ਵਿੱਚ ਜੀ ਰਿਹਾ ਹੈ, ਤਾਂ ਉਸਦਾ ਬਪਤਿਸਮਾ ਇਸ ਸੋਚਣ ਦਾ ਕਾਰਨ ਨਹੀਂ ਹੈ ਕਿ ਉਹ ਮਸੀਹੀ ਹੈ।

### ਸਮੇਂ ਦਾ ਮੁੱਦਾ

► ਕਲੀਸਿਆ ਨੂੰ ਕਿਸੇ ਵਿਅਕਤੀ ਨੂੰ ਉਸਦੇ ਪਰਿਵਰਤਨ ਤੋਂ ਬਾਅਦ ਬਪਤਿਸਮਾ ਦੇਣ ਦੇ ਲਈ ਕਿੰਨਾ ਸਮਾਂ ਇੰਤਜ਼ਾਰ ਕਰਨਾ ਚਾਹੀਦਾ ਹੈ?

ਨਵੇਂ ਨੇਮ ਦੇ ਸਮੇਂ ਵਿੱਚ, ਪਰਿਵਰਤਿਤ ਹੋਏ ਵਿਅਕਤੀਆਂ ਨੂੰ ਜਲਦੀ ਦੇ ਨਾਲ ਬਪਤਿਸਮਾ ਦੇ ਦਿੱਤਾ ਜਾਂਦਾ ਸੀ। ਬਪਤਿਸਮਾ ਕਿਸੇ ਵਿਅਕਤੀ ਦੀ ਪਰਿਪੱਕਤਾ ਅਤੇ ਗਿਆਨ ਦੇ ਪੱਧਰ ਨੂੰ ਨਹੀਂ ਦਰਸਾਉਂਦਾ ਸੀ।

ਕੁਝ ਕਲੀਸਿਆਵਾਂ ਪਰਿਵਰਤਿਤ ਹੋਏ ਵਿਅਕਤੀਆਂ ਦੁਆਰਾ ਬਪਤਿਸਮਾ ਲਏ ਜਾਣ ਤੋਂ ਪਹਿਲਾਂ ਇਹ ਮੰਗ ਰੱਖਦੇ ਹਨ ਕਿ ਉਹ ਕੁਝ ਸਮੇਂ ਦੀ ਮਸੀਹੀ ਸਿੱਖਿਆ ਅਤੇ ਵਿਕਾਸ ਪ੍ਰਾਪਤ ਕਰਨ। ਉਹ ਇਸ ਗੱਲ ਨੂੰ ਪੱਕਿਆਂ ਕਰਨਾ ਚਾਹੁੰਦੇ ਹਨ ਕਿ ਪਰਿਵਰਤਿਤ ਹੋਏ ਲੋਕ ਚੰਗੇ ਮਸੀਹੀ ਉਦਾਹਰਨਾਂ ਬਣ ਸਕਣ। ਉਹ ਕੁਝ ਸਮੇਂ ਦੇ ਲਈ ਉਨ੍ਹਾਂ ਨੂੰ ਮਸੀਹੀਆਂ ਦੇ ਤੌਰ ਤੇ ਰਹਿੰਦੇ ਹੋਏ ਵੇਖਣਾ ਚਾਹੁੰਦੇ ਹਨ ਤਾਂ ਕਿ ਬਪਤਿਸਮੇ ਤੋਂ ਬਾਅਦ ਜਿਆਦਾ ਲੋਕ ਵਿਸ਼ਵਾਸ ਤੋਂ ਮੁੜ ਨਾ ਜਾਣ।

ਬਪਤਿਸਮਾ ਇਸ ਗੱਲ ਦੀ ਗਵਾਹੀ ਹੈ ਕਿ ਕੋਈ ਵਿਅਕਤੀ ਬਦਲ ਚੁੱਕਾ ਹੈ। ਇਹ ਆਤਮਿਕ ਪਰਿਪੱਕਤਾ ਜਾਂ ਗਿਆਨ ਦਾ ਚਿੰਨ੍ਹ ਨਹੀਂ ਹੈ। ਇਸ ਲਈ, ਬਪਤਿਸਮਾ ਮਨ ਪਰਿਵਰਤਨ ਦੇ ਤੁਰੰਤ ਬਾਅਦ ਹੋਣਾ ਚਾਹੀਦਾ ਹੈ। ਉਡੀਕ ਕਰਨ ਦਾ ਮਤਲਬ ਹੈ ਕਿ ਸਾਨੂੰ ਨਹੀਂ ਪਤਾ ਕਿ ਕਿਸੇ ਵਿਅਕਤੀ ਨੇ ਅਸਲ ਦੇ ਵਿੱਚ ਮਨ ਪਰਿਵਰਤਨ ਕੀਤਾ ਗਿਆ ਹੈ ਜਾਂ ਨਹੀਂ। ਇਹ ਉਸਦੀ ਗਵਾਹੀ ਵਿੱਚ ਸ਼ੱਕ ਨੂੰ ਦਰਸਾਉਂਦਾ ਹੈ, ਜਿਸ ਕਾਰਨ ਉਹ ਆਪਣੇ ਵਿਸ਼ਵਾਸ ਵਿੱਚ ਕਮਜ਼ੋਰ ਹੋ ਸਕਦਾ ਹੈ।

ਬਪਤਿਸਮਾ ਕ੍ਰਿਪਾ ਦਾ ਸਾਧਨ ਵੀ ਹੈ, ਕਿਉਂਕਿ ਇੱਕ ਵਿਅਕਤੀ ਵਿਸ਼ਵਾਸ ਦੇ ਨਾਲ ਆਗਿਆਕਾਰੀ ਕਰਦਾ ਹੈ ਅਤੇ ਇਸਨੂੰ ਜਨਤਕ ਤੌਰ ਤੇ ਵਿਖਾਉਂਦਾ ਹੈ, ਇਸ ਲਈ ਪਰਮੇਸ਼ੁਰ ਉਸਨੂੰ ਸਥਾਪਿਤ ਹੋਣ ਦੀ ਕ੍ਰਿਪਾ ਪ੍ਰਦਾਨ ਕਰਦਾ ਹੈ। ਜੇਕਰ ਅਸੀਂ ਕਿਸੇ ਵਿਅਕਤੀ ਨੂੰ ਮਨ ਪਰਿਵਰਤਨ ਕਰਨ ਵਿੱਚ ਸਹਾਇਤਾ ਕਰਦੇ ਹਾਂ ਅਤੇ ਫਿਰ ਉਸਨੂੰ ਬਪਤਿਸਮਾ ਲੈਣ ਲਈ ਇੰਤਜ਼ਾਰ ਕਰਵਾਉਂਦੇ ਹਾਂ, ਤਾਂ ਅਸੀਂ ਉਸ ਤੋਂ ਇਹ ਮਦਦ ਉਸ ਸਮੇਂ ਤੋਂ ਦੂਰ ਰੱਖ ਰਹੇ ਹਾਂ ਜਦੋਂ ਉਸਨੂੰ ਇਸਦੀ ਸਭ ਤੋਂ ਵੱਧ ਜਰੂਰਤ ਹੁੰਦੀ ਹੈ।

ਜੇਕਰ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਕਿਸੇ ਵਿਅਕਤੀ ਨੇ ਸ਼ੁਭਸਮਾਚਾਰ ਨੂੰ ਨਹੀਂ ਸਮਝਿਆ ਹੈ ਅਤੇ ਜੇਕਰ ਉਹ ਕ੍ਰਿਪਾ ਦੁਆਰਾ ਹੋਣ ਵਾਲੇ ਪਰਿਵਰਤਨ ਨੂੰ ਨਹੀਂ ਵਿਖਾਉਂਦਾ, ਤਾਂ ਉਸਨੂੰ ਬਪਤਿਸਮਾ ਨਹੀਂ ਦਿੱਤਾ ਜਾਣਾ ਚਾਹੀਦਾ। ਪਰ ਜੇਕਰ ਉਸਦੇ ਅੰਦਰ ਇਹ ਯੋਗਤਾਵਾਂ ਹਨ, ਤਾਂ ਉਸਨੂੰ ਜਲਦੀ ਦੇ ਨਾਲ ਬਪਤਿਸਮਾ ਦੇ ਦੇਣਾ ਚਾਹੀਦਾ ਹੈ ਤਾਂ ਕਿ ਉਸਦਾ ਵਿਸ਼ਵਾਸ ਹੋਰ ਮਜ਼ਬੂਤ ਹੋ ਸਕੇ।

## ਦੇਰੀ ਨਾਲ ਕਰਨ ਵਾਲੇ ਬਪਤਿਸਮੇ ਦੇ ਮੁੱਦੇ

ਕਈ ਮਸੀਹੀ ਹੋਣ ਦੀ ਘੋਸ਼ਣਾ ਕਰਨ ਵਾਲੇ ਲੋਕ ਆਪਣੇ ਬਪਤਿਸਮੇ ਦੇ ਵਿੱਚ ਦੇਰੀ ਕਰਨਾ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਸ਼ੁਭਸਮਾਚਾਰ ਤੇ ਵਿਸ਼ਵਾਸ ਕਰਕੇ ਤੋਬਾ ਕਰ ਲਈ ਹੈ, ਪਰ ਉਹ ਅਜੇ ਬਪਤਿਸਮਾ ਨਹੀਂ ਲੈਣਾ ਚਾਹੁੰਦੇ। ਕਈ ਵਾਰ ਉਹ ਕਈ ਸਾਲਾਂ ਦੀ ਦੇਰੀ ਕਰ ਦਿੰਦੇ ਹਨ। ਕਈ ਵਾਰ ਲੋਕ ਮਰਨ ਕਿਨਾਰੇ ਪਹੁੰਚਣ ਤੱਕ ਦੀ ਉਡੀਕ ਕਰਦੇ ਹਨ।

ਜੇਕਰ ਕੋਈ ਵਿਅਕਤੀ ਬਪਤਿਸਮਾ ਲੈਣ ਦਾ ਇਛੁੱਕ ਨਹੀਂ ਹੈ ਤਾਂ ਇਸਦਾ ਮਤਲਬ ਹੈ ਕਿ ਉਹ ਇਸਦੇ ਨਾਲ ਜੁੜੇ ਸਮਰਪਣ ਨੂੰ ਕਰਨ ਦਾ ਇਛੁੱਕ ਨਹੀਂ ਹੈ। ਸ਼ਾਇਦ ਉਹ ਕਲੀਸਿਆ ਦੇ ਪ੍ਰਤੀ ਕੋਈ ਸਮਰਪਣ ਨਹੀਂ ਕਰਨਾ ਚਾਹੁੰਦਾ। ਜਾਂ ਸ਼ਾਇਦ ਕੋਈ ਅਜਿਹਾ ਪਾਪ ਹੈ ਜਿਸਨੂੰ ਉਸਨੇ ਅਜੇ ਵੀ ਨਹੀਂ ਛੱਡਿਆ ਹੈ। ਸ਼ਾਇਦ ਉਹ ਜਨਤਕ ਤੌਰ ਤੇ ਇਹ ਪ੍ਰਗਟ ਨਹੀਂ ਕਰਨਾ ਚਾਹੁੰਦਾ ਕਿ ਉਹ ਇੱਕ ਮਸੀਹੀ ਬਣ ਗਿਆ ਹੈ।

ਜੇਕਰ ਕਿਸੇ ਨੇ ਸੱਚਮੁੱਚ ਦੇ ਵਿੱਚ ਮਨ ਪਰਿਵਰਤਨ ਕੀਤਾ ਹੈ ਤਾਂ ਉਹ ਬਪਤਿਸਮਾ ਲੈਣ ਤੋਂ ਪਹਿਲਾਂ ਹੀ ਮਸੀਹੀ ਬਣ ਚੁੱਕਾ ਹੈ। ਉਸਨੂੰ ਮਸੀਹੀ ਬਣਨ ਦੇ ਲਈ ਬਪਤਿਸਮਾ ਲੈਣ ਦੀ ਜਰੂਰਤ ਨਹੀਂ ਹੈ। ਪਰ ਜੇਕਰ ਉਹ ਪਾਪਾਂ ਨੂੰ ਪੂਰੀ ਤਰ੍ਹਾਂ ਛੱਡ ਕੇ ਮਸੀਹ ਦੀ ਗਵਾਹੀ ਦੇਣ ਦੇ ਲਈ ਤਿਆਰ ਨਹੀਂ ਹੈ ਤਾਂ ਉਹ ਅਜੇ ਮਸੀਹੀ ਨਹੀਂ ਹੈ।

► ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਕੀ ਕਹੋਗੇ ਜੋ ਆਪਣੇ ਆਪ ਨੂੰ ਮਸੀਹੀ ਦੱਸਦਾ ਹੈ ਪਰ ਬਪਤਿਸਮਾ ਨਹੀਂ ਲੈਣਾ ਚਾਹੁੰਦਾ?

## ਨਾਮ ਦਾ ਮੁੱਦਾ

► ਜਦੋਂ ਕੋਈ ਪਾਸਬਾਨ ਕਿਸੇ ਪਰਿਵਰਤਿਤ ਹੋਏ ਵਿਅਕਤੀ ਨੂੰ ਬਪਤਿਸਮਾ ਦਿੰਦਾ ਹੈ ਤਾਂ ਉਸਨੂੰ ਕੀ ਕਹਿਣਾ ਚਾਹੀਦਾ ਹੈ?

ਜਦੋਂ ਯਿਸੂ ਨੇ ਰਸੂਲਾਂ ਨੂੰ ਆਗਿਆ ਦਿੱਤੀ, ਤਾਂ ਉਸਨੇ ਉਨ੍ਹਾਂ ਨੂੰ ਕਿਹਾ, "ਪਿਤਾ ਅਤੇ ਪੁੱਤ੍ਰ ਅਤੇ ਪਵਿੱਤ੍ਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ" (ਮੱਤੀ 28:19)।

ਤ੍ਰਿਏਕਤਾ ਦੇ "ਨਾਮ ਵਿੱਚ" ਵਿੱਚ ਬਪਤਿਸਮਾ ਲੈਣ ਦਾ ਅਰਥ ਉਨ੍ਹਾਂ ਦੇ ਅਧਿਕਾਰ ਅਧੀਨ ਬਪਤਿਸਮਾ ਲੈਣਾ ਹੈ। ਯਿਸੂ ਨੇ ਇਸੇ ਹੀ ਪ੍ਰਕਾਰ *ਨਾਮ* ਸ਼ਬਦ ਦਾ ਉਪਯੋਗ ਕੀਤਾ ਜਦੋਂ ਉਸਨੇ ਕਿਹਾ ਕਿ ਉਹ ਆਪਣੇ ਖੁਦ ਦੇ ਨਾਮ ਵਿੱਚ ਨਹੀਂ ਆਇਆ (ਯੂਹੰਨਾ 5:43)।

ਕੁਝ ਕਲੀਸਿਆਵਾਂ ਵਿਸ਼ਵਾਸ ਕਰਦੀਆਂ ਹਨ ਕਿ ਬਪਤਿਸਮਾ ਕਰਨ ਵਾਲੇ ਪਾਸਬਾਨ ਨੂੰ ਕਹਿਣਾ ਚਾਹੀਦਾ ਹੈ ਕਿ, "ਮੈਂ ਤੁਹਾਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿੰਦਾ ਹਾਂ। ਕੁਝ ਹੋਰ ਕਲੀਸਿਆਵਾਂ ਦਾ ਮੰਨਣਾ ਹੈ ਕਿ ਤ੍ਰਿਏਕਤਾ ਦੇ ਤਿੰਨਾਂ ਵਿਅਕਤੀਤਵਾਂ ਦੇ ਅਧਿਕਾਰ ਅਧੀਨ ਬਪਤਿਸਮਾ ਦੇਣ ਦਾ ਸਹੀ ਤਰੀਕਾ ਇਹ ਕਹਿਣਾ ਹੈ, "ਮੈਂ ਤੁਹਾਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੰਦਾ ਹਾਂ।"

ਨਵੇਂ ਨੇਮ ਦੇ ਵਿੱਚ ਅਸੀਂ ਬਪਤਿਸਮੇ ਦੀਆਂ ਹਦਾਇਤਾਂ ਦੀਆਂ ਕਈ ਉਦਾਹਰਨਾਂ ਨੂੰ ਵੇਖਦੇ ਹਾਂ, ਅਤੇ ਉੱਥੇ ਯਿਸੂ ਦੁਆਰਾ ਮਹਾਨ ਆਗਿਆ ਦੇ ਦੌਰਾਨ ਵਰਤੇ ਗਏ ਸ਼ਬਦਾਂ ਨਾਲੋਂ ਅਲੱਗ ਸ਼ਬਦ ਇਸਤੇਮਾਲ ਕੀਤੇ ਗਏ ਹਨ। ਪੰਤੇਕੁਸਤ ਦੇ ਦਿਨ, ਪਤਰਸ ਨੇ ਬਦਲੇ ਹੋਏ ਲੋਕਾਂ ਨੂੰ ਕਿਹਾ, "ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੋ" (ਰਸੂਲਾਂ ਦੇ ਕਰਤੱਬ 2:38)। ਪੌਲੁਸ ਨੇ ਅਫ਼ਸੁਸ ਦੇ ਵਿਸ਼ਵਾਸੀਆਂ ਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ (ਰਸੂਲਾਂ ਦੇ ਕਰਤੱਬ 19:5)। ਪਤਰਸ ਨੇ ਕੁਰਨੇਲਿਯੁਸ ਦੇ ਘਰ ਵਿੱਚ ਲੋਕਾਂ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਲਈ ਕਿਹਾ (ਰਸੂਲਾਂ ਦੇ ਕਰਤੱਬ 10:48)। ਪੌਲੁਸ ਨੇ ਦੱਸਿਆ ਕਿ ਕੁਰਿੰਥੁਸ ਦੀ ਕਲੀਸਿਆ ਦੇ ਵਿਸ਼ਵਾਸੀਆਂ ਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ (੧ ਕੁਰਿੰਥੀਆਂ ਨੂੰ 1:12-13)।

ਰਸੂਲਾਂ ਦੇ ਕਰਤੱਬ ਦੀ ਕਿਤਾਬ ਦੇ ਵਿੱਚ, ਯਿਸੂ ਦੇ ਨਾਮ ਵਿੱਚ ਬਪਤਿਸਮੇ ਨੂੰ ਯੂਹੰਨਾ ਦੇ ਬਪਤਿਸਮੇ (ਜਿਸਦਾ ਜ਼ਿਕਰ ਰਸੂਲਾਂ ਦੇ ਕਰਤੱਬ ਵਿੱਚ ਸੱਤ ਵਾਰ ਆਉਂਦਾ ਹੈ) ਨਾਲੋਂ ਅਤੇ ਹੋਰਨਾਂ ਬਪਤਿਸਮਿਆਂ ਨਾਲੋਂ ਵੱਖਰਾ ਦੱਸਿਆ ਗਿਆ ਹੈ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਕਲੀਸਿਆ ਨੇ ਯਿਸੂ ਦੇ ਹੁਕਮ ਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦੇ ਕੇ ਪੂਰਾ ਕੀਤਾ। ਇਹ ਸੰਭਵ ਹੈ ਕਿ ਪਹਿਲੀ ਸਦੀ ਵਿੱਚ ਬਪਤਿਸਮਾ ਦੇਣ ਵਾਲਾ ਪਾਸਬਾਨ ਇਹ ਕਹਿੰਦਾ ਹੋਵੇਗਾ, "ਮੈਂ ਤੁਹਾਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੰਦਾ ਹਾਂ।" ਕਲੀਸਿਆ ਦੇ ਸ਼ੁਰੂਆਤੀ ਦਿਨਾਂ ਦੇ ਵਿੱਚ ਯਿਸੂ ਤੇ ਵਿਸ਼ਵਾਸ ਕਰਨਾ ਮੁੱਖ ਮੁੱਦਾ ਸੀ। ਜੇਕਰ ਕੋਈ ਵਿਅਕਤੀ ਯਿਸੂ ਤੇ ਵਿਸ਼ਵਾਸ ਕਰਦਾ ਸੀ, ਤਾਂ ਉਹ ਮਸੀਹੀ ਸੀ।

ਪਰ, ਕਲੀਸਿਆ ਦੇ ਅਰੰਭਿਕ ਇਤਿਹਾਸ ਦੇ ਵਿੱਚ, ਕਲੀਸਿਆ ਨੇ ਬਪਤਿਸਮੇ ਦੇ ਸਮੇਂ ਤ੍ਰਿਏਕਤਾ ਤੇ ਜ਼ੋਰ ਦਿੱਤਾ। ਕਲੀਸਿਆ ਦੀ ਪਹਿਲੀ ਪੀੜ੍ਹੀ ਦੇ ਅੰਦਰ, ਅਜਿਹੇ ਲੋਕ ਸਨ ਜੋ ਕਹਿੰਦੇ ਸਨ ਕਿ ਉਹ ਯਿਸੂ ਵਿੱਚ ਵਿਸ਼ਵਾਸ ਕਰਦੇ ਸਨ, ਪਰ ਅਸਲ ਵਿੱਚ ਉਹ ਪਰਮੇਸ਼ੁਰ ਦੇ ਬਾਰੇ ਸਹੀ ਗੱਲਾਂ ਵਿੱਚ ਵਿਸ਼ਵਾਸ ਨਹੀਂ ਕਰਦੇ ਸਨ। ਡੀਡਾਕੇ ਕਿਤਾਬ ਦੱਸਦੀ ਹੈ ਕਿ ਮਨ ਪਰਿਵਰਤਨ ਕਰਨ ਵਾਲਿਆਂ ਨੂੰ ਤਿੰਨ ਵਾਰ ਡੁਬੋਣਾ ਚਾਹੀਦਾ ਹੈ, ਅਜਿਹਾ ਤ੍ਰਿਏਕਤਾ ਦੇ ਹਰੇਕ ਵਿਅਕਤੀਤਵ ਦੇ ਵਿੱਚ ਵਿਸ਼ਵਾਸ ਦੇ ਬਿਆਨਾਂ ਦੇ ਨਾਲ ਕੀਤਾ ਜਾਣਾ ਚਾਹੀਦਾ ਹੈ। ਹੋਰ ਲੇਖਕ, ਜੋ ਕਿ 248 ਈਸਵੀ ਜਾਂ ਇਸ ਤੋਂ ਪਹਿਲਾਂ ਦੇ ਹਨ, ਉਨ੍ਹਾਂ ਨੇ ਲਿਖਿਆ ਕਿ ਕਲੀਸਿਆ ਦਾ ਆਮ ਅਭਿਆਸ ਬਪਤਿਸਮੇ ਵੇਲੇ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦਾ ਜ਼ਿਕਰ ਕਰਨਾ ਸੀ (ਹਿਪੋਲੀਟਸ, ਔਰੀਗਨ, ਟਰਟੂਲੀਅਨ, ਅਤੇ ਹੋਰ)।

ਅੱਜ ਦੀ ਸਮੱਸਿਆ ਇਹ ਹੈ ਕਿ ਕੁਝ ਧਾਰਮਿਕ ਸਮੂਹ ਤ੍ਰਿਏਕਤਾ ਦਾ ਤਿਆਗ ਕਰਦੇ ਹਨ। ਉਹ ਕਹਿੰਦੇ ਹਨ ਕਿ ਉਹ ਯਿਸੂ ਤੇ ਵਿਸ਼ਵਾਸ ਕਰਦੇ ਹਨ ਪਰ ਉਹ ਯਿਸੂ ਤੇ ਅਜਿਹੇ ਵਿਅਕਤੀਤਵ ਦੇ ਤੌਰ ਤੇ ਵਿਸ਼ਵਾਸ ਨਹੀਂ ਕਰਦੇ ਜੋ ਪਿਤਾ ਅਤੇ ਪਵਿੱਤਰ ਆਤਮਾ ਨਾਲੋਂ ਅਲੱਗ ਹੈ। ਉਹ ਯਿਸੂ ਦੇ ਨਾਮ ਵਿੱਚ ਇਸ ਲਈ ਬਪਤਿਸਮਾ ਦਿੰਦੇ ਹਨ ਕਿਉਂਕਿ ਉਹ ਵਿਸ਼ਵਾਸ ਕਰਦੇ ਹਨ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦਾ ਨਾਮ ਯਿਸੂ ਹੈ। ਉਹ ਵਿਸ਼ਵਾਸ ਕਰਦੇ ਹਨ ਕਿ ਤਿੰਨੇ ਇੱਕ ਹੀ ਵਿਅਕਤੀਤਵ ਹਨ।

ਅੱਜ ਜਿਆਦਾਤਰ ਕਲੀਸਿਆਵਾਂ ਇਹ ਵਿਸ਼ਵਾਸ ਕਰਦੀਆਂ ਹਨ ਕਿ ਬਪਤਿਸਮਾ ਤ੍ਰਿਏਕਤਾ ਦੇ ਅਧੀਨ ਹੋਣਾ ਚਾਹੀਦਾ ਹੈ, "ਮੈਂ ਤੁਹਾਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿੰਦਾ ਹਾਂ।" ਇਸਦੇ ਨਾਲ ਉਹ ਯਿਸੂ ਦੇ ਵਿੱਚ ਉਨ੍ਹਾਂ ਦੇ ਵਿਸ਼ਵਾਸ ਅਤੇ ਤ੍ਰਿਏਕਤਾ ਦੇ ਵਿੱਚ ਭਰੋਸੇ ਦੀ ਪੁਸ਼ਟੀ ਕਰਦੇ ਹਨ।

## ਬਪਤਿਸਮੇ ਦਾ ਇੱਕ ਰੂਪ

**ਇਕੱਠੇ ਹੋਣਾ:** ਬਪਤਿਸਮਾ ਲੈਣ ਵਾਲੇ ਵਿਅਕਤੀ ਨੂੰ ਉਨ੍ਹਾਂ ਲੋਕਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ ਜੋ ਉਸਨੂੰ ਵੇਖਣ ਦੇ ਲਈ ਉੱਥੇ ਹਨ। ਜਿਵੇਂ ਹੀ ਲੋਕ ਇਕੱਠੇ ਹੁੰਦੇ ਹਨ ਤਾਂ ਕੋਈ ਇੱਕ ਵਿਅਕਤੀ ਕੁਝ ਮਿੰਟਾਂ ਦੇ ਲਈ ਗੀਤ ਗਾਉਣ ਦੇ ਵਿੱਚ ਅਗਵਾਈ ਕਰ ਸਕਦਾ ਹੈ।

**ਪਵਿੱਤਰ ਵਚਨ:** ਕੋਈ ਇੱਕ ਵਿਅਕਤੀ ਮੱਤੀ 28:18-20 ਪੜ੍ਹ ਸਕਦਾ ਹੈ।

**ਘੋਸ਼ਣਾ:** ਪਾਸਬਾਨ ਨੂੰ ਲੋਕਾਂ ਦੇ ਨਾਲ ਗੱਲ ਕਰਦੇ ਹੋਏ ਕਹਿਣਾ ਚਾਹੀਦਾ ਹੈ, "ਜੋ ਅੱਜ ਬਪਤਿਸਮਾ ਲੈ ਰਹੇ ਹਨ ਉਨ੍ਹਾਂ ਦੇ ਮਸੀਹ ਦੇ ਵਿੱਚ ਵਿਸ਼ਵਾਸ ਦੀ ਗਵਾਹੀ ਦਿੱਤੀ ਹੈ। ਜਿਵੇਂ ਬਪਤਿਸਮਾ ਮਸੀਹ ਦੀ ਮੌਤ ਅਤੇ ਉਸਦੇ ਜੀ ਉੱਠਣ ਨੂੰ ਦਰਸਾਉਂਦਾ ਹੈ, ਉਸੇ ਤਰ੍ਹਾਂ ਇਹ ਵਿਸ਼ਵਾਸੀ ਗਵਾਹੀ ਦਿੰਦੇ ਹਨ ਕਿ ਉਹ ਬਪਤਿਸਮੇ ਦੇ ਦੁਆਰਾ ਪਾਪ ਤੋਂ ਮਰ ਗਏ ਹਨ ਅਤੇ ਪਰਮੇਸ਼ੁਰ ਦੇ ਲਈ ਜਿਉਂਦੇ ਹਨ। ਉਨ੍ਹਾਂ ਨੇ ਪਰਮੇਸ਼ੁਰ ਦੀ ਆਗਿਆਕਾਰੀ ਦੇ ਨਵੇਂ ਜੀਵਨ ਨੂੰ ਸ਼ੁਰੂ ਕੀਤਾ ਹੈ।"

**ਪ੍ਰਾਥਨਾ:** ਫਿਰ ਪਾਸਬਾਨ ਨੂੰ ਪਰਿਵਰਤਿਤ ਹੋਏ ਵਿਅਕਤੀਆਂ ਦੇ ਲਈ ਪ੍ਰਾਥਨਾ ਦੇ ਵਿੱਚ ਅਗਵਾਈ ਕਰਨੀ ਚਾਹੀਦੀ ਹੈ। ਉਸਦੀ ਪ੍ਰਾਥਨਾ ਦੇ ਵਿੱਚ ਇਸ ਪ੍ਰਕਾਰ ਦੇ ਬਿਆਨ ਸ਼ਾਮਿਲ ਹੋਣੇ ਚਾਹੀਦੇ ਹਨ: "ਪ੍ਰਭੂ ਅਸੀਂ ਤੁਹਾਡੀ ਕ੍ਰਿਪਾ ਦੇ ਲਈ ਧੰਨਵਾਦੀ ਹਾਂ ਜਿਸਨੇ ਇੰਨ੍ਹਾਂ ਨੂੰ ਮੁਕਤੀ ਅਤੇ ਆਤਮਿਕ ਜੀਵਨ ਦੇ ਵਿੱਚ ਲਿਆਂਦਾ ਹੈ। ਅਸੀਂ ਤੁਹਾਡੇ ਧੰਨਵਾਦੀ ਹਾਂ ਕਿ ਤੁਸੀਂ ਇੰਨ੍ਹਾਂ ਨੂੰ ਪਾਪ ਦੀ ਸ਼ਕਤੀ ਤੋਂ ਆਜਾਦ ਕੀਤਾ ਹੈ। ਅਸੀਂ ਪ੍ਰਾਥਨਾ ਕਰਦੇ ਹਾਂ ਕਿ ਪਵਿੱਤਰ ਆਤਮਾ ਦੀ ਸ਼ਕਤੀ ਇੰਨਾਂ ਨੂੰ ਭਰ ਦੇਵੇ ਅਤੇ ਇੰਨਾਂ ਨੂੰ ਹਰ ਰੋਜ਼ ਜਿੱਤ ਪ੍ਰਦਾਨ ਕਰੇ। ਉਨ੍ਹਾਂ ਨੂੰ ਉਨ੍ਹਾਂ ਦੇ ਸਮਾਜ ਦੇ ਲਈ ਗਵਾਹ ਅਤੇ ਕਲੀਸਿਆ ਦੇ ਲਈ ਬਰਕਤ ਬਣਾ।"

**ਬਪਤਿਸਮਾ:** ਪਰਿਵਰਤਿਤ ਹੋਏ ਵਿਅਕਤੀਆਂ ਨੂੰ ਇੱਕ ਇੱਕ ਕਰਕੇ ਪਾਣੀ ਦੇ ਵਿੱਚ ਪਾਸਟਰ ਦੇ ਕੋਲ ਜਾਣਾ ਚਾਹੀਦਾ ਹੈ। ਹਰੇਕ ਨੂੰ ਬਪਤਿਸਮਾ ਦੇਣ ਤੋਂ ਪਹਿਲਾਂ, ਪਾਸਟਰ ਨੂੰ ਕਹਿਣਾ ਚਾਹੀਦਾ ਹੈ, "ਮੈਂ ਤੁਹਾਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿੰਦਾ ਹਾਂ।"

**ਭਜਨ:** ਬਪਤਿਸਮੇ ਤੋਂ ਬਾਅਦ, ਕਲੀਸਿਆ ਮਿਲ ਕੇ ਇੱਕ ਭਜਨ ਗਾ ਸਕਦੀ ਹੈ। ਕੋਈ ਹੋਰ ਵਿਅਕਤੀ ਇੱਕ ਛੋਟੀ ਪ੍ਰਾਥਨਾ ਦੇ ਵਿੱਚ ਅਗਵਾਈ ਕਰ ਸਕਦਾ ਹੈ।

## ਸੱਤ ਸੰਖੇਪ ਕਥਨ

1. ਯਿਸੂ ਦੇ ਚੇਲ੍ਹਿਆਂ ਨੇ ਉਸਦੀ ਸੇਵਕਾਈ ਦੇ ਦੌਰਾਨ ਬਪਤਿਸਮੇ ਦਿੱਤੇ।
2. ਮੁੱਢਲੀ ਕਲੀਸਿਆ ਨੇ ਹਰੇਕ ਉਸ ਸਥਾਨ ਤੇ ਬਪਤਿਸਮੇ ਦਿੱਤੇ ਜਿੱਥੇ ਸ਼ੁਭਸਮਾਚਾਰ ਪਹੁੰਚਿਆ।
3. ਬਪਤਿਸਮਾ ਯਿਸੂ ਦੀ ਮੌਤ, ਦਫਨਾਏ ਜਾਣ ਅਤੇ ਜੀ ਉੱਠਣ ਨੂੰ ਦਰਸਾਉਂਦਾ ਹੈ।
4. ਬਪਤਿਸਮਾ ਮੁਕਤੀ ਅਤੇ ਮਸੀਹ ਦੇ ਵਿੱਚ ਨਵੇਂ ਜੀਵਨ ਦੀ ਗਵਾਹੀ ਹੈ।
5. ਇੱਕ ਪਰਿਵਰਤਿਤ ਹੋਏ ਵਿਅਕਤੀ ਨੂੰ ਉਸਦੇ ਪਰਿਵਰਤਨ ਦੇ ਤੁਰੰਤ ਬਾਅਦ ਬਪਤਿਸਮਾ ਦਿੱਤਾ ਜਾਣਾ ਚਾਹੀਦਾ ਹੈ।
6. ਕਿਸੇ ਵਿਅਕਤੀ ਨੂੰ ਇਹ ਨਹੀਂ ਮੰਨਣਾ ਚਾਹੀਦਾ ਹੈ ਕਿ ਉਹ ਬਪਤਿਸਮਾ ਲੈਣ ਦੇ ਨਾਲ ਮਸੀਹੀ ਬਣਿਆ ਹੈ।
7. ਕਲੀਸਿਆ ਨੂੰ ਬਪਤਿਸਮੇ ਦੇ ਵਿੱਚ ਤ੍ਰਿਏਕਤਾ ਦੇ ਧਰਮ ਸਿਧਾਂਤ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ।

## ਪਾਠ 10 ਦੇ ਅਸਾਇਨਮੈਂਟ

1. ਪਾਠ 10 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।

3. ਇੰਟਰਵਿਊ ਅਸਾਇਨਮੈਂਟ: ਤਿੰਨ ਅਲੱਗ-ਅਲੱਗ ਬਪਤਿਸਮਾ ਪਾਏ ਹੋਏ ਵਿਸ਼ਵਾਸੀਆਂ ਦੇ ਨਾਲ ਗੱਲਬਾਤ ਕਰੋ ਅਤੇ ਉਨ੍ਹਾਂ ਤੋਂ ਪੁੱਛੋ ਕਿ ਉਨ੍ਹਾਂ ਦੇ ਲਈ ਉਨ੍ਹਾਂ ਦੇ ਬਪਤਿਸਮੇ ਦਾ ਕੀ ਅਰਥ ਸੀ। ਇਸਦੇ ਬਾਰੇ ਇੱਕ ਸਾਰ ਲਿਖੋ।

# ਪਾਠ 11

# ਪ੍ਰਭੂ ਭੋਜ

## ਕਲਾਸ ਦੇ ਆਗੂ ਲਈ ਸੂਚਨਾ

*ਤੁਹਾਨੂੰ (ਜਾਂ ਕਿਸੇ ਵਿਦਿਆਰਥੀ ਨੂੰ ਇਸਦੀ ਪ੍ਰਵਾਨਗੀ ਦਿਉ) ਸੰਖੇਪ ਦੇ ਵਿੱਚ ਇਰਸਾਇਲ ਦੇ ਮਿਸਰ ਤੋਂ ਛੁਟਕਾਰੇ ਦੀ ਕਹਾਣੀ ਸੁਣਾਉਣੀ ਚਾਹੀਦੀ ਹੈ। ਅਲੱਗ-ਅਲੱਗ ਵਿਦਿਆਰਥੀਆਂ ਨੂੰ ਆਪਣੀ ਜਾਣਕਾਰੀ ਦੱਸਣ ਦਿਓ।* ਕੂਚ 11-12 *ਸਾਨੂੰ ਪਹਿਲੇ ਪਸਾਹ ਦੇ ਬਾਰੇ ਦੱਸਦਾ ਹੈ।*

## ਪ੍ਰਭੂ ਭੋਜ ਦੇ ਅਭਿਆਸ ਦਾ ਅਰੰਭ

ਪਸਾਹ ਇੱਕ ਯਹੂਦੀ ਪਰਬ ਸੀ ਜੋ ਇਸਰਾਏਲ ਦਾ ਮਿਸਰ ਤੋਂ ਛੁਟਕਾਰੇ ਦੀ ਰਾਤ ਦੇ ਸਮੇਂ ਮਨਾਇਆ ਗਿਆ ਸੀ। ਇਹ ਜਸ਼ਨ ਸਿਰਫ਼ ਮਿਸਰ ਤੋਂ ਛੁਟਕਾਰੇ ਦੇ ਬਾਰੇ ਨਹੀਂ ਸੀ; ਇਹ ਉਨ੍ਹਾਂ ਦੇ ਪ੍ਰਤੀ ਪਰਮੇਸ਼ੁਰ ਦੀ ਦਯਾ ਦਾ ਜਸ਼ਨ ਸੀ ਜਦੋਂ ਉਸਨੇ ਮਿਸ਼ਰੀਆਂ ਨੂੰ ਮਾਰ ਦਿੱਤਾ ਪਰ ਇਸਰਾਈਲੀਆਂ ਦੇ ਘਰਾਂ ਤੋਂ ਬਿਨਾਂ ਨੁਕਸਾਨ ਕੀਤੇ ਲੰਘ ਗਿਆ (ਕੂਚ 12:27)। ਇਸ ਲਈ ਇਹ ਘਟਨਾ ਇਸਰਾਈਲੀਆਂ ਦੇ ਪ੍ਰਤੀ ਪਰਮੇਸ਼ੁਰ ਦੀ ਦਯਾ ਦਾ ਚਿੰਨ੍ਹ ਸੀ।

ਮਿਸਰ ਤੋਂ ਛੁਟਕਾਰੇ ਦੇ ਬਾਅਦ, ਇਸਰਾਏਲ ਨੇ ਹਰੇਕ ਸਾਲ ਪਸਾਹ ਦੇ ਪਰਬ ਨੂੰ ਮਨਾਉਣਾ ਸ਼ੁਰੂ ਕੀਤਾ। ਪਰਮੇਸ਼ੁਰ ਨੇ ਉਨ੍ਹਾਂ ਨੂੰ ਉਸ ਦਿਨ ਲਈ ਰਸਮਾਂ ਦਿੱਤੀਆਂ ਜਿਨ੍ਹਾਂ ਵਿੱਚ ਖਾਸ ਭੋਜਨ ਅਤੇ ਖ਼ੂਨ ਦੀ ਰਸਮੀ ਤੌਰ ਤੇ ਵਰਤੋਂ ਵੀ ਸ਼ਾਮਲ ਸੀ।

ਇਹ ਘਟਨਾ ਮੁਕਤੀ ਦੀ ਇੱਕ ਕਿਸਮ ਸੀ। ਇਸਦਾ ਇਹ ਅਰਥ ਨਹੀਂ ਹੈ ਕਿ ਉਸ ਦਿਨ ਛੁਟਕਾਰਾ ਪਾਉਣ ਵਾਲੇ ਸਾਰੇ ਲੋਕ ਮਾਫ਼ ਕੀਤੇ ਗਏ ਸਨ ਅਤੇ ਪਰਮੇਸ਼ੁਰ ਦੇ ਨਾਲ ਸਹੀ ਸੰਬੰਧ ਦੇ ਵਿੱਚ ਆ ਗਏ ਸਨ। ਪਰ, ਉਨ੍ਹਾਂ ਨੂੰ ਗੁਲਾਮੀ ਤੋਂ ਛੁਟਕਾਰਾ ਮਿਲਿਆ ਸੀ, ਉਨ੍ਹਾਂ ਨੂੰ ਪਰਮੇਸ਼ੁਰ ਵੱਲੋਂ ਦਯਾ ਪ੍ਰਾਪਤ ਹੋਈ ਸੀ, ਅਤੇ ਲਹੂ ਪਰਮੇਸ਼ੁਰ ਦੀ ਮੰਗ ਦਾ ਹਿੱਸਾ ਸੀ। ਇਹ ਵੇਰਵੇ ਇਸ ਘਟਨਾ ਨੂੰ ਮਸੀਹ ਦੁਆਰਾ ਪ੍ਰਦਾਨ ਕੀਤੀ ਗਈ ਮੁਕਤੀ ਦੀ ਇੱਕ ਉਦਾਹਰਨ ਬਣਾਉਂਦੇ ਹਨ। ਜ਼ਿਆਦਾਤਰ ਇਸਰਾਏਲੀ ਨੇ ਪਸਾਹ ਦਾ ਪਰਬ ਇਸਦੇ ਪੂਰੇ ਅਰਥ ਨੂੰ ਸਮਝੇ ਬਿਨਾਂ ਹੀ ਮਨਾਉਂਦੇ ਰਹੇ ਸਨ।

ਉਸ ਆਖਰੀ ਪਸਾਹ ਵਿੱਚ ਜਿਸਨੂੰ ਯਿਸੂ ਨੇ ਆਪਣੇ ਚੇਲ੍ਹਿਆਂ ਦੇ ਨਾਲ ਮਨਾਇਆ, ਯਿਸੂ ਨੇ ਇਸਦੇ ਅਰਥ ਦੀ ਵਿਆਖਿਆ ਕੀਤੀ। ਉਸਨੇ ਕਲੀਸਿਆ ਦੇ ਲਈ ਇੱਕ ਪਵਿੱਤਰ ਰੀਤ ਅਰੰਭ ਕੀਤੀ ਅਤੇ ਕਿਹਾ "ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ" (ਲੂਕਾ 22:15-20)। ਕਲੀਸਿਆ ਇਸ ਰੀਤ ਨੂੰ "ਅਸ਼ਾਏ ਰੱਬਾਨੀ", "ਪ੍ਰਭੂ ਭੋਜ" ਜਾਂ ਯਿਉਕਾਰਿਸ਼ਟ" ਜਾਂ "ਮਾਸ ਸਭਾ" ਵੀ ਕਹਿੰਦੇ ਹਨ।

ਪੌਲੁਸ ਨੇ ਲਿਖਿਆ ਕਿ ਯਿਸੂ ਦੇ ਵਾਪਿਸ ਆਉਣ ਤੱਕ ਕਲੀਸਿਆ ਦੇ ਵਿੱਚ ਇਸ ਰੀਤ ਦਾ ਅਭਿਆਸ ਹੁੰਦਾ ਰਹਿਣਾ ਚਾਹੀਦਾ ਹੈ (੧ ਕੁਰਿੰਥੀਆਂ ਨੂੰ 11:23-26)। ਕਲੀਸਿਆ ਦੇ ਵਿੱਚ ਭੋਜ ਅਤੇ ਸੰਗਤੀ ਦੇ ਹੋਰ ਵੀ ਖਾਸ ਸਮੇਂ ਸਨ ਜਿਨ੍ਹਾਂ ਨੂੰ ਪ੍ਰਭੂ ਭੋਜ ਨਾਲ ਉਲਝਾਇਆ ਨਹੀਂ ਜਾਣਾ ਚਾਹੀਦਾ। ਉਦਾਹਰਨ ਦੇ ਲਈ, ਬਾਈਬਲ ਦੱਸਦੀ ਹੈ ਕਿ ਅਰੰਭਿਕ ਵਿਸ਼ਵਾਸੀ "ਘਰੀਂ ਰੋਟੀ ਤੋੜਦੇ," ਸਨ, ਸਾਨੂੰ ਇੱਥੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ *ਰੋਟੀ ਤੋੜਣਾ* ਸ਼ਬਦ ਸਾਧਾਰਨ ਤੌਰ ਤੇ ਭੋਜਣ ਖਾਣ ਨੂੰ ਦਰਸਾਉਂਦਾ ਹੈ (ਰਸੂਲਾਂ ਦੇ ਕਰਤੱਬ 2:46)। ਉਹ ਅਲੱਗ-ਅਲੱਗ ਘਰਾਂ ਦੇ ਵਿੱਚ ਭੋਜਨ ਖਾਂਦੇ ਹੋਏ ਸੰਗਤੀ ਕਰਦੇ ਸਨ। ਕਲੀਸਿਆ ਦੇ ਵਿੱਚ "ਪ੍ਰੇਮ ਭੋਜਨ" ਦੀ ਰੀਤ ਵੀ ਸੀ ਜੋ ਪ੍ਰਭੂ ਭੋਜ ਦੇ ਸਮਾਨ ਨਹੀਂ ਹੈ (ਯਹੂਦਾਹ 1:12)।

## ਪ੍ਰਭੂ ਭੋਜ ਦਾ ਅਰਥ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਯੂਹੰਨਾ 6:47-58 ਪੜਣਾ ਚਾਹੀਦਾ ਹੈ।

ਜਦੋਂ ਯਿਸੂ ਨੇ ਭੀੜ ਨੂੰ ਕਿਹਾ ਕਿ ਉਹ ਸਵਰਗ ਤੋਂ ਉੱਤਰੀ ਹੋਈ ਹੈ ਅਤੇ ਇਹ ਕਿ ਉਨ੍ਹਾਂ ਨੂੰ ਉਸਦਾ ਮਾਸ ਖਾਣਾ ਚਾਹੀਦਾ ਹੈ ਅਤੇ ਉਸਦਾ ਲਹੂ ਪੀਣਾ ਚਾਹੀਦਾ ਹੈ ਤਦ ਉਸਨੇ ਉਨ੍ਹਾਂ ਨੂੰ ਬਹੁਤ ਹੀ ਹੈਰਾਨ ਕਰ ਦਿੱਤਾ ।

► ਯਿਸੂ ਦੇ ਉਨ੍ਹਾਂ ਬਿਆਨਾਂ ਦਾ ਕੀ ਅਰਥ ਸੀ?

ਯਿਸੂ ਨੇ ਕਿਹਾ ਕਿ ਉਹ ਸੰਸਾਰ ਨੂੰ ਜੀਵਨ ਦੇਣ ਦੇ ਲਈ ਆਪਣੇ ਆਪ ਨੂੰ ਦੇ ਰਿਹਾ ਹੈ (ਯੂਹੰਨਾ 6:51)। ਉਹ ਆਪਣੇ ਬਲੀਦਾਨ ਦੀ ਗੱਲ ਕਰ ਰਿਹਾ ਸੀ ਜੋ ਪਾਪਾਂ ਦੇ ਪ੍ਰਾਸਚਿੱਤ ਲਈ ਸੀ। ਉਸਨੇ ਆਪਣੇ ਬਲੀਦਾਨ ਦੀ ਤੁਲਨਾ ਭੋਜਨ ਅਤੇ ਪੀਣ ਦੇ ਨਾਲ ਕੀਤੀ। ਜਿਵੇਂ ਇੱਕ ਵਿਅਕਤੀ ਨੂੰ ਉਸਦੇ ਸਰੀਰਕ ਜੀਵਨ ਦੇ ਲਈ ਭੋਜਨ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਉਸਨੂੰ ਸਦੀਪਕ ਜੀਵਨ ਦੇ ਲਈ ਮਸੀਹ ਦੇ ਬਲੀਦਾਨ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਲੂਕਾ 22:15-20 ਪੜਣਾ ਚਾਹੀਦਾ ਹੈ।

ਆਪਣੇ ਚੇਲ੍ਹਿਆਂ ਦੇ ਨਾਲ ਪਸਾਹ ਦੇ ਅੰਤਿਮ ਭੋਜ ਦੇ ਸਮੇਂ, ਯਿਸੂ ਨੇ ਕਿਹਾ ਕਿ ਉਸਦਾ ਸਰੀਰ ਰੋਟੀ ਹੈ ਅਤੇ ਉਸਦਾ ਲਹੂ ਦਾਖਰਸ ਹੈ। ਉਹ ਉਨ੍ਹਾਂ ਦੀ ਮੁਕਤੀ ਦੇ ਲਈ ਆਪਣਾ ਬਲੀਦਾਨ ਦੇਵੇਗਾ।

## ਰੋਟੀ ਅਤੇ ਦਾਖਰਸ

► ਯਿਸੂ ਨੇ ਪ੍ਰਭੂ ਭੋਜ ਦੇ ਲਈ ਰੋਟੀ ਅਤੇ ਦਾਖਰਸ ਦੀ ਵਰਤੋਂ ਕਿਉਂ ਕੀਤੀ?



ਯਿਸੂ ਦੁਆਰਾ ਪ੍ਰਭੂ ਭੋਜ ਦੇ ਵਿੱਚ ਰੋਟੀ ਅਤੇ ਦਾਖਰਸ ਦੀ ਵਰਤੋਂ ਕਰਨ ਦੇ ਬਹੁਤ ਸਾਰੇ ਕਾਰਨ ਹਨ।[7] ਰੋਟੀ ਉਸ ਸਮੇਂ ਦਾ ਬਹੁਤ ਹੀ ਮੁੱਢਲਾ ਭੋਜਨ ਸੀ, ਜਿਵੇਂ ਅੱਜ ਵੀ ਇਹ ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਦੇ ਵਿੱਚ ਹੈ। ਰੋਟੀ ਆਮ ਤੌਰ ਤੇ ਸਿਰਫ਼ ਭੋਜਨ ਨੂੰ ਹੀ ਨਹੀਂ ਦਰਸਾਉਂਦੀ ਪਰ ਇਹ ਜੀਵਨ ਨੂੰ ਵੀ ਦਰਸਾਉਂਦੀ ਹੈ ਕਿਉਂਕਿ ਭੋਜਨ ਜੀਵਨ ਦੇ ਲਈ ਜਰੂਰੀ ਹੈ। ਦਾਖਰਸ ਨੂੰ ਉਸ ਸਮੇਂ ਦੇ ਵਿੱਚ ਪਾਣੀ ਤੋਂ ਇਲਾਵਾ ਆਮ ਤੌਰ ਤੇ ਹੀ ਪੀਤਾ ਜਾਂਦਾ ਸੀ। ਦਾਕਰਸ ਜਸ਼ਨ ਮਨਾਉਣ ਨੂੰ ਵੀ ਦਰਸਾਉਂਦੀ ਹੈ।

ਕੁਝ ਆਧੁਨਿਕ ਕਲੀਸਿਆਵਾਂ ਦੇ ਵਿੱਚ ਪ੍ਰਭੂ ਭੋਜ ਦੇ ਲਈ ਦਾਖਰਸ ਦੀ ਵਰਤੋਂ ਕਰਦੇ ਹਨ ਭਾਵੇਂ ਉਹ ਕਿਸੇ ਹੋਰ ਸਮੇਂ ਮੈਂ ਨਹੀਂ ਪੀਂਦੇ। ਦੂਸਰੀਆਂ ਕੁਝ ਹੋਰ ਕਲੀਸਿਆਵਾਂ ਦੇ ਵਿੱਚ ਅੰਗੂਰ ਦੇ ਰਸ ਦੀ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ ਉਹ ਕਿਸੇ ਵੀ ਤਰ੍ਹਾਂ ਦੀ ਸ਼ਰਾਬ ਪੀਣ ਨੂੰ ਉਤਸ਼ਾਹਿਤ ਨਹੀਂ ਕਰਨਾ ਚਾਹੁੰਦੇ। ਨਵੇਂ ਨੇਮ ਵਿੱਚ ਅੰਗੂਰ ਦੇ ਰਸ ਨੂੰ ਦਾਖਰਸ ਕਿਹਾ ਜਾਂਦਾ ਸੀ ਭਾਵੇਂ ਇਹ ਤਾਜ਼ਾ ਹੋਵੇ ਜਾਂ ਖਮੀਰ ਦੇ ਕਿਸੇ ਵੀ ਪੜਾਅ ਤੇ ਹੋਵੇ।

ਕੁਝ ਕਲੀਸਿਆਵਾਂ ਨੇ ਪ੍ਰਭੂ ਭੋਜ ਦੇ ਵਿੱਚ ਖਾਣ-ਪੀਣ ਦੀਆਂ ਵਸਤਾਂ ਨੂੰ ਬਿਲਕੁਲ ਹੀ ਬਦਲ ਦਿੱਤਾ ਹੈ। ਸਾਨੂੰ ਸੰਗਤ ਲਈ ਕੁਝ ਵੱਖਰਾ ਵਰਤਣ ਬਾਰੇ ਸਾਵਧਾਨ ਰਹਿਣਾ ਚਾਹੀਦਾ ਹੈ। ਮਾਰਮੋਨਜ਼ ਸਿੱਖਿਆ ਵਾਲੇ ਲੋਕ ਰੋਟੀ ਅਤੇ ਪਾਣੀ ਦੀ ਵਰਤੋਂ ਕਰਦੇ ਹਨ, ਪਰ ਉਹ ਪ੍ਰਾਸਚਿਤ ਮਸੀਹੀ ਧਰਮ ਸਿਧਾਂਤ ਵਿੱਚ ਵਿਸ਼ਵਾਸ ਨਹੀਂ ਕਰਦੇ ਹਨ।

ਸੰਸਾਰ ਦੇ ਕੁਝ ਹਿੱਸਿਆਂ ਦੇ ਵਿੱਚ ਰੋਟੀ ਅਤੇ ਦਾਖਰਸ ਆਮ ਤੌਰ ਤੇ ਉਪਲੱਬਧ ਨਹੀਂ ਹੁੰਦੀ ਹੈ; ਇਸਦੇ ਬਜਾਏ ਹੋਰ ਚੀਜ਼ਾਂ ਮੁੱਢਲਾ ਭੋਜਨ ਅਤੇ ਪੀਣ ਦੀਆਂ ਵਸਤਾਂ ਹੋ ਸਕਦੀਆਂ ਹਨ। ਅਜਿਹੇ ਹਾਲਾਤ ਦੇ ਵਿੱਚ, ਕਲੀਸਿਆ ਪ੍ਰਾਥਨਾਪੂਰਵਕ ਕਿਸੇ ਹੋਰ ਵਿਕਲਪ ਦੇ ਬਾਰੇ ਵਿਚਾਰ ਕਰ ਸਕਦੀ ਹੈ।

## ਅਸਲ ਮਾਸ ਨਹੀਂ ਲਹੂ ਨਹੀਂ

ਰੋਮਨ ਕੈਥੋਲਿਕ ਚਰਚ ਅਤੇ ਈਸਟਰਨ ਔਰਥੋਡੋਕਸ ਚਰਚ ਵਿਸ਼ਵਾਸ ਕਰਦੇ ਹਨ ਕਿ ਰੋਟੀ ਅਤੇ ਦਾਖਰਸ ਮਸੀਹ ਦਾ ਅਸਲ ਸਰੀਰ ਅਤੇ ਲਹੂ ਬਣ ਜਾਂਦੇ ਹਨ। ਕੁਝ ਹੋਰ ਅਜਿਹੀਆਂ ਕਲੀਸਿਆਵਾਂ ਹਨ ਜੋ ਵਿਸ਼ਵਾਸ ਕਰਦੇ ਹਨ ਕਿ ਰੋਟੀ ਅਤੇ ਦਾਖਰਸ ਦੇ

[7] ਤਸਵੀਰ: “The Lord's Supper” Allison Estabrook ਦੇ ਦੁਆਰਾ ਅਕਤੂਬਰ 14, 2022 ਦੇ ਵਿੱਚ ਲਈ ਹੈ ਜਿਸਨੂੰ https://www.flickr.com/photos/sgc-library/52476662295/, licensed under CC BY 4.0 ਤੋਂ ਲਿਆ ਗਿਆ ਹੈ।

ਵਿੱਚ ਸੱਚਮੁੱਚ ਸਰੀਰ ਅਤੇ ਲਹੂ ਮੌਜੂਦ ਹੁੰਦਾ ਹੈ। ਜਿਆਦਾਤਰ ਪ੍ਰੋਟੈਸਟੈਂਟ ਕਲੀਸਿਆਵਾਂ ਵਿਸ਼ਵਾਸ ਕਰਦੀਆਂ ਹਨ ਕਿ ਰੋਟੀ ਅਤੇ ਦਾਖਰਸ ਅਸਲ ਭੌਤਿਕ ਬਦਲਾਅ ਤੋਂ ਬਿਨਾਂ ਮਸੀਹ ਦੇ ਸਰੀਰ ਅਤੇ ਲਹੂ ਦੇ ਚਿੰਨ੍ਹ ਹਨ।

ਯਿਸੂ ਨੇ ਚੇਲ੍ਹਿਆਂ ਨੂੰ ਪਸਾਹ ਦਾ ਭੋਜ ਪਰੋਸਿਆ ਅਤੇ ਕਿਹਾ, "ਇਹ ਮੇਰਾ ਸਰੀਰ ਹੈ... ਇਹ ਮੇਰਾ ਉਹ ਲਹੂ ਹੈ।" ਯਿਸੂ ਅਜੇ ਵੀ ਉੱਥੇ ਹੀ ਖੜਾ ਸੀ, ਸਰੀਰਕ ਤੌਰ ਤੇ ਉਨ੍ਹਾਂ ਦੇ ਨਾਲ ਮੌਜੂਦ ਸੀ। ਉਸਦੇ ਸਰੀਰ ਅਤੇ ਲਹੂ ਦਾ ਅਜੇ ਬਲੀਦਾਨ ਨਹੀਂ ਹੋਇਆ ਸੀ। ਇਹ ਬਹੁਤ ਸਪੱਸ਼ਟ ਹੈ ਕਿ ਉਸਦਾ ਅਰਥ ਇਹ ਸੀ ਕਿ ਰੋਟੀ ਅਤੇ ਦਾਖਰਸ ਉਸਦੇ ਸਰੀਰ ਅਤੇ ਲਹੂ ਦੇ ਚਿੰਨ੍ਹ ਸਨ, ਨਾ ਕਿ ਉਸਦਾ ਅਸਲ ਭੌਤਿਕ ਸਰੀਰ ਅਤੇ ਲਹੂ। ਇਸ ਲਈ ਪ੍ਰਭੂ ਭੋਜ ਦੇ ਵਿੱਚ ਵਰਤੇ ਜਾਣ ਵਾਲੀ ਰੋਟੀ ਅਤੇ ਦਾਖਰਸ ਨੂੰ ਇਸੇ ਪ੍ਰਕਾਰ ਮੰਨਿਆ ਜਾਣਾ ਚਾਹੀਦਾ ਹੈ।

ਮੁਕਤੀ ਯਿਸੂ ਦੇ ਇੱਕ ਵਾਰ ਬਲੀਦਾਨ ਕਰਨ ਦੇ ਨਾਲ ਮਿਲੀ ਹੈ। ਉਸਦੀ ਮੌਤ ਬਾਰ-ਬਾਰ ਨਹੀਂ ਹੁੰਦੀ। ਕਿਉਂਕਿ ਪ੍ਰਭੂ ਭੋਜ ਯਿਸੂ ਦੀ ਮੌਤ ਦੀ ਇੱਕੋ ਘਟਨਾ ਵਿੱਚ ਅਰਾਧਨਾ ਅਤੇ ਵਿਸ਼ਵਾਸ ਦਾ ਕੰਮ ਹੈ, ਇਸ ਲਈ ਇਹ ਜ਼ਰੂਰੀ ਨਹੀਂ ਹੈ ਕਿ ਰੋਟੀ ਅਤੇ ਦਾਖਰਸ ਭੌਤਿਕ ਤੌਰ ਤੇ ਉਸਦਾ ਸਰੀਰ ਅਤੇ ਲਹੂ ਹੋਵੇ।

ਕਿਉਂਕਿ ਰੋਮਨ ਕੈਥੋਲਿਕ ਵਿਸ਼ਵਾਸ ਕਰਦੇ ਹਨ ਕਿ ਚਰਚ ਦਾ ਮਸੀਹ ਦੇ ਸਰੀਰ ਅਤੇ ਲਹੂ ਨੂੰ ਦੇਣ ਤੇ ਨਿਯੰਤਰਣ ਸੀ, ਉਨ੍ਹਾਂ ਵਿੱਚੋਂ ਬਹੁਤ ਸਾਰੇ ਮੰਨਦੇ ਹਨ ਕਿ ਚਰਚ ਇਹ ਅਧਿਕਾਰ ਰੱਖਦਾ ਹੈ ਕਿ ਕਿਸ ਨੂੰ ਬਚਾਇਆ ਜਾ ਸਕਦਾ ਹੈ। ਉਹ ਸੋਚਦੇ ਹਨ ਕਿ ਜੇਕਰ ਚਰਚ ਦਾ ਪਾਦਰੀ ਕਿਸੇ ਵਿਅਕਤੀ ਨੂੰ ਪ੍ਰਭੂ ਭੋਜ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਉਹ ਵਿਅਕਤੀ ਮੁਕਤੀ ਨਹੀਂ ਜਾ ਸਕਦਾ। ਲੱਖਾਂ ਲੋਕ ਸੋਚਦੇ ਹਨ ਕਿ ਕੋਈ ਵਿਅਕਤੀ ਪ੍ਰਭੂ ਭੋਜ ਪ੍ਰਾਪਤ ਕਰਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਪ੍ਰਭੂ ਭੋਜ ਦੀ ਸਹੀ ਧਾਰਨਾ ਇਹ ਹੈ ਕਿ ਇਹ ਅਰਾਧਨਾ ਦਾ ਇੱਕ ਹਿੱਸਾ ਹੈ ਜੋ ਸਾਡੇ ਲਈ ਮਸੀਹ ਦੀ ਮੌਤ ਨੂੰ ਦਰਸਾਉਂਦਾ ਹੈ, ਜਿਸਦੇ ਦੌਰਾਨ ਪਰਮੇਸ਼ੁਰ ਇਸਦੇ ਵਿੱਚ ਭਾਗ ਲੈਣ ਵਾਲੇ ਵਿਅਕਤੀ ਨੂੰ ਉਸਦੇ ਵਿਸ਼ਵਾਸ ਦੀ ਪ੍ਰਤੀਕਿਰਿਆ ਦੇ ਵਿੱਚ ਕ੍ਰਿਪਾ ਪ੍ਰਦਾਨ ਕਰਦਾ ਹੈ। ਇਹ ਮੁਕਤੀ ਪਾਏ ਹੋਏ ਲੋਕਾਂ ਦੇ ਲਈ ਹੈ, ਅਤੇ ਉਨ੍ਹਾਂ ਦੀ ਮੁਕਤੀ ਪ੍ਰਭੂ ਭੋਜ ਦੇ ਉਪਲੱਭਧ ਹੋਣ ਤੇ ਨਿਰਭਰ ਨਹੀਂ ਹੈ।

► ਸਾਨੂੰ ਅਜਿਹਾ ਕਿਉਂ ਨਹੀਂ ਸੋਚਣਾ ਚਾਹੀਦਾ ਕਿ ਯਿਸੂ ਦੇ ਅਨੁਸਾਰ ਰੋਟੀ ਅਤੇ ਦਾਖਰਸ ਉਸਦਾ ਭੌਤਿਕ ਸਰੀਰ ਅਤੇ ਲਹੂ ਹਨ?

► ਪ੍ਰਭੂ ਭੋਜ ਦੇ ਵਿੱਚ ਯਿਸੂ ਦਾ ਭੌਤਿਕ ਸਰੀਰ ਅਤੇ ਲਹੂ ਮੁਕਤੀ ਦੇ ਲਈ ਕਿਉਂ ਜਰੂਰੀ ਨਹੀਂ ਹੈ?

## ਕ੍ਰਿਪਾ ਪ੍ਰਾਪਤੀ ਦਾ ਇੱਕ ਸਾਧਨ

ਪ੍ਰਭੂ ਭੋਜ ਨੂੰ ਕ੍ਰਿਪਾ ਪ੍ਰਾਪਤੀ ਦਾ ਸਾਧਨ ਵੀ ਕਿਹਾ ਜਾਂਦਾ ਹੈ। ਪਰਮੇਸ਼ੁਰ ਨੇ ਇਸਨੂੰ ਕ੍ਰਿਪਾ ਪ੍ਰਾਪਤੀ ਦੇ ਸਾਧਨ ਵਜੋਂ ਬਣਾਇਆ ਹੈ ਜਦੋਂ ਇਹ ਮਸੀਹ ਦੇ ਪ੍ਰਾਸਚਿਤ ਵਿੱਚ ਵਿਸ਼ਵਾਸ ਨਾਲ ਪ੍ਰਾਪਤ ਕੀਤਾ ਜਾਂਦਾ ਹੈ। ਇੱਕ ਮਸੀਹੀ ਨੂੰ ਪਵਿੱਤਰ ਵਚਨਾਂ ਦੇ ਹੁਕਮਾਂ ਦੀ ਪਾਲਣਾ

ਕਰਦੇ ਹੋਏ ਪਰਮੇਸ਼ੁਰ ਦੀ ਆਗਿਆ ਮੰਨਣਾ ਚਾਹੀਦਾ ਹੈ। ਇੱਕ ਮਸੀਹੀ ਨੂੰ ਕ੍ਰਿਪਾ ਪ੍ਰਾਪਤੀ ਦੇ ਇਸ ਸਾਧਨ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

"ਕ੍ਰਿਪਾ ਪ੍ਰਾਪਤੀ ਦੇ ਸਾਧਨ ਪਰਮੇਸ਼ੁਰ ਵੱਲੋਂ ਠਹਿਰਾਏ ਹੋਏ ਜ਼ਰੀਏ ਹਨ ਜਿੰਨ੍ਹਾਂ ਦੇ ਦੁਆਰਾ ਪਵਿੱਤਰ ਆਤਮਾ ਦੀਆਂ ਗੱਲਾਂ ਮਨੁੱਖਾਂ ਦੀਆਂ ਆਤਮਾਵਾਂ ਦੇ ਨਾਲ ਕੀਤੀਆਂ ਜਾਂਦੀਆਂ ਹਨ।"

- ਵਿਲੇ ਅਤੇ ਕਲਬਰਟਸਨ,
*ਇੰਟ੍ਰੋਡਕਸ਼ਨ ਟੂ ਕ੍ਰਿਸਚਨ ਥਿਓਲੋਜੀ*

ਜੇਕਰ ਕੋਈ ਵਿਅਕਤੀ ਮਸੀਹ ਤੇ ਵਿਸ਼ਵਾਸ ਕਰਨ ਤੋਂ ਬਿਨਾਂ ਪ੍ਰਭੂ ਭੋਜ ਨੂੰ ਲੈਂਦਾ ਹੈ, ਤਾਂ ਆਪਣੇ ਆਪ ਉਸਦੇ ਲਈ ਕ੍ਰਿਪਾ ਨਹੀਂ ਲਿਆਉਂਦੀ।

ਜੇਕਰ ਕੋਈ ਵਿਅਕਤੀ ਇਸਦੇ ਅਰਥ ਦੇ ਪ੍ਰਤੀ ਸ਼ਰਧਾ ਰੱਖੇ ਬਿਨਾਂ ਇਸਨੂੰ ਲੈਂਦਾ ਹੈ, ਤਾਂ ਉਹ ਆਪਣੇ ਉੱਤੇ ਸਜ਼ਾ ਨੂੰ ਲਿਆਉਂਦਾ ਹੈ (੧ ਕੁਰਿੰਥੀਆਂ ਨੂੰ 11:27-29)।

ਮੁਕਤੀ ਦੇ ਲਈ ਤੋਬਾ ਅਤੇ ਵਿਸ਼ਵਾਸ ਜਰੂਰੀ ਹਨ। ਮੁਕਤੀ ਦੇ ਲਈ ਪ੍ਰਭੂ ਭੋਜ ਜਰੂਰੀ ਨਹੀਂ ਹੈ। ਪ੍ਰਭੂ ਭੋਜ ਆਗਿਆਕਾਰੀ ਅਤੇ ਵਿਸ਼ਵਾਸ ਦੇ ਪ੍ਰਗਟਾਵੇ ਦੀ ਕਿਰਿਆ ਹੈ। ਜੇਕਰ ਕੋਈ ਮਸੀਹੀ ਕਿਸੇ ਕਾਰਨ ਪ੍ਰਭੂ ਭੋਜ ਨਹੀਂ ਲੈ ਪਾਉਂਦਾ ਤਾਂ ਇਸਦਾ ਇਹ ਅਰਥ ਨਹੀਂ ਹੈ ਕਿ ਉਹ ਮਸੀਹੀ ਨਹੀਂ ਰਹੇਗਾ।

► ਕੀ ਕਿਸੇ ਮਸੀਹੀ ਦੇ ਲਈ ਪ੍ਰਭੂ ਭੋਜ ਨੂੰ ਲੈਣਾ ਜਰੂਰੀ ਹੈ? ਆਪਣੇ ਉੱਤਰ ਦੀ ਵਿਆਖਿਆ ਕਰੋ।

## ਪ੍ਰਭੂ ਭੋਜ ਦਾ ਸਹੀ ਤਰੀਕਾ

ਪੌਲੁਸ ਰਸੂਲ ਨੇ ਗ਼ਲਤ ਤਰੀਕੇ ਨਾਲ ਪ੍ਰਭੂ ਭੋਜ ਲੈਣ ਵਾਲੇ ਕੁਰਿੰਥੀਆਂ ਨੂੰ ਸੁਧਾਰਿਆ। ਉਸਦੀਆਂ ਹਦਾਇਤਾਂ ਸਾਡੇ ਲਈ ਉਪਲੱਭਧ ਹਨ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 11:20-34 ਪੜਣਾ ਚਾਹੀਦਾ ਹੈ। ਕੁਰਿੰਥੁਸ ਦੇ ਲੋਕ ਕੀ ਗ਼ਲਤ ਕਰ ਰਹੇ ਸਨ?

ਉਹ ਖਾਣਾ ਲਿਆ ਰਹੇ ਸਨ ਅਤੇ ਪ੍ਰਭੂ ਭੋਜ ਦੇ ਵਿੱਚ ਪੂਰਾ ਭੋਜਨ ਕਰ ਰਹੇ ਸਨ। ਹਰ ਕੋਈ ਵਿਅਕਤੀ ਸਾਂਝਾ ਕਰਨ ਦੀ ਬਜਾਏ ਆਪਣਾ ਹੀ ਖਾਣਾ ਖਾਂਦਾ ਸੀ। ਉਹ ਇੱਕ ਦੂਸਰੇ ਦੀ ਉਡੀਕ ਨਹੀਂ ਕਰਦੇ ਸਨ ਅਤੇ ਇੱਕ ਹੀ ਸਮੇਂ ਖਾਣਾ ਸ਼ੁਰੂ ਕਰ ਨਹੀਂ ਕਰਦੇ ਸਨ। ਕੁਝ ਲੋਕ ਬਹੁਤ ਜਿਆਦਾ ਖਾ ਰਹੇ ਸਨ, ਅਤੇ ਕੁਝ ਭੁੱਖੇ ਹੀ ਰਹਿ ਜਾਂਦੇ ਸਨ। ਕੁਝ ਲੋਕ ਬਹੁਤ ਜਿਆਦਾ ਪੀ ਕੇ ਮਤਵਾਲੇ ਹੋ ਰਹੇ ਸਨ।

► ਪੌਲੁਸ ਨੇ ਉਨ੍ਹਾਂ ਨੂੰ ਕਿਹੜੀਆਂ ਖਾਸ ਹਦਾਇਤਾਂ ਦਿੱਤੀਆਂ?

ਉਸਨੇ ਉਨ੍ਹਾਂ ਨੂੰ ਕਿਹਾ ਕਿ ਇਸਨੂੰ ਭੋਜਨ ਨਾ ਬਣਾਉ। ਕਲੀਸਿਆਵਾਂ ਦੇ ਵਿੱਚ ਭੋਜ ਅਤੇ ਸੰਗਤੀ ਦੇ ਭੋਜਨ ਹੁੰਦੇ ਸਨ, ਪਰ ਇਹ ਪ੍ਰਭੂ ਭੋਜ ਨਹੀਂ ਸਨ। ਉਸਨੇ ਕਿਹਾ ਕਿ ਉਹ ਇੱਕ ਦੂਸਰੇ ਦੀ ਉਡੀਕ ਕਰਨ ਅਤੇ ਮਿਲ ਕੇ ਸ਼ੁਰੂ ਕਰਨ।

ਪੌਲੁਸ ਨੇ ਯਿਸੂ ਦੁਆਰਾ ਕਲੀਸਿਆ ਦੇ ਲਈ ਤਿਆਰ ਕੀਤੀ ਰੀਤ ਨੂੰ ਸਥਾਪਿਤ ਕਰਨ ਦੇ ਤਰੀਕੇ ਦੀ ਸਮੀਖਿਆ ਕੀਤੀ। ਯਿਸੂ ਨੇ ਰੋਟੀ ਦਿੱਤੀ, ਫਿਰ ਦਾਖਰਸ ਦਿੱਤੀ, ਉਨ੍ਹਾਂ ਦੇ ਅਰਥ ਸਮਝਾਉਂਦੇ ਹੋਏ। ਇਸ ਦੇ ਵਿੱਚ ਭਾਗੀਦਾਰ ਹੋਣ ਵਾਲੇ ਵਿਅਕਤੀ ਦੇ ਲਈ ਇਹ ਮਹੱਤਵਪੂਰਨ ਹੈ ਕਿ ਉਹ ਇਸ ਨੂੰ ਸ਼ਰਧਾ ਨਾਲ ਲੈਣ, ਯਾਦ ਰੱਖਣ ਕਿ ਪ੍ਰਭੂ ਭੋਜ ਦਾ ਕੀ ਅਰਥ ਹੈ।

ਪੌਲੁਸ ਨੇ ਕਿਹਾ ਕਿ ਇੱਕ ਵਿਅਕਤੀ ਨੂੰ ਆਪਣੀ ਜਾਂਚ ਕਰਨੀ ਚਾਹੀਦੀ ਹੈ ਤਾਂ ਕਿ ਉਹ ਇਸ ਗੱਲ ਨੂੰ ਪੱਕਿਆਂ ਕਰੇ ਕਿ ਉਹ ਪ੍ਰਭੂ ਭੋਜ ਨੂੰ ਅਯੋਗਤਾ ਦੇ ਨਾਲ ਤਾਂ ਨਹੀਂ ਲੈ ਰਿਹਾ। ਕੁਝ ਲੋਕ ਇਸਦਾ ਇਹ ਅਰਥ ਕੱਢਦੇ ਹਨ ਕਿ ਜਦੋਂ ਤੱਕ ਕਿਸੇ ਵਿਅਕਤੀ ਨੂੰ ਇਹ ਸਪੱਸ਼ਟ ਨਹੀਂ ਹੈ ਕਿ ਉਸਦਾ ਜੀਵਨ ਹਰ ਹਿੱਸੇ ਵਿੱਚ ਪਰਮੇਸ਼ੁਰ ਨੂੰ ਖੁਸ਼ ਕਰ ਰਿਹਾ ਹੈ ਜਾਂ ਨਹੀਂ ਤਾਂ ਉਦੋਂ ਤੱਕ ਉਸਨੂੰ ਪ੍ਰਭੂ ਭੋਜ ਦੇ ਵਿੱਚ ਹਿੱਸਾ ਨਹੀਂ ਲੈਣਾ ਚਾਹੀਦਾ। ਅਸਲ ਦੇ ਵਿੱਚ ਵਚਨ ਇੱਥੇ ਇਹ ਨਹੀਂ ਸਿਖਾ ਰਿਹਾ ਹੈ। ਇੱਥੇ ਰਸੂਲ ਪ੍ਰਭੂ ਭੋਜ ਨੂੰ ਲੈਣ ਦੇ ਤਰੀਕੇ ਦੀ ਗੱਲ ਕਰ ਰਿਹਾ ਹੈ। ਜੇਕਰ ਕੋਈ ਵਿਅਕਤੀ ਇਸ ਨੂੰ ਲਾਪਰਵਾਹੀ ਅਤੇ ਅਯੋਗਤਾ ਦੇ ਨਾਲ ਲੈਂਦਾ ਹੈ ਤਾਂ ਉਹ ਆਪਣੇ ਤੇ ਸਜ਼ਾ ਨੂੰ ਲੈਂਦਾ ਹੈ।

ਕਲੀਸਿਆ ਦੇ ਲਈ ਇਹ ਚੰਗਾ ਹੈ ਕਿ ਉਹ ਮਿਲ ਕੇ ਪ੍ਰਭੂ ਭੋਜ ਦੇ ਦੌਰਾਨ ਪ੍ਰਾਥਨਾ ਕਰਨ। ਇਸ ਸਭਾ ਦੇ ਵੱਖ-ਵੱਖ ਹਿੱਸਿਆਂ ਵਿੱਚ ਪ੍ਰਾਰਥਨਾ ਦੀ ਅਗਵਾਈ ਕਰਨ ਲਈ ਅਲੱਗ-ਅਲੱਗ ਲੋਕਾਂ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ। ਕਲੀਸਿਆ ਇੱਕ ਸਮੇਂ ਤੇ ਮਿਲ ਕੇ ਇਕੱਠੇ ਗੀਤ ਗਾ ਸਕਦੇ ਹਨ । ਇਸ ਸਭਾ ਸ਼ਾਂਤ ਅਤੇ ਵਿਵਸਥਿਤ ਤਰੀਕੇ ਨਾਲ ਕੀਤੀ ਜਾਣੀ ਚਾਹੀਦੀ ਹੈ। ਇਹ ਉੱਚੀ, ਸਵੈ-ਇੱਛਾ ਨਾਲ ਖੁਸ਼ੀ ਮਨਾਉਣ ਦਾ ਸਮਾਂ ਨਹੀਂ ਹੈ। ਇਹ ਯਿਸੂ ਦੇ ਬਲੀਦਾਨ ਤੇ ਧਿਆਨ ਲਗਾਉਣ ਦਾ ਸਮਾਂ ਹੈ ਜੋ ਸਾਡੀ ਮੁਕਤੀ ਲਈ ਕੀਤਾ ਗਿਆ ਸੀ।

## ਪ੍ਰਭੂ ਭੋਜ ਨੂੰ ਪ੍ਰਾਪਤ ਕਰਨ ਵਾਲੇ ਸਹੀ ਲੋਕ

► ਕਿਸ ਵਿਅਕਤੀ ਨੂੰ ਪ੍ਰਭੂ ਭੋਜ ਲੈਣ ਦੀ ਪ੍ਰਵਾਨਗੀ ਦਿੱਤੀ ਜਾਣੀ ਚਾਹੀਦੀ ਹੈ?

ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਇਹ ਅਭਿਆਸ ਸਿਖਾਇਆ ਅਤੇ ਉਨ੍ਹਾਂ ਨੂੰ ਇਸਨੂੰ ਇਕੱਠੇ ਮਿਲ ਕੇ ਕਰਨ ਦੇ ਲਈ ਕਿਹਾ, ਇਸ ਲਈ ਅਸੀਂ ਜਾਣਦੇ ਹਾਂ ਕਿ ਇਹ ਮਸੀਹੀਆਂ ਦੇ ਲਈ ਹੈ। ਕਿਸੇ ਦੂਸਰੇ ਧਰਮ ਨੂੰ ਮੰਨਣ ਵਾਲੇ ਵਿਅਕਤੀ ਨੂੰ ਪ੍ਰਭੂ ਭੋਜ ਨਹੀਂ ਦੇਣਾ ਚਾਹੀਦਾ। ਦੂਸਰੇ ਦੇਵਤਿਆਂ ਦੀ ਪੂਜਾ ਕਰਨ ਵਾਲਾ ਪ੍ਰਭੂ ਭੋਜ ਨਹੀਂ ਲੈ ਸਕਦਾ। ਉਹ ਮਸੀਹ ਦੀ ਅਰਾਧਨਾ ਨਹੀਂ ਕਰ ਸਕਦਾ (੧ ਕੁਰਿੰਥੀਆਂ ਨੂੰ 10:20-21)।

ਜੇਕਰ ਕੋਈ ਵਿਅਕਤੀ ਪਾਪ ਦੇ ਵਿੱਚ ਜੀ ਰਿਹਾ ਹੈ ਅਤੇ ਉਸਨੇ ਤੋਬਾ ਨਹੀਂ ਕੀਤੀ ਹੈ ਤਾਂ ਉਸਨੂੰ ਪ੍ਰਭੂ ਭੋਜ ਨਹੀਂ ਦਿੱਤਾ ਜਾਣਾ ਚਾਹੀਦਾ। ਪ੍ਰਭੂ ਭੋਜ ਲੈਣ ਦਾ ਅਰਥ ਇਹ ਗਵਾਹੀ ਦੇਣਾ ਹੈ ਕਿ ਅਸੀਂ ਮਸੀਹ ਦੀ ਮੌਤ ਦੇ ਨਾਲ ਇੱਕ ਹੁੰਦੇ ਹਾਂ। ਜਾਣਬੁੱਝ ਕੇ ਪਾਪ ਕਰਨ ਵਾਲੇ ਵਿਅਕਤੀ ਦੇ ਕੋਲ ਗਵਾਹੀ ਨਹੀਂ ਹੈ।

ਇੱਕ ਅਜਿਹਾ ਵਿਅਕਤੀ ਜੋ ਵਿਭਚਾਰ, ਮੂਰਤੀਪੂਜਾ, ਜਾਂ ਸ਼ਰਾਬ ਵਰਗੇ ਸਪੱਸ਼ਟ ਪਾਪ ਦੇ ਵਿੱਚ ਜੀ ਰਿਹਾ ਹੈ ਤਾਂ ਉਹ ਮਸੀਹੀ ਨਹੀਂ ਹੈ (੧ ਕੁਰਿੰਥੀਆਂ ਨੂੰ 6:9-10)। ਬਾਈਬਲ ਸਾਨੂੰ ਕਹਿੰਦੀ ਹੈ ਕਿ ਜਿਹੜਾ ਵਿਅਕਤੀ ਅਜਿਹੇ ਪਾਪ ਕਰਦਾ ਹੈ ਅਤੇ ਫਿਰ ਵੀ ਆਪਣੇ ਆਪ ਨੂੰ ਮਸੀਹੀ ਦੱਸਦਾ ਹੈ ਅਸੀਂ ਉਸਦੀ ਸੰਗਤੀ ਨਹੀਂ ਕਰ ਸਕਦੇ (੧ ਕੁਰਿੰਥੀਆਂ ਨੂੰ 5:11)। ਇਸ ਕਾਰਨ ਅਜਿਹੇ ਵਿਅਕਤੀ ਨੂੰ ਪ੍ਰਭੂ ਭੋਜ ਦੇਣਾ ਸਹੀ ਨਹੀਂ ਹੋਵੇਗਾ।

ਜੇਕਰ ਕਿਸੇ ਮੈਂਬਰ ਨੇ ਪਾਪ ਕੀਤਾ ਹੈ ਅਤੇ ਉਸਨੇ ਕਲੀਸਿਆ ਦੁਆਰਾ ਸੁਧਾਰ ਕੀਤੇ ਜਾਣ ਤੋਂ ਵੀ ਇਨਕਾਰ ਕਰ ਦਿੱਤਾ ਹੈ ਤਾਂ ਉਸਨੂੰ ਨਾ ਬਚਿਆ ਹੋਇਆ ਵਿਅਕਤੀ ਮੰਨਣਾ ਚਾਹੀਦਾ ਹੈ (ਮੱਤੀ 18:17), ਅਤੇ ਇਸ ਕਾਰਨ ਅਜਿਹੇ ਵਿਅਕਤੀ ਨੂੰ ਪ੍ਰਭੂ ਭੋਜ ਨਹੀਂ ਦੇਣਾ ਚਾਹੀਦਾ।

ਪ੍ਰਭੂ ਭੋਜ ਉਸ ਖਾਸ ਏਕਤਾ ਨੂੰ ਦਰਸਾਉਂਦਾ ਹੈ ਜੋ ਮਸੀਹੀਆਂ ਦੇ ਲਈ ਹੈ। ਰਸੂਲ ਨੇ ਕਿਹਾ ਕਿ ਪ੍ਰਭੂ ਭੋਜ ਦੇ ਵਿੱਚ ਅਸੀਂ ਵਿਖਾਉਂਦੇ ਹਾਂ ਕਿ ਅਸੀਂ ਇੱਕ ਦੇਹ ਹਾਂ (੧ ਕੁਰਿੰਥੀਆਂ ਨੂੰ 10:16-17)। ਇਸ ਲਈ ਜੇਕਰ ਕੋਈ ਵਿਅਕਤੀ ਲਾਪਰਵਾਹ ਹੈ, ਅਤੇ ਬੇਫਿਕਰੀ ਭਰਿਆ ਪਾਪੀ ਹੈ ਤਾਂ ਉਹ ਇਸ ਏਕਤਾ ਦੇ ਵਿੱਚ ਸਾਂਝੀ ਨਹੀਂ ਹੋ ਸਕਦਾ।

ਇੱਕ ਪਾਸਬਾਨ ਮਸੀਹੀਆਂ ਨੂੰ ਪ੍ਰਭੂ ਭੋਜ ਦੇਣ ਦੇ ਲਈ ਜਿੰਮੇਵਾਰ ਹੈ, ਪਰ ਉਹ ਹਰੇਕ ਵਿਅਕਤੀ ਦੇ ਜੀਵਨ ਦੇ ਹਰ ਪਹਿਲੂ ਦੀ ਜਾਂਚ ਕਰਨ ਦੇ ਲਈ ਜਿੰਮੇਵਾਰ ਨਹੀਂ ਹੈ। ਜੇਕਰ ਕੋਈ ਵਿਅਕਤੀ ਮਸੀਹੀ ਹੋਣ ਦਾ ਇਕਰਾਰ ਕਰਦਾ ਹੈ ਅਤੇ ਕਿਸੇ ਖੁੱਲ੍ਹੇ ਪਾਪ ਵਿੱਚ ਨਹੀਂ ਜੀ ਰਿਹਾ ਤਾਂ ਪਾਸਬਾਨ ਉਸਦੀ ਗਵਾਹੀ ਨੂੰ ਸਵੀਕਾਰ ਕਰ ਸਕਦਾ ਹੈ।

ਹਰ ਵਿਅਕਤੀ ਜੋ ਸੱਚਮੁੱਚ ਬਚਾਇਆ ਗਿਆ ਹੈ ਅਤੇ ਉਸਨੇ ਉਸ ਪ੍ਰਾਸਚਿਤ ਨੂੰ ਪ੍ਰਾਪਤ ਕੀਤਾ ਹੈ ਜਿਸਨੂੰ ਪ੍ਰਭੂ ਭੋਜ ਦਰਸਾਉਂਦਾ ਹੈ, ਭਾਵੇਂ ਉਹ ਕਿਸੇ ਖਾਸ ਸਥਾਨਕ ਕਲੀਸਿਆ ਦਾ ਮੈਂਬਰ ਹੈ ਜਾਂ ਨਾ ਹੋਵੇ। ਇਸ ਲਈ, ਪ੍ਰਭੂ ਭੋਜ ਦੇ ਲਈ ਸਥਾਨਕ ਕਲੀਸਿਆ ਦੀ ਮੈਂਬਰਸ਼ਿਪ ਦੀ ਲੋੜ ਨਹੀਂ ਹੋਣੀ ਚਾਹੀਦੀ।

ਇੱਕ ਸੱਚਾ ਪਰਿਵਰਤਿਤ ਹੋਇਆ ਵਿਅਕਤੀ ਪ੍ਰਭੂ ਭੋਜ ਅਤੇ ਬਪਤਿਸਮਾ ਦੋਵਾਂ ਨੂੰ ਲੈਣ ਦੇ ਯੋਗ ਹੈ। ਜੇਕਰ ਉਹ ਵਿਅਕਤੀ ਬਪਤਿਸਮਾ ਲੈਣ ਦੇ ਲਈ ਤਿਆਰ ਹੈ ਉਸਨੂੰ ਬਪਤਿਸਮਾ ਲੈਣ ਤੱਕ ਪ੍ਰਭੂ ਭੋਜ ਦੇ ਲਈ ਇੰਤਜ਼ਾਰ ਕਰਨ ਦੀ ਜਰੂਰਤ ਨਹੀਂ ਹੈ।

ਜੇਕਰ ਕਿਸੇ ਕਲੀਸਿਆ ਦੇ ਵਿੱਚ ਬਹੁਤ ਪ੍ਰਕਾਰ ਦੇ ਮਸੀਹੀ ਅਤੇ ਨਾ ਬਚਾਏ ਹੋਏ ਲੋਕ ਹਨ, ਜਿਸਦੇ ਵਿੱਚ ਅਜਿਹੇ ਲੋਕ ਵੀ ਸਾਮਿਲ ਹਨ ਜੋ ਖੁੱਲ੍ਹੇ ਪਾਪ ਦੇ ਵਿੱਚ ਜੀ ਰਹੇ ਹਨ ਤਾਂ ਫਿਰ ਅਜਿਹੀ ਕਲੀਸਿਆ ਦੇ ਵਿੱਚ ਪ੍ਰਭੂ ਭੋਜ ਸਾਂਝੀ ਸਭਾ ਦੇ ਵਿੱਚ ਨਹੀਂ ਦਿੱਤਾ ਜਾਣਾ ਚਾਹੀਦਾ। ਅਜਿਹੇ ਸਥਾਨ ਤੇ ਪ੍ਰਭੂ ਭੋਜ ਦੇਣ ਲਈ ਇੱਕ ਅਲੱਗ ਸਭਾ ਨੂੰ ਆਯੋਜਿਤ ਕੀਤਾ ਜਾ ਸਕਦਾ ਹੈ।

► ਇਸਦਾ ਕੀ ਕਾਰਨ ਹੈ ਕਿ ਸਪੱਸ਼ਟਤਾ ਦੇ ਵਿੱਚ ਪਾਪ ਦੇ ਵਿੱਚ ਜਿਉਣ ਵਾਲੇ ਵਿਅਕਤੀ ਨੂੰ ਪ੍ਰਭੂ ਭੋਜ ਨਹੀਂ ਦਿੱਤਾ ਜਾਣਾ ਚਾਹੀਦਾ?

## ਪ੍ਰਭੂ ਭੋਜ ਨੂੰ ਕਿੰਨੀ ਵਾਰ ਕੀਤਾ ਜਾਣਾ ਚਾਹੀਦਾ ਹੈ?

► ਪ੍ਰਭੂ ਭੋਜ ਨੂੰ ਕਿੰਨੀ ਵਾਰ ਕੀਤਾ ਜਾਣਾ ਚਾਹੀਦਾ ਹੈ? ਕਿਉਂ

ਕੁਝ ਕਲੀਸਿਆਵਾਂ ਦੇ ਵਿੱਚ ਹਰੇਕ ਐਤਵਾਰ ਨੂੰ ਪ੍ਰਭੂ ਭੋਜ ਕੀਤਾ ਜਾਂਦਾ ਹੈ। ਕੁਝ ਹੋਰ ਕਲੀਸਿਆਵਾਂ ਇਸਨੂੰ ਮਹੀਨੇ ਦੇ ਵਿੱਚ ਇੱਕ ਵਾਰ ਕਰਦੀਆਂ ਹਨ। ਕੁਝ ਸਥਾਨਾਂ ਤੇ ਇਸਨੂੰ ਸਾਲ ਦੇ ਵਿੱਚ ਇੱਕ ਵਾਰ ਕੀਤ ਜਾਂਦਾ ਹੈ। ਕੁਝ ਲੋਕ ਬਿਨਾਂ ਕਿਸੇ ਮਿਥੇ ਹੋਏ ਸਮੇਂ ਦੇ ਇਸਨੂੰ ਕਦੇ-ਕਦੇ ਕਰਦੇ ਹਨ।

ਬਾਈਬਲ ਸਾਨੂੰ ਇਸਦੇ ਬਾਰੇ ਨਹੀਂ ਦੱਸਦੀ ਕਿ ਪ੍ਰਭੂ ਭੋਜ ਕਿੰਨੀ ਵਾਰ ਕਰਨਾ ਚਾਹੀਦਾ ਹੈ।

ਕੁਝ ਲੋਕ ਬਚਾਏ ਜਾਣ ਤੋਂ ਪਹਿਲਾਂ ਮੁਕਤੀ ਪਾਉਣ ਦੇ ਲਈ ਕੁਝ ਧਾਰਮਿਕ ਰਸਮਾਂ ਦੇ ਵਿੱਚ ਵਿਸ਼ਵਾਸ ਰੱਖਦੇ ਹੋਣਗੇ। ਜਦੋਂ ਉਹ ਬਚਾਏ ਜਾਂਦੇ ਹਨ ਤਾਂ ਉਹ ਧਰਮ ਦੇ ਉਸ ਰੂਪ ਨੂੰ ਛੱਡ ਦਿੰਦੇ ਹਨ, ਇਸ ਕਾਰਨ ਉਹ ਹੋਰ ਕਿਸੇ ਵੀ ਧਾਰਮਿਕ ਰਸਮ ਤੋਂ ਅਣਸੁਖਾਵਾਂ ਮਹਿਸੂਸ ਕਰ ਸਕਦੇ ਹਨ। ਉਹ ਸੋਚ ਸਕਦੇ ਹਨ ਕਿ ਪ੍ਰਭੂ ਭੋਜ ਅਕਸਰ ਨਹੀਂ ਹੋਣਾ ਚਾਹੀਦਾ ਹੈ।

ਕੁਝ ਲੋਕ ਗ਼ਲਤ ਤਰੀਕੇ ਦੇ ਨਾਲ ਆਪਣਾ ਵਿਸ਼ਵਾਸ ਧਾਰਮਿਕ ਰਸਮਾਂ ਦੇ ਵਿੱਚ ਰੱਖ ਲੈਂਦੇ ਹਨ। ਉਹ ਪ੍ਰਭੂ ਭੋਜ ਨੂੰ ਅਕਸਰ ਕਰਨਾ ਚਾਹੁੰਦੇ ਹਨ ਕਿਉਂਕਿ ਇਸਦੇ ਨਾਲ ਉਨ੍ਹਾਂ ਨੂੰ ਇਹ ਮਹਿਸੂਸ ਕਰਨ ਵਿੱਚ ਮਦਦ ਮਿਲਦੀ ਹੈ ਕਿ ਉਹ ਬਚਾਏ ਹੋਏ ਹਨ।

ਇੱਕ ਪਾਸਬਾਨ ਦੇ ਲਈ ਇਹ ਮਹੱਤਵਪੂਰਨ ਹੈ ਕਿ ਉਹ ਪ੍ਰਭੂ ਭੋਜ ਦੇ ਮਤਲਬ ਦੀ ਵਿਆਖਿਆ ਕਰੇ। ਉਸਨੂੰ ਆਪਣੇ ਲੋਕਾਂ ਨੂੰ ਇਹ ਸਮਝਣ ਵਿੱਚ ਮਦਦ ਕਰਨੀ ਚਾਹੀਦੀ ਹੈ ਕਿ ਉਹ ਇਸ ਤੇ ਗ਼ਲਤ ਤਰੀਕੇ ਨਾਲ ਭਰੋਸਾ ਕੀਤੇ ਬਿਨਾਂ ਇਸਨੂੰ ਪਰਮੇਸ਼ੁਰ ਨਾਲ ਆਪਣੇ ਸੰਬੰਧ ਵਿੱਚ ਇੱਕ ਬਰਕਤ ਵਜੋਂ ਕਿਵੇਂ ਉਪਯੋਗ ਕਰਨਾ ਚਾਹੀਦਾ ਹੈ।

## ਪ੍ਰਭੂ ਭੋਜ ਨੂੰ ਕਰਨ ਦਾ ਢੁੱਕਵਾਂ ਅਧਿਕਾਰ

► ਪ੍ਰਭੂ ਭੋਜ ਨੂੰ ਦੂਸਰਿਆਂ ਨੂੰ ਦੇਣ ਦਾ ਅਧਿਕਾਰ ਕਿਸ ਦੇ ਕੋਲ ਹੈ?

ਬਾਈਬਲ ਦੱਸਦੀ ਹੈ ਕਿ ਹਰੇਕ ਵਿਸ਼ਵਾਸੀ ਇੱਕ ਜਾਜਕ ਹੈ (ਪਰਕਾਸ਼ ਦੀ ਪੋਥੀ 1:6, ਪਤਰਸ ਦੀ ਪਹਿਲੀ ਪੱਤ੍ਰੀ 2:5, 9)। ਇਸਦਾ ਅਰਥ ਇਹ ਹੈ ਕਿ ਅਸੀਂ ਸਿੱਧੇ ਤੌਰ ਤੇ ਪਰਮੇਸ਼ੁਰ ਦੀ ਅਰਾਧਨਾ ਕਰ ਸਕਦੇ ਹਾਂ ਅਤੇ ਦੂਸਰਿਆਂ ਦੀ ਉਸਦੀ ਅਰਾਧਨਾ ਕਰਨ ਵਿੱਚ ਸਹਾਇਤਾ ਕਰ ਸਕਦੇ ਹਾਂ। ਸਾਨੂੰ ਪਰਮੇਸ਼ੁਰ ਦੇ ਕੋਲ ਲਿਆਉਣ ਦੇ ਲਈ ਧਰਤੀ ਤੇ ਕਿਸੇ ਵਿਚੋਲੇ ਦੀ ਜਰੂਰਤ ਨਹੀਂ ਹੈ, ਕਿਉਂਕਿ ਯਿਸੂ ਸਾਡਾ ਮਹਾਂ-ਜਾਜਕ ਹੈ, ਅਤੇ ਉਸਨੇ ਸਾਨੂੰ ਇਹ ਦਲੇਰੀ ਦਿੱਤੀ ਹੈ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 2:5, ਇਬਰਾਨੀਆਂ ਨੂੰ 4:14-16)। ਉਸਦੇ ਦੁਆਰਾ ਅਸੀਂ ਲਗਾਤਾਰ ਸਤੂਤੀ ਪ੍ਰਸ਼ੰਸਾ ਦਾ ਬਲੀਦਾਨ ਚੜ੍ਹਾ ਸਕਦੇ ਹਾਂ (ਇਬਰਾਨੀਆਂ ਨੂੰ 13:15)।

ਕਿਉਂਕਿ ਹਰੇਕ ਵਿਸ਼ਵਾਸੀ ਇੱਕ ਜਾਜਕ ਹੈ, ਇਸ ਲਈ ਅਸੀਂ ਤਰਕ ਕਰ ਸਕਦੇ ਹਾਂ ਕਿ ਕੋਈ ਵੀ ਵਿਸ਼ਵਾਸੀ ਦੂਸਰੇ ਵਿਸ਼ਵਾਸੀਆਂ ਨੂੰ ਪ੍ਰਭੂ ਭੋਜ ਵੰਡ ਸਕਦਾ ਹੈ, ਖਾਸ ਕਰਕੇ ਉਸ ਸਮੇਂ ਜਦੋਂ ਪਾਸਬਾਨ ਉਪਲੱਭਧ ਨਹੀਂ ਹੈ। ਪਰ ਇਸਦੇ ਖਾਸ ਕਾਰਨ ਹਨ ਕਿ ਕਿਉਂ ਪ੍ਰਭੂ ਭੋਜ ਇੱਕ ਪਾਸਬਾਨ ਦੇ ਦੁਆਰਾ ਹੀ ਦਿੱਤਾ ਜਾਣਾ ਚਾਹੀਦਾ ਹੈ।

ਬਾਈਬਲ ਇਸਦੇ ਬਾਰੇ ਕੋਈ ਸਿੱਧਾ ਬਿਆਨ ਨਹੀਂ ਦਿੰਦੀ ਕਿ ਪ੍ਰਭੂ ਭੋਜ ਸਿਰਫ਼ ਪਾਸਬਾਨ ਦੁਆਰਾ ਹੀ ਦਿੱਤਾ ਜਾਣਾ ਚਾਹੀਦਾ ਹੈ। ਹਾਲਾਂਕਿ, ਪੌਲੁਸ ਨੇ ਪ੍ਰਭੂ ਭੋਜ ਨੂੰ ਇੱਕ ਵਿਵਸਥਿਤ ਅਤੇ ਸ਼ਰਧਾਪੂਰਨ ਤਰੀਕੇ ਨਾਲ ਕਰਨ ਦੇ ਲਈ ਖਾਸ ਹਦਾਇਤਾਂ ਦਿੱਤੀਆਂ ਸਨ। ਇਹ ਹਦਾਇਤਾਂ ਕਲੀਸਿਆ ਦੇ ਲਈ ਸਨ, ਅਤੇ ਆਗੂ ਉਨ੍ਹਾਂ ਦੇ ਸਮੂਹ ਦੀ ਅਗਵਾਈ ਕਰਨ ਲਈ ਜ਼ਿੰਮੇਵਾਰ ਸੀ। ਕਲੀਸਿਆ ਦੇ ਲੋਕ ਕੁਦਰਤੀ ਤੌਰ ਤੇ ਪਾਸਬਾਨ ਤੇ ਨਿਰਭਰ ਕਰਨਗੇ ਕਿ ਇਸ ਗੱਲ ਨੂੰ ਪੱਕਿਆਂ ਕਰਨਗੇ ਕਿ ਪ੍ਰਭੂ ਸਹੀ ਢੰਗ ਨਾਲ ਕੀਤਾ ਜਾਵੇ , ਅਤੇ ਇਹ ਜ਼ਿੰਮੇਵਾਰੀ ਪਾਸਬਾਨ ਨੂੰ ਲੈਣੀ ਚਾਹੀਦੀ ਹੈ।

► ਇੱਕ ਵਾਰ ਫਿਰ ਤੋਂ ੧ ਕੁਰਿੰਥੀਆਂ ਨੂੰ 11:27-34 ਦੇ ਵਿੱਚ ਦਿੱਤੀਆਂ ਚੇਤਾਵਨੀਆਂ ਦੇ ਬਾਰੇ ਵੇਖੋ।

ਪੌਲੁਸ ਨੇ ਕਿਹਾ ਕਿ ਮਸੀਹ ਦੀ ਦੇਹ ਅਤੇ ਲਹੂ ਦੇ ਪ੍ਰਤੀ ਸ਼ਰਧਾ ਦੇ ਕਾਰਨ ਹਦਾਇਤਾਂ ਬਹੁਤ ਮਹੱਤਵਪੂਰਨ ਹਨ। ਜੇਕਰ ਕੋਈ ਵਿਅਕਤੀ ਲਾਪਰਵਾਹ ਹੋਵੇਗਾ ਤਾਂ ਉਹ ਇਸਦਾ ਦੋਸ਼ੀ ਹੋਵੇਗਾ। ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕਾਂ ਤੇ ਬਿਮਾਰੀ ਅਤੇ ਮੌਤ ਦੀ ਸਜ਼ਾ ਪਹਿਲਾਂ ਤੋਂ ਹੀ ਆ ਚੁੱਕੀ ਹੈ। ਪੌਲੁਸ ਨੇ ਕਿਹਾ ਕਿ ਜੇਕਰ ਉਹ ਧਿਆਨਪੂਰਵਕ ਆਪਣੀ ਜਾਂਚ ਕਰਦੇ ਹਨ, ਤਾਂ ਉਹ ਪਰਮੇਸ਼ੁਰ ਦੀ ਸਜ਼ਾ ਬਚ ਜਾਣਗੇ। ਪੌਲੁਸ ਨੇ ਕਿਹਾ ਕਿ ਉਹ ਬਾਅਦ ਦੇ ਵਿੱਚ ਉਨ੍ਹਾਂ ਨੂੰ ਹੋਰ ਹਦਾਇਤਾਂ ਦੇਵੇਗਾ।

ਪ੍ਰਭੂ ਭੋਜ ਰੀਤ ਨੂੰ ਸਹੀ ਤਰੀਕੇ ਨਾਲ ਕਰਨਾ ਬਹੁਤ ਮਹੱਤਵਪੂਰਨ ਹੈ, ਸਿਰਫ਼ ਇਸਦੇ ਦੁਰੁਪਯੋਗ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਣ ਦੇ ਲਈ ਸਗੋਂ ਉਨ੍ਹਾਂ ਬਰਕਤਾਂ ਨੂੰ ਪ੍ਰਾਪਤ ਕਰਨ ਦੇ ਲਈ ਜੋ ਪਰਮੇਸ਼ੁਰ ਨੇ ਸਾਡੇ ਲਈ ਤਿਆਰ ਕੀਤੀਆਂ ਹਨ।

ਇਹ ਸੋਚਣਾ ਤਰਕਸ਼ੀਲ ਹੈ ਕਿ ਰਸੂਲ ਚਾਹੁੰਦਾ ਸੀ ਕਿ ਕਲੀਸਿਆ ਦੇ ਆਗੂ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਇੰਨ੍ਹਾਂ ਹਦਾਇਤਾਂ ਨੂੰ ਕਲੀਸਿਆ ਦੇ ਵਿੱਚ ਮੰਨਿਆ ਜਾ ਰਿਹਾ ਹੈ। ਕਲੀਸਿਆ ਦੇ ਮੈਂਬਰ ਚਾਹੁਣਗੇ ਕਿ ਉਨ੍ਹਾਂ ਦਾ ਪਾਸਬਾਨ ਉਨ੍ਹਾਂ ਨੂੰ ਪ੍ਰਭੂ ਭੋਜ ਨੂੰ ਸਹੀ ਢੰਗ ਨਾਲ ਸਾਂਝਾ ਕਰਨ ਵਿੱਚ ਮਦਦ ਕਰਨ ਕਿਉਂਕਿ ਇਹ ਬਹੁਤ ਮਹੱਤਵਪੂਰਨ ਹੈ।

ਪਾਸਬਾਨ ਦੇ ਕੋਲ ਖਾਸ ਜਿੰਮੇਵਾਰੀ ਹੈ ਕਿਉਂਕਿ ਪ੍ਰਭੂ ਭੋਜ ਕਿਸੇ ਅਜਿਹੇ ਵਿਅਕਤੀ ਨੂੰ ਨਹੀਂ ਦਿੱਤਾ ਜਾਣਾ ਜੋ ਕਿਸੇ ਦੂਸਰੇ ਧਰਮ ਤੋਂ ਹੈ ਜਾਂ ਜੇਕਰ ਕੋਈ ਕਿਸੇ ਖੁੱਲ੍ਹੇ ਪਾਪ ਦੇ ਵਿੱਚ ਸ਼ਾਮਿਲ ਹੈ।

ਇਸ ਕਾਰਨ, ਪ੍ਰਭੂ ਭੋਜ ਆਮ ਤੌਰ ਤੇ ਕਿਸੇ ਪਾਸਬਾਨ ਦੁਆਰਾ ਜਾਂ ਪਾਸਬਾਨ ਦੀ ਅਗਵਾਈ ਦੇ ਵਿੱਚ ਵੰਡਿਆਂ ਜਾਣਾ ਚਾਹੀਦਾ ਹੈ। ਪਾਸਬਾਨ ਦੂਸਰਿਆਂ ਨੂੰ ਇਸ ਸੇਵਕਾਈ ਦੇ ਵਿੱਚ ਸਹਾਇਤਾ ਕਰਨ ਦੇ ਲਈ ਕਹਿ ਸਕਦਾ ਹੈ। ਪਾਸਬਾਨ ਕਿਸੇ ਅਜਿਹੇ ਸਥਾਨ ਤੇ ਕੁਝ ਲੋਕਾਂ ਨੂੰ ਪ੍ਰਭੂ ਭੋਜ ਦੇਣ ਦੀ ਪ੍ਰਵਾਨਗੀ ਦੇ ਸਕਦਾ ਹੈ ਜਿੱਥੇ ਕੋਈ ਪਾਸਬਾਨ ਉਪਲੱਭਧ ਨਹੀਂ ਹੈ।

## ਪ੍ਰਭੂ ਭੋਜ ਦਾ ਇੱਕ ਰੂਪ

**ਇਕੱਠੇ ਹੋਣਾ:** ਪ੍ਰਭੂ ਭੋਜ ਵਿੱਚ ਭਾਗ ਲੈਣ ਵਾਲੇ ਲੋਕਾਂ ਨੂੰ ਇਕੱਠਾ ਕਰਨ ਦਾ ਇੱਕ ਨਿਯਮਿਤ ਤਰੀਕਾ ਹੋਣਾ ਚਾਹੀਦਾ ਹੈ। ਜੇਕਰ ਇਸਨੂੰ ਇੱਕ ਜਨਤਕ ਅਰਾਧਨਾ ਸਭਾ ਦੇ ਵਿੱਚ ਕੀਤਾ ਜਾਂਦਾ ਹੈ, ਤਾਂ ਆਗੂਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਸਹੀ ਲੋਕਾਂ ਦੇ ਵਿੱਚ ਇਹ ਸੇਵਾ ਕਿਵੇਂ ਕਰਨਗੇ।

**ਪਵਿੱਤਰ ਵਚਨ:** ਪ੍ਰਭੂ ਭੋਜ ਦੀ ਸੇਵਾ ਤੋਂ ਪਹਿਲਾਂ ਵਚਨਾਂ ਨੂੰ ਪੜ੍ਹਿਆ ਜਾਣਾ ਚਾਹੀਦਾ ਹੈ। ਇੰਨਾਂ ਵਚਨਾਂ ਦੇ ਬਾਰੇ ਕੁਝ ਬਿਆਨ ਕਹੇ ਜਾ ਸਕਦੇ ਹਨ, ਪਰ ਇਹ ਬਹੁਤ ਲੰਬੇ ਨਹੀਂ ਹੋਣੇ ਚਾਹੀਦੇ। ਇਸ ਸੇਵਾ ਦੇ ਵਰਤੇ ਜਾ ਸਕਣ ਵਾਲੇ ਵਚਨਾਂ ਦੀਆਂ ਉਦਾਹਰਨਾਂ ਮੱਤੀ 26:26-30, ਮਰਕੁਸ 15:22-28, ਲੂਕਾ 22:14-20, ਯੂਹੰਨਾ 10:11-18, ਯੂਹੰਨਾ 19:1-6, ਯੂਹੰਨਾ 19:16-19, ਯੂਹੰਨਾ 20:26-29, ੧ ਕੁਰਿੰਥੀਆਂ ਨੂੰ 11:23-26, ਇਬਰਾਨੀਆਂ ਨੂੰ 10:11-17, ਇਬਰਾਨੀਆਂ ਨੂੰ 9:24-28, ਇਬਰਾਨੀਆਂ ਨੂੰ 4:12-16, ਪਰਕਾਸ਼ ਦੀ ਪੋਥੀ 1:12-18, ਯਸਾਯਾਹ 53:1-5, ਜਾਂ ਯਸਾਯਾਹ 53:6-12।

**ਪ੍ਰਾਥਨਾ:** ਕਿਸੇ ਇੱਕ ਵਿਅਕਤੀ ਨੂੰ ਪ੍ਰਾਥਨਾ ਦੇ ਵਿੱਚ ਅਗਵਾਈ ਕਰਨੀ ਚਾਹੀਦੀ ਹੈ। ਪ੍ਰਾਥਨਾ ਦੇ ਵਿੱਚ ਇਸ ਪ੍ਰਕਾਰ ਦੇ ਬਿਆਨ ਹੋਣੇ ਚਾਹੀਦੇ ਹਨ: "ਪ੍ਰਭੂ, ਅਸੀਂ ਤੁਹਾਡੇ ਧੰਨਵਾਦੀ ਹਾਂ ਕਿ ਤੁਸੀਂ ਯਿਸੂ ਦੇ ਬਲੀਦਾਨ ਦੁਆਰਾ ਸਾਨੂੰ ਮੁਕਤੀ ਪ੍ਰਦਾਨ ਕੀਤੀ ਹੈ। ਅਸੀਂ ਉਸ ਕ੍ਰਿਪਾ ਦੇ ਤੁਹਾਡੇ ਧੰਨਵਾਦੀ ਹਾਂ ਜੋ ਤੁਸੀਂ ਸਾਨੂੰ ਖੁੱਲ੍ਹੇ ਦਿਲ ਦਿੰਦੇ ਹੋ। ਜਿਵੇਂ ਹੀ ਅਸੀਂ ਮਿਲ ਕੇ ਪ੍ਰਭੂ ਭੋਜ ਵਿੱਚ ਸਾਂਝੀ ਹੁੰਦੇ ਹਾਂ ਤਾਂ ਅਸੀਂ ਘੋਸ਼ਣਾ ਕਰਦੇ ਹਾਂ ਕਿ ਅਸੀਂ ਆਤਮਿਕ ਜੀਵਨ ਦੇ ਲਈ ਤੁਹਾਡੇ ਤੇ ਨਿਰਭਰ ਹਾਂ। ਅਸੀਂ ਵਿਸ਼ਵਾਸੀਆਂ ਦੇ ਤੌਰ ਤੇ ਮਿਲ ਕੇ ਏਕਤਾ ਨੂੰ ਵਿਖਾਉਂਦੇ ਹਾਂ। ਅਸੀਂ ਤੁਹਾਡੀ ਕ੍ਰਿਪਾ ਮੰਗਦੇ ਹਾਂ ਤਾਂ ਕਿ ਪ੍ਰਤੀਦਿਨ ਤੁਹਾਨੂੰ ਪ੍ਰਸੰਨ ਕਰ ਸਕੀਏ।"

**ਰੋਟੀ ਦਾ ਵੰਡਿਆ ਜਾਣਾ:** ਰੋਟੀ ਪਾਸਬਾਨ ਜਾਂ ਉਸਦੇ ਦੁਆਰਾ ਨਿਯੁਕਤ ਕੀਤੇ ਕਿਸੇ ਵਿਅਕਤੀ ਦੁਆਰਾ ਵੰਡੀ ਜਾ ਸਕਦੀ ਹੈ। ਉਹ ਕਹਿ ਸਕਦਾ ਹੈ, "ਇਹ ਰੋਟੀ ਮਸੀਹ ਦੀ ਉਸ ਦੇਹ ਨੂੰ ਦਰਸਾਉਂਦੀ ਹੈ, ਜੋ ਸਾਡੀ ਮੁਕਤੀ ਦੇ ਲਈ ਦਿੱਤੀ ਗਈ।" ਪ੍ਰਭੂ ਭੋਜ ਦੀ ਪੂਰੀ ਰੀਤ ਦੇ ਦੌਰਾਨ ਹਰੇਕ ਵਿਅਕਤੀ ਬਹੁਤ ਹੀ ਖਾਮੋਸ਼ ਅਤੇ ਸ਼ਰਧਾਪੂਰਵਕ ਭਾਵਨਾ ਦੇ ਵਿੱਚ ਹੋਣਾ ਚਾਹੀਦਾ ਹੈ। ਕਈ ਕਲੀਸਿਆਵਾਂ ਦੇ ਵਿੱਚ ਪਾਸਬਾਨ ਹਰੇਕ ਨੂੰ ਉਸ ਸਮੇਂ ਤੱਕ ਰੋਟੀ ਫੜ ਕੇ ਰੱਖਣ ਦੇ ਲਈ ਕਹਿੰਦਾ ਹੈ ਜਦੋਂ ਤੱਕ ਹਰੇਕ ਵਿਅਕਤੀ ਨੂੰ ਇਹ ਮਿਲ ਜਾਵੇ ਅਤੇ ਫਿਰ ਉਹ ਮਿਲ ਕੇ ਇਸਨੂੰ ਖਾਣ। ਕੁਝ ਕਲੀਸਿਆਵਾਂ ਦੇ ਵਿੱਚ, ਰੀਤ ਇਹ ਹੈ ਕਿ ਹਰੇਕ ਵਿਅਕਤੀ ਆਪਣੀ ਵਾਰੀ ਸਿਰ ਇਸਨੂੰ ਖਾ ਸਕਦਾ ਹੈ।

**ਪ੍ਰਾਥਨਾ:** ਪਾਸਬਾਨ ਜਾਂ ਉਸਦੇ ਦੁਆਰਾ ਨਿਯੁਕਤ ਕੀਤਾ ਕੋਈ ਵਿਅਕਤੀ ਪਰਮੇਸ਼ੁਰ ਦੀ ਕ੍ਰਿਪਾ ਦੇ ਲਈ ਉਸਦਾ ਧੰਨਵਾਦ ਕਰਦੇ ਹੋਏ ਪ੍ਰਾਥਨਾ ਵਿੱਚ ਅਗਵਾਈ ਕਰ ਸਕਦਾ ਹੈ।

**ਦਾਖਰਸ ਦਾ ਵੰਡਿਆ ਜਾਣਾ:** ਪਾਸਬਾਨ ਕਹਿ ਸਕਦਾ ਹੈ, "ਇਹ ਦਾਖਰਸ ਮਸੀਹ ਦੇ ਲਹੂ ਨੂੰ ਦਰਸਾਉਂਦੀ ਹੈ ਜੋ ਸਾਡੀ ਮੁਕਤੀ ਦੇ ਲਈ ਦਿੱਤਾ ਗਿਆ।" ਕੁਝ ਕਲੀਸਿਆਵਾਂ ਦੇ ਵਿੱਚ ਛੋਟੇ ਅਲੱਗ-ਅਲੱਗ ਕੱਪਾਂ ਨੂੰ ਦਿੱਤਾ ਜਾਂਦਾ ਹੈ। ਕੁਝ ਕਲੀਸਿਆਵਾਂ ਦੇ ਵਿੱਚ ਇੱਕ

ਹੀ ਪਿਆਲਾ ਵਰਤਿਆ ਜਾਂਦਾ ਹੈ। ਕੁਝ ਕਲੀਸਿਆਵਾਂ ਦੇ ਵਿੱਚ ਹਰੇਕ ਵਿਅਕਤੀ ਆਪਣੀ ਰੋਟੀ ਨੂੰ ਦਾਖਰਸ ਦੇ ਵਿੱਚ ਡੁਬਾਉਂਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਸਨੂੰ ਬਹੁਤ ਹੀ ਵਿਵਸਥਿਤ ਸ਼ਰਧਾਪੂਰਨ ਢੰਗ ਦੇ ਨਾਲ ਕੀਤਾ ਜਾਣਾ ਚਾਹੀਦਾ ਹੈ।

**ਪ੍ਰਾਥਨਾ:** ਪਾਸਬਾਨ ਜਾਂ ਉਸਦੇ ਦੁਆਰਾ ਚੁਣਿਆ ਹੋਇਆ ਕੋਈ ਵਿਅਕਤੀ ਅਰਾਧਨਾ ਦੀ ਪ੍ਰਾਥਨਾ ਦੇ ਵਿੱਚ ਅਗਵਾਈ ਕਰ ਸਕਦਾ ਹੈ।

**ਭਜਨ:** ਸਾਰਾ ਸਮੂਹ ਮਿਲ ਇੱਕ ਭਜਨ ਗਾ ਸਕਦੇ ਹਨ।

## ਸੱਤ ਸੰਖੇਪ ਕਥਨ

1. ਪ੍ਰਭੂ ਭੋਜ ਪਸਾਹ ਦੇ ਯਹੂਦੀ ਪਰਬ ਦੇ ਵਿੱਚੋਂ ਨਿੱਕਲੀ ਹੋਈ ਰੀਤ ਹੈ।
2. ਪਸਾਹ ਮਸੀਹ ਦੇ ਦੁਆਰਾ ਪ੍ਰਦਾਨ ਕੀਤੇ ਪ੍ਰਾਸਚਿੱਤ ਨੂੰ ਦਰਸਾਉਂਦਾ ਹੈ।
3. ਰੋਟੀ ਅਤੇ ਦਾਖਰਸ ਯਿਸੂ ਦੀ ਦੇਹ ਅਤੇ ਲਹੂ ਦੇ ਚਿੰਨ੍ਹ ਹਨ।
4. ਪ੍ਰਭੂ ਭੋਜ ਆਪਣੇ ਆਪ ਇਸਨੂੰ ਲੈਣ ਵਾਲੇ ਨੂੰ ਮੁਕਤੀ ਪ੍ਰਦਾਨ ਨਹੀਂ ਕਰਦਾ।
5. ਜੇਕਰ ਕੋਈ ਵਿਅਕਤੀ ਇਸਨੂੰ ਮਸੀਹ ਦੇ ਦੁਆਰਾ ਲਿਆਂਦੇ ਪ੍ਰਾਸਚਿੱਤ ਵਿੱਚ ਵਿਸ਼ਵਾਸ ਕਰਕੇ ਪ੍ਰਾਪਤ ਕਰਦਾ ਹੈ ਤਾਂ ਪ੍ਰਭੂ ਭੋਜ ਕ੍ਰਿਪਾ ਪ੍ਰਦਾਨ ਕਰ ਸਕਦਾ ਹੈ।
6. ਪ੍ਰਭੂ ਭੋਜ ਖੁੱਲ੍ਹੇ ਤੌਰ ਤੇ ਪਾਪ ਵਿੱਚ ਜਿਉਣ ਵਾਲੇ ਕਿਸੇ ਵਿਅਕਤੀ ਜਾਂ ਦੂਸਰੇ ਧਰਮ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤਾ ਜਾਣਾ ਚਾਹੀਦਾ।
7. ਇਹ ਪਾਸਬਾਨ ਦੀ ਜਿੰਮੇਵਾਰੀ ਹੈ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਵੇ ਕਿ ਪ੍ਰਭੂ ਭੋਜ ਨੂੰ ਸਹੀ ਢੰਗ ਨਾਲ ਕੀਤਾ ਜਾ ਰਿਹਾ ਹੈ।

## ਪਾਠ 11 ਦੇ ਅਸਾਇਨਮੈਂਟ

1. ਪਾਠ 11 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।

3. ਇੰਟਰਵਿਊ ਅਸਾਇਨਮੈਂਟ: ਤਿੰਨ ਵਿਸ਼ਵਾਸੀਆਂ ਦੇ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਪੁੱਛੋ ਕਿ ਉਨ੍ਹਾਂ ਦੇ ਪ੍ਰਭੂ ਭੋਜ ਦਾ ਕੀ ਮਹੱਤਵ ਹੈ। ਇਸਦਾ ਸੰਖੇਪ ਦੇ ਵਿੱਚ ਸਾਰ ਲਿਖੋ।

# ਪਾਠ 12

# ਕਲੀਸਿਆਈ ਅਨੁਸ਼ਾਸਨ

## ਜਾਣ-ਪਛਾਣ

ਪਾਠ 3 ਦੇ ਵਿੱਚ ਅਸੀਂ ਸਥਾਨਕ ਕਲੀਸਿਆ ਦੀ ਪਰਿਭਾਸ਼ਾ ਦੇ ਬਾਰੇ ਵੇਖਿਆ ਸੀ:

> ਸਥਾਨਕ ਕਲੀਸਿਆ ਵਿਸ਼ਵਾਸੀਆਂ ਦਾ ਇੱਕ ਅਜਿਹਾ ਸਮੂਹ ਹੈ ਜੋ ਆਤਮਿਕ ਪਰਿਵਾਰ ਅਤੇ ਵਿਸ਼ਵਾਸ ਦੇ ਸਮੁਦਾਏ ਦੇ ਤੌਰ ਤੇ ਕੰਮ ਕਰਦਾ ਹੈ; ਜੋ ਹਰੇਕ ਤੌਬਾ ਕਰਨ ਵਾਲੇ ਨੂੰ ਸ਼ੁਭਸਮਾਚਾਰ ਅਤੇ ਸੰਗਤੀ ਪ੍ਰਦਾਨ ਕਰਦਾ ਹੈ; ਬਪਤਿਸਮੇ ਅਤੇ ਪ੍ਰਭੂ ਭੋਜ ਨੂੰ ਕਰਦਾ ਹੈ; ਅਰਾਧਨਾ, ਸੰਗਤੀ, ਸ਼ੁਭਸਮਾਚਾਰ ਪ੍ਰਚਾਰ ਅਤੇ ਚੇਲ੍ਹੇ ਬਣਾਉਣ ਦੇ ਵਿੱਚ ਸਹਿਯੋਗ ਦਿੰਦਾ ਹੈ; ਪਵਿੱਤਰ ਆਤਮਾ ਦੇ ਵਰਦਾਨਾਂ ਦੁਆਰਾ ਮਸੀਹ ਦੀ ਦੇਹ ਦੇ ਕੰਮ ਨੂੰ ਪੂਰਿਆਂ ਕਰਦਾ ਹੈ; ਪਰਮੇਸ਼ੁਰ ਦੇ ਵਚਨ ਦੇ ਪ੍ਰਤੀ ਸਮਰਪਿਤ ਹੈ; ਬਾਈਬਲ ਸਿਧਾਂਤਾਂ ਅਨੁਸਾਰ ਏਕਤਾ ਬਣਾਈ ਰੱਖਦਾ ਹੈ, ਕ੍ਰਿਪਾ ਦਾ ਅਨੁਭਵ ਕਰਦਾ ਹੈ ਅਤੇ ਆਤਮਾ ਦਾ ਜੀਵਨ ਜਿਉਂਦਾ ਹੈ।

ਹੁਣ ਆਉ ਅਸੀਂ ਕਲੀਸਿਆਈ ਅਨੁਸ਼ਾਸਨ ਦੀ ਪਰਿਭਾਸ਼ਾ ਬਾਰੇ ਵਿਚਾਰ ਕਰੀਏ।

**ਕਲੀਸਿਆਈ ਅਨੁਸ਼ਾਸਨ ਦੀ ਪਰਿਭਾਸ਼ਾ**

ਕਲੀਸਿਆਈ ਅਨੁਸ਼ਾਸਨ ਕਲੀਸਿਆ ਦੇ ਦੁਆਰਾ ਮਿਲ ਕੇ ਕਿਸੇ ਮੈਂਬਰ ਦੁਆਰਾ ਕੀਤੇ ਪਾਪ ਦੇ ਪ੍ਰਤੀ ਪ੍ਰਤੀਕਿਰਿਆ ਕਰਨਾ ਹੈ, ਜਿਸਦਾ ਉਦੇਸ਼ ਕਲੀਸਿਆ ਦੀ ਏਕਤਾ ਨੂੰ ਬਚਾਉਣਾ, ਸਚਿਆਈ ਦੇ ਲਈ ਖੜੇ ਹੋਣਾ, ਕਲੀਸਿਆ ਨੂੰ ਗ਼ਲਤ ਪ੍ਰਭਾਵ ਤੋਂ ਬਚਾਉਣਾ, ਅਤੇ ਪਾਪੀ ਨੂੰ ਮੁਕਤੀ ਅਤੇ ਸੰਗਤੀ ਦੇ ਵਿੱਚ ਦੁਬਾਰਾ ਵਾਪਿਸ ਲੈ ਕੇ ਆਉਣਾ ਹੈ।

► ਹੁਣ ਤੁਸੀਂ ਕਲੀਸਿਆ ਅਤੇ ਕਲੀਸਿਆਈ ਅਨੁਸ਼ਾਸਨ ਦੀ ਪਰਿਭਾਸ਼ਾ ਨੂੰ ਵੇਖੋ। ਇਹ ਵਿਚਾਰ ਕਰਦੇ ਹੋਏ ਕਿ ਕਲੀਸਿਆ ਕੀ ਹੈ, ਕਲੀਸਿਆਈ ਅਨੁਸ਼ਾਸਨ ਦੀ ਜਰੂਰਤ ਬਾਰੇ ਵਿਆਖਿਆ ਕਰੋ।

## ਕਲੀਸਿਆ ਅਨੁਸ਼ਾਸਨ ਦੀ ਜਰੂਰਤ

ਜਦੋਂ ਕਲੀਸਿਆ ਦਾ ਇੱਕ ਮੈਂਬਰ ਪਾਪ ਦੇ ਵਿੱਚ ਵਾਪਿਸ ਚਲਾ ਜਾਂਦਾ ਹੈ ਪਰ ਫਿਰ ਵੀ ਕਲੀਸਿਆ ਦੇ ਵਿੱਚ ਆਉਂਦਾ ਰਹਿੰਦਾ ਹੈ ਤਾਂ ਕੀ ਹੁੰਦਾ ਹੈ? ਕੀ ਹੋਵੇਗਾ ਜੇਕਰ ਕਲੀਸਿਆ ਦਾ ਕੋਈ ਮੈਂਬਰ ਕਲੀਸਿਆ ਦੇ ਮੁੱਢਲੇ ਧਰਮ ਸਿਧਾਂਤਾਂ ਨੂੰ ਨਹੀਂ ਮੰਨਦਾ ਅਤੇ ਗ਼ਲਤ

ਧਰਮ ਸਿਧਾਂਤਾਂ ਨੂੰ ਸਿਖਾਉਂਦਾ ਹੈ? ਕੀ ਹੋਵੇਗਾ ਜੇਕਰ ਕਿਸੇ ਮੈਂਬਰ ਨੇ ਕਿਸੇ ਵਿਅਕਤੀ ਦੇ ਵਿਰੁੱਧ ਕੁਝ ਗ਼ਲਤ ਕੀਤਾ ਹੈ ਅਤੇ ਉਹ ਇਸ ਗੱਲ ਨੂੰ ਮੰਨਣ ਦੇ ਲਈ ਤਿਆਰ ਨਹੀਂ ਹੈ?

ਕੁਝ ਕਲੀਸਿਆਵਾਂ ਨੂੰ ਯਿਸੂ ਜੀ ਦੇ ਦੁਆਰਾ ਸਖ਼ਤੀ ਦੇ ਨਾਲ ਝਿੜਕਿਆ ਗਿਆ ਕਿਉਂਕਿ ਉਹ ਕਲੀਸਿਆਈ ਅਨੁਸ਼ਾਸਨ ਦੇ ਵਿੱਚ ਅਸਫਲ ਹੋ ਗਏ ਸਨ। ਪਰਗਮੁਮ ਦੀ ਕਲੀਸਿਆ ਦੇ ਵਿੱਚ ਝੂਠੇ ਸਿੱਖਿਅਕ ਸਨ ਜਿੰਨ੍ਹਾਂ ਨੂੰ ਬਾਹਰ ਕੱਢ ਦੇਣਾ ਚਾਹੀਦਾ ਸੀ (ਪਰਕਾਸ਼ ਦੀ ਪੋਥੀ 2:14-16)। ਥੁਆਤੀਰਾ ਦੀ ਕਲੀਸਿਆ ਦੇ ਵਿੱਚ ਇੱਕ ਔਰਤ ਹੈ ਜਿਸਨੂੰ ਯਿਸੂ ਨੇ ਈਜ਼ਬਲ ਕਿਹਾ, ਜੋ ਲੋਕਾਂ ਨੂੰ ਵਿਭਚਾਰ ਅਤੇ ਮੂਰਤੀ ਪੂਜਾ ਦੇ ਵਿੱਚ ਲੈ ਕੇ ਜਾ ਰਹੀ ਸੀ; ਇਸ ਲਈ, ਪ੍ਰਭੂ ਨੇ ਉਸ ਕਲੀਸਿਆ ਨੂੰ ਝਿੜਕਿਆ (ਪਰਕਾਸ਼ ਦੀ ਪੋਥੀ 2:20)।

ਬਾਈਬਲ ਸਾਨੂੰ ਦੱਸਦੀ ਹੈ ਕਿ ਹਨ੍ਹੇਰੇ ਅਤੇ ਚਾਨਣ ਦਾ ਕੋਈ ਮੇਲ ਨਹੀਂ ਹੈ, ਨਾ ਦੂਸਰੇ ਦੇਵਤਿਆਂ ਦੀ ਸੇਵਾ ਕਰਨ ਵਾਲਿਆਂ ਅਤੇ ਮਸੀਹ ਦੀ ਸੇਵਾ ਕਰਨ ਵਾਲਿਆਂ ਦੇ ਵਿੱਚਕਾਰ ਕੋਈ ਸੰਗਤੀ ਹੋ ਸਕਦੀ ਹੈ (੨ ਕੁਰਿੰਥੀਆਂ ਨੂੰ 6:14-15)।

ਇੱਥੇ ਅਸੀਂ ਚਾਰ ਕਾਰਨਾਂ ਨੂੰ ਵੇਖਾਂਗੇ ਕਿ ਕਲੀਸਿਆਈ ਅਨੁਸ਼ਾਸਨ ਕਿਉਂ ਜਰੂਰੀ ਹੈ। ਇਸ ਪਾਠ ਦੇ ਵਿੱਚ ਅੱਗੇ ਜਾ ਕੇ ਅਸੀਂ ਇੰਨ੍ਹਾਂ ਕਾਰਨਾਂ ਦੇ ਆਤਮਿਕ ਸਮਰਥਨ ਦੇ ਬਾਰੇ ਵੇਖਾਂਗੇ, ਪਰ ਇੱਥੇ ਅਸੀਂ ਉਨ੍ਹਾਂ ਨੂੰ ਆਸਾਨੀ ਦੇ ਨਾਲ ਸਿੱਖਣ ਦੇ ਲਈ ਸੰਖੇਪ ਵਿੱਚ ਦੱਸ ਰਹੇ ਹਾਂ।

1. **ਕਲੀਸਿਆਈ ਅਨੁਸ਼ਾਸਨ ਜਰੂਰੀ ਹੈ ਕਿਉਂਕਿ ਕਲੀਸਿਆ ਦੇ ਵਿੱਚ ਏਕਤਾ ਹੋਣੀ ਬਹੁਤ ਜਰੂਰੀ ਹੈ।** ਕਲੀਸਿਆ ਦੀ ਏਕਤਾ ਬਾਈਬਲ ਦੇ ਸਿਧਾਂਤਾਂ ਅਤੇ ਆਤਮਾ ਦੇ ਜੀਵਨ ਤੇ ਨਿਰਭਰ ਕਰਦੀ ਹੈ। ਕਲੀਸਿਆ ਦੀ ਪਰਿਭਾਸ਼ਾ ਦਰਸਾਉਂਦੀ ਹੈ ਕਿ ਕਲੀਸਿਆ ਦੇ ਮੈਂਬਰਾਂ ਦਾ ਆਤਮਿਕ ਸੰਗਤੀ ਦੇ ਵਿੱਚ ਹੋਣਾ ਕਿੰਨਾ ਮਹੱਤਵਪੂਰਨ ਹੈ। ਉਹ ਸੰਗਤੀ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਸੰਬੰਧ ਅਤੇ ਕ੍ਰਿਪਾ ਦੇ ਅਨੁਭਵ ਤੇ ਆਧਾਰਿਤ ਹੈ। ਜੇਕਰ ਕੋਈ ਵਿਅਕਤੀ ਆਪਣਾ ਆਤਮਿਕ ਜੀਵਨ ਗੁਆ ਚੁੱਕਾ ਹੈ, ਤਾਂ ਉਹ ਮਸੀਹੀ ਸੰਗਤੀ ਨਹੀਂ ਰੱਖ ਸਕਦਾ। ਜੇਕਰ ਕੋਈ ਮੈਂਬਰ ਸਚਿਆਈ ਨੂੰ ਸਵੀਕਾਰ ਕਰਨ, ਪਾਪ ਤੋਂ ਤੋਬਾ ਕਰਨ, ਜਾਂ ਗਲਤੀ ਦਾ ਇਕਰਾਰ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਹੁਣ ਉਹ ਕਲੀਸਿਆ ਦੇ ਨਾਲ ਏਕਤਾ ਵਿੱਚ ਨਹੀਂ ਹੈ।

2. **ਕਲੀਸਿਆਈ ਅਨੁਸ਼ਾਸਨ ਜਰੂਰੀ ਹੈ ਕਿਉਂਕਿ ਕਲੀਸਿਆ ਨੂੰ ਸਚਿਆਈ ਦਾ ਸਮਰਥਨ ਕਰਨਾ ਚਾਹੀਦਾ ਹੈ।** ਕਿਸੇ ਮੈਂਬਰ ਨੂੰ ਪਾਪ ਦੇ ਵਿੱਚ ਲਗਾਤਾਰ ਬਣੇ ਰਹਿਣ ਦੀ ਪ੍ਰਵਾਨਗੀ ਦੇਣਾ ਸਚਿਆਈ ਦਾ ਸਮਰਥਨ ਕਰਨ ਦੇ ਵਿੱਚ ਅਸਫਲ ਹੋਣਾ ਹੈ। ਜੇਕਰ ਕਲੀਸਿਆ ਦੇ ਮੈਂਬਰ ਹੀ ਸਚਿਆਈ ਤੇ ਨਹੀਂ ਚੱਲਦੇ ਹਨ ਤਾਂ ਫਿਰ ਕਲੀਸਿਆ ਸੰਸਾਰ ਦੇ ਸਾਹਮਣੇ ਸਚਿਆਈ ਦੇ ਲਈ ਖੜੀ ਨਹੀਂ ਹੋ ਸਕਦੀ।

> "ਮਸੀਹ ਦੀ ਕਲੀਸਿਆ ਦੀ ਸਰਕਾਰ ਸੰਸਾਰਿਕ ਸਰਕਾਰਾਂ ਨਾਲੋਂ ਪੂਰੀ ਤਰ੍ਹਾਂ ਅਲੱਗ ਹੈ। ਇਹ ਨੀਂ ਹਲੀਮੀ ਅਤੇ ਭਾਈਚਾਰਕ ਪਿਆਰ ਤੇ ਰੱਖੀ ਹੁੰਦੀ ਹੈ: ਜੋ ਮਸੀਹ ਤੋਂ ਆਉਂਦਾ ਹੈ, ਜੋ ਕਲੀਸਿਆ ਦਾ ਸਿਰ ਹੈ ਅਤੇ ਇਸਨੂੰ ਸਦਾ ਉਸਦੇ ਸਿਧਾਂਤਾਂ ਅਤੇ ਆਤਮਾ ਦੇ ਦੁਆਰਾ ਚਲਾਇਆ ਜਾਂਦਾ ਹੈ।
>
> -ਆਡਮ ਕਲਾਰਕ,
> *ਕ੍ਰਿਸਚਨ ਥਿਓਲੋਜੀ*

3. **ਕਲੀਸਿਆਈ ਅਨੁਸ਼ਾਸਨ ਇਸ ਲਈ ਜਰੂਰੀ ਹੈ ਤਾਂ ਕਿ ਕਲੀਸਿਆ ਦੇ ਲੋਕਾਂ ਨੂੰ ਗ਼ਲਤ ਪ੍ਰਭਾਵ ਤੋਂ ਬਚਾਇਆ ਜਾ ਸਕੇ।** ਜੇਕਰ ਕਲੀਸਿਆ ਦਾ ਕੋਈ ਮੈਂਬਰ ਸਪੱਸ਼ਟ ਪਾਪ ਦੇ ਵਿੱਚ ਹੈ ਅਤੇ ਫਿਰ ਵੀ ਉਸਦਾ ਇੱਕ ਮਸੀਹੀ ਦੇ ਵੱਜੋਂ ਆਦਰ ਕੀਤਾ ਜਾਂਦਾ ਹੈ ਤਾਂ ਕਲੀਸਿਆ ਦੇ ਬਾਕੀ ਮੈਂਬਰ ਵੀ ਇਹੀ ਕੰਮ ਕਰਨ ਦੇ ਲਈ ਪਰਤਾਏ ਜਾਣਗੇ।

4. **ਕਲੀਸਿਆਈ ਅਨੁਸ਼ਾਸਨ ਪਾਪ ਦੇ ਵਿੱਚ ਡਿੱਗੇ ਮੈਂਬਰਾਂ ਨੂੰ ਮੁੜ-ਬਹਾਲ ਕਰਨ ਦੇ ਲਈ ਜਰੂਰੀ ਹੈ।** ਜੇਕਰ ਕਲੀਸਿਆ ਦਾ ਕੋਈ ਮੈਂਬਰ ਪਾਪ ਦੇ ਵਿੱਚ ਹੈ ਅਤੇ ਉਸਦੀ ਤਾੜਣਾ ਨਹੀਂ ਕੀਤੀ ਜਾਂਦੀ, ਤਾਂ ਉਸਦੇ ਤੋਬਾ ਕਰਨ ਦੀ ਸੰਭਾਵਨਾ ਘੱਟ ਹੋਵੇਗੀ। ਜੇਕਰ ਉਸਦੀ ਤਾੜਣਾ ਕੀਤੀ ਜਾਂਦੀ ਹੈ ਤਾਂ ਉਹ ਗੁੱਸੇ ਹੋ ਸਕਦਾ ਹੈ, ਪਰ ਇਸ ਗੱਲ ਦੀ ਸੰਭਾਵਨਾ ਹੁੰਦੀ ਹੈ ਕਿ ਉਹ ਬਾਅਦ ਦੇ ਵਿੱਚ ਤੋਬਾ ਕਰ ਲਵੇ।

ਸਜ਼ਾ ਦੇਣਾ ਕਲੀਸਿਆਈ ਅਨੁਸ਼ਾਸਨ ਦਾ ਕਾਰਨ ਨਹੀਂ ਹੈ। ਸਜ਼ਾ ਦੇਣਾ ਕਲੀਸਿਆ ਦੀ ਜਿੰਮੇਵਾਰੀ ਨਹੀਂ ਹੈ। ਸਿਰਫ਼ ਪਰਮੇਸ਼ੁਰ ਹੀ ਪਾਪ ਦੇ ਲਈ ਸਜ਼ਾ ਦੇ ਸਕਦਾ ਹੈ। ਕਲੀਸਿਆ ਦੁਆਰਾ ਕੀਤੇ ਜਾਣ ਵਾਲੀ ਕਾਰਵਾਈ ਸਜ਼ਾ ਨਹੀਂ ਪਰ ਸੁਧਾਰ ਦੇ ਲਈ ਹੋਣੀ ਚਾਹੀਦੀ ਹੈ।

► ਜੇਕਰ ਕਲੀਸਿਆ ਕਿਸੇ ਖੁੱਲ੍ਹੇਆਮ ਪਾਪ ਕਰਨ ਵਾਲੇ ਮੈਂਬਰ ਤੇ ਕਲੀਸਿਆਈ ਅਨੁਸ਼ਾਸਨ ਦਾ ਅਭਿਆਸ ਕਰਨ ਦੇ ਵਿੱਚ ਅਸਫਲ ਹੋ ਜਾਂਦੀ ਹੈ ਤਾਂ ਇਸਦਾ ਕੀ ਨਤੀਜਾ ਹੋਵੇਗਾ?

## ਕਲੀਸਿਆਈ ਅਨੁਸ਼ਾਸਨ ਦੇ ਬਾਰੇ ਯਿਸੂ ਦੇ ਵੱਲੋਂ ਹਦਾਇਤਾਂ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਮੱਤੀ 18:15-20 ਪੜਣਾ ਚਾਹੀਦਾ ਹੈ।

ਯਿਸੂ ਨੇ ਵਿਸ਼ਵਾਸੀਆਂ ਦੇ ਵਿਚਾਲੇ ਹੋਣ ਵਾਲੇ ਝਗੜੇ ਦੇ ਨਾਲ ਨਜਿੱਠਣ ਦੇ ਬਾਰੇ ਹਦਾਇਤਾਂ ਦਿੱਤੀ। ਜੇਕਰ ਕੋਈ ਵਿਸ਼ਵਾਸੀ ਸੋਚਦਾ ਹੈ ਕਿ ਕਿਸੇ ਨੇ ਉਸਦੇ ਨਾਲ ਗ਼ਲਤ ਕੀਤਾ ਹੈ, ਤਾਂ ਉਸਨੂੰ ਉਸ ਵਿਅਕਤੀ ਦੇ ਨਾਲ ਨਿੱਜੀ ਤੌਰ ਤੇ ਗੱਲ ਕਰਨੀ ਚਾਹੀਦੀ ਹੈ। ਜਿਆਦਾਤਰ ਸਮੱਸਿਆਵਾਂ ਇਸੇ ਬਿੰਦੂ ਤੇ ਹੱਲ ਹੋ ਜਾਂਦੀਆਂ ਹਨ। ਜਿਆਦਾਤਰ ਮੁੱਦਿਆਂ ਦੇ ਵਿੱਚ ਸਮੱਸਿਆ ਸਿਰਫ਼ ਕਿਸੇ ਗ਼ਲਤਫਹਿਮੀ ਦੇ ਕਾਰਨ ਹੀ ਪੈਦਾ ਹੋਈ ਹੁੰਦੀ ਹੈ। ਜੇਕਰ ਦੋ ਵਿਸ਼ਵਾਸੀ ਇਮਾਨਦਾਰ ਅਤੇ ਹਲੀਮ ਹੁੰਦੇ ਹਨ, ਤਾਂ ਉਹ ਆਪਣੀ ਸਮੱਸਿਆ ਨੂੰ ਆਪਸ ਦੇ ਵਿੱਚ ਸੁਲਝਾ ਲੈਂਦੇ ਹਨ।

ਵਿਸ਼ਵਾਸੀਆਂ ਦੇ ਵਿੱਚਕਾਰ ਆਪਸੀ ਸੰਬੰਧ ਬਹੁਤ ਕੀਮਤੀ ਹੁੰਦੇ ਹਨ। ਜੇਕਰ ਕੋਈ ਵਿਅਕਤੀ ਇਹ ਮੰਨਦਾ ਹੈ ਕਿ ਕਿਸੇ ਹੋਰ ਨੇ ਉਸ ਨਾਲ ਬੁਰਾ ਕੀਤਾ ਹੈ, ਤਾਂ ਇਸਦੇ ਨਾਲ ਸੰਬੰਧ ਖਰਾਬ ਹੋ ਜਾਂਦਾ ਹੈ। ਉਸਨੂੰ ਹਲੀਮੀ ਅਤੇ ਦਿਆਲਤਾ ਨਾਲ ਗਲਤ ਕਰਨ ਵਾਲੇ ਕੋਲ ਜਾਣਾ ਚਾਹੀਦਾ ਹੈ ਅਤੇ ਵਿਖਾਉਣਾ ਚਾਹੀਦਾ ਹੈ ਕਿ ਉਸਦੇ ਲਈ ਇਹ ਸੰਬੰਧ ਬਹੁਤ ਮਹੱਤਵਪੂਰਨ ਹੈ। ਉਹ ਕੁਝ ਇਸ ਤਰ੍ਹਾਂ ਕਹਿ ਸਕਦਾ ਹੈ: "ਭਰਾ, ਮੈਂ ਕਲੀਸਿਆ ਦੇ ਵਿੱਚ ਤੁਹਾਡੇ ਦੁਆਰਾ ਆਉਣ ਵਾਲੀ ਬਰਕਤ ਦੀ ਕਦਰ ਕਰਦਾ ਹਾਂ। ਤੁਸੀਂ ਇੱਕ ਮਹੱਤਵਪੂਰਨ ਦੋਸਤ ਹੋ। ਪਰ ਮੈਂ ਚਿੰਤਤ ਹਾਂ ਕਿਉਂਕਿ ਮੈਨੂੰ ਲੱਗਦਾ ਹੈ ਕਿ ਤੁਸੀਂ ਮੇਰੇ ਨਾਲ ਬੁਰਾ ਕੀਤਾ ਹੈ। ਮੈਂ ਤੁਹਾਡੇ ਨਾਲ ਇਸ ਬਾਰੇ ਸਿਰਫ਼ ਇਸੇ ਕਾਰਨ ਗੱਲ ਕਰ ਰਿਹਾ ਹਾਂ ਕਿਉਂਕਿ ਮੈਂ ਚਾਹੁੰਦਾ ਹਾਂ ਕਿ ਸਾਡਾ ਸੰਬੰਧ ਸਹੀ ਹੋ ਜਾਵੇ।" ਉਸਨੇ ਜੋ ਗ਼ਲਤ ਕੀਤਾ

ਉਸਦੇ ਬਾਰੇ ਦੱਸੋ, ਪਰ ਧਿਆਨ ਰੱਖੋ ਕਿ ਤੁਸੀਂ ਬਹੁਤ ਕਠੋਰ ਨਾ ਹੋਵੋ ਅਤੇ ਦੋਸ਼ ਨਾ ਲਗਾਓ। ਸੁਣਨ ਅਤੇ ਸਮਝਣ ਲਈ ਤਿਆਰ ਰਹੋ। ਮਾਫ਼ ਕਰਨ ਲਈ ਤਿਆਰ ਰਹੋ।

ਯਿਸੂ ਦੀਆਂ ਹਦਾਇਤਾਂ ਦੇ ਅਨੁਸਾਰ ਜੇਕਰ ਕਿਸੇ ਨੇ ਸੱਚਮੁੱਚ ਕੁਝ ਗ਼ਲਤ ਕੀਤਾ ਹੈ ਅਤੇ ਉਹ ਇਸ ਗੱਲ ਨੂੰ ਮੰਨਦਾ ਵੀ ਨਹੀਂ ਹੈ, ਤਾਂ ਦੂਸਰੇ ਵਿਸ਼ਵਾਸੀ ਨੂੰ ਇੱਕ ਜਾਂ ਦੋ ਹੋਰ ਵਿਸ਼ਵਾਸੀ ਨਾਲ ਲੈ ਕੇ ਉਸਦੇ ਨਾਲ ਗੱਲ ਕਰਨੀ ਚਾਹੀਦੀ ਹੈ। ਇੱਕ ਵਾਰ ਫਿਰ ਤੋਂ ਗ਼ਲਤ ਕਰਨ ਵਾਲੇ ਨੂੰ ਇਸ ਗੱਲ ਤੇ ਜ਼ੋਰ ਦੇਣਾ ਹੈ ਕਿ ਉਸਦੇ ਨਾਲ ਪਿਆਰ ਹੈ ਅਤੇ ਇਹ ਸੰਬੰਧ ਮਹੱਤਵਪੂਰਨ ਹੈ।

ਜੇਕਰ ਗ਼ਲਤ ਕਰਨ ਵਾਲਾ ਅਜੇ ਵੀ ਆਪਣੀ ਗ਼ਲਤੀ ਨਹੀਂ ਮੰਨਦਾ, ਤਾਂ ਉਸਦੇ ਬਾਰੇ ਕਲੀਸਿਆ ਦੇ ਆਗੂਆਂ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਉਸਦੇ ਨਾਲ ਗੱਲ ਕਰਨੀ ਚਾਹੀਦੀ ਹੈ। ਜੇਕਰ ਉਹ ਹੁਣ ਵੀ ਸੁਣਨ ਤੋਂ ਇਨਕਾਰ ਕਰਦਾ ਹੈ, ਤਾਂ ਕਲੀਸਿਆ ਨੂੰ ਮਿਲ ਕੇ ਉਸਨੂੰ ਅਵਿਸ਼ਵਾਸੀ ਮੰਨ ਲੈਣਾ ਚਾਹੀਦਾ ਹੈ।

ਕਿਸੇ ਵਿਅਕਤੀ ਨੂੰ ਅਵਿਸ਼ਵਾਸੀ ਮੰਨਣ ਤੋਂ ਭਾਵ ਉਸਦੇ ਨਾਲ ਦੁਰਵਿਵਹਾਰ ਕਰਨਾ ਨਹੀਂ ਹੈ। ਇਸਦਾ ਅਰਥ ਹੈ ਕਿ ਉਹ ਅੱਗੇ ਤੋਂ ਕਲੀਸਿਆ ਜਾਂ ਕਲੀਸਿਆ ਦੀ ਕਿਸੇ ਵੀ ਹੋਰ ਸੇਵਕਾਈ ਦੇ ਵਿੱਚ ਸਾਂਝੀ ਹੋਣ ਵਾਲਾ ਮੈਂਬਰ ਨਹੀਂ ਹੈ। ਉਹ ਪ੍ਰਭੂ ਭੋਜ ਨਹੀਂ ਲੈ ਸਕਦਾ ਕਿਉਂਕਿ ਹੁਣ ਉਸਨੂੰ ਪਰਾਈ ਕੌਮ ਦਾ ਮੰਨਿਆ ਜਾਂਦਾ ਹੈ (ਵਚਨ 17)। ਕਲੀਸਿਆ ਉਸਨੂੰ ਜਾਣਕਾਰੀ ਦੇ ਸਕਦੀ ਹੈ ਕਿ ਹੁਣ ਉਹ ਉਸਨੂੰ ਇੱਕ ਵਿਸ਼ਵਾਸੀ ਨਹੀਂ ਮੰਨਦੇ ਹਨ ਅਤੇ ਉਹ ਉਸਦੇ ਤੋਬਾ ਕਰਨ ਦੇ ਲਈ ਪ੍ਰਾਥਨਾ ਕਰ ਰਹੇ ਹਨ।

ਇੰਨ੍ਹਾਂ ਸਾਰੀਆਂ ਹਦਾਇਤਾਂ ਦੇ ਬਾਅਦ, ਯਿਸੂ ਨੇ ਮਾਫੀ ਦੇ ਬਾਰੇ ਸਬਕ ਸਿਖਾਏ (ਮੱਤੀ 18:21-35)। ਜੇਕਰ ਕੋਈ ਵਿਅਕਤੀ ਆਪਣੀ ਗ਼ਲਤੀ ਮੰਨ ਕੇ ਤੋਬਾ ਕਰਦਾ ਹੈ, ਤਾਂ ਸਾਨੂੰ ਮਾਫ਼ ਕਰਨ ਦੇ ਲਈ ਤਿਆਰ ਹੋਣਾ ਚਾਹੀਦਾ ਹੈ।

► ਜਦੋਂ ਤੁਸੀਂ ਸੰਬੰਧ ਨੂੰ ਮੁੜ-ਬਹਾਲ ਕਰਨ ਦਾ ਯਤਨ ਕਰਦੇ ਹੋ ਤਾਂ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਨਾਲ ਕਿਵੇਂ ਗੱਲ ਕਰੋਗੇ ਜਿਸਨੇ ਤੁਹਾਡੇ ਨਾਲ ਗ਼ਲਤ ਕੀਤਾ ਹੈ?

### ਕਲੀਸਿਆਈ ਅਨੁਸ਼ਾਸਨ ਦੇ ਬਾਰੇ ਪੌਲੁਸ ਦੀਆਂ ਹਦਾਇਤਾਂ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 5 ਪੜ੍ਹਣਾ ਚਾਹੀਦਾ ਹੈ। ਪੌਲੁਸ ਨੇ ਇਸ ਅਧਿਆਏ ਦੇ ਵਿੱਚ ਕਿਸ ਹਾਲਾਤ ਨੂੰ ਸੰਬੋਧਿਤ ਕੀਤਾ ਹੈ?

ਪੌਲੁਸ ਰਸੂਲ ਨੇ ਕੁਰਿੰਥੁਸ ਦੀ ਕਲੀਸਿਆ ਦੇ ਇੱਕ ਮੁੱਦੇ ਦੇ ਬਾਰੇ ਕਲੀਸਿਆਈ ਅਨੁਸ਼ਾਸਨ ਦੇ ਲਈ ਹਦਾਇਤਾਂ ਦਿੱਤੀਆਂ। ਉਸ ਕਲੀਸਿਆ ਦੇ ਵਿੱਚ ਇੱਕ ਮੈਂਬਰ ਵਿਭਚਾਰੀ ਸੰਬੰਧ ਦੇ ਵਿੱਚ ਸੀ।

ਪੌਲੁਸ ਨੇ ਕਿਹਾ ਕਿ ਕਲੀਸਿਆ ਦਾ ਅਨੁਸ਼ਾਸਨ ਉਨ੍ਹਾਂ ਲੋਕਾਂ ਦੇ ਲਈ ਨਹੀਂ ਹੈ ਜੋ ਕਲੀਸਿਆ ਤੋਂ ਬਾਹਰ ਹਨ, ਪਰ ਇਹ ਮੈਂਬਰਾਂ ਦੇ ਲਈ ਹੈ (11-12)। ਕਲੀਸਿਆ ਨੇ ਮਿਲ ਕੇ ਕਾਰਵਾਈ ਕਰਨੀ ਸੀ ("ਜਦ...ਤੁਸੀਂ...ਇੱਕਠੇ ਹੋਏ")। ਉਨ੍ਹਾਂ ਨੂੰ ਇਸ ਵਿਅਕਤੀ ਨੂੰ ਆਪਣੀ ਸੰਗਤੀ ਤੋਂ ਬਾਹਰ ਕੱਢਣਾ ਸੀ।

ਜੇਕਰ ਇੱਕ ਅਜਿਹਾ ਵਿਅਕਤੀ ਕਲੀਸਿਆ ਦੇ ਵਿੱਚ ਭਰਾ ਹੈ ਵਚਨ 11 ਦੇ ਦੱਸੇ ਪਾਪ ਜਿਹੇ ਪਾਪ ਕਰ ਰਿਹਾ ਹੈ, ਤਾਂ ਮਸੀਹੀਆਂ ਨੂੰ ਉਸਦੇ ਨਾਲ ਬਿਲਕੁੱਲ ਵੀ ਸੰਗਤੀ ਨਹੀਂ ਕਰਨੀ ਚਾਹੀਦੀ। ਇਸਦਾ ਉਦੇਸ਼ ਇਹ ਹੈ ਕਿ ਉਹ ਵਿਅਕਤੀ ਸਮਝ ਲਵੇ ਕਿ ਹੁਣ ਉਹ ਮਸੀਹੀ ਨਹੀਂ ਹੈ ਅਤੇ ਸਮਾਜ ਦੇ ਲੋਕ ਵੀ ਇਸ ਜਾਣ ਲੈਣ ਕਿ ਇਹ ਵਿਅਕਤੀ ਕਲੀਸਿਆ ਦਾ ਹਿੱਸਾ ਨਹੀਂ ਹੈ। ਇਸਦੇ ਵਿੱਚ ਉਸਨੂੰ ਕਲੀਸਿਆ ਵਿੱਚ ਦਿੱਤੇ ਅਹੁਦੇ ਤੋਂ ਹਟਾਇਆ ਜਾਣਾ ਵੀ ਸ਼ਾਮਿਲ ਹੈ। ਉਸਨੂੰ ਪ੍ਰਭੂ ਭੋਜ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਹ ਇਕੱਠਿਆਂ ਰੋਟੀ ਖਾਣ ਨਾਲੋਂ ਵੀ ਨੇੜਤਾ ਦੀ ਸੰਗਤੀ ਦੀ ਮੰਗ ਕਰਦਾ ਹੈ।

ਪੌਲੁਸ ਨੇ ਇਸ ਕਾਰਵਾਈ ਦੇ ਪਿੱਛੇ ਦੋ ਟੀਚਿਆ ਦਾ ਜ਼ਿਕਰ ਕੀਤਾ। ਇੱਕ ਟੀਚਾ ਕਲੀਸਿਆ ਨੂੰ ਪਵਿੱਤਰ ਬਣਾ ਕੇ ਰੱਖਣਾ ਹੈ (6-7)। ਜੇਕਰ ਕਲੀਸਿਆ ਦੇ ਮੈਂਬਰ ਪਾਪ ਦੇ ਵਿੱਚ ਹਨ ਮੈਂਬਰਾਂ ਦਾ ਏਕਤਾ ਦੇ ਵਿੱਚ ਰਹਿਣਾ ਅਸੰਭਵ ਹੈ।

ਦੂਸਰਾ ਟੀਚਾ ਪਾਪੀ ਨੂੰ ਮੁਕਤੀ ਦੇ ਵਿੱਚ ਵਾਪਿਸ ਲਿਆਉਣਾ ਹੈ ("ਭਈ ਉਹ ਦਾ ਆਤਮਾ...ਬਚ ਜਾਏ")। ਜੇਕਰ ਕਲੀਸਿਆ ਲਗਾਤਾਰ ਪਾਪ ਵਿੱਚ ਬਣੇ ਰਹਿਣ ਵਾਲੇ ਵਿਅਕਤੀ ਦੀ ਮੈਂਬਰ ਬਣਾਈ ਰੱਖਦੀ ਹੈ, ਤਾਂ ਉਹ ਸੋਚੇਗਾ ਕਿ ਉਹ ਸਹੀ ਅਤੇ ਉਸਦੇ ਤੋਬਾ ਕਰਨ ਦੀ ਸੰਭਾਵਨਾ ਘੱਟ ਹੋਵੇਗੀ। ਜੇਕਰ ਕਲੀਸਿਆ ਅਨੁਸ਼ਾਸਨ ਦੀ ਕਾਰਵਾਈ ਕਰਦੀ ਹੈ ਤਾਂ ਉਸਦੇ ਤੋਬਾ ਕਰਨ ਦੀ ਸੰਭਾਵਨਾ ਜਿਆਦਾ ਹੋਵੇਗੀ।

ਇਸ ਕਾਰਵਾਈ ਨੂੰ "ਸ਼ਤਾਨ ਦੇ ਗੋਚਰੇ ਕਰ ਦਿੱਤਾ " ਕਿਹਾ ਗਿਆ ਹੈ। ਇੱਕ ਹੋਰ ਮੁੱਦਾ ਸੀ ਜਿਸਦੇ ਵਿੱਚ ਪੌਲੁਸ ਨੇ ਝੂਠੀ ਸਿੱਖਿਆ ਦੇਣ ਸਿੱਖਿਅਕਾਂ ਨੂੰ ਸ਼ੈਤਾਨ ਦੇ ਹਵਾਲੇ ਕੀਤਾ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 1:20)। ਪਾਪੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹ ਪਰਮੇਸ਼ੁਰ ਦੀਆਂ ਬਰਕਤਾਂ ਅਤੇ ਸੁਰੱਖਿਆ ਦੇ ਅਧੀਨ ਨਹੀਂ ਹੈ। ਉਹ ਇੱਕ ਪਾਪੀ ਦੇ ਤੌਰ ਤੇ ਕਲੀਸਿਆ ਤੋਂ ਬਾਹਰ ਹੋ ਜਾਂਦਾ ਹੈ ਤਾਂ ਉਹ ਸ਼ੈਤਾਨ ਦਾ ਦਾਸ ਬਣ ਜਾਂਦਾ ਹੈ। ਜੇਕਰ ਉਹ ਤੋਬਾ ਨਹੀਂ ਕਰਦਾ ਤਾਂ ਪਾਪ ਦਾ ਜੀਵਨ ਉਸਦਾ ਨਾਸ਼ ਕਰ ਦੇਵੇਗਾ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਤੀਤੁਸ ਨੂੰ 3:10-11 ਪੜਣਾ ਚਾਹੀਦਾ ਹੈ।

ਜੇਕਰ ਕੋਈ ਵਿਅਕਤੀ ਗ਼ਲਤ ਸਿੱਖਿਆ ਨੂੰ ਸਿਖਾ ਰਿਹਾ ਹੈ, ਤਾਂ ਕਲੀਸਿਆ ਨੂੰ ਉਸਦਾ ਸੁਧਾਰ ਕਰਨ ਦੇ ਵਿੱਚ ਦੁਹਰਾ ਯਤਨ ਕਰਨਾ ਚਾਹੀਦਾ ਹੈ। ਇਸਦੇ ਬਾਅਦ ਉਸਨੂੰ ਰੱਦ ਕਰ ਦੇਣਾ ਚਾਹੀਦਾ ਹੈ। ਬਾਈਬਲ ਸਾਨੂੰ ਦੱਸਦੀ ਹੈ ਕਿ ਇਸ ਵਿਅਕਤੀ ਨੇ ਪਹਿਲਾਂ ਤੋਂ ਹੀ ਆਪਣਾ ਵਿਵੇਕ ਅਸ਼ੁੱਧ ਕਰ ਲਿਆ ਹੈ।

ਝੂਠੀ ਸਿੱਖਿਆ ਧਰਮ ਸਿਧਾਂਤ ਦੇ ਵਿੱਚ ਛੋਟੇ ਅੰਤਰ ਨਹੀਂ ਹਨ। ਇੱਕ ਝੂਠੀ ਸਿੱਖਿਆ ਅਜਿਹਾ ਧਰਮ ਸਿਧਾਂਤ ਹੈ ਜੋ ਸ਼ੁਭਸਮਾਚਾਰ ਦੇ ਮੁੱਢਲੇ ਧਰਮ ਸਿਧਾਂਤਾਂ ਦੇ ਵਿਰੁੱਧ ਹੈ। ਸਾਨੂੰ ਜਲਦੀ ਦੇ ਨਾਲ ਕਿਸੇ ਤੇ ਝੂਠੀ ਸਿੱਖਿਆ ਦਾ ਦੋਸ਼ ਨਹੀਂ ਲਗਾਉਣਾ ਚਾਹੀਦਾ। ਹੋ

ਸਕਦਾ ਹੈ ਕਿ ਕੋਈ ਵਿਅਕਤੀ ਆਪਣੇ ਕੁਝ ਧਰਮ ਸਿਧਾਂਤਾਂ ਦੇ ਵਿੱਚ ਗ਼ਲਤ ਹੋਵੇ ਅਤੇ ਫਿਰ ਵੀ ਮਸੀਹ ਦਾ ਇੱਕ ਇਮਾਨਦਾਰ ਪੈਰੋਕਾਰ ਹੋਵੇ।

► ਥੱਸਲੁਨੀਕੀਆਂ ਨੂੰ ਦੂਜੀ ਪੱਤ੍ਰੀ 3:6, 14-15 ਨੂੰ ਵੇਖੋ। ਇੰਨਾਂ ਵਚਨਾਂ ਦੇ ਵਿੱਚ ਦਿੱਤੇ ਦਿਸ਼ਾ-ਨਿਰਦੇਸ਼ਾਂ ਨੂੰ ਵੇਖੋ।

## ਇੱਕ ਪਾਸਬਾਨ ਨੂੰ ਅਨੁਸ਼ਾਸਿਤ ਕੀਤੇ ਜਾਣਾ

ਪਾਸਬਾਨਾਂ ਦੀ ਅਕਸਰ ਆਲੋਚਣਾ ਹੁੰਦੀ ਹੈ। ਪਾਸਬਾਨ ਅਕਸਰ ਅਜਿਹੀ ਸਥਿਤੀ ਦੇ ਵਿੱਚ ਹੁੰਦੇ ਹਨ ਜਿੱਥੇ ਉਨ੍ਹਾਂ ਤੇ ਝੂਠੇ ਦੋਸ਼ ਲਗਾਏ ਜਾ ਸਕਦੇ ਹਨ। ਪਾਸਬਾਨ ਦੇ ਲਈ ਇਹ ਮਹੱਤਵਪੂਰਨ ਹੈ ਕਿ ਉਹ ਇੱਕ ਚੰਗਾ ਨਮੂਨਾ ਬਣ ਕੇ ਆਪਣੇ ਲੋਕਾਂ ਦਾ ਭਰੋਸਾ ਜਿੱਤ ਕੇ ਰੱਖੇ।

ਜਦੋਂ ਤੱਕ ਦੋ ਜਾਂ ਤਿੰਨ ਗਵਾਹ ਨਾ ਹੋਣ ਤਾਂ ਪਾਸਬਾਨ ਦੇ ਵਿਰੁੱਧ ਕਿਸੇ ਦੋਸ਼ ਨੂੰ ਨਹੀਂ ਮੰਨਿਆ ਜਾਣਾ ਚਾਹੀਦਾ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 5:19)। ਕਿਸੇ ਕਲੀਸਿਆਈ ਐਸੋਈਏਸ਼ਨ ਦੇ ਆਗੂ ਪਾਸਬਾਨ ਨੂੰ ਜੁਆਬਦੇਹ ਬਣਾਈ ਰੱਖਣ ਦੇ ਲਈ ਜਿੰਮੇਵਾਰ ਹੁੰਦੇ ਹਨ ਅਤੇ ਜੇਕਰ ਪਾਸਬਾਨ ਦੀ ਜਾਂਚ ਕਰਨੀ ਹੈ ਜਾਂ ਉਸਨੂੰ ਹਟਾਉਣਾ ਹੈ ਤਾਂ ਉਨ੍ਹਾਂ ਨੂੰ ਇਸ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ। ਜਦੋਂ ਕਲੀਸਿਆ ਦੀ ਸੇਵਕਾਈ ਤੇ ਸਵਾਲ ਉਠਾਏ ਜਾਂਦੇ ਹਨ ਤਾਂ ਉਹ ਕਲੀਸਿਆ ਨੂੰ ਬਣਾਈ ਰੱਖਣ ਦੇ ਵਿੱਚ ਸਹਾਇਤਾ ਕਰ ਸਕਦੇ ਹਨ।

► ਕਿਸੇ ਪਾਸਬਾਨ ਦਾ ਪਾਪ ਕਿਉਂ ਜਿਆਦਾ ਗੰਭੀਰ ਹੁੰਦਾ ਹੈ?

## ਮੁੜ-ਬਹਾਲੀ ਦੀ ਪ੍ਰਕਿਰਿਆ

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਲੀਸਿਆਈ ਅਨੁਸ਼ਾਸਨ ਦਾ ਇੱਕ ਟੀਚਾ ਮੈਂਬਰ ਨੂੰ ਮੁਕਤੀ ਅਤੇ ਸੰਗਤੀ ਵਿੱਚ ਮੁੜ-ਬਹਾਲ ਕਰਨਾ ਹੈ। ਕਲੀਸਿਆ ਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਨਹੀਂ ਹੈ ਕਿ ਪਾਪ ਕਰਨ ਵਾਲੇ ਮੈਂਬਰ ਨੂੰ ਕਾਫ਼ੀ ਸਜ਼ਾ ਦਿੱਤੀ ਗਈ ਸੀ। ਜਦੋਂ ਕੋਈ ਮੈਂਬਰ ਆਪਣੇ ਪਾਪ ਨੂੰ ਸਵੀਕਾਰ ਕਰ ਲੈਂਦਾ ਹੈ ਅਤੇ ਇਸ ਤੋਂ ਤੋਬਾ ਕਰਦਾ ਹੈ, ਤਾਂ ਕਲੀਸਿਆ ਦੇ ਕੋਲ ਉਸਦੀ ਮੁੜ-ਬਹਾਲੀ ਲਈ ਇੱਕ ਪ੍ਰਕਿਰਿਆ ਹੋਣੀ ਚਾਹੀਦੀ ਹੈ।

ਕੁਝ ਪਾਪਾਂ ਦੇ ਮਾਮਲਿਆਂ ਵਿੱਚ, ਜੇਕਰ ਮੈਂਬਰ ਤੁਰੰਤ ਆਪਣੀ ਗਲਤੀ ਸਵੀਕਾਰ ਕਰਦਾ ਹੈ ਅਤੇ ਆਪਣੇ ਵਿਵਹਾਰ ਨੂੰ ਸੁਧਾਰਦਾ ਹੈ, ਤਾਂ ਉਹ ਕਲੀਸਿਆ ਦੇ ਵਿੱਚ ਆਪਣੀ ਭਾਗੀਦਾਰੀ ਜਾਰੀ ਰੱਖ ਸਕਦਾ ਹੈ। ੧ ਕੁਰਿੰਥੀਆਂ ਨੂੰ 6:9-10 ਦੇ ਵਿੱਚ ਬਹੁਤ ਜਿਆਦਾ ਗੰਭੀਰ ਪਾਪਾਂ ਦੀ ਸੂਚੀ ਦਿੱਤੀ ਗਈ ਹੈ ਜਿਵੇਂ ਕਿ ਵਿਭਚਾਰ, ਚੋਰੀ ਅਤੇ ਸ਼ਰਾਬ ਪੀਣਾ। ਅਜਿਹੇ ਪਾਪ ਕਰਨ ਵਾਲੇ ਮੈਂਬਰਾਂ ਨੂੰ ਉਨ੍ਹਾਂ ਦੀ ਮੈਂਬਰਸ਼ਿਪ ਰੱਦ ਕੀਤੀ ਜਾਣੀ ਚਾਹੀਦੀ ਹੈ ਅਤੇ ਅਗਵਾਈ ਦੇ ਕਿਸੇ ਵੀ ਅਹੁਦੇ ਤੋਂ ਲਾਹ ਦੇਣਾ ਚਾਹੀਦਾ ਹੈ।

ਮੁੜ-ਬਹਾਲੀ ਦੀ ਪ੍ਰਕਿਰਿਆ ਕਿਸੇ ਵਿਅਕਤੀ ਦੇ ਦੁਆਰਾ ਉਸਦੇ ਪਾਪ ਤੋਂ ਤੋਬਾ ਕਰਨ ਦੇ ਨਾਲ ਸ਼ੁਰੂ ਹੁੰਦੀ ਹੈ। ਜੇਕਰ ਪਾਪ ਜਿਆਦਾ ਗੰਭੀਰ ਹੈ ਤਾਂ ਉਸਨੂੰ ਉਸਦੀ ਮੈਂਬਰਸ਼ਿਪ ਦਾ ਅਗਵਾਈ ਦੇ ਅਹੁਦੇ ਤੇ ਤੁਰੰਤ ਬਹਾਲ ਨਹੀਂ ਕੀਤਾ ਜਾ ਸਕਦਾ। ਕਈ ਵਾਰ ਸੰਪੂਰਨ ਮੁੜ-ਬਹਾਲੀ ਕੁਝ ਨਿਰਧਾਰਿਤ ਸਮਾਂ ਜਰੂਰੀ ਹੁੰਦਾ ਹੈ।

### (1) ਇਕਰਾਰ ਕਰਨਾ

ਮੈਂਬਰ ਨੂੰ ਉਨ੍ਹਾਂ ਦੇ ਅੱਗੇ ਆਪਣੀ ਗ਼ਲਤੀ ਮੰਨਣੀ ਚਾਹੀਦੀ ਹੈ ਜਿੰਨ੍ਹਾਂ ਦਾ ਉਸਨੇ ਨੁਕਸਾਨ ਕੀਤਾ ਹੈ, ਜਿੰਨ੍ਹਾਂ ਨੇ ਇਸ ਗ਼ਲਤੀ ਦੇ ਵਿੱਚ ਉਸਦਾ ਸਾਥ ਦਿੱਤਾ, ਅਤੇ ਜੋ ਉਸਦੇ ਉੱਤੇ ਆਤਮਿਕ ਅਧਿਕਾਰ ਰੱਖਦੇ ਹਨ।

### (2) ਅਲੱਗ ਕੀਤੇ ਜਾਣਾ

ਗ਼ਲਤ ਸੰਬੰਧ ਬੰਦ ਹੋਣੇ ਚਾਹੀਦੇ ਹਨ। ਬੁਰੇ ਪ੍ਰਭਾਵਾਂ ਵਾਲੇ ਸੰਬੰਧ ਬੰਦ ਕੀਤੇ ਜਾਣੇ ਚਾਹੀਦੇ ਹਨ। ਪਾਪ ਦੇ ਲਈ ਉਪਯੋਗ ਕੀਤੀਆਂ ਜਾਣ ਵਾਲੀਆਂ ਵਸਤਾਂ ਨੂੰ ਛੱਡਣਾ ਚਾਹੀਦਾ ਹੈ। ਸੰਭਵ ਤੌਰ ਤੇ ਜਿਨ੍ਹਾਂ ਚੀਜ਼ਾਂ ਦੀ ਪਾਪ ਕਰਨ ਲਈ ਦੁਰਵਰਤੋਂ ਕੀਤੀ ਗਈ ਹੈ, ਉਨ੍ਹਾਂ ਨੂੰ ਵੀ ਰੱਦ ਕਰਨ ਦੀ ਲੋੜ ਪਵੇਗੀ। ਮੈਂਬਰ ਨੂੰ ਇਹ ਵਿਖਾਉਣਾ ਪਵੇਗਾ ਕਿ ਉਹ ਉਸ ਪਾਪ ਦੇ ਵਿੱਚ ਵਾਪਸ ਨਹੀਂ ਜਾਣਾ ਚਾਹੁੰਦਾ ਹੈ।

### (3) ਜੁਆਬਦੇਹੀ

ਇਸਦੇ ਵਿੱਚ ਸਮਾਂ ਲੱਗਦਾ ਹੈ। ਮੈਂਬਰ ਨੂੰ ਲਗਾਤਾਰ ਆਪਣੇ ਆਤਮਿਕ ਅਧਿਕਾਰੀ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ, ਜੋ ਕੋਈ ਪਾਸਬਾਨ ਜਾਂ ਬੋਰਡ ਦਾ ਸੇਵਕ ਹੋ ਸਕਦਾ ਹੈ। ਉਸਨੂੰ ਪਰਤਾਵੇ ਦੇ ਉੱਤੇ ਜਿੱਤ ਦੇ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਉਸਨੂੰ ਇਹ ਵਿਖਾਉਣਾ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਪਰਤਾਵੇ ਵਿੱਚ ਡਿੱਗਣ ਤੋਂ ਬਚਾਉਣ ਦੇ ਪ੍ਰਤੀ ਧਿਆਨਪੂਰਵਕ ਹੈ।

ਆਤਮਿਕ ਅਧਿਕਾਰ ਦੁਆਰਾ ਨਿਯੁਕਤ ਕੀਤੇ ਆਤਮਿਕ ਸਲਾਹਕਾਰ ਨਾਲ ਵਧੇਰੇ ਅਤੇ ਵਾਰ-ਵਾਰ ਸੰਪਰਕ ਕਰਕੇ ਜੁਆਬਦੇਹੀ ਬਣਾਈ ਰੱਖਣੀ ਚਾਹੀਦੀ ਹੈ। ਸਲਾਹਕਾਰ ਮੈਂਬਰ ਦੇ ਨਾਲ ਅਕਸਰ ਗੱਲ ਕਰੇਗਾ, ਸੰਭਵ ਤੌਰ ਤੇ ਹਰ ਰੋਜ਼ ਵੀ ਕੁਝ ਸਮੇਂ ਲਈ। ਸਲਾਹਕਾਰ ਸਲਾਹ ਦੇਣ ਵਾਲੇ ਵਿਅਕਤੀ ਦੇ ਲਿੰਗ ਦਾ ਹੀ ਹੋਣਾ ਚਾਹੀਦਾ ਹੈ।

ਜੁਆਬਦੇਹੀ ਦਾ ਸਮਾਂ ਘੱਟੋ-ਘੱਟ ਕੁਝ ਮਹੀਨਿਆਂ ਦਾ ਹੋਣਾ ਚਾਹੀਦਾ ਹੈ। ਜੇਕਰ ਕੋਈ ਨੈਤਿਕ ਪਾਪ ਕੀਤਾ ਗਿਆ ਹੈ ਜਿਸ ਵਿੱਚ ਦੂਸਰੇ ਹੋਰ ਲੋਕ ਵੀ ਸ਼ਾਮਿਲ ਹਨ, ਖਾਸ ਕਰਕੇ ਜੇਕਰ ਪਾਪ ਕੁਝ ਸਮੇਂ ਦੇ ਲਈ ਲਗਾਤਾਰ ਚੱਲਦਾ ਰਿਹਾ ਹੈ ਤਾਂ ਫਿਰ ਜੁਆਬਦੇਹੀ ਦਾ ਸਮਾਂ ਹੋਰ ਲੰਬਾ ਹੋਣਾ ਚਾਹੀਦਾ ਹੈ। ਇਸ ਸਮੇਂ ਦੇ ਦੌਰਾਨ, ਮੈਂਬਰ ਨੂੰ ਅਗਵਾਈ ਕਰਨ ਜਾਂ ਸਿਖਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਣੀ ਚਾਹੀਦੀ। ਜੇਕਰ ਉਸਦਾ ਪਛਤਾਵਾ ਅਸਲ ਜਾਪਦਾ ਹੈ ਤਾਂ ਉਸਨੂੰ ਪ੍ਰਭੂ ਭੋਜ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਜਾਣੀ ਚਾਹੀਦੀ ਹੈ।

ਜਿਆਦਾ ਸਮਾਂ ਲੈਣ ਦਾ ਇਹ ਅਰਥ ਨਹੀਂ ਹੈ ਕਿ ਮੈਂ ਮਸੀਹੀ ਨਹੀਂ ਹੈ। ਜੇਕਰ ਉਸਨੇ ਤੋਬਾ ਕਰ ਲਈ ਹੈ ਤਾਂ ਉਹ ਮਾਫ਼ ਕੀਤਾ ਅਤੇ ਬਚਾਇਆ ਜਾ ਚੁੱਕਾ ਹੈ। ਸਮਾਂ ਇਸ ਲਈ ਲਿਆ ਜਾ ਰਿਹਾ ਹੈ ਤਾਂ ਕਿ ਉਹ ਪਾਪ ਦੇ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਆਜਾਦ ਹੋ ਸਕੇ, ਇੱਕ ਮਜ਼ਬੂਤ ਆਤਮਿਕ ਅਨੁਸ਼ਾਸਨ ਬਣਾ ਸਕੇ, ਅਤੇ ਇੱਕ ਸਥਿਰ ਮਸੀਹੀ ਜੀਵਨ ਨੂੰ ਵਿਖਾ ਸਕੇ।

ਬਾਈਬਲ ਸਾਨੂੰ ਦੱਸਦੀ ਹੈ ਕਿ ਜੇਕਰ ਕਿਸੇ ਵਿਅਕਤੀ ਦੀ ਕਲੀਸਿਆ ਦੇ ਬਾਹਰ ਦੇ ਲੋਕਾਂ ਵਿੱਚ ਚੰਗੀ ਗਵਾਹੀ ਨਹੀਂ ਹੈ ਤਾਂ ਉਸਨੂੰ ਆਗੂ ਨਹੀਂ ਬਣਨਾ ਚਾਹੀਦਾ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:7, 10)। ਜੇਕਰ ਕੋਈ ਵਿਅਕਤੀ ਖੁੱਲ੍ਹੇ ਪਾਪ ਦੀ ਜ਼ਿੰਦਗੀ ਤੋਂ ਨਵਾਂ ਪਰਿਵਰਰਿਤ ਹੋਇਆ ਹੈ, ਤਾਂ ਸੰਸਾਰ ਨੂੰ ਉਸਨੂੰ ਆਗੂ ਬਣਦੇ ਵੇਖਣ ਤੋਂ ਪਹਿਲਾਂ ਕੁਝ ਸਮੇਂ ਲਈ ਇੱਕ ਚੰਗੇ ਮਸੀਹੀ ਵਜੋਂ ਜੀਵਨ ਜਿਉਂਦੇ ਵੇਖਣਾ ਚਾਹੀਦਾ ਹੈ। ਨਹੀਂ ਤਾਂ, ਅਜਿਹਾ ਲਗ ਸਕਦਾ ਹੈ ਕਿ ਕਲਿਸਿਆ ਅਗਵਾਈ ਦੇ ਲਈ ਪਾਪੀਆਂ ਨੂੰ ਨਿਯੁਕਤ ਕਰ ਰਹੀ ਹੈ। ਇਹੀ ਸਿਧਾਂਤ ਉਸ ਵਿਅਕਤੀ ਤੇ ਲਾਗੂ ਹੁੰਦਾ ਹੈ ਜੋ ਪਾਪ ਵਿੱਚ ਡਿੱਗਣ ਤੋਂ ਬਾਅਦ ਮੁੜ-ਬਹਾਲ ਕੀਤਾ ਜਾ ਰਿਹਾ ਹੈ।

**(4) ਪੁਸ਼ਟੀ ਕਰਨਾ।**

ਇਹ ਸੰਪੂਰਨ ਮੁੜ-ਬਹਾਲੀ ਹੈ। ਹੁਣ ਕਲੀਸਿਆ ਨੂੰ ਮੈਂਬਰ ਤੇ ਭਰੋਸਾ ਹੋ ਚੁੱਕਾ ਹੈ ਅਤੇ ਹੁਣ ਉਹ ਕਲੀਸਿਆ ਦੁਆਰਾ ਦਿੱਤੀ ਕਿਸੇ ਵੀ ਭੂਮਿਕਾ ਨੂੰ ਨਿਭਾ ਸਕਦਾ ਹੈ। ਉੱਚਾ ਅਹੁਦਾ ਖਾਸ ਕਰਕੇ ਪਾਸਬਾਨ ਦਾ ਅਹੁਦਾ ਦੇਣ ਦੇ ਲਈ ਹੋਰ ਜਿਆਦਾ ਸਮੇਂ ਦੀ ਲੋੜ ਹੋ ਸਕਦੀ ਹੈ।

► ਜੁਆਬਦੇਹੀ ਦੇ ਸਮੇਂ ਕਾਲ ਦਾ ਵਰਣਨ ਕਰੋ। ਇਹ ਕਿਵੇਂ ਕੰਮ ਕਰਦਾ ਹੈ, ਅਤੇ ਇਸਦਾ ਕੀ ਉਦੇਸ਼ ਹੈ?

## ਕਲੀਸਿਆ ਦੀ ਮੈਂਬਰਸ਼ਿਪ ਦੀ ਮੰਗ

ਬਹੁਤ ਸਾਰੀਆਂ ਕਲੀਸਿਆਵਾਂ ਦੇ ਕੋਲ ਧਰਮ ਸਿਧਾਂਤਾਂ ਦੇ ਅਜਿਹੇ ਕਥਨ ਹਨ ਜੋ ਮਸੀਹਤ ਦੇ ਮੁੱਢਲੇ ਧਰਮ ਸਿਧਾਂਤਾਂ ਦੇ ਨਾਲੋਂ ਵੀ ਜਿਆਦਾ ਹਨ। ਧਰਮ ਸਿਧਾਂਤਾਂ ਦਾ ਇਹ ਵੇਰਵਾ ਕਿਸੇ ਕਲੀਸਿਆ ਨੂੰ ਦੂਸਰੀਆਂ ਕਲੀਸਿਆਵਾਂ ਨਾਲੋਂ ਅਲੱਗ ਕਰਦਾ ਹੈ। ਅਲੱਗ ਧਰਮ ਸਿਧਾਂਤਾਂ ਵਾਲੀਆਂ ਕਲੀਸਿਆਵਾਂ ਦੇ ਨਾਮ ਮੈਥੋਡਿਸਟ, ਪ੍ਰੈਸਬੀਟੇਰੀਅਨ, ਲੂਦਰਨ, ਬੈਪਟਿਸਟ ਅਤੇ ਹੋਰ ਹਨ। ਕਲੀਸਿਆਵਾਂ ਦੇ ਵਿੱਚ ਪਾਈਆਂ ਜਾਣ ਵਾਲੀਆਂ ਅਲੱਗਤਾਵਾਂ ਅਕਸਰ ਝੂਠੀਆਂ ਸਿੱਖਿਆਵਾਂ ਨਹੀਂ ਹਨ, ਅਤੇ ਇੰਨ੍ਹਾਂ ਅਲੱਗਤਾਵਾਂ ਦੇ ਕਾਰਨ ਕਿਸੇ ਵੀ ਵਿਅਕਤੀ ਨੂੰ ਪਾਪੀ ਨਹੀਂ ਕਿਹਾ ਜਾਣਾ ਚਾਹੀਦਾ।

ਕਲੀਸਿਆ ਦੇ ਵਿੱਚ ਮਿਲ ਕੇ ਅਰਾਧਨਾ ਕਰਨ ਅਤੇ ਸੇਵਕਾਈ ਦੇ ਵਿੱਚ ਸਾਂਝੀ ਹੋਣ ਦੇ ਲਈ ਕਲੀਸਿਆ ਦੇ ਮੈਂਬਰਾਂ ਦਾ ਧਰਮ ਸਿਧਾਂਤਾਂ ਦੇ ਵੇਰਵਿਆਂ ਨਾਲ ਸਹਿਮਤ ਹੋਣਾ ਜਰੂਰੀ ਹੈ। ਇਸ ਕਾਰਨ ਇੱਕ ਕਲੀਸਿਆ ਆਪਣੇ ਮੈਂਬਰਾਂ ਨੂੰ ਇਸਦੇ ਧਰਮ ਸਿਧਾਂਤ ਦੇ ਕਥਨ ਦਾ ਸਮਰਥਨ ਕਰਨ ਦੀ ਮੰਗ ਕਰ ਸਕਦੀ ਹੈ। ਉਨ੍ਹਾਂ ਇਹ ਨਹੀਂ ਕਹਿਣਾ ਚਾਹੀਦਾ ਕਿ ਕਿਸੇ ਵਿਅਕਤੀ ਨੂੰ ਇੰਨ੍ਹਾਂ ਧਰਮ ਸਿਧਾਂਤਾਂ ਤੇ ਜਰੂਰ ਹੀ ਵਿਸ਼ਵਾਸ ਕਰਨਾ ਚਾਹੀਦਾ ਹੈ ਨਹੀਂ ਤਾਂ ਉਹ ਮਸੀਹੀ ਨਹੀਂ ਹੈ, ਪਰ ਇਹ ਉਸ ਸਥਾਨਕ ਕਲੀਸਿਆ ਦੇ ਨਾਲ ਏਕਤਾ ਦੇ ਵਿੱਚ ਹੋਣ ਦੇ ਲਈ ਹੋਣਾ ਚਾਹੀਦਾ ਹੈ।

> "ਪਵਿੱਤਰ ਸ਼ਾਸਤਰ ਦੇ ਵਿੱਚ ਉਹ ਸਭ ਕੁਝ ਹੈ ਜੋ ਮੁਕਤੀ ਦੇ ਜਰੂਰੀ ਹੈ। ਜੋ ਗੱਲ ਬਾਈਬਲ ਦੇ ਵਿੱਚ ਦਰਜ ਨਹੀਂ ਹੈ ਅਤੇ ਜਿਸਨੂੰ ਇਸਦੇ ਵਿੱਚੋਂ ਸਾਬਿਤ ਨਹੀਂ ਕੀਤਾ ਜਾ ਸਕਦਾ ਤਾਂ ਉਸਨੂੰ ਵਿਸ਼ਵਾਸ ਦਾ ਮੁੱਦਾ ਜਾਂ ਮੁਕਤੀ ਦੀ ਮੰਗ ਨਹੀਂ ਬਣਾਉਣਾ ਚਾਹੀਦਾ।"
>
> - *ਚਰਚ ਆਫ ਇੰਗਲੈਂਡ ਦੇ ਧਾਰਮਿਕ ਲੇਖ ਤੋਂ ਲਿਆ ਗਿਆ*

ਜੇਕਰ ਕੋਈ ਵਿਅਕਤੀ ਕਿਸੇ ਕਲੀਸਿਆ ਦੇ ਧਰਮ ਸਿਧਾਂਤਾਂ ਤੇ ਵਿਸ਼ਵਾਸ ਨਹੀਂ ਕਰਦਾ ਤਾਂ ਕਲੀਸਿਆ ਦੇ ਕੋਲ ਇਸਨੂੰ ਆਪਣਾ ਮੈਂਬਰ ਬਣਾਉਣ ਤੋਂ ਇਨਕਾਰ ਕਰਨ ਦੇ ਵਿੱਚ ਸਹੀ ਹੋਵੇਗੀ। ਜੇਕਰ ਕੋਈ ਵਿਅਕਤੀ ਕਲੀਸਿਆ ਦੇ ਧਰਮ ਸਿਧਾਂਤਾਂ ਦੇ ਵਿਰੁੱਧ ਵਿਵਾਦ ਕਰਦਾ ਜਾਂ ਸਿਖਾਉਂਦਾ ਹੈ ਤਾਂ ਉਸਦੀ ਮੈਂਬਰਸ਼ਿਪ ਨੂੰ ਰੱਦ ਕੀਤਾ ਜਾ ਸਕਦਾ ਹੈ।

ਜੇਕਰ ਕਿਸੇ ਮੈਂਬਰ ਨੂੰ ਅਜਿਹੇ ਧਰਮ ਸਿਧਾਂਤਾਂ ਦੇ ਮਤਭੇਦਾਂ ਕਾਰਨ ਬਾਹਰ ਕੱਢ ਦਿੱਤਾ ਜਾਂਦਾ ਹੈ ਜੋ ਮਸੀਹਤ ਦੇ ਲਈ ਮੁੱਢਲੇ ਸਿਧਾਂਤ ਨਹੀਂ ਹਨ, ਤਾਂ ਇਹ ਝੂਠੀ ਸਿੱਖਿਆ ਜਾਂ ਖੁੱਲ੍ਹੇ ਤੌਰ ਤੇ ਕੀਤੇ ਪਾਪ ਦੇ ਕਾਰਨ ਕਲੀਸਿਆ ਵੱਲੋਂ ਅਨੁਸ਼ਾਸਨ ਦੀ ਤਰ੍ਹਾਂ ਨਹੀਂ ਹੈ। ਕਲੀਸਿਆ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਉਹ ਵਿਅਕਤੀ ਸਿਰਫ਼ ਇਸ ਲਈ ਮਸੀਹੀ ਨਹੀਂ ਹੈ ਕਿਉਂਕਿ ਉਹ ਮੈਂਬਰਸ਼ਿਪ ਦੀਆਂ ਮੰਗਾਂ ਤੇ ਖਰਾ ਨਹੀਂ ਉਤਰਦਾ ਹੈ।

ਜੇਕਰ ਕਿਸੇ ਕਲੀਸਿਆ ਦੀ ਮੈਂਬਰਸ਼ਿਪ ਦੀਆਂ ਮੰਗਾਂ ਦੇ ਵਿੱਚ ਪਹਿਰਾਵੇ, ਮਨੋਰੰਜਨ, ਜਾਂ ਹੋਰ ਵਿਵਹਾਰ ਲਈ ਨਿਯਮ ਸ਼ਾਮਲ ਹਨ, ਤਾਂ ਫਿਰ ਇੱਕ ਮੈਂਬਰ ਨੂੰ ਉਨ੍ਹਾਂ ਮੰਗਾਂ ਨੂੰ ਪੂਰਾ ਕਰਨ ਤੋਂ ਇਨਕਾਰ ਕਰਨ ਦੇ ਕਾਰਨ ਕੱਢਿਆ ਜਾ ਸਕਦਾ ਹੈ। ਇਹ ਕਲੀਸਿਆ ਦੁਆਰਾ ਸਪੱਸ਼ਟ ਪਾਪ ਦੇ ਲਈ ਕੀਤੇ ਅਨੁਸ਼ਾਸਨ ਦੇ ਸਮਾਨ ਨਹੀਂ ਹੈ। ਕਲੀਸਿਆ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਕੋਈ ਵਿਅਕਤੀ ਸਿਰਫ਼ ਇਸ ਲਈ ਮਸੀਹੀ ਨਹੀਂ ਹੈ ਕਿਉਂਕਿ ਉਹ ਕਲੀਸਿਆ ਦੀਆਂ ਮੈਂਬਰਸ਼ਿਪ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਨਹੀਂ ਹੈ।

► ਕੁਝ ਕਲੀਸਿਆਵਾਂ ਦੇ ਦੁਆਰਾ ਰੱਖੀਆਂ ਜਾਣ ਵਾਲੀਆਂ ਮੈਂਬਰਸ਼ਿਪ ਦੀਆਂ ਮੰਗਾਂ ਦੀਆਂ ਕੁਝ ਉਦਾਹਰਨਾਂ ਕੀ ਹਨ?

## ਅਰਾਧਨਾ ਦੀ ਅਗਵਾਈ ਅਤੇ ਇਸਦੇ ਵਿੱਚ ਭਾਗ ਲੈਣਾ

ਕਲੀਸਿਆ ਦੀਆਂ ਅਰਾਧਨਾ ਸਭਾਵਾਂ ਹਰੇਕ ਵਿਅਕਤੀ ਦੇ ਲਈ ਖੁੱਲ੍ਹੀਆਂ ਹੋਣੀਆਂ ਚਾਹੀਦੀਆਂ ਹਨ। ਲੋਕਾਂ ਨੂੰ ਉੱਥੇ ਆਉਣ ਦਾ ਸੱਦਾ ਦਿੱਤਾ ਜਾਣਾ ਚਾਹੀਦਾ ਹੈ।

ਕਲੀਸਿਆ ਕਿਸੇ ਅਜਿਹੇ ਵਿਅਕਤੀ ਨੂੰ ਅੰਦਰ ਆਉਣ ਤੋਂ ਰੋਕ ਸਕਦੀ ਹੈ ਜਿਸ ਦਾ ਵਰਤਾਅ ਪਰੇਸ਼ਾਨੀ ਪੈਦਾ ਕਰਨ ਵਾਲਾ ਹੋਵੇ, ਜਿਵੇਂ ਕਿ ਕੋਈ ਇਸ ਸਮੇਂ ਨਸ਼ੇ ਵਿੱਚ ਹੋਇਆ ਵਿਅਕਤੀ। ਇੱਕ ਕਲੀਸਿਆ ਕਿਸੇ ਅਜਿਹੇ ਵਿਅਕਤੀ ਨੂੰ ਵੀ ਅੰਦਰ ਜਾਣ ਦੀ ਇਜਾਜ਼ਤ ਨਹੀਂ ਦੇ ਸਕਦਾ ਜਿਸਨੇ ਸਪੱਸ਼ਟ ਤੌਰ ਤੇ ਅਪਮਾਨਜਨਕ ਅਤੇ ਅਸ਼ਲੀਲ ਢੰਗ ਨਾਲ ਕੱਪੜੇ ਪਾਏ ਹੋਏ ਹਨ। ਹਾਲਾਂਕਿ, ਇਹ ਮਹੱਤਵਪੂਰਨ ਹੈ ਕਿ ਲੋਕਾਂ ਨੂੰ ਗ਼ਰੀਬੀ ਵਾਲੇ ਕੱਪੜੇ ਪਾਉਣ ਕਰਕੇ ਜਾਂ ਸਹੀ ਕਲੀਸਿਆ ਦੇ ਵਿਵਹਾਰ ਤੋਂ ਜਾਣੂ ਨਾ ਹੋਣ ਦੇ ਕਾਰਨ

ਬਾਹਰ ਨਹੀਂ ਰੱਖਣਾ ਚਾਹੀਦਾ। ਇਹ ਇੱਕ ਦੁੱਖ ਦੀ ਗੱਲ ਹੈ ਜਦੋਂ ਲੋਕ ਮਹਿਸੂਸ ਕਰਦੇ ਹਨ ਕਿ ਉਹ ਕਲੀਸਿਆ ਦੇ ਵਿੱਚ ਨਹੀਂ ਜਾ ਸਕਦੇ ਕਿਉਂਕਿ ਉਨ੍ਹਾਂ ਕੋਲ ਚੰਗੇ ਕੱਪੜੇ ਨਹੀਂ ਹਨ।

ਜੇਕਰ ਕੋਈ ਅਰਾਧਨਾ ਦੇ ਦੌਰਾਨ ਪਰੇਸ਼ਾਨ ਕਰਨ ਵਾਲਾ ਵਿਵਹਾਰ ਕਰਦਾ ਹੈ ਤਾਂ ਪਾਸਬਾਨ ਜਾਂ ਕਿਸੇ ਠਹਿਰਾਏ ਹੋਏ ਵਿਅਕਤੀ ਨੂੰ ਉਸਦੇ ਨਾਲ ਗੱਲ ਕਰਨੀ ਚਾਹੀਦੀ ਹੈ। ਜੇਕਰ ਉਹ ਸਹਿਯੋਗ ਦੇਣ ਤੋਂ ਮਨ੍ਹਾ ਕਰ ਦਿੰਦਾ ਹੈ ਤਾਂ ਉਸਨੂੰ ਸਭਾਵਾਂ ਦੇ ਵਿੱਚ ਹਿੱਸਾ ਲੈਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ।

ਕਈ ਵਾਰ ਕਲੀਸਿਆ ਕਿਸੇ ਅਜਿਹੇ ਵਿਅਕਤੀ ਨੂੰ ਕੋਈ ਸੰਗੀਤ ਵਜਾਉਣ ਜਾਂ ਗੀਤਾਂ ਦੇ ਵਿੱਚ ਅਗਵਾਈ ਕਰਨ ਦੀ ਪ੍ਰਵਾਨਗੀ ਦੇ ਦਿੰਦੀ ਹੈ ਜਿਸਦਾ ਜੀਵਨ ਇੱਕ ਚੰਗਾ ਨਮੂਨਾ ਨਹੀਂ ਹੈ। ਕੋਈ ਵੀ ਵਿਅਕਤੀ ਜੋ ਗੀਤਾਂ ਦੇ ਵਿੱਚ ਅਗਵਾਈ ਕਰਦਾ ਹੈ ਜਾਂ ਕਿਸੇ ਸਾਜ਼ ਨੂੰ ਵਜਾਉਂਦਾ ਹੈ ਉਹ ਕਲੀਸਿਆ ਦੇ ਚਰਿੱਤਰ ਦੀ ਪ੍ਰਤੀਨਿਧਤਾ ਕਰਦਾ ਹੈ। ਜੇਕਰ ਉਹ ਪਾਪ ਦੇ ਵਿੱਚ ਜੀ ਰਿਹਾ ਹੈ, ਤਾਂ ਲੋਕ ਸੋਚਣਗੇ ਕਿ ਭਾਵੇਂ ਉਹ ਪਾਪ ਦੇ ਵਿੱਚ ਜੀ ਰਿਹਾ ਹੈ ਪਰ ਕਲੀਸਿਆ ਨੇ ਉਸਨੂੰ ਸਵੀਕਾਰ ਕਰ ਲਿਆ ਹੈ।

► ਕਲੀਸਿਆ ਦੇ ਵਿੱਚ ਅਰਾਧਨਾ ਦੀ ਅਗਵਾਈ ਕਰਨ ਵਾਲੇ ਲੋਕਾਂ ਦੇ ਲਈ ਕੀ ਮੰਗਾਂ ਹੋਣੀਆਂ ਚਾਹੀਦੀਆਂ ਹਨ?

## ਅਜਿਹੀ ਗ਼ਲਤੀ ਜਿੰਨ੍ਹਾਂ ਤੋਂ ਦੂਰ ਰਹਿਣਾ ਚਾਹੀਦਾ ਹੈ

ਤਿੰਨ ਅਜਿਹੀਆਂ ਗ਼ਲਤੀਆਂ ਹਨ ਜਿੰਨ੍ਹਾਂ ਤੋਂ ਕਲੀਸਿਆ ਦੇ ਲੋਕਾਂ ਨੂੰ ਕਲੀਸਿਆ ਦੀਆਂ ਸਮੱਸਿਆਵਾਂ ਨਾਲ ਨਜਿੱਠਦੇ ਹੋਏ ਦੂਰ ਰਹਿਣਾ ਚਾਹੀਦਾ ਹੈ।

### (1) ਅਸਥਿਰਤਾ

ਕੁਝ ਪਾਪ ਦੂਸਰੇ ਪਾਪਾਂ ਨਾਲੋਂ ਜਿਆਦਾ ਗੰਭੀਰ ਪ੍ਰਤੀਤ ਹੁੰਦੇ ਹਨ। ਕਈ ਵਾਰ ਇਹ ਅੰਤਰ ਸਭਿਆਚਾਰਕ ਧਾਰਨਾਵਾਂ ਦੇ ਕਾਰਨ ਹੁੰਦਾ ਹੈ। ਕਿਸੇ ਕਲੀਸਿਆ ਦੇ ਵਿੱਚ ਇਹ ਧਾਰਨਾ ਹੋ ਸਕਦੀ ਕਿ ਉਹ ਕੁਝ ਪਾਪਾਂ ਦੇ ਨਾਲ ਬਹੁਤ ਸਖ਼ਤੀ ਨਾਲ ਨਜਿੱਠਣ ਪਰ ਕੁਝ ਨੂੰ ਸਹਿੰਦੇ ਰਹਿਣ। ਪਰਮੇਸ਼ੁਰ ਕਲੀਸਿਆ ਨੂੰ ਸਿਰਫ਼ ਸਭਿਆਚਾਰਕ ਕਦਰਾਂ-ਕੀਮਤਾਂ ਦੇ ਲਈ ਨਹੀਂ ਪਰ ਵਚਨਾਂ ਦੀ ਸਚਿਆਈ ਤੇ ਖੜੇ ਹੋਣ ਦੇ ਲਈ ਬੁਲਾਉਂਦਾ ਹੈ।

ਕਲੀਸਿਆ ਦੁਆਰਾ ਇਸਦੇ ਅਲੱਗ-ਅਲੱਗ ਲੋਕਾਂ ਦੇ ਨਾਲ ਵਿਵਹਾਰ ਦੇ ਵਿੱਚ ਵੀ ਅਸਥਿਰਤਾ ਹੋ ਸਕਦੀ ਹੈ। ਜੇਕਰ ਕੋਈ ਵਿਅਕਤੀ ਪ੍ਰਭਾਵਸ਼ਾਲੀ ਪਰਿਵਾਰ ਤੋਂ ਹੈ, ਤਾਂ ਆਗੂ ਉਨ੍ਹਾਂ ਦੇ ਨਾਲ ਜਿਆਦਾ ਸਾਵਧਾਨ ਤਰੀਕੇ ਨਾਲ ਪੇਸ਼ ਆ ਸਾਵਧਾਨ ਆ ਸਕਦੇ ਹਨ; ਪਰ ਬਾਈਬਲ ਸਾਨੂੰ ਚੇਤਾਵਨੀ ਦਿੰਦੀ ਹੈ ਕਿ ਲੋਕਾਂ ਦਾ ਉਨ੍ਹਾਂ ਦੇ ਅਹੁਦੇ ਕਾਰਨ ਦੇ ਪੱਖਪਾਤ ਨਹੀਂ ਕਰਨਾ ਚਾਹੀਦਾ (ਯਾਕੂਬ 2:1-9)।

**(2) ਬੇਸਬਰੀ**

ਕਈ ਵਾਰ ਕਲੀਸਿਆ ਦੇ ਲੋਕ ਸੋਚਦੇ ਹਨ ਕਿ ਕਿਸੇ ਸਮੱਸਿਆ ਦੇ ਹੱਲ ਹੋਣ ਵਿੱਚ ਬਹੁਤ ਜਿਆਦਾ ਦੇਰੀ ਹੋ ਰਹੀ ਹੈ। ਉਹ ਸਮੱਸਿਆ ਦੇ ਬਾਰੇ ਬਹੁਤ ਸਾਰੇ ਲੋਕਾਂ ਦੇ ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿੰਦੇ ਹਨ, ਇੱਥੋਂ ਤੱਕ ਕਿ ਕਲੀਸਿਆ ਤੋਂ ਬਾਹਰ ਵਾਲੇ ਲੋਕਾਂ ਦੇ ਨਾਲ ਵੀ। ਉਹ ਸ਼ਿਕਾਇਤ ਕਰਦੇ ਹਨ ਕਿ ਆਗੂ ਮਸਲੇ ਦੇ ਹੱਲ ਨਹੀਂ ਕਰ ਰਹੇ। ਇਹ ਕਲੀਸਿਆ ਦੇ ਲਈ ਇੱਕ ਨਵੀਂ ਸਮੱਸਿਆ ਬਣ ਜਾਂਦੀ ਹੈ, ਅਤੇ ਕਲੀਸਿਆ ਦੇ ਪ੍ਰਭਾਵ ਨੂੰ ਨੁਕਸਾਨ ਪਹੁੰਚਾਉਂਦੀ ਹੈ।

**(3) ਪਿਆਰ ਦੀ ਕਮੀ**

ਕੁਝ ਲੋਕ ਦੂਸਰਿਆਂ ਦੀਆਂ ਗ਼ਲਤੀਆਂ ਕੱਢਣ ਦੇ ਵਿੱਚ ਬਹੁਤ ਖੁਸ਼ ਹੁੰਦੇ ਹਨ। ਉਹ ਗ਼ਲਤੀਆਂ ਦੀ ਜਾਣਕਾਰੀ ਬਾਰੇ ਜਲਦੀ ਨਾਲ ਵਿਸ਼ਵਾਸ ਕਰ ਲੈਂਦੇ ਹਨ। ਉਹ ਸਮਝਣ ਦੀ ਕੋਸ਼ਿਸ਼ ਕਰਨ ਤੋਂ ਕਠੋਰਤਾ ਦੇ ਨਾਲ ਕਿਸੇ ਤੇ ਦੋਸ਼ ਲਗਾ ਦਿੰਦੇ ਹਨ। ਉਹ ਕਲੀਸਿਆ ਦੇ ਮੈਂਬਰਾਂ ਦੇ ਪਾਪ ਕਰਨ ਤੇ ਦੁਖੀ ਨਹੀਂ ਹੁੰਦੇ। ਉਹ ਬੁਰੀ ਖ਼ਬਰ ਸੁਣਾਉਣ ਦੇ ਵਿੱਚ ਖੁਸ਼ ਹੁੰਦੇ ਹਨ। ਉਹ ਕਲੀਸਿਆ ਦੀ ਗਵਾਹੀ ਨੂੰ ਹੋਏ ਨੁਕਸਾਨ ਦੇ ਬਾਰੇ ਦੁਖੀ ਨਹੀਂ ਹੁੰਦੇ।

ਹਰੇਕ ਪਾਸਬਾਨ ਅਤੇ ਸਿੱਖਿਅਕ ਨੂੰ ਚੁਗਲੀ ਦੇ ਪਾਪ ਦੇ ਵਿਰੁੱਧ ਬੋਲਣਾ ਚਾਹੀਦਾ ਹੈ। ਉਸਨੂੰ ਆਪਣੇ ਲੋਕਾਂ ਨੂੰ ਚੁਗਲੀ ਦੇ ਨਾਲ ਨਫ਼ਰਤ ਕਰਨੀ ਅਤੇ ਇਸਦੇ ਸੁਣਨ ਤੋਂ ਇਨਕਾਰ ਕਰਨ ਦੇ ਬਾਰੇ ਸਿਖਾਉਣਾ ਚਾਹੀਦਾ ਹੈ।

ਜੇਕਰ ਕੋਈ ਵਿਅਕਤੀ ਪਰਮੇਸ਼ੁਰ ਨੂੰ, ਕਲੀਸਿਆ ਨੂੰ ਅਤੇ ਮਸੀਹ ਦੇ ਵਿੱਚ ਆਪਣੇ ਭੈਣਾਂ-ਭਰਾਵਾਂ ਨੂੰ ਪਿਆਰ ਕਰਦਾ ਹੈ ਤਾਂ ਉਸਨੂੰ ਪਾਪ ਨੂੰ ਦੁਖਾਂਤ ਦੇ ਵੱਜੋਂ ਵੇਖਣਾ ਚਾਹੀਦਾ ਹੈ। ਉਸਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਪਾਪ ਦੀ ਜਾਣਕਾਰੀ ਸਹੀ ਨਾ ਹੋਵੇ। ਜੇਕਰ ਇਹ ਸੱਚ ਵੀ ਹੈ ਤਾਂ ਉਸਦੀ ਇੱਛਾ ਇਹ ਹੋਣੀ ਚਾਹੀਦੀ ਹੈ ਕਿ ਪਾਪੀ ਵਿਅਕਤੀ ਮੁੜ-ਬਹਾਲ ਹੋ ਜਾਵੇ। ਉਸਨੂੰ ਮਦਦ ਕਰਨੀ ਚਾਹੀਦੀ ਹੈ ਕਿ ਕਲੀਸਿਆ ਦੇ ਵਿੱਚ ਕੋਈ ਨੁਕਸਾਨ ਨਾ ਹੋਵੇ। ਉਹ ਇਸ ਖ਼ਬਰ ਨੂੰ ਜਰੂਰਤ ਤੋਂ ਜਿਆਦਾ ਨਹੀਂ ਫੈਲਾਏਗਾ।

## ਸੱਤ ਸੰਖੇਪ ਕਥਨ

1. ਕਲੀਸਿਆਈ ਅਨੁਸ਼ਾਸਨ ਦੇ ਚਾਰ ਉਦੇਸ਼ ਹਨ, ਕਲੀਸਿਆ ਦੀ ਏਕਤਾ ਦੀ ਸੁਰੱਖਿਆ ਕਰਨਾ, ਸਚਿਆਈ ਦੇ ਲਈ ਖੜੇ ਹੋਣਾ, ਕਲੀਸਿਆ ਨੂੰ ਗ਼ਲਤ ਪ੍ਰਭਾਵ ਤੋਂ ਬਚਾਉਣਾ ਅਤੇ ਪਾਪ ਕਰਨ ਵਾਲੇ ਮੈਂਬਰ ਨੂੰ ਮੁਕਤੀ ਅਤੇ ਸੰਗਤੀ ਦੇ ਵਿੱਚ ਵਾਪਿਸ ਲਿਆਉਣਾ।

2. ਕਲੀਸਿਆ ਨੂੰ ਇੱਕ ਅਜਿਹੇ ਮੈਂਬਰ ਨੂੰ ਇਸਦਾ ਵਿਸ਼ਵਾਸੀ ਨਹੀਂ ਮੰਨਣਾ ਚਾਹੀਦਾ ਜੋ ਪਾਪ ਕਰਦਾ ਹੈ ਅਤੇ ਤੋਬਾ ਨਹੀਂ ਕਰਦਾ।

3. ਕਲੀਸਿਆਈ ਅਨੁਸ਼ਾਸਨ ਦਾ ਉਦੇਸ਼ ਸਜ਼ਾ ਨਹੀਂ ਪਰ ਸੁਧਾਰ ਅਤੇ ਮੁੜ-ਬਹਾਲੀ ਹੈ।

4. ਕਲੀਸਿਆ ਨੂੰ ਹਰੇਕ ਅਜਿਹੇ ਵਿਅਕਤੀ ਨੂੰ ਪਾਪੀ ਨਹੀਂ ਮੰਨਣਾ ਚਾਹੀਦਾ ਜੋ ਇਸਦੇ ਧਰਮ ਸਿਧਾਂਤਾਂ ਦੇ ਨਾਲ ਸਹਿਮਤ ਨਹੀਂ ਹੁੰਦਾ ਅਤੇ ਇਸਦੀ ਮੈਂਬਰਸ਼ਿਪ ਦੀਆਂ ਮੰਗਾਂ ਪੂਰੀਆਂ ਨਹੀਂ ਕਰਦਾ।

5. ਮੁੜ-ਬਹਾਲੀ ਦੇ ਪੜਾਅ ਇਕਰਾਰ ਕਰਨਾ, ਅਲੱਗ ਹੋਣਾ, ਜੁਆਬਦੇਹ ਬਣਨਾ ਅਤੇ ਪੁਸ਼ਟੀ ਕਰਨਾ ਹਨ।

6. ਮੁੜ-ਬਹਾਲੀ ਦੇ ਵਿੱਚ ਸਮਾਂ ਲੱਗਦਾ ਹੈ ਕਿਉਂਕਿ ਮੈਂਬਰ ਨੂੰ ਪਾਪ ਦੇ ਪ੍ਰਭਾਵ ਤੋਂ ਪੂਰੀ ਤਰ੍ਹਾਂ ਆਜਾਦ ਹੋਣਾ ਪੈਂਦਾ ਹੈ, ਮਜ਼ਬੂਤ ਆਤਮਿਕ ਅਨੁਸ਼ਾਸਨ ਬਣਾਉਣਾ ਪੈਂਦਾ ਹੈ ਅਤੇ ਇੱਕ ਸਥਿਰ ਮਸੀਹੀ ਜੀਵਨ ਵਿਖਾਉਣਾ ਪੈਂਦਾ ਹੈ।

7. ਕਲੀਸਿਆ ਨੂੰ ਅਸਥਿਰਤਾ, ਬੇਸਬਰੀ ਅਤੇ ਪਿਆਰ ਦੀ ਕਮੀ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

## ਪਾਠ 12 ਦੇ ਅਸਾਇਨਮੈਂਟ

1. ਪਾਠ 12 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।

3. ਲਿਖਣ ਵਾਲਾ ਅਸਾਇਨਮੈਂਟ: ਹੇਠਾਂ ਦਿੱਤੇ ਵਚਨਾਂ ਦੇ ਭਾਗ ਵਿਦਿਆਰਥੀਆਂ ਦੇ ਵਿੱਚ ਵੰਡ ਦਿੱਤੇ ਜਾਣੇ ਚਾਹੀਦੇ ਹਨ। ਹਰੇਕ ਵਿਦਿਆਰਥੀ ਨੂੰ ਇਹ ਵਿਆਖਿਆ ਕਰਦੇ ਹੋਏ ਇੱਕ ਪੈਰਾਗ੍ਰਾਫ ਲਿਖਣਾ ਚਾਹੀਦਾ ਹੈ ਕਿ ਇਹ ਵਚਨ ਸਾਨੂੰ ਕੀ ਸਿਖਾਉਂਦਾ ਹੈ।

    - ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 5:13
    - ਤੀਤੁਸ ਨੂੰ 2:3
    - ਗਲਾਤੀਆਂ ਨੂੰ 5:15, 26
    - ਗਲਾਤੀਆਂ ਨੂੰ 6:1
    - ਕੁਲੁੱਸੀਆਂ ਨੂੰ 3:8-9
    - ਕੁਲੁੱਸੀਆਂ ਨੂੰ 3:12-15
    - ਫ਼ਿਲਿੱਪੀਆਂ ਨੂੰ 4:8
    - ਅਫ਼ਸੀਆਂ ਨੂੰ 4:29-32

# ਪਾਠ 13

# ਇੱਕ ਮਸੀਹੀ ਆਗੂ ਦਾ ਚਰਿੱਤਰ

### ਮਸੀਹੀ ਆਗੂਪੁਣੇ ਦੀ ਚੁਣੌਤੀ

ਇਸ ਪਾਠ ਦੇ ਵਿੱਚ ਜਿੰਨ੍ਹਾਂ ਵਚਨਾਂ ਦਾ ਅਸੀਂ ਅਧਿਐਨ ਕਰਾਂਗੇ ਉਹ ਖਾਸ ਤੌਰ ਤੇ ਸੇਵਕਾਂ ਅਤੇ ਪਾਸਬਾਨਾਂ ਤੇ ਲਾਗੂ ਹੁੰਦੇ ਹਨ, ਪਰ ਇਹ ਕਲੀਸਿਆ ਦੇ ਬਾਕੀ ਆਗੂਆਂ ਦੇ ਵੀ ਲਾਗੂ ਹੁੰਦੇ ਹਨ। ਕੋਈ ਵੀ ਵਿਅਕਤੀ ਜੋ ਕਿਸੇ ਕਲਾਸ ਦੇ ਵਿੱਚ ਸਿਖਾਉਂਦਾ ਹੈ, ਕਿਸੇ ਘਰੇਲੂ ਕਲੀਸਿਆ ਦੀ ਅਗਵਾਈ ਕਰਦਾ ਹੈ, ਜਾਂ ਅਰਾਧਨਾ ਦੀ ਅਗਵਾਈ ਕਰਦਾ ਹੈ ਉਹ ਵੀ ਇੱਕ ਆਗੂ ਹੈ। ਉਹ ਲੋਕ ਕਲੀਸਿਆ ਦੇ ਦੁਆਰਾ ਮਾਨਤਾ ਦਿੱਤੇ ਜਾਣ ਵਾਲੇ ਲੋਕਾਂ ਦੀਆਂ ਉਦਾਹਰਨਾਂ ਹਨ। ਇਸ ਦੇ ਕਾਰਨ ਇਹ ਮਹੱਤਵਪੂਰਨ ਹੈ ਕਿ ਉਹ ਮਸੀਹੀ ਚਰਿੱਤਰ ਦੇ ਚੰਗੇ ਨਮੂਨੇ ਬਣਨ।

ਕਿਸੇ ਆਗੂ ਦਾ ਨਿੱਜੀ ਚਰਿੱਤਰ ਉਸ ਦੀਆਂ ਕੁਦਰਤੀ ਯੋਗਤਾਵਾਂ ਨਾਲੋਂ ਜਿਆਦਾ ਮਹੱਤਵਪੂਰਨ ਹੈ। ਪਰਮੇਸ਼ੁਰ ਇੱਕ ਮਸੀਹੀ ਆਗੂ ਨੂੰ ਸੇਵਕਾਈ ਦੇ ਲਈ ਜਰੂਰੀ ਯੋਗਤਾਵਾਂ ਆਪ ਪ੍ਰਦਾਨ ਕਰਦਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:1-7 ਪੜਣਾ ਚਾਹੀਦਾ ਹੈ।

ਜੇਕਰ ਕਿਸੇ ਵਿਅਕਤੀ ਦੇ ਕੋਲ ਸਹੀ ਇਰਾਦਾ ਹੈ ਤਾਂ ਉਸਦੇ ਲਈ ਪਾਸਬਾਨ ਦੇ ਅਹੁਦੇ ਦੀ ਇੱਛਾ ਰੱਖਣਾ ਗ਼ਲਤ ਨਹੀਂ ਹੈ। ਪਰ ਜੇਕਰ ਉਹ ਆਦਰ ਅਤੇ ਅਧਿਕਾਰ ਚਾਹੁੰਦਾ ਹੈ ਜਾਂ ਆਰਥਿਕ ਲਾਭ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਸਦੇ ਕੋਲ ਇੱਕ ਪਾਸਬਾਨ ਵਾਲਾ ਦਿਲ ਨਹੀਂ ਹੈ। ਉਸਨੂੰ ਇਸ ਮੌਕੇ ਦੀ ਇੱਛਾ ਸੇਵਾ ਕਰਨ ਦੇ ਲਈ ਰੱਖਣੀ ਚਾਹੀਦੀ ਹੈ।

ਸਾਡੇ ਕੋਲ ਪਾਸਬਾਨਾਂ ਅਤੇ ਸੇਵਕਾਂ ਦੀਆਂ ਯੋਗਤਾਵਾਂ ਦੇ ਲਈ ਵਚਨਾਂ ਦੇ ਦੋ ਭਾਗ ਹਨ। ਇਹ ਪੌਲੁਸ ਰਸੂਲ ਦੇ ਦੁਆਰਾ ਤਿਮੋਥਿਉਸ ਅਤੇ ਤੀਤੁਸ ਨੂੰ ਲਿਖੇ ਗਏ ਸਨ। ਤਿਮੋਥਿਉਸ ਅਫਸੁਸ ਦੀਆਂ ਕਲੀਸਿਆਵਾਂ ਦੇ ਵਿੱਚ ਸੇਵਕਾਈ ਕਰ ਰਿਹਾ ਸੀ; ਤੀਤੁਸ ਕਰੇਤੇ ਦੀਆਂ ਕਲੀਸਿਆਵਾਂ ਦੇ ਵਿੱਚ ਸੇਵਕਾਈ ਕਰ ਰਿਹਾ ਸੀ। ਉਨ੍ਹਾਂ ਦੇ ਕੋਲ ਸਥਾਨਕ ਕਲੀਸਿਆਵਾਂ ਦੇ ਲਈ ਪਾਸਬਾਨਾਂ ਨੂੰ ਨਿਯੁਕਤ ਕਰਨ ਦਾ ਕੰਮ ਸੀ।

ਕਲਪਨਾ ਕਰੋ ਕਿ ਕਲੀਸਿਆ ਦੀ ਪਹਿਲੀ ਪੀੜ੍ਹੀ ਦੇ ਵਿੱਚ ਕਿਸੇ ਮਨੁੱਖ ਦੇ ਲਈ ਪਾਸਬਾਨ ਬਣਨ ਦਾ ਅਨੁਭਵ ਕਿਸ ਪ੍ਰਕਾਰ ਦਾ ਹੋਵੇਗਾ! ਉਸਦੇ ਕੋਲ ਇਸਦੇ ਲਈ ਕੋਈ ਪੜਾਈ ਨਹੀਂ ਸੀ। ਉਸਦੇ ਕੋਲ ਸੇਵਕਾਈ ਦੇ ਬਾਰੇ ਅਧਿਐਨ ਕਰਨ ਦੇ ਲਈ ਕੋਈ ਕਿਤਾਬਾਂ ਨਹੀਂ ਸਨ। ਉਸਦੇ ਕੋਲ ਬਾਕੀ ਪਾਸਬਾਨਾਂ ਨੂੰ ਵੇਖ ਸਕਣ ਦਾ ਮੌਕਾ ਨਹੀਂ ਸੀ। ਇੱਥੋਂ ਤੱਕ ਕਿ ਉਸਦੇ ਕੋਲ ਬਹੁਤ ਲੰਬੇ ਸਮੇਂ ਤੱਕ

ਕਲੀਸਿਆ ਦੇ ਜੀਵਨ ਨੂੰ ਵੇਖ ਸਕਣ ਦਾ ਮੌਕਾ ਵੀ ਨਹੀਂ ਸੀ ਕਲੀਸਿਆ ਬਹੁਤ ਨਵੀਂ ਸੀ। ਉਸ ਸਮੇਂ ਜਿਆਦਾਤਰ ਨਵਾਂ ਨੇਮ ਵੀ ਅਜੇ ਲਿਖਿਆ ਗਿਆ ਨਹੀਂ ਸੀ।

ਪੌਲੁਸ ਨੇ ਤਿਮੋਥਿਉਸ ਨੂੰ ਕਿਹਾ ਕਿ ਉਹ ਲੋਕਾਂ ਦੇ ਆਦਰ ਨੂੰ ਪ੍ਰਾਪਤ ਕਰੇ। ਉਸਨੇ ਕਿਹਾ ਕਿ ਉਹ ਬਚਨ ਵਿੱਚ, ਚਾਲ-ਚਲਣ, ਪ੍ਰੇਮ, ਨਿਹਚਾ, ਅਤੇ ਪਵਿੱਤਰਤਾਈ ਦੇ ਵਿੱਚ ਇੱਕ ਨਮੂਨਾ ਬਣੇ(ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 4:12)। ਇੱਕ ਪਾਸਬਾਨ ਆਦਰ ਦੀ ਮੰਗ ਕਰਕੇ ਆਦਰ ਪ੍ਰਾਪਤ ਨਹੀਂ ਕਰਦਾ।

► ਇੱਕ ਪਾਸਬਾਨ ਆਦਰ ਨੂੰ ਕਿਵੇਂ ਪ੍ਰਾਪਤ ਕਰਦਾ ਹੈ?

ਰਸੂਲ ਨੇ ਤਿਮੋਥਿਉਸ ਅਤੇ ਤੀਤੁਸ ਨੂੰ ਪਾਸਬਾਨਾਂ ਦੀ ਯੋਗਤਾਵਾਂ ਦੇ ਬਾਰੇ ਦੱਸਿਆ। ਇੰਨ੍ਹਾਂ ਵਿੱਚੋਂ ਜਿਆਦਾਤਰ ਯੋਗਤਾਵਾਂ ਕਿਸੇ ਵਿਅਕਤੀ ਦੀ ਖਾਸ ਯੋਗਤਾ ਦੀ ਬਜਾਏ ਇਹ ਮਸੀਹੀ ਚਰਿੱਤਰ ਅਤੇ ਪਰਿਪੱਕਤਾ ਤੇ ਆਧਾਰਿਤ ਹਨ। ਇਸ ਕਾਰਨ ਹਰੇਕ ਮਸੀਹੀ ਨੂੰ ਇੰਨ੍ਹਾਂ ਯੋਗਤਾਵਾਂ ਨੂੰ ਵਿਕਸਿਤ ਕਰਨ ਦੇ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

## ਪਾਸਬਾਨਾਂ ਦੀ ਯੋਗਤਾਵਾਂ

### (1) ਨਿਰਦੋਸ਼

ਪਾਸਬਾਨ ਜੋ ਕੁਝ ਗ਼ਲਤ ਕਰਨ ਦਾ ਦੋਸ਼ੀ ਨਹੀਂ ਹੋਣਾ ਚਾਹੀਦਾ। ਜੇਕਰ ਪਾਸਬਾਨ ਆਪ ਸਹੀ ਨਹੀਂ ਕਰ ਰਿਹਾ ਹੈ ਤਾਂ ਉਹ ਦੂਸਰਿਆਂ ਦੀ ਸਹੀ ਰਾਹ ਦੇ ਵਿੱਚ ਅਗਵਾਈ ਨਹੀਂ ਕਰ ਸਕਦਾ। ਪਾਸਬਾਨ ਇੱਕ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਕਿ ਜਿਸਨੇ ਇੱਕ ਲੰਬੇ ਸਮੇਂ ਦੇ ਲਈ ਇੱਕ ਸਥਿਰ ਮਸੀਹੀ ਜੀਵਨ ਨੂੰ ਵਿਖਾਇਆ ਹੋਵੇ। ਇਹ ਜਰੂਰੀ ਹੈ ਤਾਂ ਕਿ ਕਲੀਸਿਆ ਉਸ ਤੇ ਭਰੋਸਾ ਕਰ ਸਕੇ ਅਤੇ ਸਮਾਜ ਦੇ ਵਿੱਚ ਇੱਕ ਚੰਗੀ ਗਵਾਹੀ ਰੱਖ ਸਕੇ।

### (2) ਇੱਕੋ ਪਤਨੀ ਦਾ ਪਤੀ

ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਦੇ ਵਿੱਚ, ਇੱਕ ਨਾਲੋਂ ਜਿਆਦਾ ਪਤਨੀਆਂ ਰੱਖਣੀਆਂ ਇੱਕ ਆਮ ਰਿਵਾਜ ਹੈ। ਇੱਕ ਪੁਰਸ਼ ਦੇ ਲਈ ਪਰਮੇਸ਼ੁਰ ਦਾ ਉਦੇਸ਼ ਇੱਕ ਹੀ ਪਤਨੀ ਦਾ ਹੈ। ਪਾਸਬਾਨਾਂ ਨੂੰ ਇਸਦੇ ਲਈ ਨਮੂਨਾ ਬਣਨਾ ਚਾਹੀਦਾ ਹੈ।

### (3) ਸੁਰਤ ਵਾਲਾ (ਗੰਭੀਰ)

ਇੱਕ ਪਾਸਬਾਨ ਨੂੰ ਉਸਦੀ ਸੇਵਕਾਈ ਦੇ ਲਈ ਗੰਭੀਰ ਹੋਣਾ ਚਾਹੀਦਾ ਹੈ। ਉਸਨੂੰ ਇੱਕ ਭਾਵੁਕ ਵਿਅਕਤੀ ਨਹੀਂ ਹੋਣਾ ਚਾਹੀਦਾ ਜੋ ਬਹੁਤ ਜਲਦੀ ਫੈਸਲੇ ਲੈਂਦਾ ਹੈ। ਉਹ ਮਹੱਤਵਪੂਰਨ ਮੁੱਦਿਆਂ ਬਾਰੇ ਸ਼ਾਂਤੀ ਨਾਲ ਸੋਚਣ ਦੇ ਯੋਗ ਹੋਣਾ ਚਾਹੀਦਾ ਹੈ। ਉਸਨੂੰ ਆਪਣੇ ਮਨ ਨੂੰ ਨਿੱਜੀ ਫਿਕਰਾਂ, ਮਨੋਰੰਜਨ ਜਾਂ ਪਰਤਾਵਿਆਂ ਦੁਆਰਾ ਭਟਕਣ ਨਹੀਂ ਦੇਣਾ ਚਾਹੀਦਾ।

### (4) ਨੇਕ ਚਲਣ

ਪਾਸਬਾਨ ਦਾ ਵਿਵਹਾਰ ਬਹੁਤ ਨੇਕ ਹੋਣਾ ਚਾਹੀਦਾ ਹੈ। ਉਸਨੂੰ ਬੇਢੁੱਕਵੇਂ ਤਰੀਕੇ ਦਾ ਵਿਵਹਾਰ ਨਹੀਂ ਕਰਨਾ ਚਾਹੀਦਾ। ਉਸਨੂੰ ਆਪਣੀ ਸੇਵਕਾਈ ਦੇ ਸਥਾਨ ਦੇ ਰਿਵਾਜ ਦੇ ਅਨੁਸਾਰ ਆਦਰ ਅਤੇ ਸ਼ਰਧਾ ਵਿਖਾਉਣੀ ਸਿੱਖਣੀ ਚਾਹੀਦੀ ਹੈ।

> "ਪਾਸਬਾਨੀ ਦੇਖਭਾਲ ਦੇ ਨਾਲ ਸ਼ੁਭਸਮਾਚਾਰ ਦਾ ਪ੍ਰਚਾਰ ਸੇਵਕਾਈ ਦੇ ਨਾਲ ਸੰਬੰਧਿਤ ਹੈ, ਅਤੇ ਇਹ ਪਰਮੇਸ਼ੁਰ ਦੇ ਦੁਆਰਾ ਪਾਪੀਆਂ ਦੇ ਪਰਿਵਰਤਨ ਅਤੇ ਵਿਸ਼ਵਾਸੀਆਂ ਦੀ ਉੱਨਤੀ ਦੇ ਲਈ ਤਿਆਰ ਕੀਤਾ ਗਿਆ ਹੈ। ਇਸਦੇ ਲਈ ਬਹੁਤ ਹੀ ਸਹੀ ਹੈ ਕਿ ਇਸ ਸੇਵਾ ਦੇ ਲਈ ਪਰਮੇਸ਼ੁਰ ਆਪਣੇ ਕਾਮਿਆਂ ਦੀ ਚੋਣ ਕਰੇ, ਅਤੇ ਉਨ੍ਹਾਂ ਖਾਸ ਤੌਰ ਤੇ ਉਸਦੀ ਸੇਵਾ ਦੇ ਲਈ ਬੁਲਾਵੇ।"
>
> - ਜੋਨ੍ਹ ਮਿਲੇ,
>
> ਕ੍ਰਿਸਚਨ ਥਿਓਲੋਜੀ

### (5) ਪਰਾਹੁਣਚਾਰ

ਪਾਸਬਾਨ ਇੱਕ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜੋ ਦੂਸਰਿਆਂ ਦੀਆਂ ਜਰੂਰਤਾਂ ਦੇ ਪ੍ਰਤੀ ਪ੍ਰਤੀਕਿਰਿਆ ਕਰਦਾ ਹੈ। ਉਹ ਵਸਤਾਂ ਸਾਂਝੀਆਂ ਕਰਨ ਦਾ ਇਛੁੱਕ ਹੋਣਾ ਚਾਹੀਦਾ ਹੈ। ਉਸਨੂੰ ਅਜਿਹੇ ਲੋਕਾਂ ਦੇ ਨਾਲ ਮਿੱਤਰਤਾ ਅਤੇ ਸਹਾਇਤਾ ਭਰਿਆ ਵਿਵਹਾਰ ਰੱਖਣਾ ਚਾਹੀਦਾ ਹੈ ਜਿੰਨ੍ਹਾਂ ਨੂੰ ਉਹ ਪਹਿਲੀ ਵਾਰ ਮਿਲਦਾ ਹੈ।

### (6) ਸਿੱਖਿਆ ਦੇਣ ਯੋਗ

ਪਾਸਬਾਨ ਸਚਿਆਈ ਦੀ ਅਜਿਹੀ ਵਿਆਖਿਆ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਜਿਸਨੂੰ ਲੋਕ ਸਮਝ ਸਕਣ। ਉਸਨੂੰ ਆਪ ਪੜਾਈ ਕਰਨ ਅਤੇ ਆਪਣੇ ਆਪ ਨੂੰ ਸਿੱਖਿਅਤ ਕਰਨ ਦੀ ਜਿੰਮੇਵਾਰੀ ਲੈਣੀ ਚਾਹੀਦੀ ਹੈ।

### (7) ਨਾ ਪਿਆਕੜ

ਇੱਕ ਪਾਸਬਾਨ ਨੂੰ ਖੁਦ ਨੂੰ ਮੈ ਦੇ ਨਾਲ ਮਤਵਾਲਾ ਹੋਣ ਦੀ ਪ੍ਰਵਾਨਗੀ ਨਹੀਂ ਦੇਣੀ ਚਾਹੀਦੀ। ਉਸਨੂੰ ਕਦੇ ਵੀ ਇੱਕ ਸ਼ਰਾਬੀ ਦੀ ਤਰ੍ਹਾਂ ਵਿਵਹਾਰ ਨਹੀਂ ਕਰਨਾ ਚਾਹੀਦਾ। ਇਹ ਸਿਧਾਂਤ ਕਿਸੇ ਵੀ ਅਜਿਹੀ ਚੀਜ਼ ਦੇ ਸੇਵਨ ਕਰਨ ਤੇ ਲਾਗੂ ਹੁੰਦਾ ਹੈ ਜਿਸਦਾ ਪ੍ਰਭਾਵ ਨਸ਼ੇ ਵਾਲਾ ਹੈ।

### (8) ਨਾ ਮੁੱਕੇਬਾਜ

ਪਾਸਬਾਨ ਨੂੰ ਕਦੇ ਵੀ ਕੋਈ ਕੰਮ ਧੱਕੇ ਨਾਲ ਜਾਂ ਧਮਕੀ ਦੇ ਦੁਆਰਾ ਨਹੀਂ ਕਰਨਾ ਚਾਹੀਦਾ। ਉਹ ਉਸਨੂੰ ਦੁੱਖ ਪਹੁੰਚਾਉਣ ਵਾਲੇ ਵਿਅਕਤੀ ਨੂੰ ਕਤਲੀਫ਼ ਦੇਣ ਵਾਲਾ ਨਹੀਂ ਹੋਣਾ ਚਾਹੀਦਾ। (ਇਸਦੇ ਨਾਲ ਹੀ ਤਿਮੋਥਿਉਸ ਨੂੰ ਦੂਜੀ ਪੱਤ੍ਰੀ 2:24-25 ਵੀ ਵੇਖੋ)।

► ਕੋਈ ਪਾਸਬਾਨ ਆਪਣੇ ਸਹੀ ਗੁੱਸੇ ਨੂੰ ਕਿੰਨਾਂ ਤਰੀਕਿਆਂ ਦੇ ਨਾਲ ਵਿਖਾ ਸਕਦਾ ਹੈ?

### (9) ਨਾ ਪੈਸੇ ਦਾ ਲੋਭੀ

ਦੁਨੀਆ ਦੇ ਲੋਕ ਲਾਭ ਦੇ ਲਈ ਆਪਣੀਆਂ ਗੱਲਾਂ ਨੂੰ ਬਦਲਦੇ ਹਨ। ਕੁਝ ਖਾਸ ਕਿੱਤਿਆਂ ਵਾਲੇ ਲੋਕ ਜਿਵੇਂ ਕਿ ਵਕੀਲ, ਵਸਤਾਂ ਵੇਚਣ ਵਾਲੇ ਜਾਂ ਰਾਜਨੀਤਿਕ ਨੇਤਾ ਲੋਕਾਂ ਨੂੰ ਖੁਸ਼ ਕਰਨ ਦੇ ਲਈ ਸਚਿਆਈ ਨੂੰ ਬਦਲ ਦਿੰਦੇ ਹਨ। ਇੱਕ ਪਾਸਬਾਨ ਦੇ ਕੋਲ ਵੀ ਇਹ ਪਰਤਾਵਾ ਹੁੰਦਾ ਹੈ ਕਿਉਂਕਿ ਪਰਮੇਸ਼ੁਰ ਦਾ ਵਚਨ ਹਰ ਇੱਕ ਨੂੰ ਖੁਸ਼ ਨਹੀਂ ਕਰਦਾ। ਇੱਕ ਪਾਸਟਰ ਸਚਿਆਈ ਨੂੰ ਆਪਣੇ ਆਰਥਿਕ ਲਾਭ ਦੀ ਪਰਵਾਹ ਕੀਤੇ ਬਿਨਾਂ ਸਚਿਆਈ ਦੇ ਪ੍ਰਤੀ ਵਫ਼ਾਦਾਰ ਹੋਣਾ ਚਾਹੀਦਾ ਹੈ।

ਇੱਕ ਪਾਸਬਾਨ ਦੀ ਇਹ ਇੱਛਾ ਹੋਣੀ ਚਾਹੀਦੀ ਹੈ ਕਿ ਕਲੀਸਿਆ ਦੀ ਸੇਵਕਾਈ ਚੰਗਾ ਆਰਥਿਕ ਸਮਰਥਨ ਮਿਲੇ। ਉਸਨੂੰ ਕਲੀਸਿਆ ਨੂੰ ਇਸ ਪ੍ਰਕਾਰ ਚਲਾਉਣਾ ਚਾਹੀਦਾ ਹੈ ਜਿਵੇਂ ਕੋਈ ਪਰਿਵਾਰ ਇਸਦੇ ਮੈਂਬਰਾਂ ਦੀ ਦੇਖਭਾਲ ਕਰਦਾ ਹੈ, ਇਸ ਸੋਚ ਨਾ ਰੱਖਦੇ ਹੋਏ ਕਿ ਉਹ ਉਸਨੂੰ ਕੀ ਦੇ ਸਕਦੇ ਹਨ।

### (10) ਆਪਣੇ ਘਰ ਦਾ ਚੰਗੀ ਤਰ੍ਹਾਂ ਪਰਬੰਧ ਕਰਨ ਵਾਲਾ ਹੋਵੇ।

ਇੱਕ ਪਾਸਬਾਨ ਦੀ ਅਗਵਾਈ ਕਰਨ ਦੀ ਯੋਗਤਾ ਘਰ ਦੇ ਵਿੱਚ ਨਜ਼ਰ ਆਉਣੀ ਚਾਹੀਦੀ ਹੈ। ਉਸਦੇ ਬੱਚੇ ਉਸਦੇ ਕਾਬੂ ਦੇ ਵਿੱਚ ਹੋਣੇ ਚਾਹੀਦੇ ਹਨ। ਜੇਕਰ ਉਹ ਆਪਣੇ ਘਰ ਦਾ ਸਹੀ ਪ੍ਰਬੰਧ ਨਹੀਂ ਕਰ ਸਕਦਾ ਤਾਂ ਫਿਰ ਉਹ ਕਲੀਸਿਆ ਦਾ ਵੀ ਸਹੀ ਪ੍ਰਬੰਧ ਨਹੀਂ ਕਰ ਸਕੇਗਾ। ਇਸਦੇ ਵਿੱਚ ਬਾਲਗ ਬਣ ਚੁੱਕੇ ਅਤੇ ਉਸਦੇ ਅਧਿਕਾਰ ਤੋਂ ਦੂਰ ਬੱਚੇ ਸ਼ਾਮਿਲ ਨਹੀਂ ਹਨ ਕਿਉਂਕਿ ਹੁਣ ਉਹ ਉਨ੍ਹਾਂ ਦੇ ਪ੍ਰਤੀ ਜਿੰਮੇਵਾਰ ਨਹੀਂ ਹੈ।

### (11) ਉਹ ਨਵਾਂ ਚੇਲ੍ਹਾ ਨਾ ਹੋਵੇ

ਜੇਕਰ ਕਿਸੇ ਵਿਅਕਤੀ ਨੂੰ ਜਲਦੀ ਦੇ ਨਾਲ ਕੋਈ ਅਧਿਕਾਰ ਵਾਲਾ ਅਹੁਦਾ ਮਿਲ ਜਾਵੇ, ਤਾਂ ਉਹ ਘਮੰਡੀ ਹੋਣ ਦੇ ਪਰਤਾਵੇ ਵਿੱਚ ਪੈ ਸਕਦਾ ਹੈ। ਘਮੰਡ ਉਹ ਪਾਪ ਹੇ ਜਿਸ ਦੁਆਰਾ ਸ਼ੈਤਾਨ ਪਾਪ ਦੇ ਵਿੱਚ ਡਿੱਗਿਆ ਸੀ। ਤਰੱਕੀ ਹੌਲੀ ਦੇ ਨਾਲ ਤਜ਼ੁਰਬੇ ਦੇ ਨਾਲ ਦਿੱਤੀ ਜਾਣੀ ਚਾਹੀਦੀ ਹੈ।

► ਜੇਕਰ ਕਿਸੇ ਵਿਅਕਤੀ ਨੂੰ ਜਲਦੀ ਨਾਲ ਕੋਈ ਅਹੁਦਾ ਦੇ ਦਿੱਤਾ ਅਤੇ ਉਹ ਸਹੀ ਕੰਮ ਨਾ ਕਰ ਪਾਏ ਤਾਂ ਇਸਦੇ ਨਾਲ ਕੀ ਨੁਕਸਾਨ ਹੁੰਦਾ ਹੈ?

### (12) ਨੇਕਨਾਮੀ ਹੋਵੇ

ਕਿਸੇ ਵਿਅਕਤੀ ਦੇ ਪਾਸਬਾਨ ਨਿਯੁਕਤ ਕੀਤੇ ਜਾਣ ਤੋਂ ਪਹਿਲਾਂ, ਉਸ ਵਿਅਕਤੀ ਦੀ ਕਲੀਸਿਆ ਤੋਂ ਬਾਹਰ ਵਾਲੇ ਲੋਕਾਂ ਦੇ ਵਿੱਚਕਾਰ ਚੰਗੀ ਗਵਾਹੀ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਹ ਵਿਅਕਤੀ ਆਪਣੇ ਸਾਰੇ ਕੰਮਾਂ ਦੇ ਵਿੱਚ ਇਮਾਨਦਾਰ

ਅਤੇ ਵਫ਼ਾਦਾਰ ਹੈ। ਜੇਕਰ ਉਸਦੇ ਪਰਿਵਰਤਿਤ ਹੋਣ ਤੋਂ ਪਹਿਲਾਂ ਉਸਦੀ ਗਵਾਹੀ ਖ਼ਰਾਬ ਸੀ ਤਾਂ ਫਿਰ ਪਾਸਬਾਨ ਬਣਨ ਤੋਂ ਪਹਿਲਾਂ ਉਸਨੂੰ ਆਪਣੀ ਗਵਾਹੀ ਬਿਹਤਰ ਬਣਾਉਣ ਦੇ ਲਈ ਸਮੇਂ ਦੀ ਜਰੂਰਤ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਤੀਤੁਸ ਨੂੰ 1:5-11 ਨੂੰ ਪੜਣਾ ਚਾਹੀਦਾ ਹੈ।

ਤੀਤੁਸ ਨੂੰ ਦੇ ਵਿੱਚ ਦੱਸੀਆਂ ਜਿਆਦਾਤਰ ਯੋਗਤਾਵਾਂ ਵਚਨ ਦੇ ਵਿੱਚ ਭਾਗ ਵਿੱਚ ਵੀ ਦੱਸੀਆਂ ਹੋਈਆਂ ਹਨ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ।

"ਸਰਬ-ਸ਼ਕਤੀਮਾਨ ਪਰਮੇਸ਼ੁਰ, ਸਾਡੇ ਸਵਰਗੀ ਪਿਤਾ, ਜਿਸਨੇ ਤੁਹਾਨੂੰ ਇਹ ਸਭ ਕੁਝ ਕਰਨ ਦੇ ਲਈ ਚੰਗੀ ਇੱਛਾ ਦਿੱਤੀ ਹੈ, ਉਹ ਤੁਹਾਨੂੰ ਅਜਿਹਾ ਕਰਨ ਦਾ ਬਲ ਅਤੇ ਤਾਕਤ ਵੀ ਦੇਵੇ; ਕਿ ਉਹ ਉਸ ਭਲੇ ਕੰਮ ਨੂੰ ਪੂਰਾ ਕਰ ਰਿਹਾ ਹੈ ਜੋ ਉਸਨੇ ਤੁਹਾਡੇ ਵਿੱਚ ਸ਼ੁਰੂ ਕੀਤਾ ਹੈ, ਤਾਂ ਸਾਡੇ ਪ੍ਰਭੂ ਯਿਸੂ ਮਸੀਹ ਦੇ ਦੁਆਰਾ ਉਸਦੇ ਤੁਸੀਂ ਆਖਰੀ ਦਿਨ ਦੇ ਵਿੱਚ ਸੰਪੂਰਨ ਅਤੇ ਨਿਰਦੋਸ਼ ਪਾਏ ਜਾਓ। ਆਮੀਨ।"

- "ਬਿਸ਼ਪਾਂ ਦਾ ਮਸਹ ਕੀਤਾ ਜਾਣਾ"
ਬੁੱਕ ਆੱਫ ਕਾੱਮਨ ਪਰੇਅਰ

► ਤੀਤੁਸ ਨੂੰ ਦੇ ਵਿੱਚ ਇੱਕ ਪਾਸਬਾਨ ਦੀਆਂ ਹੋਰ ਵਧੇਰੇ ਕਿਹੜੀਆਂ ਯੋਗਤਾਵਾਂ ਦੱਸੀਆਂ ਹੋਈਆਂ ਹਨ?

ਵਚਨ ਦਾ ਇਹ ਭਾਗ ਇੱਕ ਪਾਸਬਾਨ ਝੂਠੀ ਸਿੱਖਿਆ ਦਾ ਵਿਰੋਧ ਕਰਨ ਦੀ ਯੋਗਤਾ ਤੇ ਜ਼ੋਰ ਦਿੰਦਾ ਹੈ। ਇੱਕ ਪਾਸਬਾਨ ਆਪਣੀ ਕਲੀਸਿਆ ਦੀ ਸੁਰੱਖਿਆ ਕਰਦਾ ਹੈ। ਉਸਨੂੰ ਕਲੀਸਿਆ ਦੀ ਝੂਠੀ ਸਿੱਖਿਆ ਅਤੇ ਬੁਰੇ ਪ੍ਰਭਾਵਾਂ ਤੋਂ ਰਖਵਾਲੀ ਕਰਨੀ ਚਾਹੀਦੀ ਹੈ। ਉਸਨੇ ਆਪਣੇ ਲੋਕਾਂ ਨੂੰ ਸਿਖਾਉਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਧਰਮ ਸਿਧਾਂਤਾਂ ਦੇ ਵਿੱਚ ਮਜ਼ਬੂਤ ਰਹਿ ਸਕਣ। ਉਸਨੂੰ ਲੋਕਾਂ ਨੂੰ ਆਤਮਿਕ ਖ਼ਤਰੇ ਦੇ ਬਾਰੇ ਚੁਣੌਤੀ ਦੇਣ ਦੇ ਲਈ ਤਿਆਰ ਹੋਣਾ ਚਾਹੀਦਾ ਹੈ।

► ਕੀ ਹੋਵੇਗਾ ਜੇਕਰ ਪਾਸਬਾਨ ਉਨ੍ਹਾਂ ਆਤਮਿਕ ਖ਼ਤਰਿਆਂ ਦੇ ਬਾਰੇ ਜਾਗਰੁਕ ਨਹੀਂ ਹੋਵੇਗਾ ਜਿੰਨ੍ਹਾਂ ਦਾ ਸਾਹਮਣਾ ਉਸਦੇ ਲੋਕ ਕਰ ਰਹੇ ਹਨ?

ਪਾਸਬਾਨ ਸੱਚੇ ਧਰਮ ਸਿਧਾਂਤਾਂ ਵਿੱਚ ਚੰਗੀ ਤਰ੍ਹਾਂ ਦੇ ਨਾਲ ਸਿੱਖਿਅਤ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਵਿਆਖਿਆ ਕਰਨ ਦੇ ਵੀ ਯੋਗ ਹੋਣਾ ਚਾਹੀਦਾ ਹੈ। ਇਸਦਾ ਉਦੇਸ਼ ਅਜਿਹੇ ਲੋਕਾਂ ਨੂੰ ਸੁਧਾਰਨਾ ਹੈ ਜੋ ਝੂਠੀ ਸਿੱਖਿਆ ਦੇ ਵਿੱਚ ਹਨ, ਪਰ ਇਸਦੇ ਨਾਲੋਂ ਵੀ ਜਿਆਦਾ ਮਹੱਤਵਪੂਰਨ ਹੈ ਕਲੀਸਿਆ ਨੂੰ ਕਿਸੇ ਗ਼ਲਤ ਪਾਸੇ ਵੱਲ ਜਾਣ ਤੋਂ ਬਚਾਉਣਾ।

### ਇੱਕ ਸੇਵਕ ਦੀਆਂ ਯੋਗਤਾਵਾਂ

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਰਸੂਲਾਂ ਦੇ ਕਰਤੱਬ 6:1-6 ਪੜਣਾ ਚਾਹੀਦਾ ਹੈ। ਵਚਨ ਦੇ ਇਸ ਭਾਗ ਵਿੱਚ ਕਿਸ ਸਮੱਸਿਆ ਦਾ ਵਰਣਨ ਕੀਤਾ ਗਿਆ ਹੈ?

ਪਹਿਲੇ ਸੇਵਕਾਂ ਦੀ ਨਿਯੁਕਤੀ ਪੰਤੇਕੁਸਤ ਦੇ ਕੁਝ ਹੀ ਸਮੇਂ ਦੇ ਬਾਅਦ ਕੀਤੀ ਗਈ ਸੀ। ਰਸੂਲ ਪ੍ਰਾਥਨਾ ਅਤੇ ਪ੍ਰਚਾਰ ਤੇ ਧਿਆਨ ਲਗਾਉਣਾ ਚਾਹੁੰਦੇ ਸਨ। ਕਲੀਸਿਆ ਦੇ ਪ੍ਰਬੰਧ ਦੇ ਵੇਰਵਿਆਂ ਵਿੱਚ ਸਹਾਇਤਾ ਕਰਨ ਦੇ ਲਈ ਸੱਤ ਆਦਮੀ ਨਿਯੁਕਤ ਕੀਤੇ ਗਏ

ਸਨ। ਇੱਕ ਸੇਵਕ ਪਾਸਬਾਨ ਦੀ ਸੇਵਕਾਈ ਦੇ ਵੇਰਵਿਆਂ ਵਿੱਚ ਸਹਾਇਤਾ ਕਰਦਾ ਹੈ। ਇੱਕ ਸੇਵਕ ਇੱਕ ਪ੍ਰਚਾਰਕ ਵੀ ਹੋ ਸਕਦਾ ਹੈ, ਪਰ ਇਹ ਜ਼ਰੂਰੀ ਨਹੀਂ ਹੈ।

► ਪਹਿਲੇ ਸੇਵਕਾਂ ਦੀਆਂ ਕੀ ਯੋਗਤਾਵਾਂ ਸਨ?

ਪਹਿਲੇ ਸੇਵਕਾਂ ਦੀਆਂ ਯੋਗਤਾਵਾਂ ਇਹ ਸਨ ਕਿ ਉਹ ਨੇਕਨਾਮ ਹੋਣ ਅਤੇ ਪਵਿੱਤਰ ਆਤਮਾ ਅਤੇ ਬੁੱਧ ਦੇ ਨਾਲ ਭਰੇ ਹੋਣ। ਉਨ੍ਹਾਂ ਨੇ ਕਲੀਸਿਆ ਦੇ ਪੈਸੇ ਦੀ ਦੇਖਰੇਖ ਕਰਨੀ ਸੀ, ਇਸ ਕਾਰਨ ਉਨ੍ਹਾਂ ਦੇ ਵਿੱਚ ਇਨਾਮਦਾਰੀ ਵਾਲੀ ਗਵਾਹੀ ਹੋਣੀ ਜਰੂਰੀ ਸੀ। ਉਨ੍ਹਾਂ ਦੀ ਸੇਵਕਾਈ ਦੇ ਕਲੀਸਿਆ ਤੇ ਆਤਮਿਕ ਪ੍ਰਭਾਵ ਹੋਣਗੇ, ਇਸ ਲਈ ਇਹ ਜਰੂਰੀ ਸੀ ਕਿ ਪਵਿੱਤਰ ਆਤਮਾ ਦੇ ਨਾਲ ਭਰੇ ਹੋਣ ਤਾਂ ਕਿ ਉਨ੍ਹਾਂ ਦੇ ਕੋਲ ਆਤਮਾ ਦੀ ਅਗਵਾਈ, ਮਸਹ ਅਤੇ ਸ਼ੁੱਧਤਾਈ ਹੋਵੇ। ਉਨ੍ਹਾਂ ਨੂੰ ਕਈ ਮੁਸ਼ਕਿਲ ਹਾਲਾਤਾਂ ਦੇ ਨਾਲ ਨਜਿੱਠਣਾ ਪਵੇਗਾ ਜਿਸਦੇ ਕਾਰਨ ਬੁੱਧ ਮਹੱਤਵਪੂਰਨ ਸੀ।

ਪੌਲੁਸ ਰਸੂਲ ਨੇ ਸੇਵਕਾਂ ਦੇ ਲਈ ਕੁਝ ਯੋਗਤਾਵਾਂ ਦੀ ਸੂਚੀ ਦਿੱਤੀ ਹੈ।

►ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:8-13 ਪੜਣਾ ਚਾਹੀਦਾ ਹੈ।

**(1) ਆਦਰਯੋਗ**

ਇੱਕ ਸੇਵਕ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜਿਸਦਾ ਉਸਦੇ ਪਰਿਵਾਰ, ਦੋਸਤਾਂ ਅਤੇ ਸਮਾਜ ਦੇ ਵਿੱਚ ਆਦਰ ਕੀਤਾ ਜਾਂਦਾ ਹੈ।

**(2) ਇਮਾਨਦਾਨ**

ਸੇਵਕ ਨੂੰ ਇੱਕ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜੋ ਆਪਣੀ ਹਰ ਗੱਲ ਵਿੱਚ ਭਰੋਸੇਯੋਗ ਹੋਵੇ। ਉਹ ਕਲੀਸਿਆ ਦੇ ਲੋਕਾਂ ਬਾਰੇ ਆਲੋਚਨਾ ਸੁਣੇਗਾ ਅਤੇ ਉਹ ਕਲੀਸਿਆਵਾਂ ਦੀਆਂ ਸਮੱਸਿਆਵਾਂ ਬਾਰੇ ਬਹੁਤ ਸਾਰੇ ਅਲੱਗ-ਅਲੱਗ ਸੁਣੇਗਾ ਵਿਚਾਰ। ਉਸਨੂੰ ਇੱਕ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜੋ ਇਮਾਨਦਾਰ ਹੋਵੇ।

**(3) ਨਾ ਬਹੁਤ ਮੈ ਪੀਣ ਵਾਲੇ**

ਸੇਵਕ ਇੱਕ ਸ਼ਰਾਬੀ ਵਿਅਕਤੀ ਨਹੀਂ ਹੋਣਾ ਚਾਹੀਦਾ। ਉਸਦਾ ਵਿਵਹਾਰ ਆਦਰਯੋਗ ਅਤੇ ਸਥਿਰ ਹੋਣਾ ਚਾਹੀਦਾ ਹੈ।

**(4) ਨਾ ਝੂਠੀ ਕਮਾਈ ਦੇ ਲੋਭੀ**

ਇੱਕ ਸੇਵਕਾ ਕਲੀਸਿਆ ਦੇ ਪੈਸੇ ਦੀ ਅਤੇ ਕਲੀਸਿਆ ਦੇ ਲੋਕਾਂ ਦੀਆਂ ਜਰੂਰਤਾਂ ਦੀ ਦੇਖਰੇਖ ਕਰਨ ਦੇ ਲਈ ਜਿੰਮੇਵਾਰ ਹੋਵੇਗਾ। ਉਹ ਇੱਕ ਅਜਿਹਾ ਵਿਅਕਤੀ ਨਹੀਂ ਹੋਣਾ ਚਾਹੀਦਾ ਜੋ ਸੇਵਕਾਈ ਤੋਂ ਲਾਭ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ।

### (5) ਸ਼ੁੱਧ ਅੰਤਹਕਰਨ ਦੇ ਨਾਲ ਧਰਮ ਸਿਧਾਂਤਾਂ ਨੂੰ ਫੜੀ ਰੱਖਣ ਵਾਲਾ

ਜਦੋਂ ਕੋਈ ਵਿਅਕਤੀ ਪਾਪ ਦੇ ਵਿੱਚ ਡਿੱਗਦਾ ਹੈ ਤਾਂ ਉਹ ਅਕਸਰ ਗ਼ਲਤ ਧਰਮ ਸਿੱਖਿਆਵਾਂ ਤੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੰਦਾ ਹੈ। ਜੇਕਰ ਕੋਈ ਵਿਅਕਤੀ ਆਤਮਿਕ ਜਿੱਤ ਦੇ ਵਿੱਚ ਰਹਿੰਦਾ ਹੈ ਤਾਂ ਉਸਦੇ ਸਚਿਆਈ ਦੇ ਵਚਨਾਂ ਵਿੱਚ ਬਣੇ ਰਹਿਣ ਦੀ ਸੰਭਾਵਨਾ ਜਿਆਦਾ ਹੋਵੇਗੀ।

### (6) ਤਜ਼ੁਰਬੇਕਾਰ

ਇਸ ਤੋਂ ਪਹਿਲਾਂ ਕਿ ਕਿਸੇ ਵਿਅਕਤੀ ਨੂੰ ਸੇਵਕ ਦਾ ਅਹੁਦਾ ਦਿੱਤਾ ਜਾਵੇ, ਉਸਦੇ ਕੋਲ ਆਪਣੇ ਆਪ ਨੂੰ ਸੇਵਕਾਈ ਦੇ ਲਈ ਭਰੋਸੇਯੋਗ ਅਤੇ ਬੁੱਧਵਾਨ ਵਿਖਾਉਣ ਦਾ ਮੌਕਾ ਹੋਣਾ ਚਾਹੀਦਾ ਹੈ। ਬੁੱਧਵਾਨ ਆਗੂ ਲੋਕਾਂ ਨੂੰ ਸੇਵਕਾਈ ਦੇ ਵਿੱਚ ਅਧਿਕਾਰ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਸੇਵਾ ਕਰਨ ਦੇ ਮੌਕੇ ਦਿੰਦੇ ਹਨ।

► ਕੁਝ ਅਜਿਹੀਆਂ ਸੇਵਾਵਾਂ ਦੀਆਂ ਉਦਾਹਰਨਾਂ ਦਿਉ ਜਿੰਨ੍ਹਾਂ ਦੇ ਦੁਆਰਾ ਕੋਈ ਵਿਅਕਤੀ ਕਿਸੇ ਅਧਿਕਾਰ ਦੇ ਅਹੁਦੇ ਤੋਂ ਬਿਨਾਂ ਕਲੀਸਿਆ ਦੀ ਸੇਵਕਾਈ ਦੇ ਵਿੱਚ ਸਹਾਇਤਾ ਕਰ ਸਕੇ?

### (7) ਇੱਕ ਵਫ਼ਾਦਾਰ ਪਤਨੀ ਦੇ ਨਾਲ

ਜੇਕਰ ਕਿਸੇ ਸੇਵਕ ਦੀ ਪਤਨੀ ਚੁਗਲੀਆਂ ਕਰਦੀ ਹੈ ਅਤੇ ਇੱਕ ਚੰਗੇ ਮਸੀਹੀ ਦੀ ਉਦਾਹਰਨ ਨਹੀਂ ਹੈ ਤਾਂ ਇਸਦੇ ਨਾਲ ਉਸਦੀ ਸੇਵਕਾਈ ਦਾ ਨੁਕਸਾਨ ਹੁੰਦਾ ਹੈ।

### (8) ਆਪਣੇ ਘਰਾਂ ਦਾ ਚੰਗੀ ਤਰ੍ਹਾਂ ਦੇ ਨਾਲ ਪਰਬੰਧ ਕਰਨ

ਇੱਕ ਪਾਸਬਾਨ ਦੀ ਹੀ ਤਰ੍ਹਾਂ ਇੱਕ ਸੇਵਕ ਵੀ ਆਪਣੇ ਘਰ ਦਾ ਚੰਗਾ ਪ੍ਰਬੰਧ ਕਰਨ ਵਾਲਾ ਹੋਣਾ ਚਾਹੀਦਾ ਹੈ।

## ਇੱਕ ਸਮਰਪਿਤ ਸਮੂਹ ਦੀ ਪ੍ਰਾਥਮਿਕਤਾ

ਕਲੀਸਿਆ ਅਜਿਹੇ ਲੋਕਾਂ ਦਾ ਸਮੂਹ ਦੇ ਜਿੰਨ੍ਹਾਂ ਨੇ ਆਪਣੇ ਆਪ ਨੂੰ ਪਰਮੇਸ਼ੁਰ ਅਤੇ ਇੱਕ ਦੂਸਰੇ ਦੇ ਲਈ ਸਮਰਪਿਤ ਕੀਤਾ ਹੈ, ਅਤੇ ਜੋ ਸਥਾਨਕ ਕਲੀਸਿਆ ਦੇ ਮਿਸ਼ਨ ਦੀ ਪੂਰਤੀ ਕਰਨ ਦੇ ਲਈ ਵਿਵਸਥਿਤ ਹੋਏ ਹਨ। ਸੇਵਕਾਈ ਦੇ ਕਰਨ ਵਾਲੇ ਕੰਮਾਂ ਦੇ ਸ੍ਰੋਤ ਇਸੇ ਸਮੂਹ ਤੋਂ ਆਉਂਦੇ ਹਨ। ਸਮੂਹ ਦੇ ਬਿਨਾਂ ਕੋਈ ਕਲੀਸਿਆ ਨਹੀਂ ਹੈ।

ਜਦੋਂ ਇੱਕ ਅਜਨਬੀ ਕਿਸੇ ਕਾਰੋਬਾਰੀ ਸਥਾਨ ਤੇ ਜਾਂਦਾ ਹੈ, ਤਾਂ ਇਹ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਉਹ ਇੱਕ ਸੰਭਾਵੀ ਗਾਹਕ ਹੁੰਦਾ ਹੈ। ਇਸੇ ਤਰ੍ਹਾਂ, ਕਲੀਸਿਆ ਦੇ ਵਿੱਚ ਆਉਣ ਵਾਲਾ ਇੱਕ ਕੋਈ ਬਾਹਰੀ ਵਿਅਕਤੀ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਉਹ ਸਮਰਪਿਤ ਸਮੂਹ ਦਾ ਇੱਕ ਸੰਭਾਵੀ ਮੈਂਬਰ ਹੁੰਦਾ ਹੈ। ਕਾਰੋਬਾਰ ਲਈ ਸਭ ਤੋਂ ਮਹੱਤਵਪੂਰਨ ਵਿਅਕਤੀ ਉਹ ਵਿਅਕਤੀ ਹੁੰਦਾ ਹੈ ਜੋ

ਇੱਕ ਲਗਾਤਾਰ ਆਉਣ ਵਾਲਾ ਗਾਹਕ ਹੁੰਦਾ ਹੈ। ਕਲੀਸਿਆ ਵਿੱਚ ਸਭ ਤੋਂ ਮਹੱਤਵਪੂਰਨ ਵਿਅਕਤੀ ਉਹ ਹੁੰਦਾ ਹੈ ਜੋ ਕਲੀਸਿਆ ਪ੍ਰਤੀ ਸਮਰਪਿਤ ਹੁੰਦਾ ਹੈ।

ਇਸ ਕਾਰਨ, ਕਲੀਸਿਆ ਦੇ ਕੰਮਾਂ ਨੂੰ ਕਰਨ ਵਾਲੇ ਲੋਕਾਂ ਦੇ ਅਹੁਦੇ ਇਸ ਸਮਰਪਿਤ ਸਮੂਹ ਦੀ ਸੇਵਾ ਲਈ ਹੋਣੇ ਚਾਹੀਦੇ ਹਨ। ਹਰੇਕ ਪਾਸਬਾਨ ਅਤੇ ਸਿੱਖਿਅਕ ਦਾ ਉਦੇਸ਼ ਸਮੂਹ ਦੇ ਮੈਂਬਰਾਂ ਦੀ ਸੇਵਾ ਕਰਨਾ ਅਤੇ ਸਮੂਹ ਵਿੱਚ ਸ਼ਾਮਲ ਹੋਣ ਲਈ ਵਧੇਰੇ ਲੋਕਾਂ ਨੂੰ ਆਕਰਸ਼ਿਤ ਕਰਨਾ ਹੋਣਾ ਚਾਹੀਦਾ ਹੈ। ਸਮੂਹ ਦੀ ਗਿਣਤੀ ਉਦੋਂ ਵਧਦੀ ਹੈ ਜਦੋਂ ਲੋਕ ਬਚਾਏ ਜਾਂਦੇ ਹਨ ਅਤੇ ਕਲੀਸਿਆ ਦੇ ਵਿੱਚ ਸਮਰਪਿਤ ਹੁੰਦੇ ਹਨ, ਜਾਂ ਜਦੋਂ ਪਹਿਲਾਂ ਹੀ ਬਚਾਏ ਗਏ ਲੋਕ ਇਹ ਮਹਿਸੂਸ ਕਰਦੇ ਹਨ ਕਿ ਉਹਨਾਂ ਨੂੰ ਸਮੂਹ ਵਿੱਚ ਸਮਰਪਿਤ ਬਣਨ ਦੀ ਜ਼ਰੂਰਤ ਹੈ। ਕਲੀਸਿਆ ਦੇ ਕਰਮਚਾਰੀਆਂ ਨੂੰ ਸਮੂਹ ਦੀਆਂ ਜ਼ਰੂਰਤਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਅਤੇ ਚੇਲੇਪਨ, ਆਤਮਿਕ ਅਗਵਾਈ, ਸੇਵਕਾਈ ਦੀ ਸਿਖਲਾਈ, ਅਤੇ ਸੰਗਤੀ ਦੇ ਲਈ ਫਾਰਮ ਦਿੱਤੇ ਜਾਣੇ ਚਾਹੀਦੇ ਹਨ। ਉਹਨਾਂ ਨੂੰ ਸਮੂਹ ਵਿੱਚ ਪਾਏ ਜਾਣ ਵਾਲੇ ਲੋਕਾਂ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਕੱਠੇ ਕੰਮ ਕਰਨ ਲਈ ਸਮੂਹ ਦੀ ਅਗਵਾਈ ਕਰਨੀ ਚਾਹੀਦੀ ਹੈ।

**ਵਿਸ਼ਵਾਸ ਦੇ ਪਰਿਵਾਰ ਦੇ ਤੌਰ ਤੇ, ਸੰਗਤੀ ਦੇ ਲੋਕਾਂ ਦੀਆਂ ਸਾਰੀਆਂ ਜਰੂਰਤਾਂ ਪੂਰੀਆਂ ਕਰਨ ਦੇ ਲਈ, ਕਲੀਸਿਆ ਮਨੁੱਖੀ ਸ੍ਰੋਤਾਂ ਦਾ ਸਮਰਪਣ ਕਰਦੀ ਹੈ ਅਤੇ ਈਸ਼ਵਰੀ ਸ੍ਰੋਤਾਂ ਨੂੰ ਪ੍ਰਾਪਤ ਕਰਦੀ ਹੈ, ਸੰਸਾਰ ਨੂੰ ਜੀਵਨ ਦੇ ਹਰੇਕ ਪਹਿਲੂ ਦੇ ਵਿੱਚ ਪਰਮੇਸ਼ੁਰ ਦੀ ਬੁੱਧ ਵਿਖਾਉਂਦੇ ਹੋਏ ਨਾ ਬਚਾਏ ਹੋਏ ਲੋਕਾਂ ਨੂੰ ਸੱਦਾ ਦਿੰਦੀ ਹੈ ਤਾਂ ਕਿ ਉਹ ਵੀ ਮਨ ਪਰਿਵਰਤਨ ਕਰਕੇ ਪਰਿਵਾਰ ਦੇ ਵਿੱਚ ਸ਼ਾਮਿਲ ਹੋ ਜਾਣ।**

► ਜਦੋਂ ਕਲੀਸਿਆ ਦੇ ਆਗੂਆਂ ਦੀ ਪ੍ਰਾਥਮਿਕਤਾ ਅਜਿਹੇ ਵਿਸ਼ਵਾਸੀਆਂ ਦੇ ਸਮੂਹ ਨੂੰ ਵਿਕਸਿਤ ਕਰਨ ਦੇ ਲਈ ਹੋਵੇਗੀ ਜੋ ਇੱਕ ਦੂਸਰੇ ਦੇ ਪ੍ਰਤੀ ਸਮਰਪਿਤ ਹਨ ਤਾਂ ਇਹ ਕਿਸ ਪ੍ਰਕਾਰ ਦਾ ਹੋਵੇਗਾ?

## ਕਲੀਸਿਆ ਦੀ ਆਤਮਿਕ ਪ੍ਰਾਥਮਿਕਤਾ

ਭਾਵੇਂ ਕਿ ਕਲੀਸਿਆ ਦੇ ਆਰਥਿਕ ਮੁੱਦੇ (ਪਾਸਬਾਨਾਂ ਦੇ ਆਰਥਿਕ ਸਮਰਥਨ, ਕਲੀਸਿਆ ਦੀ ਦੇਖਭਾਲ ਅਤੇ ਹੋਰ ਸਥਾਨਕ ਸੇਵਕਾਈਆਂ ਦੇ ਲਈ) ਜਰੂਰੀ ਹਨ, ਪਰ ਕਲੀਸਿਆ ਨੂੰ ਮੁੱਖ ਤੌਰ ਤੇ ਆਤਮਿਕਤਾ ਪ੍ਰਾਥਮਿਕਤਾਵਾਂ, ਸ਼ੁਭਸਮਾਚਾਰ ਪ੍ਰਚਾਰ ਅਤੇ ਚੇਲ੍ਹੇਪਨ ਤੇ ਧਿਆਨ ਲਗਾਉਣਾ ਚਾਹੀਦਾ ਹੈ। ਪਾਸਬਾਨ ਮੁੱਢਲੇ ਤੌਰ ਤੇ ਇੱਕ ਆਤਮਿਕ ਆਗੂ ਹੋਣਾ ਚਾਹੀਦਾ ਹੈ। ਇਸਦਾ ਅਰਥ ਹੈ ਕਿ ਕਿਸੇ ਪਾਸਬਾਨ ਤੇ ਆਰਥਿਕ ਮੁੱਦਿਆਂ ਦੇ ਸੰਚਾਲਨ ਦਾ ਜਿਆਦਾ ਬੋਝ ਨਹੀਂ ਹੋਣਾ ਚਾਹੀਦਾ। ਕਲੀਸਿਆ ਦੇ ਮੈਂਬਰਾਂ ਲਈ ਆਦਰਸ਼ ਇਹ ਹੈ ਕਿ ਉਨ੍ਹਾਂ ਕੋਲ ਨੌਕਰੀ ਜਾਂ ਕਾਰੋਬਾਰ ਹੋਣ ਜਿਸ ਤੋਂ ਉਹ ਦਸਵੰਧ ਦੇ ਸਕਣ। ਕਲੀਸਿਆ ਦੁਆਰਾ ਚਲਾਏ ਜਾਣ ਵਾਲੇ ਕਾਰੋਬਾਰ ਲਈ, ਭਰੋਸੇਯੋਗ ਸੇਵਕਾਂ ਨੂੰ ਜਿਆਦਾ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਪਹਿਲੇ ਸੇਵਕਾਂ ਦੀ ਨਿਯੁਕਤੀ ਇਸ

ਕਾਰਨ ਕੀਤੀ ਗਈ ਸੀ ਤਾਂ ਕਿ ਰਸੂਲਾ ਪ੍ਰਾਥਨਾ ਅਤੇ ਵਚਨ ਦੀ ਸੇਵਕਾਈ ਦੇ ਵਿੱਚ ਧਿਆਨ ਲਗਾ ਸਕਣ (ਰਸੂਲਾਂ ਦੇ ਕਰਤੱਬ 6:2-4)।

## ਚੰਗੀ ਅਗਵਾਈ ਕਰਨ ਵਾਲੇ ਪਾਸਬਾਨ ਦੇ ਗੁਣ

► ਹਰੇਕ ਬਿੰਦੂ ਦੇ ਮਹੱਤਵ ਇਸ ਪ੍ਰਸ਼ਨ ਦੇ ਨਾਲ ਚਰਚਾ ਕਰੋ, "ਇਹ ਗੁਣ ਕਿਉਂ ਮਹੱਤਵਪੂਰਨ ਹੈ?"

1. ਉਸਦੀ ਵਫ਼ਾਦਾਰੀ ਦੂਸਰੀਆਂ ਸੰਸਥਾਵਾਂ ਦੇ ਵਿੱਚ ਵੰਡੀ ਹੋਈ ਨਹੀਂ ਹੋਣੀ ਚਾਹੀਦੀ।
2. ਉਹ ਇੱਕ ਸੇਵਕਾਈ ਦੀ ਟੀਨ ਨੂੰ ਬਣਾਉਣ ਅਤੇ ਦੂਸਰੇ ਲੋਕਾਂ ਦੀਆਂ ਯੋਗਤਾਵਾਂ ਦਾ ਉਪਯੋਗ ਕਰਨ ਦਾ ਇਛੁੱਕ ਹੋਣਾ ਚਾਹੀਦਾ ਹੈ।
3. ਉਹ ਆਪਣੀ ਕਲੀਸਿਆ ਦੀ ਇੱਕ ਆਤਮਿਕ ਪਰਿਵਾਰ ਦੇ ਤੌਰ ਤੇ ਜੀਵਨ ਸਾਂਝਾ ਕਰਨ ਵਿੱਚ ਅਗਵਾਈ ਕਰਦਾ ਹੈ, ਉਨ੍ਹਾਂ ਦੀਆਂ ਸਾਰੀਆਂ ਲੋੜਾਂ ਦੇ ਪ੍ਰਤੀ ਪਰਵਾਹ ਕਰਦਾ ਹੈ।
4. ਉਹ ਆਪਣੇ ਨਿੱਜੀ ਲਾਭ ਦੀ ਬਜਾਏ ਪਰਮੇਸ਼ੁਰ ਅਤੇ ਲੋਕਾਂ ਦੇ ਨਾਲ ਪਿਆਰ ਦੇ ਕਾਰਨ ਕਲੀਸਿਆ ਦੀ ਸੇਵਕਾਈ ਕਰਦਾ ਹੈ।
5. ਉਸਦੀ ਸੇਵਕਾਈ ਦੇ ਵਿੱਚ ਆਤਮਿਕ ਪ੍ਰਾਥਮਿਕਤਾਵਾਂ ਜਿਵੇਂ ਕਿ ਅਰਾਧਨਾ, ਸ਼ੁਭਸਮਾਚਾਰ ਪ੍ਰਚਾਰ ਅਤੇ ਆਤਮਿਕ ਵਿਕਾਸ ਤੇ ਧਿਆਨ ਦਿੱਤਾ ਜਾਂਦਾ ਹੈ।
6. ਉਸਦੇ ਕੋਲ ਉਸਦੇ ਲੋਕਾਂ ਦਾ ਭਰੋਸਾ ਅਤੇ ਵਿਸ਼ਵਾਸ ਹੁੰਦਾ ਹੈ।
7. ਉਹ ਕਲੀਸਿਆ ਨੂੰ ਇੱਕ ਸਥਾਈ ਸੰਸਥਾਨ ਦੇ ਤੌਰ ਤੇ ਬਣਾਉਣਾ ਚਾਹੁੰਦਾ ਹੈ ਜੋ ਉਸਦਾ ਨਹੀਂ ਹੈ।
8. ਉਹ ਕਲੀਸਿਆ ਦੀ ਪਰਿਪੱਕਤਾ, ਸਿੱਖਿਆ, ਦਸਵੰਧ ਅਤੇ ਸੰਗਤੀ ਦੇ ਵਿੱਚ ਅਗਵਾਈ ਕਰਦਾ ਹੈ ਜਿਸ ਨਾਲ ਲੋੜਾਂ ਦੀ ਪੂਰਤੀ ਹੁੰਦੀ ਹੈ।
9. ਉਹ ਸਭ ਕੰਮਾਂ ਦੇ ਵਿੱਚ ਇਮਾਨਦਾਰ ਹੈ, ਪੈਸੇ ਦੇ ਉਪਯੋਗ ਵਿੱਚ ਵੀ।
10. ਉਹ ਪੈਸੇ ਅਤੇ ਸਟਾਫ ਦਾ ਚੰਗਾ ਸੰਚਾਲਨ ਕਰਨ ਦੇ ਹੁਨਰ ਨੂੰ ਵਿਖਾਉਂਦਾ ਹੈ।

## ਇੱਕ ਸੇਵਕਾਈ ਦੇ ਪ੍ਰੋਜੈਕਟ ਆਗੂ ਦੇ ਗੁਣ

ਕਲੀਸਿਆ ਦੁਆਰਾ ਸੰਚਾਲਿਤ ਖਾਸ ਕੰਮਾਂ ਦੀ ਅਗਵਾਈ ਕਰਨ ਵਾਲੇ ਵਿਅਕਤੀ ਦੇ ਵਿੱਚ ਇਹ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ। ਕਲੀਸਿਆ ਦੇ ਆਗੂ ਨੂੰ ਅਜਿਹੇ ਮੈਂਬਰਾਂ ਦੇ ਵਿੱਚ ਇੰਨ੍ਹਾਂ ਯੋਗਤਾਵਾਂ ਨੂੰ ਉੱਨਤ ਕਰਨਾ ਚਾਹੀਦਾ ਹੈ ਜੋ ਕਲੀਸਿਆ ਦੀ ਜਿੰਮੇਵਾਰੀ ਦੇ ਵਿੱਚ ਸਹਾਇਤਾ ਕਰ ਸਕਣ ਅਤੇ ਫਿਰ ਆਗੂਆਂ ਦੀ ਟੀਮ ਦੇ ਵਿੱਚ ਸ਼ਾਮਿਲ ਹੋ ਸਕਣ।

► ਹਰੇਕ ਬਿੰਦੂ ਦੇ ਮਹੱਤਵ ਬਾਰੇ ਇਸ ਪ੍ਰਸ਼ਨ ਦੇ ਨਾਲ ਅਰੰਭ ਕਰਦੇ ਹੋਏ ਚਰਚਾ ਕਰੋ, "ਇਹ ਗੁਣ ਕਿਉਂ ਜਰੂਰੀ ਹੈ?"

1. ਉਹ ਸਥਾਨਕ ਕਲੀਸਿਆ ਦੇ ਵਿੱਚ ਆਪਣੀ ਹਾਜ਼ਰੀ, ਦਸਵੰਧ ਅਤੇ ਸ਼ਮੂਲੀਅਤ ਦੇ ਵਿੱਚ ਵਫ਼ਾਦਾਰ ਹੋਵੇ ਅਤੇ ਉਸਨੂੰ ਇੱਕ ਭਰੋਸੇਯੋਗ ਮਸੀਹੀ ਮੰਨਿਆ ਜਾਂਦਾ ਹੋਵੇ।

2. ਉਹ ਪਹਿਲਾਂ ਤੋਂ ਹੀ ਸਥਾਨਕ ਕਲੀਸਿਆ ਦੇ ਵਿੱਚ ਆਪਣੇ ਯਤਨਾਂ ਅਤੇ ਜੋਸ਼ ਦਾ ਨਿਵੇਸ਼ ਕਰ ਰਿਹਾ ਹੋਵੇ।

3. ਉਸਦੇ ਵਿੱਚ ਸੰਪੂਰਨ ਇਮਾਨਦਾਰੀ ਅਤੇ ਉੱਚੀ ਨੈਤਿਕਤਾ ਹੋਣੀ ਚਾਹੀਦੀ ਹੈ।

4. ਉਹ ਪਹਿਲਾਂ ਤੋਂ ਹੀ ਵਧੀਆ ਕਰਨ ਦੀ ਪਹਿਲ ਕਦਮੀ ਅਤੇ ਪ੍ਰੇਰਨਾ ਵਿਖਾਉਣ ਵਾਲਾ ਵਿਅਕਤੀ ਹੋਣਾ ਚਾਹੀਦਾ ਹੈ।

5. ਉਹ ਨਿੱਜੀ ਤੌਰ ਤੇ ਅਨੁਸ਼ਾਸਿਤ, ਸਵੈ-ਪ੍ਰੇਰਿਤ, ਅਤੇ ਲਗਾਤਾਰ ਸੁਧਾਰ ਕਰਨ ਵਾਲਾ ਹੋਣਾ ਚਾਹੀਦਾ ਹੈ।

6. ਉਹ ਦੂਸਰਿਆਂ ਨੂੰ ਵਿਵਸਥਿਤ ਕਰਨ ਅਤੇ ਉਨ੍ਹਾਂ ਦੀ ਅਗਵਾਈ ਕਰਨ ਦੀ ਯੋਗਤਾ ਵਿਖਾਉਂਦਾ ਹੈ, ਉਹ ਸਿਰਫ਼ ਉਦੋਂ ਹੀ ਕੰਮ ਨਹੀਂ ਕਰਦਾ ਹੈ ਜਦੋਂ ਕੋਈ ਉਸਦੀ ਅਗਵਾਈ ਕਰਦਾ ਹੈ।

7. ਉਸਦੇ ਵਿੱਚ ਪ੍ਰੋਜੈਕਟ ਦੇ ਵਿੱਚ ਲੋੜੀਂਦੀ ਭੂਮਿਕਾ ਦੀਆਂ ਯੋਗਤਾਵਾਂ ਹਨ।

## ਸੱਤ ਸੰਖੇਪ ਕਥਨ

1. ਕਿਸੇ ਆਗੂ ਦਾ ਨਿੱਜੀ ਚਰਿੱਤਰ ਉਸਦੀਆਂ ਕੁਦਰਤੀ ਯੋਗਤਾਵਾਂ ਨਾਲੋਂ ਜਿਆਦਾ ਮਹੱਤਵਪੂਰਨ ਹੈ।

2. ਕਿਸੇ ਵਿਅਕਤੀ ਨੂੰ ਆਗੂ ਬਣਨ ਤੋਂ ਪਹਿਲਾਂ ਇੱਕ ਮਿਥੇ ਹੋਏ ਸਮੇਂ ਕਾਲ ਵਿੱਚ ਮਸੀਹੀ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ।

3. ਇੱਕ ਅਜਿਹਾ ਵਿਅਕਤੀ ਜਿਸਦੇ ਕੋਲ ਕਲੀਸਿਆ ਦੀ ਜਿੰਮੇਵਾਰੀ ਹੈ ਉਹ ਕਲੀਸਿਆ ਦੇ ਚਰਿੱਤਰ ਦਾ ਨਮੂਨਾ ਹੈ।

4. ਪਾਸਬਾਨ ਦੇ ਆਰਥਿਕ ਸਮਰਥਨ, ਕਲੀਸਿਆ ਦੀ ਦੇਖਭਾਲ ਅਤੇ ਹੋਰ ਸਥਾਨਕ ਸੇਵਕਾਈਆਂ ਦੇ ਲਈ ਆਰਥਿਕ ਸੰਚਾਲਨ ਜਰੂਰੀ ਹੈ।

5. ਕਲੀਸਿਆ ਦਾ ਧਿਆਨ ਮੁੱਖ ਤੌਰ ਤੇ ਸ਼ੁਭਸਮਾਚਾਰ ਪ੍ਰਚਾਰ ਅਤੇ ਚੇਲ੍ਹੇਪਨ ਜਿਹੀਆਂ ਆਤਮਿਕ ਪ੍ਰਾਥਮਿਕਤਾਵਾਂ ਤੇ ਲੱਗਾ ਹੋਣਾ ਚਾਹੀਦਾ ਹੈ।

6. ਕਲੀਸਿਆ ਦੇ ਆਗੂਆਂ ਨੂੰ ਆਪਣਾ ਧਿਆਨ ਕਲੀਸਿਆ ਦੇ ਪ੍ਰਤੀ ਸਮਰਪਿਤ ਲੋਕਾਂ ਦੇ ਸਮੂਹ ਨੂੰ ਉੱਨਤ ਕਰਨ ਤੇ ਲਗਾਉਣਾ ਚਾਹੀਦਾ ਹੈ।

7. ਕਲੀਸਿਆ ਨੂੰ ਇੱਕ ਸਥਾਈ ਸੰਸਥਾਨ ਦੇ ਰੂਪ ਵਿੱਚ ਸਥਾਪਿਤ ਕਰਨਾ ਚਾਹੀਦਾ ਹੈ ਜਿਸਦੀ ਮਾਲਕੀਅਤ ਕਲੀਸਿਆ ਦੇ ਕੋਲ ਹੀ ਹੋਵੇ।

## ਪਾਠ 13 ਦੇ ਅਸਾਇਨਮੈਂਟ

1. ਪਾਠ 13 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।

3. ਲਿਖਣ ਵਾਲਾ ਅਸਾਇਨਮੈਂਟ: ਹਿਜ਼ਕੀਏਲ 34:1-10 ਦਾ ਅਧਿਐਨ ਕਰੋ ਅਤੇ ਕੁਝ ਵਾਕ ਲਿਖੋ ਜਿੰਨ੍ਹਾਂ ਦੇ ਵਿੱਚ ਇੰਨ੍ਹਾਂ ਵਚਨਾਂ ਦਾ ਸਾਰ ਹੋਵੇ।

# ਪਾਠ 14

# ਆਤਮਿਕ ਵਰਦਾਨ

**ਆਤਮਿਕ ਵਰਦਾਨਾਂ ਦੀ ਪਰਿਭਾਸ਼ਾ**

ਆਤਮਿਕ ਵਰਦਾਨ ਪਵਿੱਤਰ ਆਤਮਾ ਦੇ ਦੁਆਰਾ ਕਿਸੇ ਵਿਸ਼ਵਾਸੀ ਨੂੰ ਦਿੱਤੀ ਅਜਿਹੀ ਯੋਗਤਾ ਹੈ ਜੋ ਕਲੀਸਿਆ ਦੀ ਸੇਵਕਾਈ ਦੇ ਵਿੱਚ ਉਪਯੋਗ ਕਰਨ ਲਈ ਦਿੱਤੀ ਜਾਂਦੀ ਹੈ। ਇਹ ਕਿਸੇ ਵਿਸ਼ਵਾਸੀ ਦੇ ਦੁਆਰਾ ਆਤਮਾ ਦਾ ਕੰਮ ਹੈ, ਪਰ ਫਿਰ ਵੀ ਵਿਸ਼ਵਾਸੀ ਹੀ ਇਸਦੀ ਚੋਣ ਕਰਦਾ ਹੈ ਕਿ ਉਸਨੇ ਇਸ ਵਰਦਾਨ ਦਾ ਉਪਯੋਗ ਕਿਵੇਂ ਕਰਨਾ ਹੈ, ਕਈ ਵਾਰ ਲੋਕ ਇਸਦਾ ਗ਼ਲਤ ਉਪਯੋਗ ਵੀ ਕਰਦੇ ਹਨ। ਆਤਮਿਕ ਵਰਦਾਨ ਅਤੇ ਕੁਦਰਤੀ ਯੋਗਤਾ ਇੱਕ ਸਮਾਨ ਨਹੀਂ ਹਨ ਅਤੇ ਇੰਨ੍ਹਾਂ ਦੇ ਵਿੱਚਕਾਰ ਪਹਿਚਾਣ ਕਰਨੀ ਆਸਾਨ ਨਹੀਂ ਹੁੰਦੀ।

## ਆਤਮਿਕ ਵਰਦਾਨਾਂ ਦੀ ਸੂਚੀ ਬਣਾਉਣਾ

ਆਤਮਿਕ ਵਰਦਾਨ ਅਤੇ ਸੇਵਕਾਈ ਦੀਆਂ ਭੂਮਿਕਾਵਾਂ ਦੀ ਸੂਚੀ ਨਵੇਂ ਨੇਮ ਦੇ ਵਿੱਚ ਕਈ ਸਥਾਨਾਂ ਦੇ ਦਿੱਤੀ ਗਈ ਹੈ। ਇਹ ਸੂਚੀਆਂ ਮਿਲਦੀਆਂ ਜੁਲਦੀਆਂ ਹਨ ਪਰ ਇੱਕ ਸਮਾਨ ਨਹੀਂ ਹਨ। ਬਾਈਬਾਲ ਸਾਨੂੰ ਸਾਰੇ ਆਤਮਿਕ ਵਰਦਾਨਾਂ ਦੀ ਸੂਚੀ ਨਹੀਂ ਦਿੰਦੀ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਅਫ਼ਸੀਆਂ ਨੂੰ 4:7-12 ਪੜਣਾ ਚਾਹੀਦਾ ਹੈ।

7-8 ਵਚਨ ਕਿ ਹਰੇਕ ਵਿਅਕਤੀ ਨੂੰ ਪਰਮੇਸ਼ੁਰ ਦੀ ਕ੍ਰਿਪਾ ਆਤਮਿਕ ਵਰਦਾਨਾਂ ਦੇ ਰੂਪ ਵਿੱਚ ਦਿੱਤੀ ਗਈ ਹੈ। ਇੱਥੇ ਰਸੂਲ ਸਪੱਸ਼ਟ ਤੌਰ ਤੇ ਮੁਕਤੀ ਦੀ ਕ੍ਰਿਪਾ ਦੇ ਬਾਰੇ ਗੱਲ ਨਹੀਂ ਕਰ ਰਿਹਾ, ਕਿਉਂਕਿ 11 ਵਚਨ ਦੇ ਵਿੱਚ ਉਸਨੇ ਪਰਮੇਸ਼ੁਰ ਦੁਆਰਾ ਦਿੱਤੀਆਂ ਜਾਣ ਵਾਲੀਆਂ ਕਈ ਸੇਵਕਾਈ ਦੀਆਂ ਭੂਮਿਕਾਵਾਂ ਦੀ ਸੂਚੀ ਬਣਾਈ ਹੈ।

ਪਰਮੇਸ਼ੁਰ ਲੋਕਾਂ ਨੂੰ ਖਾਸ ਸੇਵਕਾਈ ਦੇ ਲਈ ਬੁਲਾਉਂਦਾ ਹੈ ਅਤੇ ਉਨ੍ਹਾਂ ਨੂੰ ਲੋੜੀਦੇ ਆਤਮਿਕ ਵਰਦਾਨ ਦਿੰਦਾ ਹੈ। ਪੌਲੁਸ ਨੇ ਇੱਥੇ ੧ ਕੁਰਿੰਥੀਆਂ ਦੀ ਤਰ੍ਹਾਂ ਆਤਮਿਕ ਵਰਦਾਨਾਂ ਦੀ ਸੂਚੀ ਬਣਾਉਣ ਦੀ ਬਜਾਏ ਖਾਸ ਸੇਵਕਾਈਆਂ ਦੀ ਸੂਚੀ ਦਿੱਤੀ ਹੈ। ਇੱਥੇ ਦੱਸੀਆਂ ਸੇਵਕਾਈ ਦੀਆਂ ਭੂਮਿਕਾਵਾਂ ਦੇ ਵਿੱਚ ਰਸੂਲ, ਨਬੀ, ਪਰਚਾਰਕ, ਪਾਸਬਾਨ, ਅਤੇ ਉਸਤਾਦ ਹਨ। ਸਪੱਸ਼ਟ ਤੌਰ ਤੇ, ਇਹ ਸੇਵਕਾਈ ਦੀਆਂ ਭੂਮਿਕਾਵਾਂ ਦੀ ਸੰਪੂਰਨ ਸੂਚੀ ਨਹੀਂ ਹੈ।

### ਰਸੂਲ

ਰਸੂਲਾਂ ਨੂੰ ਯਿਸੂ ਦੀ ਧਰਤੀ ਦੇ ਸੇਵਕਾਈ ਤੋਂ ਬਾਅਦ ਕਲੀਸਿਆ ਦੇ ਵਾਧੇ ਕੰਮ ਕਰਨ ਦੇ ਲਈ ਖਾਸ ਤੌਰ ਤੇ ਚੁਣਿਆ ਗਿਆ ਸੀ। ਉਹ ਸੇਵਕਾਈ ਦੇ ਵਿੱਚ ਹੋਣ ਵਾਲੇ ਚਮਤਕਾਰਾਂ ਦੇ ਲਈ ਵੀ ਜਾਣੇ ਜਾਂਦੇ ਸਨ (੨ ਕੁਰਿੰਥੀਆਂ ਨੂੰ 12:12)। ਉਹ ਸਾਰੇ ਯਿਸੂ ਨੂੰ ਉਸਦੀ ਧਰਤੀ ਤੇ ਸੇਵਕਾਈ ਦੇ ਦੌਰਾਨ ਨਿੱਜੀ ਤੌਰ ਤੇ ਜਾਣਦੇ ਸਨ (੧ ਕੁਰਿੰਥੀਆਂ ਨੂੰ 9:1, ਰਸੂਲਾਂ ਦੇ ਕਰਤੱਬ 1:21-22)।

ਪ੍ਰਕਾਸ਼ ਦੀ ਪੋਥੀ ਦੇ ਵਿੱਚ ਅਸੀਂ ਪੜਦੇ ਹਾਂ ਕਿ ਬਾਰ੍ਹਾਂ ਨੀਹਾਂ ਬਾਰ੍ਹਾਂ ਰਸੂਲਾਂ ਨੂੰ ਦਰਸਾਉਂਦੀਆਂ ਹਨ, ਜਿਸਦਾ ਅਰਥ ਹੈ ਕਿ ਉਹ ਕਲੀਸਿਆ ਦੇ ਇਤਿਹਾਸ ਵਿੱਚ ਬਹੁਤ ਖਾਸ ਸਨ (ਪਰਕਾਸ਼ ਦੀ ਪੋਥੀ 21:14)। ਕੁਝ ਹੋਰ ਵਚਨ ਦੱਸਦੇ ਹਨ ਕਿ ਸਿਰਫ਼ ਬਾਰ੍ਹਾਂ ਰਸੂਲ ਸਨ ਮੱਤੀ 10:2 ਅਤੇ ਰਸੂਲਾਂ ਦੇ ਕਰਤੱਬ 1:26। ਯਹੂਦਾਹ 1:17 ਜੋ ਇਹ ਵੀ ਦੱਸਦੇ ਹਨ ਕਿ ਰਸੂਲ ਅਤੀਤ ਦੇ ਵਿੱਚ ਸਨ। ਅੱਜ ਕੋਈ ਵੀ ਜਿਉਂਦਾ ਰਸੂਲ ਨਹੀਂ ਹੈ।

### ਨਬੀ

ਕੁਝ ਲੋਕ ਸੋਚਦੇ ਹਨ ਕਿ ਭਵਿੱਖਬਾਣੀ ਭਵਿੱਖ ਦੀਆਂ ਘਟਨਾਵਾਂ ਦੀ ਜਾਣਕਾਰੀ ਦੇਣ ਦੇ ਬਾਰੇ ਹੈ, ਪਰ ਨਵਾਂ ਨੇਮ ਪ੍ਰਚਾਰ ਨੂੰ ਵੀ ਭਵਿੱਖਬਾਣੀ ਦੇ ਰੂਪ ਵਿੱਚ ਦੱਸਦਾ ਹੈ। ਪੁਰਾਣੇ ਨੇਮ ਦੀ ਭਵਿੱਖਬਾਣੀ ਦੇ ਵਿੱਚ ਅਕਸਰ ਭਵਿੱਖ ਦੀਆਂ ਗੱਲਾਂ ਸਨ, ਕਿਉਂਕਿ ਇਹ ਨਬੀ ਨੂੰ ਸਾਬਿਤ ਕਰਨ ਦਾ ਇੱਕ ਤਰੀਕਾ ਸੀ ਕਿ ਉਹ ਪਰਮੇਸ਼ੁਰ ਦੇ ਵੱਲੋਂ ਹੈ। ਪੁਰਾਣੇ ਨੇਮ ਦੇ ਵਿੱਚ ਬਾਈਬਲ ਦਾ ਜਿਆਦਾਤਰ ਹਿੱਸਾ ਲਿਖਤ ਦੇ ਵਿੱਚ ਨਹੀਂ ਸੀ।

ਇੱਕ ਨਬੀ ਉਹ ਵਿਅਕਤੀ ਹੈ ਜੋ ਪਰਮੇਸ਼ੁਰ ਤੋਂ ਸੰਦੇਸ਼ ਨੂੰ ਪ੍ਰਾਪਤ ਕਰਦਾ ਹੈ, ਜਿਸਦੇ ਵਿੱਚ ਭਵਿੱਖ ਦੀ ਜਾਣਕਾਰੀ ਹੋ ਸਕਦੀ ਹੈ ਜਾਂ ਨਹੀਂ ਹੋ ਸਕਦੀ ਹੈ। ਉਸਦਾ ਸੰਦੇਸ਼ ਹਮੇਸ਼ਾਂ ਬਾਈਬਲ ਦੀਆਂ ਸਿੱਖਿਆਵਾਂ ਦੇ ਨਾਲ ਮੇਲ ਖਾਣ ਵਾਲਾ ਹੋਣਾ ਚਾਹੀਦਾ ਹੈ।

### ਪਰਚਾਰਕ

ਸ਼ੁਭਸਮਾਚਾਰ ਪਰਚਾਰਕ ਇੱਕ ਅਜਿਹਾ ਵਿਅਕਤੀ ਹੈ ਜੋ ਕਿਸੇ ਵਿਅਕਤੀ ਜਾਂ ਸਮੂਹ ਨੂੰ ਸ਼ੁਭਸਮਾਚਾਰ ਸੁਣਾਉਂਦਾ ਹੈ। ਹਰੇਕ ਮਸੀਹੀ ਨੂੰ ਸ਼ੁਭਸਮਾਚਾਰ ਸਾਂਝਾ ਕਰਨਾ ਚਾਹੀਦਾ ਹੈ, ਪਰ ਕੁਝ ਲੋਕਾਂ ਨੂੰ ਇਸ ਕੰਮ ਦੇ ਲਈ ਖਾਸ ਵਰਦਾਨ ਮਿਲਿਆ ਹੁੰਦਾ ਹੈ। ਇੱਕ ਪਾਸਬਾਨ ਨੂੰ ਸ਼ੁਭਸਮਾਚਾਰ ਪ੍ਰਚਾਰ ਆਪਣੀ ਸੇਵਕਾਈ ਹਿੱਸੇ ਵੱਜੋਂ ਕਰਨਾ ਚਾਹੀਦਾ ਹੈ (ਤਿਮੋਥਿਉਸ ਨੂੰ ਦੂਜੀ ਪੱਤ੍ਰੀ 4:5)।

### ਪਾਸਬਾਨ

ਇੱਕ ਪਾਸਬਾਨ ਸਿਰਫ਼ ਇੱਕ ਪ੍ਰਚਾਰਕ ਨਹੀਂ ਹੈ, ਪਰ ਉਹ ਇੱਕ ਅਜਿਹਾ ਵਿਅਕਤੀ ਹੈ ਜੋ ਕਿਸੇ ਖਾਸ ਸਮੂਹ ਦੀ ਆਤਮਿਕ ਦੇਖਭਾਲ ਕਰਦਾ ਹੈ।

## ਉਸਤਾਦ

ਕਲੀਸਿਆ ਦੇ ਵਿੱਚ, ਉਸਤਾਦ ਉਹ ਵਿਅਕਤੀ ਹੈ ਜੋ ਦੂਸਰਿਆਂ ਦੇ ਲਈ ਬਾਈਬਲ ਆਧਾਰਿਤ ਅਤੇ ਆਤਮਿਕ ਸਚਿਆਈਆਂ ਦੀ ਵਿਆਖਿਆ ਕਰਦਾ ਹੈ। ਹਰੇਕ ਪਾਸਬਾਨ ਨੂੰ ਇੱਕ ਉਸਤਾਦ ਹੋਣ ਚਾਹੀਦਾ ਹੈ (ਤਿਮੋਥਿਉਸ ਨੂੰ ਪਹਿਲੀ ਪੱਤ੍ਰੀ 3:2, ਤੀਤੁਸ ਨੂੰ 1:9), ਪਰ ਕੁਝ ਹੋਰ ਲੋਕ ਜੋ ਪਾਸਬਾਨ ਨਹੀਂ ਹਨ ਉਨ੍ਹਾਂ ਦੇ ਕੋਲ ਉਸਤਾਦ ਹੋਣ ਦਾ ਵਰਦਾਨ ਹੁੰਦਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਰੋਮੀਆਂ ਨੂੰ 12:6-8 ਨੂੰ ਪੜਣਾ ਚਾਹੀਦਾ ਹੈ।

ਇੱਥੇ ਰਸੂਲ ਕਹਿੰਦਾ ਹੈ ਕਿ ਕਿਸੇ ਵਿਅਕਤੀ ਨੂੰ ਆਪਣੀ ਸੇਵਕਾਈ ਦੇ ਵਿੱਚ ਸਮੇਂ ਅਤੇ ਯਤਨਾਂ ਨੂੰ ਇੱਧਰ ਉੱਧਰ ਅਤੇ ਬਹੁਤ ਪ੍ਰਕਾਰ ਦੀਆਂ ਸੇਵਕਾਈਆਂ ਤੇ ਕੇਂਦਰਿਤ ਕਰਨ ਦੀ ਬਜਾਏ ਆਪਣੇ ਯਤਨਾਂ ਨੂੰ ਪਰਮੇਸ਼ੁਰ ਦੁਆਰਾ ਦਿੱਤੇ ਗਏ ਆਤਮਿਕ ਵਰਦਾਨ ਤੇ ਕੇਂਦਰਿਤ ਕਰਨਾ ਚਾਹੀਦਾ ਹੈ।

ਕੁਝ ਕੁਝ ਖਾਸ ਸੇਵਕਾਈਆਂ ਦੇ ਲਈ ਖਾਸ ਨਿਰਦੇਸ਼ ਦਿੱਤੇ ਗਏ ਹਨ। ਉਦਾਹਰਨ ਵਜੋਂ, ਅਗਵਾਈ ਕਰਨ ਵਾਲੇ ਨੂੰ ਮਿਹਨਤੀ ਹੋਣਾ ਚਾਹੀਦਾ ਹੈ, ਸਿਰਫ਼ ਉਦੋਂ ਹੀ ਅਗਵਾਈ ਨਹੀਂ ਕਰਨੀ ਚਾਹੀਦੀ ਜਦੋਂ ਉਹ ਚਾਹੁੰਦਾ ਹੈ, ਸਗੋਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜ਼ਿੰਮੇਵਾਰੀਆਂ ਹਮੇਸ਼ਾ ਪੂਰੀਆਂ ਹੋਣ। ਦਾਨ ਦੇਣ ਵਾਲੇ ਨੂੰ ਇਹ ਇਸ ਤਰੀਕੇ ਨਾਲ ਨਹੀਂ ਦੇਣਾ ਚਾਹੀਦਾ ਕਿ ਉਹ ਆਪਣੇ ਵੱਲ ਧਿਆਨ ਖਿੱਚੇ, ਸਗੋਂ ਇਸਨੂੰ ਬਹੁਤ ਸਾਧਾਰਨ ਤਰੀਕੇ ਨਾਲ ਕਰਨਾ ਚਾਹੀਦਾ ਹੈ। ਜੋ ਵਿਅਕਤੀ ਭਲਿਆਈ ਦੇ ਕੰਮ ਕਰਦਾ ਹੈ, ਜ਼ਰੂਰੀ ਲੋੜਾਂ ਵਾਲੇ ਲੋਕਾਂ ਦੀ ਸਹਾਇਤਾ ਕਰਦਾ ਹੈ, ਉਸਨੂੰ ਇਹ ਖੁਸ਼ੀ ਨਾਲ ਕਰਨਾ ਚਾਹੀਦਾ ਹੈ, ਨਾ ਕਿ ਰੰਜ ਨਾਲ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 12:28 ਪੜਣਾ ਚਾਹੀਦਾ ਹੈ।

ਸਪੱਸ਼ਟ ਤੌਰ ਤੇ ਇੱਥੇ ਪੌਲੁਸ ਦਾ ਇਰਾਦਾ ਸਾਰੇ ਆਤਮਿਕ ਵਰਦਾਨਾਂ ਜਾਂ ਸੇਵਕਾਈ ਦੀਆਂ ਭੂਮਿਕਾਵਾਂ ਦੀ ਸੂਚੀ ਬਣਾਉਣਾ ਨਹੀਂ ਸੀ। ਉਦਾਹਰਨ ਦੇ ਲਈ ਉਸਨੇ ਇਸ ਸੂਚੀ ਦੇ ਪਾਸਬਾਨਾਂ ਦਾ ਜ਼ਿਕਰ ਨਹੀਂ ਕੀਤਾ, ਹਾਲਾਂਕਿ ਉਸਨੇ ਅਫ਼ਸੀਆਂ ਦੇ ਵਿੱਚ ਉਨ੍ਹਾਂ ਦਾ ਜ਼ਿਕਰ ਕੀਤਾ ਹੈ।

ਇਸ ਪਾਠ ਦੇ ਵਿੱਚ ਪਹਿਲਾਂ ਤੋਂ ਹੀ ਰਸੂਲਾਂ, ਨਬੀਆਂ ਅਤੇ ਉਸਤਾਦਾਂ ਦੇ ਬਾਰੇ ਚਰਚਾ ਕੀਤੀ ਜਾ ਚੁੱਕੀ ਹੈ।

ਕੁਝ ਲੋਕਾਂ ਨੂੰ ਚਮਤਕਾਰਾਂ ਅਤੇ ਚੰਗਿਆਈਆਂ ਦੀ ਸੇਵਕਾਈ ਦੇ ਲਈ ਬੁਲਾਇਆ ਗਿਆ ਹੈ। ਹਰੇਕ ਵਿਸ਼ਵਾਸੀ ਦੇ ਕੋਲ ਚਮਤਕਾਰਾਂ ਦੇ ਲਈ ਪ੍ਰਾਥਨਾ ਕਰਨ ਦਾ ਸੁਭਾਗ ਹੈ, ਅਤੇ ਪਰਮੇਸ਼ੁਰ ਵਿਸ਼ਵਾਸ ਦੇ ਲਈ ਪ੍ਰਤੀਕਿਰਿਆ ਜਰੂਰ ਕਰਦਾ ਹੈ(ਯਾਕੂਬ 5:15)। ਪਰ ਕੁਝ ਵਿਸ਼ਵਾਸੀਆਂ ਦੇ ਕੋਲ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਦਾ ਅਤੇ ਚਮਤਕਾਰਾਂ ਦੇ ਲਈ ਵਿਸ਼ਵਾਸ ਦਾ ਅਭਿਆਸ ਕਰਨ ਦਾ ਆਤਮਿਕ ਵਰਦਾਨ ਹੁੰਦਾ ਹੈ।

ਕੁਝ ਲੋਕਾਂ ਦੇ ਕੋਲ ਦੂਸਰਿਆਂ ਦੀ ਸਹਾਇਤਾ ਕਰਨ ਦਾ ਵਰਦਾਨ ਹੁੰਦਾ ਹੈ। ਉਹ ਦੂਸਰਿਆਂ ਨਾਲੋਂ ਜਿਆਦਾ ਪਹਿਲਾਂ ਹੋਰਾਂ ਦੀ ਲੋੜਾਂ ਨੂੰ ਵੇਖ ਲੈਂਦੇ ਹਨ। ਉਹ ਵਿਅਕਤੀਗਤ ਜ਼ਰੂਰਤਾਂ ਜਾਂ ਕਲੀਸਿਆ ਦੇ ਕੰਮਾਂ ਵਿੱਚ ਸਹਾਇਤਾ ਕਰਨ ਦੇ ਮੌਕੇ ਭਾਲਦੇ ਹਨ। ਉਨ੍ਹਾਂ ਦੇ ਕੋਲ ਕਈ ਤਰ੍ਹਾਂ ਦੀਆਂ ਅਭਿਆਸਿਕ ਯੋਗਤਾਵਾਂ ਹੁੰਦੀਆਂ ਹਨ।

ਕੁਝ ਲੋਕਾਂ ਨੂੰ ਅਗਵਾਈ ਕਰਨ ਅਤੇ ਸੰਚਾਲਨ ਕਰਨ ਦੀਆਂ ਖਾਸ ਯੋਗਤਾਵਾਂ ਦਿੱਤੀਆਂ ਜਾਂਦੀਆਂ ਹਨ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਆਗੂ ਸਭ ਤੋਂ ਮਹੱਤਵਪੂਰਨ ਲੋਕ ਹਨ, ਪਰ ਜੇਕਰ ਕਲੀਸਿਆ ਦੇ ਵਿੱਚ ਹੋਰ ਵਰਦਾਨ ਨਹੀਂ ਹੋਣਗੇ ਤਾਂ ਅਗਵਾਈ ਬੇਕਾਰ ਹੋਵੇਗੀ।

ਪਰਾਈ ਭਾਖਿਆ ਦੇ ਵਰਦਾਨ ਦਾ ਜ਼ਿਕਰ ਆਖਿਰ ਦੇ ਵਿੱਚ ਕੀਤਾ ਹੋਇਆ ਹੈ। ਸ਼ਾਇਦ ਰਸੂਲ ਉਨ੍ਹਾਂ ਲੋਕਾਂ ਨੂੰ ਸੁਧਾਰਨਾ ਚਾਹੁੰਦਾ ਸੀ ਜੋ ਸੋਚਦੇ ਸਨ ਕਿ ਇਹ ਸਭ ਤੋਂ ਜਿਆਦਾ ਮਹੱਤਵਪੂਰਨ ਵਰਦਾਨ ਹੈ।

### ਪਤਰਸ ਤੋਂ ਸਿਧਾਂਤ

ਪਤਰਸ ਰਸੂਲ ਨੇ ਸੰਖੇਪ ਦੇ ਵਿੱਚ ਆਤਮਿਕ ਵਰਦਾਨਾਂ ਦੇ ਬਾਰੇ ਸਭ ਤੋਂ ਮਹੱਤਵਪੂਰਨ ਸਿਧਾਂਤਾਂ ਨੂੰ ਦੱਸਿਆ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ਪਤਰਸ ਦੀ ਪਹਿਲੀ ਪੱਤ੍ਰੀ 4:10-11 ਪੜ੍ਹਣਾ ਚਾਹੀਦਾ ਹੈ।

ਅਸੀਂ ਇੰਨ੍ਹਾਂ ਵਚਨਾਂ ਦੇ ਵਿੱਚ ਆਤਮਿਕ ਵਰਦਾਨਾਂ ਦੇ ਬਾਰੇ ਘੱਟੋ-ਘੱਟ ਛੇ ਮਹੱਤਵਪੂਰਨ ਬਿੰਦੂਆਂ ਨੂੰ ਵੇਖ ਸਕਦੇ ਹਾਂ।

1. ਵਿਸ਼ਵਾਸੀਂ ਨੂੰ ਆਤਮਿਕ ਵਰਦਾਨ ਪਰਮੇਸ਼ੁਰ ਦੇ ਦੁਆਰਾ ਦਿੱਤੇ ਜਾਂਦੇ ਹਨ। ਇਸ ਕਾਰਨ ਉਨ੍ਹਾਂ ਨੂੰ ਇੰਨਾਂ ਦਾ ਇਸਤੇਮਾਲ ਨਿੱਜੀ ਲਾਭ ਦੇ ਲਈ ਨਹੀਂ ਪਰ ਪਰਮੇਸ਼ੁਰ ਦੇ ਲਈ ਹੀ ਕਰਨਾ ਚਾਹੀਦਾ ਹੈ। ਅਸੀਂ ਆਪਣੇ ਆਤਮਿਕ ਵਰਦਾਨਾਂ ਦੇ ਉਪਯੋਗ ਦੇ ਪ੍ਰਤੀ ਪਰਮੇਸ਼ੁਰ ਦੇ ਅੱਗੇ ਜੁਆਬਦੇਹ ਹਾਂ।
2. ਵਰਦਾਨ ਦੂਸਰਿਆਂ ਦੇ ਉਪਯੋਗ ਲਈ ਹਨ। ਉਹ ਸਾਡੀ ਨਿੱਜੀ ਤਰੱਕੀ ਜਾਂ ਲਾਭ ਦੇ ਲਈ ਨਹੀਂ ਹਨ।
3. ਪਰਮੇਸ਼ੁਰ ਦੀ ਕ੍ਰਿਪਾ ਦੇ ਵਿੱਚ ਭਿੰਨਤਾਵਾਂ ਹਨ। ਵਰਦਾਨ ਬਹੁਤ ਪ੍ਰਕਾਰ ਦੇ ਹੁੰਦੇ ਹਨ।
4. ਕਿਸੇ ਵਿਅਕਤੀ ਦੀ ਗੱਲਬਾਤ ਬਾਈਬਲ ਦੇ ਅਨੁਸਾਰ ਹੋਣੀ ਚਾਹੀਦੀ ਹੈ।
5. ਸੇਵਾ ਕਰਦੇ ਸਮੇਂ ਕਿਸੇ ਵਿਅਕਤੀ ਨੂੰ ਪਰਮੇਸ਼ੁਰ ਦੀ ਸਮਰੱਥਾ ਤੇ ਨਿਰਭਰ ਰਹਿਣਾ ਚਾਹੀਦਾ ਹੈ।
6. ਸਾਰੀਆਂ ਸੇਵਕਾਈਆਂ ਦਾ ਟੀਚਾ ਪਰਮੇਸ਼ੁਰ ਨੂੰ ਮਹਿਮਾ ਦੇਣਾ ਹੋਣਾ ਚਾਹੀਦਾ ਹੈ।

## ਪੌਲੁਸ ਤੋਂ ਮਿਲਣ ਵਾਲੇ ਸਿਧਾਂਤ

ਕੁਰਿੰਥੁਸ ਦੀ ਕਲੀਸਿਆ ਨੂੰ ਬਹੁਤ ਸਾਰੇ ਆਤਮਿਕ ਵਰਦਾਨਾਂ ਦੀ ਬਰਕਤ ਮਿਲੀ ਹੋਈ ਸੀ। ਉਨ੍ਹਾਂ ਨੂੰ ਕੁਝ ਗ਼ਲਤਫਹਿਮੀ ਸੀਇਸ ਲਈ ਪੌਲੁਸ ਰਸੂਲ ਨੇ ੧ ਕੁਰਿੰਥੀਆਂ ਨੂੰ 12-14 ਦੇ ਵਿੱਚ ਉਨ੍ਹਾਂ ਦੇ ਲਈ ਆਤਮਿਕ ਵਰਦਾਨਾਂ ਦੇ ਬਾਰੇ ਵਿਆਖਿਆ ਕੀਤੀ।

ਵਚਨਾਂ ਦੇ ਇਹ ਅਧਿਆਏ ਸਾਨੂੰ ਆਤਮਿਕ ਵਰਦਾਨਾਂ ਦੇ ਬਾਰੇ ਕਾਫੀ ਕੁਝ ਸਿਖਾਉਂਦੇ ਹਨ। ਇੰਨ੍ਹਾਂ ਵਿੱਚੋਂ ਕੁਝ ਸਿਧਾਂਤ ਇੱਥੇ ਸਾਡੇ ਅਧਿਐਨ ਦੇ ਲਈ ਦਿੱਤੇ ਹੋਏ ਹਨ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 12:1-3 ਪੜਣਾ ਚਾਹੀਦਾ ਹੈ।

**(1) *ਧਰਮ ਸਿਧਾਂਤਾਂ ਦੀ ਪ੍ਰੀਖਿਆ ਦਾ ਸਿਧਾਂਤ*: ਆਤਮਿਕ ਅਨੁਭਵਾਂ ਦਾ ਮੁਲਾਂਕਣ ਉਸ ਸਚਿਆਈ ਦੁਆਰਾ ਕਰਨਾ ਚਾਹੀਦਾ ਹੈ ਜਿਸਨੂੰ ਅਸੀਂ ਜਾਣਦੇ ਹਾਂ।**

ਕੁਰਿੰਥੀਆਂ ਦੇ ਵਿਸ਼ਵਾਸੀ ਪਹਿਲਾਂ ਮੂਰਤੀਪੂਜਕ ਸਨ। ਮੂਰਤੀਆਂ ਬੋਲਦੀਆਂ ਨਹੀਂ ਹਨ, ਪਰ ਆਤਮਾਵਾਂ ਬੋਲਦੀਆਂ ਹਨ। ਬਹੁਤ ਸਾਰੇ ਧਰਮਾਂ ਦੇ ਲੋਕ ਆਪਣੇ ਆਪ ਨੂੰ ਆਤਮਾਵਾਂ ਦੇ ਕੰਮ ਲਈ ਖੋਲ੍ਹ ਦਿੰਦੇ ਹਨ। ਉਹ ਸੋਚਦੇ ਹਨ ਕਿ ਕੋਈ ਵੀ ਆਤਮਿਕ ਅਨੁਭਵ ਚੰਗਾ ਹੈ। ਉਹ ਬੇਸਮਝ ਆਤਮਿਕ ਅਨੁਭਵਾਂ ਜਾਂ ਭਾਵਨਾਤਮਕ ਜਨੂੰਨ ਦੀ ਭਾਲ ਕਰਦੇ ਹਨ। ਉਹ ਕਿਸੇ ਆਤਮਾ ਦੇ ਕਾਬੂ ਵਿੱਚ ਆਉਣ ਵਿੱਚ ਖੁਸ਼ ਹੁੰਦੇ ਹਨ, ਭਾਵੇਂ ਇਹ ਉਹਨਾਂ ਨੂੰ ਪਾਗਲਪਨ ਜਾਂ ਅਸ਼ਲੀਲ ਤਰੀਕਿਆਂ ਨਾਲ ਬੋਲਣ ਜਾਂ ਕੰਮ ਕਰਨ ਲਈ ਮਜਬੂਰ ਕਰੇ।

ਰਸੂਲ ਨੇ ਚੇਤਾਵਨੀ ਦਿੱਤੀ ਕਿ ਪਵਿੱਤਰ ਆਤਮਾ ਦੁਆਰਾ ਬੋਲਣ ਵਾਲਾ ਕੋਈ ਵੀ ਵਿਅਕਤੀ ਯਿਸੂ ਦੇ ਬਾਰੇ ਬੁਰੀਆਂ ਗੱਲਾਂ ਨਹੀਂ ਕਰਦਾ ਹੈ। ਜੇਕਰ ਕੋਈ ਦੁਸ਼ਟ ਆਤਮਾ ਅਰਾਧਨਾ ਦਾ ਨਿਯੰਤਰਣ ਲੈ ਲੈਂਦੀ ਹੈ ਤਾਂ ਇਹ ਲੋਕਾਂ ਤੋਂ ਅਜਿਹੀਆਂ ਗੱਲਾਂ ਬੁਲਾਏਗੀ ਜਾਮ ਕਰਵਾਏਗੀ ਜਿਸਦੇ ਨਾਲ ਪਰਮੇਸ਼ੁਰ ਦਾ ਨਿਰਾਦਰ ਹੋਵੇ। ਪਵਿੱਤਰ ਆਤਮਾ ਕਦੇ ਵੀ ਪਰਮੇਸ਼ੁਰ ਦੇ ਨਿਰਾਦਰ ਵਾਲੇ ਰਾਹ ਤੇ ਅਗਵਾਈ ਨਹੀਂ ਕਰਦਾ ਹੈ।

ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਸਾਰੀਆਂ ਆਤਮਿਕ ਕਿਰਿਆਵਾਂ ਚੰਗੀਆਂ ਹਨ ਕਿਉਂਕਿ ਇਹ ਅਲੌਕਿਕ ਹਨ। ਇੱਥੇ ਪ੍ਰੀਖਿਆ ਦੀ ਤੁਲਨਾ ਯੂਹੰਨਾ ਦੀ ਪਹਿਲੀ ਪੱਤ੍ਰੀ 4:1-3 ਦੇ ਨਾਲ ਕੀਤੀ ਗਈ ਹੈ। ਜੇਕਰ ਕੋਈ ਆਤਮਾ ਪਰਮੇਸ਼ੁਰ ਦੇ ਵਚਨ ਦੇ ਵਿਰੁੱਧ ਕੁਝ ਕਹਿੰਦੀ ਹੈ, ਤਾਂ ਇਸਨੂੰ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ।

► ਕਿਹੜੇ ਧਰਮ ਅਰਾਧਕਾਂ ਤੇ ਦੁਸ਼ਟ ਆਤਮਾਵਾਂ ਦੇ ਕਾਬੂ ਨੂੰ ਪ੍ਰਵਾਨਗੀ ਦਿੰਦੇ ਹਨ?

> "ਫਿਰ ਵੀ ਆਤਮਾ ਵਿੱਚ ਬੋਲਣ ਵਾਲਾ ਹਰੇਕ ਵਿਅਕਤੀ ਨਬੀ ਨਹੀਂ ਹੈ, ਪਰ ਤਦ ਜੇਕਰ ਉਸਦੇ ਕੋਲ ਪ੍ਰਭੂ ਦੇ ਦੱਸੇ ਤਰੀਕੇ ਹਨ। ਉਸਦੇ ਤਰੀਕਿਆਂ ਤੋਂ ਹੀ ਝੂਠੇ ਨਬੀਆਂ ਦੀ ਪਹਿਚਾਣ ਹੋ ਸਕਦੀ ਹੈ।"
>
> \- *ਡਿਡਾਕੇ*
>
> (ਦੂਸਰੀ ਸਦੀ ਤੋਂ)

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 12:4-11 ਨੂੰ ਪੜਣਾ ਚਾਹੀਦਾ ਹੈ।

**(2) *ਆਤਮਿਕ ਵਰਦਾਨਾਂ ਦੇ ਵਖਰੇਵਿਆਂ ਦਾ ਸਿਧਾਂਤ:* ਪਵਿੱਤਰ ਆਤਮਾ ਹਰੇਕ ਵਿਸ਼ਵਾਸੀ ਦੇ ਵਿੱਚ ਕੰਮ ਕਰਦਾ ਹੈ, ਪਰ ਅਲੱਗ-ਅਲੱਗ ਤਰੀਕਿਆਂ ਦੇ ਨਾਲ।**

ਇਹ ਵਚਨ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਇੱਕ ਆਤਮਾ ਬਹੁਤ ਸਾਰੇ ਅਲੱਗ ਤਰੀਕਿਆਂ ਦੇ ਨਾਲ ਕੰਮ ਕਰਦਾ ਹੈ। ਉਹ ਫੈਸਲਾ ਕਰਦਾ ਹੈ ਕਿ ਆਤਮਿਕ ਵਰਦਾਨਾਂ ਦੀ ਵੰਡ ਕਿਵੇਂ ਕਰਨੀ ਹੈ। ਹਰੇਕ ਵਿਸ਼ਵਾਸੀ ਦੇ ਕੋਲ ਘੱਟੋ-ਘੱਟ ਇੱਕ ਆਤਮਿਕ ਵਰਦਾਨ ਹੁੰਦਾ ਹੈ। ਕਿਸੇ ਵੀ ਵਿਅਕਤੀ ਦੇ ਕੋਲ ਸਾਰੇ ਵਰਦਾਨ ਨਹੀਂ ਹੁੰਦੇ।

ਇੱਕ ਮੈਂਬਰ ਨੂੰ ਆਪਣੇ ਵਰਦਾਨਾਂ ਦਾ ਉਪਯੋਗ ਕਲੀਸਿਆ ਦੇ ਲਾਭ ਦੇ ਲਈ ਕਰਨਾ ਚਾਹੀਦਾ ਹੈ। ਪਰਮੇਸ਼ੁਰ ਨੇ ਉਸਨੂੰ ਇਹ ਵਰਦਾਨ ਉਸਦੇ ਆਪਣੇ ਲਾਭ ਲਈ ਨਹੀਂ ਦਿੱਤਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 12:12-26 ਪੜਣਾ ਚਾਹੀਦਾ ਹੈ।

**(3) *ਦੇਹ ਦਾ ਸਿਧਾਂਤ*: ਹਰੇਕ ਮੈਂਬਰ ਮਹੱਤਵਪੂਰਨ ਹੈ, ਅਤੇ ਹਰੇਕ ਮੈਂਬਰ ਨੂੰ ਇੱਕ ਦੂਸਰੇ ਦੀ ਜਰੂਰਤ ਹੈ।**

ਰਸੂਲ ਇੱਥੇ ਕਲੀਸਿਆ ਦੇ ਮੈਂਬਰਾਂ ਦੀ ਤੁਲਨਾ ਇੱਕ ਸਰੀਰਕ ਦੇਹ ਦੇ ਅੰਗਾਂ ਨਾਲ ਕਰਦਾ ਹੈ। ਉਨ੍ਹਾਂ ਸਭਨਾਂ ਦੀਆਂ ਅਲੱਗ ਯੋਗਤਾਵਾਂ ਅਤੇ ਉਦੇਸ਼ ਹਨ। ਸਰੀਰ ਦੇ ਕਿਸੇ ਵੀ ਮੈਂਬਰ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਸਨੂੰ ਦੂਸਰੇ ਮੈਂਬਰ ਦੀ ਤਰ੍ਹਾਂ ਬਣਨਾ ਚਾਹੀਦਾ ਹੈ। ਉਦਾਹਰਨ ਦੇ ਲਈ ਕੰਨ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇਸਨੂੰ ਸਰੀਰ ਦੇ ਵਿੱਚ ਰਹਿਣ ਦੇ ਲਈ ਅੱਖ ਹੋਣਾ ਚਾਹੀਦਾ ਹੈ। ਅਜਿਹਾ ਕੋਈ ਵਰਦਾਨ ਨਹੀਂ ਹੈ ਜੋ ਕਿਸੇ ਵਿਅਕਤੀ ਨੂੰ ਕਲੀਸਿਆ ਦੇ ਵਿੱਚ ਰਹਿਣ ਦੇ ਲਈ ਜਰੂਰੀ ਹੈ।

ਕਿਸੇ ਵੀ ਮੈਂਬਰ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਸਦੇ ਵਰਦਾਨਾਂ ਦੇ ਕਾਰਨ ਹੁਣ ਉਸਨੂੰ ਬਾਕੀ ਮੈਂਬਰਾਂ ਦੀ ਕੋਈ ਜਰੂਰਤ ਨਹੀਂ ਹੈ। ਸਰੀਰ ਸਾਰੇ ਅੰਗਾਂ ਤੋਂ ਬਿਨਾਂ ਸਹੀ ਤਰੀਕੇ ਨਾਲ ਨਹੀਂ ਚੱਲ ਸਕਦਾ।

ਕੁਝ ਵਰਦਾਨਾਂ ਬਾਕੀ ਵਰਦਾਨਾਂ ਨਾਲੋਂ ਜਿਆਦਾ ਧਿਆਨ ਖਿੱਚਦੇ ਹਨ। ਕੁਝ ਲੋਕ ਸੋਚਦੇ ਹਨ ਕਿ ਕੁਝ ਆਤਮਿਕ ਵਰਦਾਨ ਆਤਮਿਕ ਪੱਧਰ ਦੇ ਚਿੰਨ੍ਹ ਹਨ। ਪਰਮੇਸ਼ੁਰ ਫੈਸਲਾ ਲੈਂਦਾ ਹੈ ਕਿ ਵਰਦਾਨ ਕਿਵੇਂ ਦੇਣੇ ਹਨ, ਅਤੇ ਵਰਦਾਨ ਦੇ ਕਾਰਨ ਕੋਈ ਖਾਸ ਰੁਤਬਾ ਨਹੀਂ ਹੋਣਾ ਚਾਹੀਦਾ।

► ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਕੀ ਕਹੋਗੇ ਜੋ ਸੋਚਦਾ ਹੈ ਕਿ ਪ੍ਰਚਾਰ ਕਰਨ ਵਾਲਾ ਵਿਅਕਤੀ ਕਲੀਸਿਆ ਦੀ ਇਮਾਰਤ ਨੂੰ ਸਾਫ ਕਰਨ ਵਾਲੇ ਵਿਅਕਤੀ ਨਾਲੋਂ ਜਿਆਦਾ ਆਤਮਿਕ ਹੈ?

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 12:27-31 ਪੜਣਾ ਚਾਹੀਦਾ ਹੈ।

(4) ***ਸੇਵਕਾਈ ਦੀ ਭੂਮਿਕਾਵਾਂ ਦਾ ਸਿਧਾਂਤ*: ਪਰਮੇਸ਼ੁਰ ਹਰੇਕ ਮੈਂਬਰ ਨੂੰ ਉਸਦੀ ਸੇਵਕਾਈ ਨੂੰ ਪੂਰਾ ਕਰਨ ਲਈ ਲੋੜੀਦੀਆਂ ਵਸਤਾਂ ਪ੍ਰਦਾਨ ਕਰਦਾ ਹੈ।**

ਵਚਨਾਂ ਦਾ ਇਹ ਭਾਗ 12 ਅਧਿਆਏ ਦਾ ਸੰਖੇਪ ਦਿੰਦਾ ਹੈ। ਪਰਮੇਸ਼ੁਰ ਲੋਕਾਂ ਨੂੰ ਅਲੱਗ-ਅਲੱਗ ਤਰ੍ਹਾਂ ਦੀਆਂ ਸੇਵਕਾਈਆਂ ਨੂੰ ਪੂਰਾ ਕਰਨ ਦੇ ਲਈ ਬੁਲਾਉਂਦਾ ਹੈ। ਕੋਈ ਸੇਵਕਾਈ ਕਿਸੇ ਵਿਅਕਤੀ ਦੀ ਤਰੱਕੀ ਦੇ ਲਈ ਨਹੀਂ ਹੈ, ਪਰ ਇਹ ਕਲੀਸਿਆ ਦੀ ਸੇਵਾ ਦੇ ਲਈ ਹੈ।

*ਤੁਹਾਨੂੰ 1 ਕੁਰਿੰਥੀਆਂ ਨੂੰ 12:29-30 ਦੇ ਵਿੱਚ ਦਿੱਤੇ ਪ੍ਰਸ਼ਨਾਂ ਨੂੰ ਪੜ੍ਹਨਾ ਚਾਹੀਦਾ ਹੈ, ਅਤੇ ਕਲਾਸ ਨੂੰ ਉੱਤਰ ਦੇਣਾ ਚਾਹੀਦਾ ਹੈ। ਉਦਾਹਰਨ ਲਈ, ਜਦੋਂ ਤੁਸੀਂ ਇਹ ਪ੍ਰਸ਼ਨ ਪੜ੍ਹਦੇ ਹੋ, "ਕੀ ਸਾਰੇ ਰਸੂਲ ਹਨ?" ਤਾਂ ਕਲਾਸ ਨੂੰ ਕਹਿਣਾ ਚਾਹੀਦਾ ਹੈ, "ਨਹੀਂ।"*

ਕਿਉਂਕਿ ਸੇਵਕਾਈਆਂ ਅਲੱਗ ਹਨ, ਇਸ ਲਈ ਵਰਦਾਨ ਵੀ ਅਲੱਗ ਹਨ। ਪੌਲੁਸ ਨੇ ਪ੍ਰਸ਼ਨਾਂ ਦੀ ਇੱਕ ਲੜੀ ਬਾਰੇ ਪੁੱਛਿਆ, ਜਿਸਦੇ ਵਿੱਚ ਹਰੇਕ ਦਾ ਉੱਤਰ "ਨਹੀਂ" ਹੈ। ਉਹ ਸਪੱਸ਼ਟ ਤੌਰ ਤੇ ਕਹਿ ਰਿਹਾ ਹੈ ਕਿ ਅਜਿਹਾ ਕੋਈ ਵਰਦਾਨ ਨਹੀਂ ਹੈ ਜੋ ਹਰੇਕ ਵਿਸ਼ਵਾਸੀ ਦੇ ਕੋਲ ਹੋਣਾ ਚਾਹੀਦਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 13 ਪੜਣਾ ਚਾਹੀਦਾ ਹੈ।

(5) ***ਪਿਆਰ ਦਾ ਸਿਧਾਂਤ*: ਪਿਆਰ ਸਦੀਪਕ ਪ੍ਰਾਥਮਿਕਤਾ ਹੈ, ਅਤੇ ਆਤਮਿਕ ਵਰਦਾਨ ਸਦਾ ਦੇ ਲਈ ਨਹੀਂ ਹਨ।**

ਪਹਿਲੇ ਤਿੰਨ ਵਚਨ ਵਿਖਾਉਂਦੇ ਹਨ ਕਿ ਅਸੀਂ ਪਿਆਰ ਦੀ ਕਮੀ ਦੀ ਭਰਪਾਈ ਕੁਦਰਤੀ ਗੁਣਾਂ, ਆਤਮਿਕ ਵਰਦਾਨਾ ਜਾਂ ਨਿੱਜੀ ਬਲੀਦਾਨ ਦੇ ਦੁਆਰਾ ਨਹੀਂ ਕਰ ਸਕਦੇ।

ਨਿੱਜੀ ਜਾਂਚ ਦੇ ਲਈ 4-7 ਵਚਨਾਂ ਦੇ ਵਿੱਚ ਪਿਆਰ ਦੇ ਸਥਾਨ ਤੇ ਆਪਣਾ ਨਾਮ ਰੱਖ ਕੇ ਵੇਖੋ, ਅਤੇ ਫਿਰ ਵਿਚਾਰ ਕਰੋ ਇਹ ਇੱਥੇ ਢੁੱਕਵਾਂ ਬੈਠਦਾ ਹੈ ਜਾਂ ਨਹੀਂ।

11 ਵਚਨ ਪਰਿੱਪਕਤਾ ਦੇ ਲਈ ਬੁਲਾਹਟ ਨਹੀਂ ਹੈ। ਰਸੂਲ ਸਾਡੇ ਧਰਤੀ ਦੇ ਜੀਵਨ ਨੂੰ ਬਚਪਨ ਅਤੇ ਸਵਰਗ ਦੇ ਜੀਵਨ ਦੀ ਤੁਲਨਾ ਬਾਲਗ ਹੋਣ ਨਾਲ ਕਰਦਾ ਹੈ। ਇੱਕ ਦਿਨ ਸਾਨੂੰ ਉਨ੍ਹਾਂ ਵਸਤਾਂ ਦੀ ਲੋੜ ਨਹੀਂ ਰਹੇਗੀ ਜੋ ਸਾਨੂੰ ਹੁਣ ਚਾਹੀਦੀਆਂ ਹਨ। ਭਵਿੱਖਬਾਣੀ ਅਤੇ ਗਿਆਨ ਦੇ ਵਰਦਾਨ ਦੀ ਜਰੂਰਤ ਹੁਣ ਹੈ ਕਿਉਂਕਿ ਸਾਡੀ ਸਮਝ ਸੀਮਿਤ ਹੈ। ਸਦੀਪਕਤਾ ਦੇ ਵਿੱਚ ਉਨ੍ਹਾਂ ਆਤਮਿਕ ਵਰਦਾਨਾਂ ਦੀ ਜਰੂਰਤ ਨਹੀਂ ਰਹੇਗੀ ਅਤੇ ਉਹ "ਬਚਪਨ" ਦੇ ਸਮਾਨ ਜਾਂਦੇ ਰਹਿਣਗੇ। ਇੱਥੋਂ ਤੱਕ ਕਿ ਇੱਕ ਦਿਨ ਵਿਸ਼ਵਾਸ ਅਤੇ ਉਮੀਦ ਵੀ ਜਰੂਰੀ ਨਹੀਂ ਹੋਵੇਗੀ ਕਿਉਂਕਿ ਸਭ ਕੁਝ ਪੂਰਾ ਹੋ ਜਾਵੇਗਾ, ਪਰ ਫਿਰ ਵੀ ਪਿਆਰ ਦਾ ਮੁੱਲ ਬਹੁਤ ਉੱਚਾ ਹੋਵੇਗਾ।

**੧ ਕੁਰਿੰਥੀਆਂ ਨੂੰ ਦਾ ਅਧਿਆਏ 14 ਇੱਕ ਸਿਧਾਂਤ ਤੇ ਜ਼ੋਰ ਦਿੰਦਾ ਹੈ: ਵਾਰਤਾਲਾਪ ਦਾ ਸਿਧਾਂਤ।** ਇਸ ਅਧਿਆਏ ਦੇ ਵਿੱਚ ਦੂਸਰੀਆਂ ਸਚਿਆਈਆਂ ਦੇ ਬਾਰੇ ਵੀ ਸਿਖਾਇਆ ਗਿਆ ਹੈ, ਪਰ ਰਸੂਲ ਨੇ ਇਸ ਸਿਧਾਂਤ ਦੀ ਵਿਖਾਇਆ ਅਤੇ ਜ਼ਿਕਰ ਕਈ ਵਾਰ ਕੀਤਾ ਹੈ।

**(6)** ***ਵਾਰਤਾਲਾਪ ਦਾ ਸਿਧਾਂਤ*** **: ਸੇਵਕਾਈ ਸਮਝੇ ਜਾ ਸਕਣ ਵਾਲੇ ਸਚਿਆਈ ਦੇ ਵਾਰਤਾਲਾਪ ਦੇ ਨਿਰਭਰ ਹੈ।**

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 14:1-5 ਪੜਣਾ ਚਾਹੀਦਾ ਹੈ।

**ਪ੍ਰਚਾਰ ਕਰਨਾ ਪਰਾਈ ਭਾਸ਼ਾ ਦੇ ਵਿੱਚ ਬੋਲਣ ਨਾਲੋਂ ਜਿਆਦਾ ਮਹੱਤਵਪੂਰਨ ਹਨ।**

ਜਿਵੇਂ ਇਸ ਪਾਠ ਦੇ ਵਿੱਚ ਪਹਿਲਾਂ ਹੀ ਵਿਆਖਿਆ ਕੀਤੀ ਗਈ ਹੈ, ਭਵਿੱਖਬਾਣੀ ਦਾ ਅਰਥ ਸਿਰਫ਼ ਭਵਿੱਖ ਦੀਆਂ ਗੱਲਾਂ ਬਾਰੇ ਦੱਸਣਾ ਨਹੀਂ ਹੈ। ਭਵਿੱਖਬਾਣੀ ਪ੍ਰਚਾਰ ਹੈ।

ਅੱਜ ਇੱਕ ਪ੍ਰਚਾਰਕ ਬਾਈਬਲ ਵਿੱਚੋਂ ਪ੍ਰਚਾਰ ਕਰ ਸਕਦਾ ਹੈ ਅਤੇ ਵਿਖਾ ਸਕਦਾ ਹੈ ਕਿ ਇਹ ਸੰਦੇਸ਼ ਪਰਮੇਸ਼ੁਰ ਦੇ ਵੱਲੋਂ ਹੈ। ਫਿਰ ਵੀ ਇਸਦੇ ਵਿੱਚ ਅਲੌਕਿਕ ਤੱਥ ਹੈ ਕਿਉਂਕਿ ਪਰਮੇਸ਼ੁਰ ਪ੍ਰਚਾਰਕ ਨੂੰ ਖਾਸ ਸਮਝ ਦਿੰਦਾ ਹੈ ਅਤੇ ਸਚਿਆਈ ਨੂੰ ਹਾਲਾਤਾਂ ਤੇ ਲਾਗੂ ਕਰਦਾ ਹੈ।

ਬੋਲਣ ਦਾ ਉਦੋਂ ਤੱਕ ਕੋਈ ਲਾਭ ਨਹੀਂ ਹੁੰਦਾ ਜਦ ਤੱਕ ਲੋਕ ਬੋਲੀ ਜਾਣ ਵਾਲੀ ਭਾਸ਼ਾ ਨੂੰ ਸਮਝ ਨਾ ਸਕਣ। ਜੇਕਰ ਕੋਈ ਮਨੁੱਖ ਅਜਿਹੀ ਭਾਸ਼ਾ ਦੇ ਵਿੱਚ ਬੋਲਦਾ ਹੈ ਜਿਸਨੂੰ ਬਾਕੀ ਦੇ ਲੋਕ ਨਹੀਂ ਸਮਝਦੇ ਹਨ, ਤਾਂ ਇਸਨੂੰ ਸਿਰਫ਼ ਪਰਮੇਸ਼ੁਰ ਸਮਝਦਾ ਹੈ।

ਕੁਝ ਲੋਕ "ਕੋਈ ਨਹੀਂ ਸਮਝਦਾ ਹੈ" ਦੇ ਸ਼ਬਦਾਂ ਦਾ ਅਰਥ ਇਸ ਪ੍ਰਕਾਰ ਲੈਂਦੇ ਹਨ ਕਿ ਬੋਲਣ ਵਾਲਾ ਆਪਣੇ ਆਪ ਨੂੰ ਵੀ ਨਹੀਂ ਸਮਝਦਾ, ਪਰ ਇਹ ਇਸ ਵਾਕ ਦਾ ਕੁਦਰਤੀ ਅਰਥ ਨਹੀਂ ਹੈ। ਜੇਕਰ ਇੱਕ ਜਰਮਨ ਨੇ ਇੱਕ ਗੈਰ-ਯੂਰਪੀਅਨ ਕਲੀਸਿਆ ਦੇ ਵਿੱਚ ਗਵਾਹੀ ਦਿੱਤੀ ਅਤੇ ਬਾਅਦ ਵਿੱਚ ਲੋਕਾਂ ਨੇ ਕਿਹਾ, "ਉਸਨੂੰ ਕਿਸੇ ਨੇ ਨਹੀਂ ਸਮਝਿਆ," ਤਾਂ ਸਾਡਾ ਮਤਲਬ ਇਹ ਨਹੀਂ ਹੋਵੇਗਾ ਕਿ ਉਸਨੇ ਆਪ ਵੀ ਨਹੀਂ ਸਮਝਿਆ ਹੋਵੇਗਾ।

ਜਿੰਨੀ ਦੇਰ ਤੱਕ ਸ਼ਬਦਾਂ ਦੀ ਵਿਆਖਿਆ ਨਹੀਂ ਹੁੰਦੀ, ਕਲੀਸਿਆ ਦੀ ਉੱਨਤੀ ਨਹੀਂ ਹੁੰਦੀ।

► ਜੇਕਰ ਕੋਈ ਵਿਅਕਤੀ ਕਲੀਸਿਆ ਦੇ ਵਿੱਚ ਅਜਿਹੀ ਭਾਸ਼ਾ ਬੋਲਦਾ ਹੈ ਜਿਸਨੂੰ ਕੋਈ ਨਹੀਂ ਸਮਝਦਾ ਅਤੇ ਜਿਸਦਾ ਅਨੁਵਾਦ ਨਹੀਂ ਕੀਤਾ ਜਾਂਦਾ ਤਾਂ ਪਾਸਬਾਨ ਨੂੰ ਅਜਿਹੇ ਵਿਅਕਤੀ ਦੇ ਬਾਰੇ ਕੀ ਕਰਨਾ ਚਾਹੀਦਾ ਹੈ?

ਵਚਨ 5 ਦੇ ਵਿੱਚ, ਪੌਲੁਸ ਨੇ ਕਿਹਾ ਕਿ ਇਹ ਚੰਗਾ ਹੋਵੇਗਾ ਕਿ ਉਨ੍ਹਾਂ ਸਭਨਾਂ ਦੇ ਕੋਲ ਪਰਾਈ ਭਾਸ਼ਾ ਬੋਲਣ ਦਾ ਵਰਦਾਨ ਹੋਵੇ; ਪਰ ਇਸਦੇ ਨਾਲ ਹੀ ੧ ਕੁਰਿੰਥੀਆਂ ਨੂੰ 4:8 ਅਤੇ ੧ ਕੁਰਿੰਥੀਆਂ ਨੂੰ 7:7 ਨੂੰ ਵੀ ਵੇਖੋ। ਉਸਨੇ 4:8 ਦੇ ਵਿੱਚ ਕਿਹਾ ਕਿ ਉਨ੍ਹਾਂ ਦੇ ਲਈ ਰਾਜਿਆਂ ਦੀ ਤਰ੍ਹਾਂ ਰਾਜ ਕਰਨਾ ਚੰਗਾ ਹੋਵੇਗਾ ਪਰ ਉਸਨੇ ਅਸਲ ਵਿੱਚ ਉਨ੍ਹਾਂ ਦੇ ਅਜਿਹੇ ਹੋਣ ਦੀ ਉਮੀਦ ਨਹੀਂ ਕੀਤੀ ਕਿਉਂਕਿ ਰਸੂਲ ਵੀ ਦੁੱਖ ਭੋਗ ਰਹੇ ਸਨ। 7:7 ਦੇ ਵਿੱਚ ਉਸਨੇ ਕਿਹਾ ਕਿ ਇਹ ਚੰਗਾ ਹੋਵੇਗਾ ਕਿ ਸਭ ਲੋਕ ਉਸਦੀ ਤਰ੍ਹਾਂ ਇਕੱਲੇ ਹੋਣ, ਪਰ ਸਭਨਾਂ ਨੂੰ ਇਸਦੇ ਲਈ ਬੁਲਾਇਆ ਨਹੀਂ ਗਿਆ ਹੈ, ਅਤੇ ਅਸੀਂ ਜਾਣਦੇ ਹਾਂ ਕਿ ਬਹੁਤ ਸਾਰੇ ਲੋਕਾਂ ਦੇ ਲਈ ਵਿਆਹ ਪਰਮੇਸ਼ੁਰ ਦੀ ਬਣਤਰ ਹੈ। 14:5 ਦੇ ਵਿੱਚ ਉਹ ਸਧਾਰਨ ਤੌਰ ਤੇ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਇਹ ਚੰਗਾ ਹੈ ਕਿ ਸਭਨਾਂ ਦੇ ਕੋਲ ਪਰਾਈ

ਭਾਸ਼ਾ ਦਾ ਵਰਦਾਨ ਹੋਵੇ, ਉਹ ਇਹ ਨਹੀਂ ਕਹਿੰਦਾ ਕਿ ਅਜਿਹਾ ਹੀ ਹੋਵੇਗਾ। In ੧ ਕੁਰਿੰਥੀਆਂ ਨੂੰ 12:29-30 ਦੇ ਵਿੱਚ ਉਹ ਸਪੱਸ਼ਟ ਤੌਰ ਤੇ ਦੱਸਦਾ ਹੈ ਕਿ ਅਜਿਹਾ ਕੋਈ ਇੱਕ ਖਾਸ ਵਰਦਾਨ ਨਹੀਂ ਹੈ ਜੋ ਸਭ ਦੇ ਕੋਲ ਹੋਣਾ ਚਾਹੀਦਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 14:6-19 ਪੜਣਾ ਚਾਹੀਦਾ ਹੈ।

**ਜੇਕਰ ਕਿਸੇ ਬੋਲੀ ਨੂੰ ਸਮਝਿਆ ਨਹੀਂ ਜਾ ਸਕਦਾ ਤਾਂ ਇਹ ਬੇਕਾਰ ਹੈ।**

6 ਵਚਨ ਦੇ ਵਿੱਚ, ਰਸੂਲ ਨੇ ਇੱਕ ਪ੍ਰਸ਼ਨ ਪੁੱਛਿਆ, "ਮੈਥੋਂ ਤੁਹਾਨੂੰ ਕੀ ਲਾਭ ਹੋਵੇਗਾ?" ਜਦ ਤੱਕ ਕਿਸੇ ਚੀਜ਼ ਨੂੰ ਸਮਝਿਆ ਨਾ ਜਾ ਸਕੇ ਤਾਂ ਇਹ ਕੋਈ ਭਲਾ ਨਹੀਂ ਕਰ ਸਕਦੀ। ਇੱਥੋਂ ਤੱਕ ਕਿ ਸੰਗੀਤ ਦੇ ਸਾਜ਼ਾਂ ਨੂੰ ਵੀ ਕਿਸੇ ਨਾ ਕਿਸੇ ਵਿਧੀ ਜਾਂ ਧੁਨ ਅਨੁਸਾਰ ਵਜਾਉਣਾ ਚਾਹੀਦਾ ਹੈ ਨਹੀਂ ਤਾਂ ਉਨ੍ਹਾਂ ਦਾ ਕੋਈ ਅਰਥ ਨਹੀਂ ਹੁੰਦਾ, ਅਤੇ ਇਹ ਸਿਰਫ਼ ਸ਼ੋਰ ਹੁੰਦਾ ਹੈ। ਤੁਰ੍ਹੀਆਂ ਦੀ ਵਰਤੋਂ ਫੌਜ ਨੂੰ ਸੰਕੇਤ ਦੇਣ ਲਈ ਕੀਤੀ ਜਾਂਦੀ ਹੈ। ਜੇਕਰ ਤੁਰ੍ਹੀ ਅਜਿਹੀਆਂ ਆਵਾਜ਼ਾਂ ਕੱਢਦੀ ਹੈ ਜੋ ਚਿੰਨ੍ਹਾਂ ਨੂੰ ਵਿਵਸਥਿਤ ਨਹੀਂ ਕਰਦੀਆਂ, ਤਾਂ ਕਿਸੇ ਨੂੰ ਵੀ ਪਤਾ ਨਹੀਂ ਹੋਵੇਗਾ ਕਿ ਦੁਸ਼ਮਣ ਦੇ ਅੱਗੇ ਵੱਧਣਾ ਹੈ ਜਾਂ ਤੰਬੂਆਂ ਨੂੰ ਪੈਕ ਕਰਨਾ ਹੈ। ਇਸ ਪੂਰੇ ਅਧਿਆਏ ਦੇ ਵਿੱਚ ਵਾਰਤਾਲਾਪ ਤੇ ਜ਼ੋਰ ਦਿੱਤਾ ਗਿਆ ਹੈ।

> "ਕਲੀਸਿਆ ਦੇ ਵਿੱਚ ਜਨਤਕ ਪ੍ਰਾਥਨਾ ਰੱਖਣਾ ਜਾਂ ਕਿਸੇ ਕਲੀਸਿਆਈ ਰਸਮ ਨੂੰ ਅਜਿਹੀ ਨਾ ਸਮਝ ਆਉਣ ਵਾਲੀ ਭਾਸ਼ਾ ਦੇ ਵਿੱਚ ਕਰਨਾ ਇਹ ਪਰਮੇਸ਼ੁਰ ਦੇ ਵਚਨ ਅਤੇ ਅਰੰਭਿਕ ਕਲੀਸਿਆ ਰੀਤ ਦੇ ਉਲਟ ਹੈ।"
>
> - *ਆਰਟੀਕਲ ਆੱਫ ਦਿ ਰਿਲੀਜ਼ਨ ਆੱਫ ਮੈਥੋਡਿਸਟ ਚਰਚ*

ਸ਼ਬਦਾਂ ਨੂੰ ਨਾ ਸਮਝ ਸਕਣਾ "ਪੌਣ ਨਾਲ" ਕਰਨ ਦੇ ਬਰਾਬਰ ਹੈ (9)। ਇਸ ਕਹਾਵਤ ਦਾ ਅਰਥ ਹੈ ਕਿ ਅਜਿਹੇ ਸ਼ਬਦ ਬੇਕਾਰ ਹਨ।

ਪੌਲੁਸ ਨੇ ਕਿਹ ਕਿ ਜੇਕਰ ਲੋਕ ਇਸ ਦੂਸਰੇ ਨੂੰ ਸਮਝ ਨਹੀਂ ਸਕਦੇ ਹਾਂ, ਤਾਂ ਉਹ ਇੱਕ ਦੂਸਰੇ ਨੂੰ ਅਸਭਿਅਤ ਪ੍ਰਤੀਤ ਹੁੰਦੇ ਹਨ (11)। ਜੇਕਰ ਕੋਈ ਵਿਅਕਤੀ ਲੋਕਾਂ ਨੂੰ ਸਮਝ ਨਾ ਆਉਣ ਤੇ ਵੀ ਬੋਲਦਾ ਹੀ ਰਹਿੰਦਾ ਹੈ ਤਾਂ ਉਹ ਕਲੀਸਿਆ ਨੂੰ ਉਸਾਰਨ ਦਾ ਯਤਨ ਨਹੀਂ ਕਰ ਰਿਹਾ, ਪਰ ਆਪਣੇ ਹੀ ਕਿਸੇ ਉਦੇਸ਼ ਨੂੰ ਪੂਰਾ ਕਰਨਾ ਚਾਹੁੰਦਾ ਹੈ (12)।

► ਕਿਸੇ ਵਿਅਕਤੀ ਦੁਆਰਾ ਕਿਸੇ ਨੂੰ ਸਮਝ ਨਾ ਆਉਣ ਵਾਲੀ ਭਾਸ਼ਾ ਬੋਲਣ ਦੇ ਪਿੱਛੇ ਕੀ ਕਾਰਨ ਹੋ ਸਕਦਾ ਹੈ?

ਪੌਲੁਸ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਅਜਿਹੀ ਭਾਸ਼ਾ ਬੋਲਦਾ ਹੈ ਜਿਸਨੂੰ ਸਮਝ ਨਹੀਂ ਸਕਦਾ ਹੈ, ਤਾਂ ਉਸਦੀ ਆਪਣੀ ਸਮਝ ਕੋਈ ਫ਼ਲ ਪੈਦਾ ਨਹੀਂ ਕਰਦੀ ਹੈ (14)। ਪੌਲੁਸ ਇਹ ਨਹੀਂ ਕਹਿ ਰਿਹਾ ਸੀ ਕਿ ਉਹ ਵਿਅਕਤੀ ਆਪਣੇ ਆਪ ਸਮਝ ਨਹੀਂ ਸਕਦਾ, ਪਰ ਉਸਦੀ ਆਪਣੀ ਸਮਝ ਦੂਸਰਿਆਂ ਦੇ ਲਈ ਕੋਈ ਲਾਭ ਨਹੀਂ ਦੇਵੇਗੀ।

ਉਸਨੇ ਕਿਹਾ ਕਿ ਸੇਵਕਾਈ ਕਰਨ ਦਾ ਸਹੀ ਤਰੀਕਾ ਆਤਮਾ ਅਤੇ ਸਮਝ ਦੋਵਾਂ ਦੇ ਨਾਲ ਸੇਵਾ ਕਰਨਾ ਹੈ (15)। ਆਤਮਾ ਦੇ ਵਿੱਚ ਹੋਣ ਦਾ ਇਹ ਅਰਥ ਨਹੀਂ ਹੈ ਕਿ ਕਿਸੇ ਵਿਅਕਤੀ ਨੂੰ ਸਮਝਿਆ ਨਹੀਂ ਜਾ ਸਕਦਾ ਹੈ।

ਉਸਨੇ ਕਿਹਾ ਕਿ ਸੰਭਾਵਿਤ ਤੌਰ ਤੇ ਕੋਈ ਅਣਪੜ ਵਿਅਕਤੀ ਸਮਝ ਨਹੀਂ ਸਕਦਾ ਕਿ ਉੱਥੇ ਕੀ ਕਿਹਾ ਜਾ ਰਿਹਾ ਹੈ (16)। ਇਸ ਤੋਂ ਪੁਸ਼ਟੀ ਹੁੰਦੀ ਹੈ ਕਿ ਉਹ ਅਸਲ ਭਾਸ਼ਾਵਾਂ ਦੇ ਬਾਰੇ ਗੱਲ ਕਰ ਰਿਹਾ ਹੈ। ਉਸਨੇ ਕਿਹਾ ਕਿ ਜਿਸ ਚੀਜ਼ ਨੂੰ ਅਸੀਂ ਸਮਝ ਨਹੀਂ ਸਕਦੇ ਉਸਨੂੰ ਅਸੀਂ "ਆਮੀਨ" ਨਹੀਂ ਕਹਿ ਸਕਦੇ।

ਪੌਲੁਸ ਨੇ ਕਿਹਾ ਕਿ ਉਹ ਖੁਸ਼ ਹੈ ਕਿ ਉਹ ਬਹੁਤ ਸਾਰੀਆਂ ਭਾਸ਼ਾਵਾਂ ਬੋਲ ਸਕਦਾ ਹੈ। ਪਰ ਨਾਲ ਹੀ ਉਸਨੇ ਇਹ ਵੀ ਕਿਹਾ ਕਿ ਸਮਝੇ ਜਾ ਸਕਣ ਵਾਲੇ ਪੰਜ ਸ਼ਬਦ ਨਾ ਸਮਝੇ ਜਾ ਸਕਣ ਵਾਲੇ 10,000 ਸ਼ਬਦਾਂ ਨਾਲੋਂ ਜਿਆਦਾ ਬਿਹਤਰ ਹਨ (18-19)।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 14:20-25 ਪੜਣਾ ਚਾਹੀਦਾ ਹੈ।

**ਆਤਮਾ ਦੁਆਰਾ ਮਸਹ ਕੀਤੇ ਹੋਏ ਸ਼ਬਦ ਸਮਝੇ ਜਾਂਦੇ ਹਨ ਅਤੇ ਪਰਮੇਸ਼ੁਰ ਦੀ ਮਹਿਮਾ ਕਰਦੇ ਹਨ।**

ਪਰਾਈ ਭਾਸ਼ਾ ਦੇਣ ਦਾ ਉਦੇਸ਼ ਸ਼ੁਭਸਮਾਚਾਰ ਪ੍ਰਚਾਰ ਦੇ ਵਾਰਤਾਲਾਪ ਦੇ ਲਈ ਹੈ (ਵੇਖੋ ਮਰਕੁਸ 16:15-17)।

ਜੇਕਰ ਕੋਈ ਕਲੀਸਿਆ ਦੇ ਵਿੱਚ ਬਾਹਰੀ ਵਿਅਕਤੀ ਆ ਕੇ ਸਾਰੇ ਵਿਸ਼ਵਾਸੀਆਂ ਨੂੰ ਬੋਲਦੇ ਸੁਣਦਾ ਹੈ ਅਤੇ ਕੋਈ ਵੀ ਸਮਝਦਾ ਨਹੀਂ ਹੈ ਤਾਂ ਉਹ ਸੋਚੇਗਾ ਕਿ ਇਹ ਸਭ ਪਾਗਲ ਹਨ। ਪਰ ਜੇਕਰ ਕੋਈ ਅਵਿਸ਼ਵਾਸੀ ਅਜਿਹੀ ਸਚਿਆਈ ਸੁਣਦਾ ਹੈ ਜੋ ਉਸਦੇ ਦਿਲ ਨੂੰ ਕਾਇਲ ਕਰਦੀ ਹੈ, ਤਾਂ ਉਹ ਸਮਝ ਜਾਵੇਗਾ ਕਿ ਉੱਥੇ ਪਰਮੇਸ਼ੁਰ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 14:27-35 ਪੜਣਾ ਚਾਹੀਦਾ ਹੈ।

**(7) *ਤਰਤੀਬ ਦਾ ਸਿਧਾਂਤ:* ਕਲੀਸਿਆ ਨੂੰ ਅਰਾਧਨਾ ਦੇ ਵਿੱਚ ਤਰਤੀਬ ਰੱਖਣੀ ਚਾਹੀਦੀ ਹੈ।**

ਰਸੂਲ ਦੇ ਪੁੱਛਿਆ, "ਹਰ ਕੋਈ ਅਜਿਹਾ ਕਿਉਂ ਸੋਚਦਾ ਹੈ ਕਿ ਉਨ੍ਹਾਂ ਨੂੰ ਸਭਾ ਦੇ ਵਿੱਚ ਕੁਝ ਕਰਨਾ ਚਾਹੀਦਾ ਹੈ?" ਕੁਰਿੰਥੀਆਂ ਦੇ ਵਿਸ਼ਵਾਸੀ ਸੋਚਦੇ ਸਨ ਕਿ ਜੇਕਰ ਕੋਈ ਵਿਅਕਤੀ ਅੱਗੇ ਆ ਕੇ ਬੋਲਦਾ ਹੈ ਜਾਂ ਅਰਾਧਨਾ ਦੀ ਅਗਵਾਈ ਕਰਦਾ ਹੈ ਤਾਂ ਉਹ ਮਹੱਤਵਪੂਰਨ ਹੁੰਦਾ ਹੈ, ਇਸ ਕਾਰਨ ਹਰ ਕੋਈ ਇਹ ਕਰਨਾ ਚਾਹੁੰਦਾ ਸੀ।

ਉਸਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਅਜਿਹੀ ਭਾਸ਼ਾ ਦੇ ਵਿੱਚ ਬੋਲਦਾ ਹੈ ਜਿਸਨੂੰ ਦੂਸਰੇ ਲੋਕ ਨਹੀਂ ਸਮਝਦੇ ਹਨ ਤਾਂ ਇਸਦ ਅਨੁਵਾਦ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਅਰਾਧਨਾ ਦੇ ਦੌਰਾਨ ਉਨ੍ਹਾਂ ਗੱਲਾਂ ਲਈ ਬਹੁਤ ਸਮਾਂ ਨਹੀਂ ਲੈਣਾ ਚਾਹੀਦਾ ਜਿੰਨ੍ਹਾਂ ਦਾ ਅਨੁਵਾਦ ਕਰਨ ਦੀ ਜਰੂਰਤ ਹੈ (27)।

ਜੇਕਰ ਕੋਈ ਵਿਅਕਤੀ ਅਜਿਹੀ ਭਾਸ਼ਾ ਬੋਲਦਾ ਹੈ ਜਿਸਨੂੰ ਦੂਸਰੇ ਨਹੀਂ ਸਮਝਦੇ ਹਨ ਅਤੇ ਕੋਈ ਅਨੁਵਾਦ ਕਰਨ ਵਾਲਾ ਨਹੀਂ ਹੈ ਤਾਂ ਫਿਰ ਉਸਨੂੰ ਬੋਲਣਾ ਨਹੀਂ ਚਾਹੀਦਾ (28)।

ਕਦੇ ਵੀ ਇੱਕ ਸਮੇਂ ਤੇ ਇੱਕ ਨਾਲੋਂ ਜਿਆਦਾ ਵਿਅਕਤੀਆਂ ਨੂੰ ਬੋਲਣਾ ਨਹੀਂ ਚਾਹੀਦਾ ਹੈ (31)। ਸਪੱਸ਼ਟ ਤੌਰ ਤੇ ਕਿਉਂਕਿ ਹਰ ਕੋਈ ਬੋਲਣਾ ਚਾਹੁੰਦਾ ਸੀ, ਇਸ ਕਾਰਨ ਕਈ ਲੋਕ ਇੱਕ ਹੀ ਸਮੇਂ ਬੋਲ ਰਹੇ ਹੋਣਗੇ। ਅਰਾਧਨਾ ਦੇ ਵਿੱਚ ਪੂਰੀ ਗੜਬੜ ਸੀ।

ਸ਼ਾਇਦ ਉਨ੍ਹਾਂ ਵਿੱਚੋਂ ਕੁਝ ਲੋਕਾਂ ਨੇ ਕਿਹਾ ਹੋਵੇਗਾ ਕਿ ਉਹ ਨਿਯਮਾਂ ਦੇ ਅਧੀਨ ਨਹੀਂ ਹੋ ਸਕਦੇ ਕਿਉਂਕਿ ਜਦੋਂ ਆਤਮਾ ਕੰਮ ਕਰਦਾ ਹੈ ਤਾਂ ਉਹ ਆਪਣੇ ਆਪ ਤੇ ਕਾਬੂ ਨਹੀਂ ਰੱਖ ਪਾਉਂਦੇ। ਪੌਲੁਸ ਨੇ ਕਿਹਾ ਕਿ ਇੱਕ ਨਬੀ ਦਾ ਆਪਣੇ ਆਪ ਤੇ ਕਾਬੂ ਹੁੰਦਾ ਹੈ (32)। ਪਰਮੇਸ਼ੁਰ ਕਲੀਸਿਆ ਦੇ ਵਿੱਚ ਗੜਬੜੀ ਨਹੀਂ ਪਾਉਂਦਾ ਹੈ (33)। ਪਵਿੱਤਰ ਆਤਮਾ ਕਿਸੇ ਵਿਅਕਤੀ ਦੇ ਕੋਲੋਂ ਅਜਿਹਾ ਕੰਮ ਨਹੀਂ ਕਰਵਾਏਗਾ ਜੋ ਬਾਈਬਲ ਦੀ ਸਿੱਖਿਆ ਵਿਰੁੱਧ ਹੈ।

► ਅਰਾਧਨਾ ਦੇ ਵਿੱਚ ਤਰਤੀਬ ਬਣਾਈ ਰੱਖਣ ਦੀਆਂ ਕੁਝ ਚੰਗੀਆਂ ਪ੍ਰਕਿਰਿਆਵਾਂ ਕੀ ਹਨ?

ਸਪੱਸਟ ਤੌਰ ਤੇ, ਕੁਰਿੰਥੀਆਂ ਦੀ ਕਲੀਸਿਆ ਦੇ ਵਿੱਚ ਔਰਤਾਂ ਬੇਤਰਤੀਬੀ ਦਾ ਕਾਰਨ ਬਣ ਰਹੀਆਂ ਸਨ। ਸ਼ਾਇਦ ਉਹ ਪ੍ਰਸ਼ਨ ਪੁੱਛਦੀਆਂ ਜਾਂ ਵਿਵਾਦ ਕਰਦੀਆਂ ਹੋਣਗੀਆਂ। ਕਿਉਂਕਿ ਪੌਲੁਸ ਨੇ ਕਿਹਾ ਕਿ ਉਹ ਅਧਿਕਾਰ ਦੇ ਅਧੀਨ ਹੋਣੇ ਚਾਹੀਦੀਆਂ ਹਨ ਅਤੇ ਉਨ੍ਹਾਂ ਨੂੰ ਘਰ ਦੇ ਵਿੱਚ ਪ੍ਰਸ਼ਨ ਪੁੱਛਣ ਦੇ ਲਈ ਇੰਤਜ਼ਾਰ ਕਰਨਾ ਚਾਹੀਦਾ ਹੈ। ਬਿਹਤਰ ਹਾਲਾਤਾਂ ਦੇ ਵਿੱਚ ਔਰਤਾਂ ਨੂੰ ਸੇਵਕਾਈ ਕਰਨ ਅਤੇ ਅਰਾਧਨਾ ਦੇ ਵਿੱਚ ਭਾਗ ਲੈਣ ਦੀ ਪ੍ਰਵਾਨਗੀ ਦਿੱਤੀ ਜਾਣੀ ਚਾਹੀਦੀ ਹੈ, ਪਰ ਇਹ ਬਹੁਤ ਤਰਤੀਬਵਾਰ ਹੋਣਾ ਚਾਹੀਦਾ ਹੈ।

► ਇੱਕ ਵਿਦਿਆਰਥੀ ਨੂੰ ਸਮੂਹ ਦੇ ਲਈ ੧ ਕੁਰਿੰਥੀਆਂ ਨੂੰ 14:36-40 ਪੜਣਾ ਚਾਹੀਦਾ ਹੈ। ਪੌਲੁਸ ਨੇ ਦੂਸਰੀਆਂ ਕਲੀਸਿਆਵਾਂ ਦੇ ਨਾਲ ਉਨ੍ਹਾਂ ਦੇ ਸੰਬੰਧ ਦੇ ਬਾਰੇ ਕੀ ਸਿਖਾਇਆ?

**(8) *ਰਸੂਲਪੁਣੇ ਦਾ ਸਿਧਾਂਤ*: ਹਰੇਕ ਕਲੀਸਿਆ ਨੂੰ ਰਸੂਲਾਂ ਦੀ ਮੁੱਢਲੀ ਸਿੱਖਿਆ ਦੇ ਅਧੀਨ ਹੋਣਾ ਚਾਹੀਦਾ ਹੈ।**

ਕੁਰਿੰਥੀਆਂ ਦੇ ਵਿਸ਼ਵਾਸੀਆਂ ਦੇ ਕੋਲ ਆਤਮਿਕ ਵਰਦਾਨਾਂ ਦੀ ਬਰਕਤ ਸੀ। ਸ਼ਾਇਦ ਉਨ੍ਹਾਂ ਨੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਸੀ ਕਿ ਉਨ੍ਹਾਂ ਨੂੰ ਕਿਸੇ ਅਧਿਕਾਰ ਨੂੰ ਸੁਣਨ ਦੀ ਕੋਈ ਜਰੂਰਤ ਨਹੀਂ ਹੈ। ਪੌਲੁਸ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਸ਼ੁਭਸਮਾਚਾਰ ਵੀ ਉਨ੍ਹਾਂ ਨੂੰ ਦੂਸਰਿਆਂ ਨੇ ਹੀ ਸੁਣਾਇਆ ਸੀ। ਉਨ੍ਹਾਂ ਨੂੰ ਪਰਮੇਸ਼ੁਰ ਦੀ ਕਲੀਸਿਆ ਦੇ ਸੰਪੂਰਨ ਧਰਮ ਸਿਧਾਂਤਾਂ ਦੇ ਅਧੀਨ ਹੋਣ ਦੀ ਜਰੂਰਤ ਸੀ। ਜੇਕਰ ਕੋਈ ਵਿਅਕਤੀ ਕਹਿੰਦਾ ਹੈ ਉਹ ਰਸੂਲਾਂ ਦੀਆਂ ਹਦਾਇਤਾਂ ਨਾਲੋਂ ਬਿਹਤਰ ਜਾਣਦਾ ਹੈ, ਤਾਂ ਉਹ ਅਨਜਾਣ ਹੈ ਅਤੇ ਉਸਨੂੰ ਆਤਮਿਕ ਜਾਂ ਬੁੱਧੀਮਾਨ ਨਹੀਂ ਮੰਨਣਾ ਚਾਹੀਦਾ।

ਪੌਲੁਸ ਨੇ ਉਨ੍ਹਾਂ ਨੂੰ ਪਰਾਈਆਂ ਭਾਸ਼ਾਵਾਂ ਦੀ ਵਰਤੋਂ ਕਰਨ ਤੋਂ ਮਨ੍ਹਾ ਨਹੀਂ ਕਰਨਾ ਚਾਹੀਦਾ। ਪਰਾਈ ਭਾਸ਼ਾ ਬੋਲਣ ਦਾ ਵਰਦਾਨ ਮਹੱਤਵਪੂਰਨ ਹੈ, ਖਾਸ ਕਰਕੇ ਉਨ੍ਹਾਂ ਸਥਾਨਾਂ ਤੇ ਜਿੱਥੇ ਅਲੱਗ-ਅਲੱਗ ਭਾਸ਼ਾਵਾਂ ਦਾ ਉਪਯੋਗ ਕੀਤਾ ਜਾਂਦਾ ਹੈ; ਪਰ ਇਸ ਵਰਦਾਨ ਦੀ ਵਰਤੋਂ ਬਾਈਬਲ ਦੀਆਂ ਹਦਾਇਤਾਂ ਦੇ ਅਨੁਸਾਰ ਕਰਨੀ ਚਾਹੀਦੀ ਹੈ।

## ਆਤਮਿਕ ਤਾਕਤ ਦੇ ਨਾਲ ਕਲੀਸਿਆ ਦਾ ਮੁਕਾਬਲਾ

ਕੁਝ ਕਲੀਸਿਆਵਾਂ ਆਤਮਿਕ ਸ਼ਕਤੀਆਂ ਦਾ ਵਿਖਾਵਾ ਕਰਕੇ ਲੋਕਾਂ ਨੂੰ ਆਕਰਸ਼ਤ ਕਰਨ ਦੀ ਕਰਦੇ ਹਨ। ਉਹ ਵਿਸ਼ਵਾਸ ਕਰਦੇ ਹਨ ਕਿ ਚਮਤਕਾਰ ਅਤੇ ਆਤਮਿਕ ਵਰਦਾਨ ਕਿਸੇ ਬਿਹਤਰ ਕਲੀਸਿਆ ਦੀ ਪਹਿਚਾਣ ਹਨ। ਉਹ ਚੰਗਾਈ ਦੇ ਬਹੁਤ ਸਾਰੇ ਚਮਤਕਾਰਾਂ ਦਾ ਦਾਅਵਾ ਕਰਦੇ ਹਨ। ਕੁਝ ਮੈਂਬਰ ਅਕਸਰ ਪਰਮੇਸ਼ੁਰ ਤੋਂ ਖਾਸ ਪ੍ਰਕਾਸ਼ ਪ੍ਰਾਪਤ ਕਰਨ ਦਾ ਦਾਅਵਾ ਕਰਦੇ ਹਨ। ਉਨ੍ਹਾਂ ਦੀਆਂ ਅਰਾਧਨਾ ਸਭਾਵਾਂ ਦੇ ਵਿੱਚ ਬਾਈਬਲ ਨਾਲੋਂ ਜਿਆਦਾ ਆਤਮਿਕ ਵਰਦਾਨਾਂ ਦੇ ਪ੍ਰਦਰਸ਼ਨ ਵੱਲ ਧਿਆਨ ਦਿੱਤਾ ਜਾਂਦਾ ਹੈ। ਉਨ੍ਹਾਂ ਦੇ ਆਗੂ ਆਪਣੀ ਆਤਮਿਕ ਤਾਕਤ ਬਾਰੇ ਵੱਡੀਆ-ਵੱਡੀਆਂ ਗੱਲਾਂ ਕਰਕੇ ਅਤੇ ਦੂਸਰੀਆਂ ਕਲੀਸਿਆਵਾਂ ਦੀ ਆਲੋਚਨਾ ਕਰਕੇ ਪ੍ਰਸਿੱਧ ਹੋਣ ਦਾ ਯਤਨ ਕਰਦੇ ਹਨ।

ਆਤਮਿਕ ਪ੍ਰਦਰਸ਼ਨ ਦਾ ਮੁਕਾਬਲਾ ਕਰਨ ਵਾਲੀਆਂ ਕਲੀਸਿਆਵਾਂ ਦੇ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਹੁੰਦੀਆਂ ਹਨ। ਉਨ੍ਹਾਂ ਦੇ ਬਹੁਤ ਸਾਰੇ ਮੈਂਬਰ, ਅਤੇ ਇੱਥੋਂ ਤੱਕ ਕਿ ਆਗੂ, ਖੁੱਲ੍ਹੇ ਪਾਪ ਦੇ ਵਿੱਚ ਜਿਉਂਦੇ ਹਨ। ਉਹ ਉਸ ਪਰਿਪੱਕ ਆਤਮਿਕਤਾ ਨੂੰ ਨਹੀਂ ਸਮਝਦੇ ਜੋ ਵਿਸ਼ਵਾਸ ਦੀ ਵਿੱਖਦੀ ਹੈ ਅਤੇ ਜੀਵਨ ਦੀਆਂ ਸਮੱਸਿਆਵਾਂ ਨੂੰ ਸਹਿੰਦੀ ਹੈ। ਉਨ੍ਹਾਂ ਦੇ ਬਹੁਤ ਸਾਰੇ ਆਗੂ ਜੁਆਨ ਹਨ ਜੋ ਪਾਪ ਦੇ ਉੱਤੇ ਜਿੱਤ ਦਾ ਜੀਵਨ ਨਹੀਂ ਜਿਉਂਦੇ ਅਤੇ ਵੱਡਿਆਂ ਦਾ ਜਾਂ ਵਫ਼ਾਦਾਰ ਵਿਸ਼ਵਾਸੀਆਂ ਦਾ ਆਦਰ ਨਹੀਂ ਕਰਦੇ। ਉਹ ਪਰਾਈ ਭਾਸ਼ਾ ਬੋਲਣ ਦੇ ਬਾਈਬਲ ਤੋਂ ਬਾਹਰ ਦੇ ਅਭਿਆਸ ਕਰਦੇ ਹਨ। ਉਨ੍ਹਾਂ ਦੇ ਜਿਆਦਾਤਰ ਲੋਕਾਂ ਨੇ ਵੀ ਅਸਲ ਦੇ ਵਿੱਚ ਚਮਤਕਾਰਾਂ ਦਾ ਅਨੁਭਵ ਨਹੀਂ ਕੀਤਾ ਹੈ, ਪਰ ਉਹ ਇਸਦੀ ਉਮੀਦ ਰੱਖਦੇ ਹਨ।

ਅਸਲ ਦੇ ਵਿੱਚ ਪਵਿੱਤਰ ਆਤਮਾ ਦੇ ਵਿੱਚ ਮਸਹ ਕੀਤੀ ਹੋਈ ਕਲੀਸਿਆ ਨੂੰ ਵਿਸ਼ਵਾਸ ਅਤੇ ਆਤਮਿਕ ਵਰਦਾਨਾਂ ਦੇ ਵਚਨ ਆਧਾਰਿਤ ਅਭਿਆਸਾਂ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਇੱਕ ਕਲੀਸਿਆ ਨੂੰ ਇਸਦੇ ਮੈਂਬਰਾਂ ਨੂੰ ਅਜਿਹੇ ਪਰਿਪੱਕ ਵਿਸ਼ਵਾਸ ਵਿੱਚ ਲਿਆਉਣਾ ਚਾਹੀਦਾ ਹੈ ਜੋ ਕਠਿਨ ਸਮਿਆਂ ਨੂੰ ਸਹਿ ਲੈਂਦਾ ਹੈ ਅਤੇ ਪਾਪ ਤੇ ਜਿੱਤ ਪ੍ਰਦਾਨ ਕਰਦਾ ਹੈ। ਆਤਮਿਕ ਵਰਦਾਨਾਂ ਦਾ ਪ੍ਰਦਰਸ਼ਨ ਇੱਕ ਵਿਖਾਵੇ ਦੀ ਤਰ੍ਹਾਂ ਕਰਨ ਦੀ ਬਜਾਏ, ਕਲੀਸਿਆ ਨੂੰ ਆਪਣੇ ਆਤਮਿਕ ਵਰਦਾਨਾਂ ਦਾ ਉਪਯੋਗ ਕਰਦੇ ਹੋਏ ਵਿਸ਼ਵਾਸ ਦੇ ਪਰਿਵਾਰ ਦੀਆਂ ਜਰੂਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ।

► ਅਜਿਹੀ ਕਲੀਸਿਆ ਦੇ ਕੁਝ ਚਿੰਨ੍ਹ ਕੀ ਹਨ ਜੋ ਆਤਮਿਕ ਤਾਕਤਾਂ ਦਾ ਵਿਖਾਵਾ ਕਰਕੇ ਦੂਸਰੀਆਂ ਕਲੀਸਿਆਵਾਂ ਦੇ ਨਾਲ ਮੁਕਾਬਲਾ ਕਰਨ ਦਾ ਯਤਨ ਕਰ ਰਹੀਆਂ ਹਨ?

## ਸੱਤ ਸੰਖੇਪ ਕਥਨ

1. ਇੱਕ ਆਤਮਿਕ ਵਰਦਾਨ ਕਿਸੇ ਵਿਸ਼ਵਾਸੀ ਨੂੰ ਕਲੀਸਿਆ ਦੀ ਸੇਵਕਾਈ ਦੇ ਵਿੱਚ ਉਪਯੋਗ ਕਰਨ ਦੇ ਲਈ ਪਵਿੱਤਰ ਆਤਮਾ ਦੇ ਦੁਆਰਾ ਦਿੱਤੀ ਅਜਿਹੀ ਯੋਗਤਾ ਹੈ।

2. ਹਰੇਕ ਵਿਸ਼ਵਾਸੀ ਨੂੰ ਆਤਮਿਕ ਵਰਦਾਨ ਮਿਲਦੇ ਹਨ, ਪਰ ਹਰੇਕ ਵਿਅਕਤੀ ਨੂੰ ਇੱਕ ਸਮਾਨ ਵਰਦਾਨ ਨਹੀਂ ਮਿਲਦੇ।

3. ਕਲੀਸਿਆ ਦੇ ਅਲੱਗ-ਅਲੱਗ ਮੈਂਬਰਾਂ ਨੂੰ ਹਰੇਕ ਜਰੂਰੀ ਅਤੇ ਮਹੱਤਵਪੂਰਨ ਵਰਦਾਨ ਦੇ ਨਾਲ ਮਿਲ ਕੇ ਇੱਕ ਸਰੀਰ ਦੇ ਤੌਰ ਤੇ ਕੰਮ ਕਰਨਾ ਚਾਹੀਦਾ ਹੈ।

4. ਆਤਮਿਕ ਵਰਦਾਨ ਸੇਵਕਾਈ ਦੀ ਬੁਲਾਹਟ ਦੇ ਨਾਲ ਆਉਂਦੇ ਹਨ।

5. ਜੇਕਰ ਕਿਸੇ ਨੂੰ ਸਮਝ ਨਾ ਆਵੇ ਤਾਂ ਬੋਲੇ ਜਾਣ ਵਾਲੇ ਸ਼ਬਦਾਂ ਦੀ ਕੋਈ ਕੀਮਤ ਨਹੀਂ ਹੈ।

6. ਇੱਕ ਵਿਸ਼ਵਾਸੀ ਨੂੰ ਆਪਣੇ ਵਰਦਾਨ ਧਿਆਨਪੂਰਵਕ ਪਰਮੇਸ਼ੁਰ ਦੀ ਮਹਿਮਾ ਅਤੇ ਕਲੀਸਿਆ ਦੀ ਉੱਨਤੀ ਦੇ ਲਈ ਵਰਤਣੇ ਚਾਹੀਦੇ ਹਨ।

7. ਪਰਮੇਸ਼ੁਰ ਅਤੇ ਲੋਕਾਂ ਦੇ ਲਈ ਪਿਆਰ ਹੁਣ ਅਤੇ ਸਦਾ ਦੇ ਲਈ ਸਭ ਤੋਂ ਜਿਆਦਾ ਮਹੱਤਵਪੂਰਨ ਹੈ।

## ਪਾਠ 14 ਦੇ ਅਸਾਇਨਮੈਂਟ

1. ਪਾਠ 14 ਲਈ ਸੱਤ ਸੰਖੇਪ ਬਿਆਨ ਯਾਦ ਰੱਖੋ। ਸੱਤ ਸੰਖੇਪ ਬਿਆਨਾਂ (ਸੱਤ ਪੈਰੇ) ਵਿੱਚੋਂ ਹਰੇਕ ਦੇ ਅਰਥ ਅਤੇ ਮਹੱਤਤਾ ਕਿਸੇ ਅਜਿਹੇ ਵਿਅਕਤੀ ਨੂੰ ਸਮਝਾਉਂਦੇ ਹੋਏ ਇੱਕ ਪੈਰਾ ਲਿਖੋ ਜੋ ਇਸ ਕਲਾਸ ਵਿੱਚ ਨਹੀਂ ਹੈ। ਅੱਗਲੀ ਕਲਾਸ ਤੋਂ ਪਹਿਲਾਂ ਇਸਨੂੰ ਕਲਾਸ ਦੇ ਆਗੂ ਨੂੰ ਸੌਂਪ ਦਿਓ। ਜੇਕਰ ਕਲਾਸ ਦਾ ਆਗੂ ਤੁਹਾਨੂੰ ਚਰਚਾ ਸਮੇਂ ਦੌਰਾਨ ਪੁੱਛਦਾ ਹੈ ਤਾਂ ਸਮੂਹ ਨਾਲ ਇੱਕ ਪੈਰਾ ਸਾਂਝਾ ਕਰਨ ਲਈ ਤਿਆਰ ਰਹੋ। ਅੱਗਲੇ ਕਲਾਸ ਸੈਸ਼ਨ ਦੇ ਸ਼ੁਰੂ ਵਿੱਚ ਆਪਣੀ ਯਾਦਦਾਸ਼ਤ ਤੋਂ ਬਿਆਨ ਲਿਖੋ।

2. ਯਾਦ ਰੱਖੋ ਕਿ ਕਲਾਸ ਤੋਂ ਬਾਹਰ ਆਪਣੇ ਪੜ੍ਹਾਉਣ ਦੇ ਮੌਕਿਆਂ ਦਾ ਸਮਾਂ ਖੁਦ ਤੈਅ ਕਰੋ ਅਤੇ ਪੜ੍ਹਾਉਣ ਤੋਂ ਬਾਅਦ ਕਲਾਸ ਆਗੂ ਨੂੰ ਇਸਦੇ ਬਾਰੇ ਰਿਪੋਰਟ ਕਰੋ।

3. ਪ੍ਰੀਖਿਆ: ਅੱਗਲੀ ਕਲਾਸ ਸ਼ੈਸ਼ਨ ਸ਼ੁਰੂਆਤ ਦੇ ਸਮੇਂ, ਤੁਹਾਨੂੰ ਆਪਣੀ ਯਾਦਦਾਸ਼ਤ ਦੇ ਵਿੱਚੋਂ ਪੌਲੁਸ ਦੁਆਰਾ ਆਤਮਿਕ ਵਰਦਾਨਾਂ ਦੇ ਬਾਰੇ ਦੱਸੇ ਅੱਠਾਂ ਵਿੱਚੋਂ ਘੱਟੋ-ਘੱਟ ਸੱਤ ਸਿਧਾਂਤ ਲਿਖਣੇ ਪੈਣਗੇ।

# ਪਾਠ 15

# ਕਲੀਸਿਆ ਦੀ ਪਰਿਪੱਕਤਾ ਦੇ ਲਈ ਪ੍ਰਸ਼ਨ

## ਜਾਣ-ਪਛਾਣ

ਇਹ ਪਾਠ ਪ੍ਰਸ਼ਨਾਂ ਦੇ ਰੂਪ ਵਿੱਚ ਇੱਕ ਪਰਿਪੱਕ ਕਲੀਸਿਆ ਦੀਆਂ ਵਿਸ਼ੇਸ਼ਤਾਵਾਂ ਦੱਸਦਾ ਹੈ। ਇੱਕ ਕਲੀਸਿਆ ਇੰਨ੍ਹਾਂ ਪ੍ਰਸ਼ਨਾਂ ਤੇ ਵਿਚਾਰ ਕਰਕੇ ਆਪਣੀ ਉੱਨਤੀ ਕਰਨ ਦੀ ਵਿਧੀ ਨੂੰ ਸਮਝ ਸਕਦੀ ਹੈ।

*ਸ਼ਾਇਦ ਕਲਾਸ ਦੇ ਵਿੱਚ ਵਿਦਿਆਰਥੀਆਂ ਦੇ ਸਮੂਹ ਵਿੱਚੋਂ ਸਾਰੇ ਇੱਕੋ ਹੀ ਕਲੀਸਿਆ ਤੋਂ ਨਹੀਂ ਹੋਣਗੇ ਅਤੇ ਸ਼ਾਇਦ ਉਹ ਅਜਿਹੇ ਲੋਕ ਵੀ ਨਹੀਂ ਹੋਣਗੇ ਜੋ ਕਲੀਸਿਆ ਦੇ ਵਿੱਚ ਬਦਲਾਅ ਕਰਨ ਦਾ ਫੈਸਲਾ ਲੈ ਸਕਣ। ਉਹ ਇੰਨ੍ਹਾਂ ਪ੍ਰਸ਼ਨਾਂ ਦਾ ਉਪਯੋਗ ਇੱਕ ਕਲੀਸਿਆ ਦੀ ਪਰਿਪੱਕਤਾ ਦਾ ਮੁਲਾਂਕਣ ਕਰਨ ਦੇ ਲਈ ਕਰ ਸਕਦੇ ਅਤੇ ਆਪਣੀ ਸੇਵਕਾਈ ਦੇ ਲਈ ਟੀਚੇ ਮਿੱਥ ਸਕਦੇ ਹਨ।*

*ਹੇਠਾਂ ਦਿੱਤੇ ਹਰੇਕ ਪ੍ਰਸ਼ਨ ਦੇ ਲਈ, ਦਿੱਤੀਆਂ ਹੋਈਆਂ ਵਿਆਖਿਆਵਾਂ ਦਾ ਉਪਯੋਗ ਕਰਦੇ ਹੋਏ, ਪ੍ਰਸ਼ਨ ਦੇ ਅਰਥ ਦੀ ਚਰਚਾ ਕਰੋ। ਫਿਰ ਵਿਚਾਰ ਕਰੋ ਕਿ ਇੱਕ ਕਲੀਸਿਆ ਲੋੜੀਦੀਆਂ ਵਿਸ਼ੇਸ਼ਤਾਵਾਂ ਨੂੰ ਵਿਕਸਿਤ ਕਰਨ ਦੇ ਲਈ ਕੀ ਕਰ ਸਕਦੀ ਹੈ।*

## ਕਲੀਸਿਆ ਦੀ ਪਰਿਪੱਕਤਾ ਦੇ ਲਈ ਪ੍ਰਸ਼ਨ

### (1) ਕਲੀਸਿਆ ਨੂੰ ਆਤਮਿਕ ਜੀਵਨ ਦੇਣ ਵਾਲੇ ਛੋਟੇ ਸਮੂਹ ਕਿੱਥੇ ਹਨ?

ਇੱਕ ਤੰਦਰੁਸਤ ਕਲੀਸਿਆ ਦੇ ਵਿੱਚ ਆਮ ਤੌਰ ਤੇ ਕੁਝ ਕਿਸਮ ਦੇ ਛੋਟੇ ਸਮੂਹ ਹੁੰਦੇ ਹਨ ਜਿੱਥੇ ਆਤਮਿਕ ਜੀਵਨ ਨੂੰ ਬਰਕਰਾਰ ਰੱਖਿਆ ਜਾਂਦਾ ਹੈ। ਇਹ ਸਮੂਹ ਘਰੇਲੂ ਕਲੀਸਿਆਵਾਂ, ਸੰਡੇ ਸਕੂਲ ਦੀਆਂ ਕਲਾਸਾਂ, ਜਾਂ ਹੋਰ ਕਿਸਮ ਦੇ ਸਮੂਹ ਹੋ ਸਕਦੇ ਹਨ। ਇਹ ਵਿਵਸਥਿਤ ਹੋ ਸਕਦੇ ਹਨ ਜਾਂ ਆਮ ਜਿਹੇ ਵੀ ਹੋ ਸਕਦੇ ਹਨ। ਆਤਮਿਕ ਬੇਦਾਰੀ ਆਮ ਤੌਰ ਤੇ ਛੋਟੇ ਸਮੂਹਾਂ ਦੇ ਵਿੱਚ ਹੀ ਸ਼ੁਰੂ ਹੁੰਦੀ ਹੈ। ਕਲੀਸਿਆ ਦਾ ਆਤਮਿਕ ਜੀਵਨ ਸਿਰਫ਼ ਅਰਾਧਨਾ ਸਭਾਵਾਂ ਦੇ ਵਿੱਚ ਹੀ ਬਰਕਰਾਰ ਜਾਂ ਬੇਦਾਰ ਨਹੀਂ ਹੁੰਦਾ। ਆਤਮਿਕ ਜੁਆਬਦੇਹੀ ਅਤੇ ਜੀਵਨ ਬਦਲਾਅ ਅਕਸਰ ਛੋਟੇ ਸਮੂਹਾਂ ਦੇ ਵਿੱਚ ਹੁੰਦਾ ਹੈ। ਕਲੀਸਿਆ ਦੇ ਆਗੂਆਂ ਨੂੰ ਇਸ ਗੱਲ ਨੂੰ ਪੱਕਿਆਂ ਕਰਨਾ ਚਾਹੀਦਾ ਹੈ ਕਲੀਸਿਆ ਦੇ ਵਿੱਚ ਅਜਿਹੇ ਛੋਟੇ ਸਮੂਹ ਹੋਣ ਤੇ ਉਹ ਆਪਣੇ ਉਦੇਸ਼ ਦੀ ਪੂਰਤੀ ਕਰਨ। ਜੇਕਰ ਮੌਜੂਦਾ ਢਾਂਚੇ ਕਲੀਸਿਆ ਨੂੰ ਆਤਮਿਕ ਜੀਵਨ ਦੇ ਯੋਗ ਨਹੀਂ ਬਣਾ ਰਹੇ ਤਾਂ ਫਿਰ ਬਦਲਾਵਾਂ ਦੀ ਜਰੂਰਤ ਹੈ।

**(2) ਕਲੀਸਿਆ ਦਾ ਮਾਲਕ ਕੌਣ ਹੈ?**

ਇੱਕ ਕਲੀਸਿਆ ਉਸ ਸਮੇਂ ਤੱਕ ਪਰਿਪੱਕ ਨਹੀਂ ਹੈ ਜਦੋਂ ਤੱਕ ਇਸਦੇ ਕੁਝ ਅਜਿਹੇ ਸਮਰਪਿਤ ਲੋਕ ਨਾ ਹੋਣ ਜੋ ਸੇਵਕਾਈ ਅਤੇ ਆਰਥਿਕ ਸਮਰਥਨ ਦੀ ਜਿੰਮੇਵਾਰੀ ਲੈਂਦੇ ਹਨ।

ਜੇਕਰ ਸੇਵਕਾਈ ਨੂੰ ਪਾਸਬਾਨ ਦੇ ਨਿੱਜੀ ਵਿਉਪਾਰ ਦੀ ਤਰ੍ਹਾਂ ਚਲਾਇਆ ਜਾਂਦਾ ਹੈ, ਤਾਂ ਕਲੀਸਿਆ ਕਦੇ ਵੀ ਪਰਿਪੱਕ ਨਹੀਂ ਹੋ ਪਾਏਗੀ। ਜੇਕਰ ਇਮਾਰਤ ਕਿਰਾਏ ਤੇ ਲਈ ਹੋਈ ਹੈ ਅਤੇ ਸਿਰਫ਼ ਇੱਕ ਹੀ ਵਿਅਕਤੀ ਜਾਂ ਕੋਈ ਬਾਹਰੀ ਸੰਸਥਾ ਕਿਰਾਇਆ ਭਰਦੀ ਹੈ ਤਾਂ ਕਲੀਸਿਆ ਪਰਿਪੱਕ ਨਹੀਂ ਹੈ।

ਆਦਰਸ਼ਕ ਤੌਰ ਤੇ, ਇਮਾਰਤ ਅਤੇ ਸੇਵਕਾਈ ਦੀ ਜਿੰਮੇਵਾਰੀ ਕਲੀਸਿਆ ਦੇ ਮੈਂਬਰਾਂ ਦੇ ਇੱਕ ਸਮੂਹ ਦੀ ਹੋਣੀ ਚਾਹੀਦੀ ਹੈ। ਜੇਕਰ ਇਮਾਰਤ ਕਿਰਾਏ ਤੇ ਲਈ ਗਈ ਹੈ, ਤਾਂ ਕਲੀਸਿਆ ਨੂੰ ਮਿਲ ਕੇ ਕਿਰਾਇਆ ਦੇਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

ਸਥਾਨਕ ਕਲੀਸਿਆ ਦੀ ਸੇਵਕਾਈ ਇਸ ਪ੍ਰਕਾਰ ਸਥਾਪਿਤ ਹੋਣੀ ਚਾਹੀਦੀ ਹੈ ਕਿ ਇਹ ਮਸੀਹ ਦੇ ਆਉਣ ਤੱਕ ਇੱਕ ਸੰਸਥਾਨ ਦੇ ਤੌਰ ਤੇ ਚੱਲਦੀ ਰਹੇ।

**(3) ਸਥਾਨਕ ਸੇਵਕਾਈ ਦਾ ਆਰਥਿਕ ਸਮਰਥਨ ਕਿਵੇਂ ਕੀਤਾ ਜਾਣਾ ਚਾਹੀਦਾ ਹੈ?**

ਕਲੀਸਿਆ ਦੀ ਬਿਹਤਰ ਹਾਲਾਤ ਇਹ ਹੈ ਕਿ ਇਸਦਾ ਸਮਰਥਨ ਦਸਵੰਧ ਦੇਣ ਵਾਲੇ ਮੈਂਬਰਾਂ ਦੁਆਰਾ ਕੀਤਾ ਜਾਵੇ। ਜੇਕਰ ਕਲੀਸਿਆ ਦਾ ਸਮਰਥਨ ਕਿਸੇ ਬਾਹਰੀ ਸੰਸਥਾ ਦੇ ਦੁਆਰਾ ਹੋ ਰਿਹਾ ਹੈ ਤਾਂ ਇਹ ਪਰਿਪੱਕ ਕਲੀਸਿਆ ਨਹੀਂ ਹੈ ਸਗੋਂ ਬਹੁਤ ਕਮਜ਼ੋਰ ਹੈ। ਜੇਕਰ ਇਸਦਾ ਸਮਰਥਨ ਪੂਰੀ ਕਲੀਸਿਆ ਦੇ ਦੁਆਰਾ ਹੋਣ ਦੀ ਬਜਾਏ ਪਾਸਬਾਨ ਜਾਂ ਕੁਝ ਦਾਨੀਆਂ ਦੇ ਦੁਆਰਾ ਹੁੰਦਾ ਹੈ, ਤਾਂ ਫਿਰ ਅਜੇ ਤੱਕ ਕਲੀਸਿਆ ਵਿਸ਼ਵਾਸ ਦੇ ਪਰਿਪੱਕ ਪਰਿਵਾਰ ਵੱਜੋਂ ਉੱਨਤ ਨਹੀਂ ਹੋਈ ਹੈ।

ਦਸਵੰਧ ਸਥਾਨਕ ਕਲੀਸਿਆ ਦਾ ਸਮਰਥਨ ਕਰਨ ਦਾ ਪਰਮੇਸ਼ੁਰ ਦੁਆਰਾ ਦਿੱਤਾ ਤਰੀਕਾ ਹੈ। ਕਲੀਸਿਆ ਦੇ ਆਗੂਆਂ ਨੂੰ ਦਸਵੰਧ ਦੇ ਬਾਰੇ ਸਿਖਾਉਣਾ ਚਾਹੀਦਾ ਹੈ ਅਤੇ ਹੌਲੀ-ਹੌਲੀ ਕਲੀਸਿਆ ਦੀ ਸੇਵਕਾਈ ਦੇ ਲਈ ਸਥਾਨਕ ਸਮਰਥਨ ਨੂੰ ਖੜਾ ਕਰਨਾ ਚਾਹੀਦਾ ਹੈ। ਕਲੀਸਿਆ ਨੂੰ ਇਸਦੇ ਕੰਮਾਂ ਦੇ ਲਈ ਬਾਹਰੀ ਸਮਰਥਨ ਦੇ ਨਿਰਭਰ ਨਹੀਂ ਹੋਣਾ ਚਾਹੀਦਾ। ਬਾਹਰੀ ਸਮਰਥਨ ਦੇ ਦੁਆਰਾ ਅਜਿਹੇ ਪ੍ਰਜੈਕਟ ਕਰਨੇ ਚਾਹੀਦੇ ਹਨ ਜਿਸਦੇ ਨਾਲ ਕਲੀਸਿਆ ਦੀ ਸਮਰੱਥਾ ਨੂੰ ਵਧਾਇਆ ਜਾ ਸਕੇ।

**(4) ਕੀ ਕਲੀਸਿਆ ਨੂੰ ਕਿਸੇ ਪੂਰੇ ਸਮੇਂ ਦੀ ਸੇਵਕਾਈ ਕਰਨ ਵਾਲੇ ਪਾਸਬਾਨ ਨੂੰ ਆਰਥਿਕ ਸਮਰਥਨ ਦੇਣਾ ਚਾਹੀਦਾ ਹੈ?**

ਇੱਕ ਪਾਸਬਾਨ ਦੇ ਲਈ ਬਾਈਬਲ ਆਧਾਰਿਤ ਯੋਜਨਾ ਇਹ ਹੈ ਕਿ ਉਹ ਆਪਣੇ ਸਮੇਂ ਨੂੰ ਪੂਰੀ ਤਰ੍ਹਾਂ ਦੇ ਨਾਲ ਸੇਵਕਾਈ ਦੇ ਵਿੱਚ ਲਗਾਏ। ਕਈ ਵਾਰ ਇਹ ਕਿਸੇ ਨਵੀਂ ਕਲੀਸਿਆ ਦੇ ਲਈ ਸੰਭਵ ਨਹੀਂ ਹੁੰਦਾ, ਪਰ ਕਲੀਸਿਆ ਦੇ ਕੋਲ ਆਰਥਿਕ ਸਮਰਥਨ ਦਾ

ਅਜਿਹਾ ਟੀਚਾ ਹੋਣਾ ਚਾਹੀਦਾ ਹੈ ਜਿਸਦੇ ਨਾਲ ਪਾਸਬਾਨ ਆਪਣੀਆਂ ਆਰਥਿਕ ਲੋੜਾਂ ਦੀ ਫਿਕਰ ਨੂੰ ਛੱਡ ਕੇ ਪੂਰਾ ਧਿਆਨ ਆਪਣੀ ਸੇਵਕਾਈ ਤੇ ਲਗਾ ਸਕੇ।

### (5) ਆਤਮਿਕ ਜੁਆਬਦੇਹੀ ਦੀ ਕੀ ਪ੍ਰਣਾਲੀ ਹੈ?

ਦਾਨ ਨੂੰ ਇੱਕ ਤੋਂ ਜਿਆਦਾ ਵਿਅਕਤੀਆਂ ਦੇ ਦੁਆਰਾ ਇਕੱਠਾ ਕੀਤਾ ਜਾਣਾ ਅਤੇ ਗਿਣਿਆ ਜਾਣਾ ਚਾਹੀਦਾ ਹੈ। ਕੁਝ ਭਰੋਸੇਯੋਗ ਲੋਕਾਂ ਨੂੰ ਕਲੀਸਿਆ ਦੀਆਂ ਆਰਥਿਕ ਪ੍ਰਾਥਮਿਕਤਾਵਾਂ ਅਤੇ ਨੀਤੀਆਂ ਨੂੰ ਨਿਰਧਾਰਿਤ ਕਰਨ ਦੇ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ। ਕਲੀਸਿਆ ਦੇ ਮੈਂਬਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਲੀਸਿਆ ਦੀ ਆਰਥਿਕ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ।

### (6) ਕਲੀਸਿਆ ਤੋਂ ਬਾਹਰ ਵਾਲੇ ਲੋਕਾਂ ਤੱਕ ਸ਼ੁਭਸਮਾਚਾਰ ਪਹੁੰਚਾਉਣ ਦੇ ਲਈ ਕਿਹੜੇ ਸਾਧਨਾਂ ਦਾ ਉਪਯੋਗ ਕੀਤਾ ਜਾ ਰਿਹਾ ਹੈ?

ਕਲੀਸਿਆ ਦੀ ਪਹਿਲੀ ਜਿੰਮੇਵਾਰੀ ਇਸਦੇ ਸਮਰਪਿਤ ਮੈਂਬਰਾਂ ਦੀ ਦੇਖਭਾਲ ਕਰਨਾ ਹੈ। ਪਰ ਕਲੀਸਿਆ ਨੂੰ ਹਮੇਸ਼ਾਂ ਆਸ-ਪਾਸ ਦੇ ਲੋਕਾਂ ਸਹਾਇਤਾ ਕਰਨੀ ਚਾਹੀਦੀ ਹੈ। ਕਲੀਸਿਆ ਦੇ ਕੋਲ ਅਜਿਹੀਆਂ ਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ ਜੋ ਇਸ ਗੱਲ ਨੂੰ ਪੱਕਿਆਂ ਕਰਦੇ ਹੋਣ ਬਾਹਰੀ ਲੋਕ ਕਲੀਸਿਆ ਦੇ ਕੰਮਾਂ ਨੂੰ ਵੇਖ ਸਕਣ ਅਤੇ ਸ਼ੁਭਸਮਾਚਾਰ ਸੁਣ ਸਕਣ। ਸ਼ਾਇਦ ਅਜਿਹੇ ਕੁਝ ਕੰਮ ਆਪਣੇ ਆਪ ਹੀ ਹੋ ਸਕਦੇ ਹਨ। ਆਗੂਆਂ ਨੂੰ ਦੂਸਰਿਆਂ ਨੂੰ ਵੀ ਵਿਵਸਥਿਤ ਕਰਨਾ ਚਾਹੀਦਾ ਹੈ। ਯੋਗਤਾਵਾਂ ਵਾਲੇ ਮੈਂਬਰਾਂ ਨੂੰ ਸੱਦਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਕੰਮਾਂ ਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।

> "ਮਸੀਹਤ ਦੇ ਮਿਸ਼ਨ ਨੂੰ ਪੂਰਾ ਕਰਨ ਦੇ ਲਈ ਪਰਮੇਸ਼ੁਰ ਦੁਆਰਾ ਠਹਿਰਾਏ ਬਾਕੀ ਸਾਰੇ ਸਾਧਨਾਂ ਦੇ ਵਿੱਚ, ਮੁੱਖ ਸਥਾਨ ਸ਼ੁਭਸਮਾਚਾਰ ਦੇ ਪ੍ਰਚਾਰ ਨੂੰ ਸੌਂਪਿਆ ਗਿਆ ਹੈ।"
>
> - ਜੋਨ੍ਹ ਮਿਲੇ,
> *ਕ੍ਰਿਸਚਨ ਥਿਓਲੋਜੀ*

### (7) ਕਲੀਸਿਆ ਆਸ-ਪਾਸ ਦੇ ਲੋਕਾਂ ਦੀ ਲੋੜਾਂ ਦੇ ਪ੍ਰਤੀ ਕੀ ਕਰਦੀ ਹੈ?

ਕਲੀਸਿਆ ਨੂੰ ਆਸ-ਪਾਸ ਦੇ ਲੋਕਾਂ ਦੀ ਜਰੂਰਤਾਂ ਪੂਰੀਆਂ ਕਰਨ ਦੇ ਤਰੀਕੇ ਲੱਭਣੇ ਚਾਹੀਦੇ ਹਨ। ਇਸਦੀ ਪਹਿਲ ਹਮੇਸ਼ਾਂ ਪਰਮੇਸ਼ੁਰ ਦੇ ਪਿਆਰ ਅਤੇ ਬਾਈਬਲ ਦੇ ਸਿਧਾਂਤਾਂ ਨੂੰ ਵਿਖਾਉਣ ਦੇ ਲਈ ਹੋਣੀ ਚਾਹੀਦੀ ਹੈ।

### (8) ਕੀ ਕੁਝ ਨਸਲੀ ਜਾਂ ਆਰਥਿਕ ਸ਼੍ਰੇਣੀਆਂ ਦੇ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਕਲੀਸਿਆ ਦੀ ਸਹਾਇਤਾ ਤੋਂ ਬਾਹਰ ਰੱਖਿਆ ਗਿਆ ਹੈ?

ਕੀ ਗ਼ਰੀਬ ਲੋਕ ਆਪਣੇ ਮਾੜੇ ਕੱਪੜਿਆਂ ਦੇ ਵਿੱਚ ਵੀ ਕਲੀਸਿਆ ਦੇ ਵਿੱਚ ਆਪਣੇ ਲਈ ਸੁਆਗਤ ਨੂੰ ਵੇਖ ਪਾਉਂਦੇ ਹਨ? ਕੀ ਸਮਾਜ ਦੇ ਬੱਚਿਆਂ ਨੂੰ ਕਲੀਸਿਆ ਦੇ ਵਿੱਚ ਆਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਭਾਵੇਂਕਿ ਉਨ੍ਹਾਂ ਦੇ ਮਾਤਾ-ਪਿਤਾ ਨਹੀਂ ਆਉਂਦੇ ਹਨ? ਕੀ ਕੋਈ ਅਜਿਹੀ ਨਸਲ ਦੇ ਲੋਕ ਹਨ ਜੋ ਮਹਿਸੂਸ ਕਰਦੇ ਹਨ ਕਿ ਕਲੀਸਿਆ ਉਨ੍ਹਾਂ ਦੇ ਲਈ ਨਹੀਂ ਹੈ?

### (9) ਬਾਹਰੀ ਲੋਕਾਂ ਦਾ ਸੁਆਗਤ ਕਿਵੇਂ ਕੀਤਾ ਜਾਂਦਾ ਹੈ?

ਕਲੀਸਿਆ ਨੂੰ ਇਸਦੇ ਲੋਕਾਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਉਹ ਇਸਦੇ ਵਿੱਚ ਆਉਣ ਵਾਲੇ ਲੋਕਾਂ ਦਾ ਸੁਆਗਤ ਕਰਨ। ਮਹਿਮਾਨਾਂ ਦਾ ਸੁਆਗਤ ਕਰਨ ਦਾ ਸਭ ਤੋਂ ਮਹੱਤਵਪੂਰਨ ਉਦੇਸ਼ ਮਹਿਮਾਨ ਨੂੰ ਆਦਰਯੋਗ ਅਤੇ ਆਰਾਮਦਾਇਕ ਮਹਿਸੂਸ ਕਰਵਾਉਣਾ ਹੈ। ਕਈ ਲੋਕਾਂ ਦੀ ਮਹਿਮਾਨ ਦੇ ਨਾਲ ਜਾਣ-ਪਛਾਣ ਕਰਵਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਸਨੂੰ ਨਾ ਸਿਰਫ਼ ਕਿਸੇ ਹੋਰ ਅਰਾਧਨਾ ਸਭਾ ਦੇ ਲਈ ਸੱਦਾ ਦਿੱਤਾ ਜਾਣਾ ਚਾਹੀਦਾ ਹੈ, ਸਗੋਂ ਇੱਕ ਛੋਟੀ ਸਮੂਹ ਸਭਾ ਜਾਂ ਘਰੇਲੂ ਸਭਾ ਦੇ ਲਈ ਵਿੱਚ ਵੀ ਸੱਦਾ ਦਿੱਤਾ ਜਾਣਾ ਚਾਹੀਦਾ ਹੈ ਜਿੱਥੇ ਉਹ ਸਿੱਖ ਸਕਦਾ ਹੈ ਅਤੇ ਪ੍ਰਸ਼ਨ ਪੁੱਛ ਸਕਦਾ ਹੈ।

### (10) ਕਲੀਸਿਆ ਦੀ ਪਰਿਵਰਤਿਤ ਹੋਏ ਲੋਕਾਂ ਨੂੰ ਤੁਰੰਤ ਚੇਲ੍ਹੇਪਨ ਦੀ ਸਿੱਖਿਆ ਦੇਣ ਦੀ ਕੀ ਵਿਧੀ ਹੈ?

ਜਦੋਂ ਕੋਈ ਵਿਅਕਤੀ ਬਚਾਇਆ ਜਾਂਦਾ ਹੈ, ਚਾਹੇ ਉਹ ਕਲੀਸਿਆ ਦੇ ਵਿੱਚ ਹੋਵੇ ਜਾਂ ਬਾਹਰ, ਤਾਂ ਉਸਨੂੰ ਸਿਰਫ਼ ਅਰਾਧਨਾ ਦੇ ਲਈ ਹੀ ਸੱਦਾ ਨਹੀਂ ਦਿੱਤਾ ਜਾਣਾ ਚਾਹੀਦਾ, ਪਰ ਨਾਲ ਹੀ ਉਸਨੂੰ ਤੁਰੰਤ ਚੇਲ੍ਹੇਪਨ ਦੀ ਸਿਖਲਾਈ ਦੇ ਲਈ ਵੀ ਸੱਦਾ ਦਿੱਤਾ ਜਾਣਾ ਚਾਹੀਦਾ ਹੈ। ਇਹ ਪਾਸਬਾਨ ਦੇ ਕੋਲ ਨਿੱਜੀ ਤੌਰ ਤੇ ਆਉਣ ਦੇ ਨਾਲ ਵੀ ਸ਼ੁਰੂ ਹੋ ਸਕਦਾ ਹੈ। ਉਹ ਇੱਕ ਅਜਿਹੇ ਛੋਟੇ ਸਮੂਹ ਦੇ ਵਿੱਚ ਬੁਲਾਇਆ ਜਾ ਸਕਦਾ ਹੈ ਜੋ ਹਫ਼ਤੇ ਦੇ ਵਿੱਚ ਇੱਕ ਵਾਰ ਮਿਲਦਾ ਹੈ। ਕਲੀਸਿਆ ਨਵੇਂ ਪਰਿਵਰਤਿਤ ਹੋਏ ਲੋਕਾਂ ਦੀ ਸੇਵਾ ਕਰਨ ਦੇ ਲਈ ਤਿਆਰ ਹੋਣੀ ਚਾਹੀਦੀ ਹੈ।

### (11) ਕਲੀਸਿਆ ਆਤਮਿਕ ਪਰਿਪੱਕਤਾ ਨੂੰ ਕਿਵੇਂ ਪਰਿਭਾਸ਼ਿਤ ਕਰਦੀ ਹੈ?

ਆਤਮਿਕ ਤੌਰ ਤੇ ਪਰਿਪੱਕ ਲੋਕ ਕਿਸ ਪ੍ਰਕਾਰ ਦੇ ਵਿੱਖਦੇ ਹਨ? ਕਲੀਸਿਆ ਨੂੰ ਆਤਮਿਕ ਪਰਿਪੱਕਤਾ ਦੀਆਂ ਵਿਸ਼ੇਸ਼ਤਾਵਾਂ ਸਿਖਾਈਆਂ ਜਾਣੀਆਂ ਚਾਹੀਦੀਆਂ ਹਨ। ਇਹ ਵਿਸ਼ੇਸ਼ਤਾਵਾਂ ਹਮੇਸ਼ਾ ਆਗੂਪੁਣੇ ਦੀ ਯੋਗਤਾ ਜਾਂ ਹੁਨਰ ਦੇ ਨਾਲ ਨਹੀਂ ਹੁੰਦੇ, ਪਰ ਇਹਨਾਂ ਗੁਣਾਂ ਵਾਲੇ ਲੋਕਾਂ ਦਾ ਉਦਾਹਰਨ ਵਜੋਂ ਆਦਰ ਕੀਤਾ ਜਾਣਾ ਚਾਹੀਦਾ ਹੈ।

### (12) ਉਦੇਸ਼ਪੂਰਨ ਆਤਮਿਕ ਉੱਨਤੀ ਦੀ ਕੀ ਪ੍ਰਣਾਲੀ ਹੈ?

ਕਲੀਸਿਆ ਦਾ ਮਹੱਤਵਪੂਰਨ ਕੰਮ ਇਸਦੇ ਮੈਂਬਰਾਂ ਦੀ ਆਤਮਿਕ ਉੱਨਤੀ ਕਰਨਾ ਹੈ (ਅਫ਼ਸੀਆਂ ਨੂੰ 4:11-13)। ਕਲੀਸਿਆ ਦੇ ਆਗੂ ਆਤਮਿਕ ਉੱਨਤੀ ਦੇ ਆਪਣੇ ਆਪ ਹੋਣ ਦੀ ਉਮੀਦ ਨਹੀਂ ਕਰ ਸਕਦੇ। ਉਨ੍ਹਾਂ ਨੂੰ ਸਾਧਾਰਨ ਤੌਰ ਤੇ ਕਲੀਸਿਆ ਨੂੰ ਪ੍ਰਚਾਰ ਕਰਕੇ ਸਾਰੀ ਉੱਨਤੀ ਨਿੱਜੀ ਵਿਅਕਤੀਆਂ ਤੇ ਨਹੀਂ ਛੱਡ ਦੇਣੀ ਚਾਹੀਦੀ। ਪਾਸਬਾਨਾਂ ਦੇ ਕੋਲ ਲੋਕਾਂ ਨੂੰ ਆਤਮਿਕ ਅਨੁਸ਼ਾਸਨ ਦਾ ਉਪਯੋਗ ਕਰਨ ਦੇ ਲਈ ਉਤਸ਼ਾਹਿਤ ਕਰਨ ਦੀ ਪ੍ਰਣਾਲੀ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਅਜਿਹੇ ਸਾਰੇ ਲੋਕਾਂ ਦੇ ਲਈ ਜੁਆਬਦੇਹੀ

ਪ੍ਰਦਾਨ ਕਰਨੀ ਚਾਹੀਦੀ ਹੈ ਜੋ ਇਸਨੂੰ ਸਵੀਕਾਰ ਕਰਦੇ ਹਨ। ਇਹ ਨਿੱਜੀ ਗੱਲਬਾਤ, ਛੋਟੇ ਸਮੂਹਾਂ, ਕਲਾਸਾਂ ਜਾਂ ਹੋਰ ਤਰੀਕਿਆਂ ਦੇ ਦੁਆਰਾ ਕੀਤਾ ਜਾ ਸਕਦਾ ਹੈ।

### (13) ਕੀ ਮੈਂਬਰਸ਼ਿਪ ਦਾ ਕੋਈ ਅਜਿਹਾ ਢਾਂਚਾ ਹੈ ਜੋ ਲੋਕਾਂ ਨੂੰ ਕਲੀਸਿਆ ਦੇ ਪ੍ਰਤੀ ਸਮਰਪਿਤ ਹੋਣ ਦਾ ਰਾਹ ਪ੍ਰਦਾਨ ਕਰਦਾ ਹੈ?

ਜੋ ਕਲੀਸਿਆ ਦੇ ਪ੍ਰਤੀ ਸਮਰਪਣ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਸਮਰਪਣ ਦਾ ਕੀ ਅਰਥ ਹੈ। ਕਈ ਕਲੀਸਿਆਵਾਂ ਕਿਸੇ ਵੀ ਮੈਂਬਰਸ਼ਿਪ ਢਾਂਚੇ ਦੇ ਨਾ ਹੋਣ ਦਾ ਦਾਅਵਾ ਕਰਦੀਆਂ ਹਨ, ਪਰ ਹਰੇਕ ਕਲੀਸਿਆ ਦੇ ਕੋਲ ਇਹ ਜਾਣਨ ਦਾ ਕੋਈ ਨਾ ਕੋਈ ਤਰੀਕਾ ਹੈ ਕਿ ਇਸਦੇ ਮੈਂਬਰ ਕੌਣ ਹਨ। ਹਰੇਕ ਵਿਅਕਤੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਹੜੇ ਲੋਕ ਹਨ ਜੋ ਕਲੀਸਿਆ ਦੇ ਵਿੱਚ ਹਨ।

> "ਯਿਸੂ ਨੇ ਚੇਲ੍ਹਿਆਂ ਨੂੰ ਨਿੱਜੀ ਰੂਪ ਦੇ ਵਿੱਚ ਬੁਲਾ ਕੇ, ਰਸੂਲਾਂ ਨੂੰ ਇਕੱਠਿਆਂ ਕਰਕੇ, ਸਿਖਲਾਈ ਦੇ ਕੇ, ਅਨੁਸ਼ਾਸਨ ਸਿਖਾ ਕੇ ਅਤੇ ਘੋਸ਼ਣਾ ਕਰਨ ਅਤੇ ਧਾਰਮਿਕ ਵਿਧੀਆਂ ਨੂੰ ਕਰਨ ਦੇ ਲਈ ਨਿਯੁਕਤ ਕਰਕੇ, ਅਜਿਹੇ ਸਮੁਦਾਏ ਨੂੰ ਬਣਾਉਣ ਦਾ ਇਰਾਦਾ ਰੱਖ ਕੇ ਕਲੀਸਿਆ ਨੂੰ ਸਥਾਪਿਤ ਕੀਤਾ ਜਿੰਨ੍ਹਾਂ ਦੇ ਕੋਲ ਬਪਤਿਸਮਾ ਦੇਣ, ਪ੍ਰਚਾਰ ਕਰਨ ਦੀ ਸਮਰੱਥਾ, ਅਨੁਸ਼ਾਸਨ ਬਣਾਈ ਰੱਖਣ ਅਤੇ ਜਿਉਂਦੇ ਪ੍ਰਭੂ ਦੇ ਪ੍ਰਭੂ ਭੋਜ ਨੂੰ ਦੇਣ ਦੀ ਸਮੱਰਥਾ ਅਤੇ ਅਧਿਕਾਰ ਹੋਵੇਗਾ।"
>
> - ਥੋਮਸ ਓਡੇਨ,
>
> Life in the Spirit

### (14) ਕੀ ਹਰੇਕ ਵਿਅਕਤੀ ਦੇ ਲਈ ਮੈਂਬਰਸ਼ਿਪ ਦੀਆਂ ਮੰਗਾਂ ਸਪੱਸ਼ਟ ਹਨ ਅਤੇ ਸਭ ਲੋਕ ਇੰਨ੍ਹਾਂ ਨੂੰ ਜਾਣਦੇ ਹਨ?

ਹਰੇਕ ਵਿਅਕਤੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂਬਰਸ਼ਿਪ ਦੇ ਲਈ ਕਿਹੜੇ ਸਮਰਪਣ ਜਰੂਰੀ ਹਨ। ਕਲੀਸਿਆ ਦਾ ਮੈਂਬਰ ਬਣਨ ਦੀਆਂ ਮੰਗਾਂ ਅਤੇ ਵਰਣਨ ਦੀ ਪ੍ਰਕਿਰਿਆ ਨੂੰ ਪ੍ਰਿੰਟ ਕੀਤਾ ਜਾਣਾ ਚਾਹੀਦਾ ਹੈ।

### (15) ਕੀ ਮੈਂਬਰਸ਼ਿਪ ਦੀਆਂ ਮੰਗਾਂ ਕਿਸੇ ਪਰਿਵਰਤਿਤ ਹੋਏ ਵਿਅਕਤੀ ਨੂੰ ਤੁਰੰਤ ਕਲੀਸਿਆ ਦੇ ਕੰਮਾਂ ਵਿੱਚ ਸ਼ਾਮਿਲ ਹੋਣ ਦੀ ਪ੍ਰਵਾਨਗੀ ਦਿੰਦੇ ਹਨ?

ਇੱਕ ਪਰਿਵਰਤਿਤ ਹੋਇਆ ਵਿਅਕਤੀ ਸਮਰਪਿਤ ਹੋਣ ਦੇ ਲਈ ਤਿਆਰ ਹੈ ਤੁਰੰਤ ਕਲੀਸਿਆ ਦੀ ਸਹਾਇਤਾ ਕਰਨ ਦੇ ਲਈ ਯੋਗ ਹੋਣਾ ਚਾਹੀਦਾ ਹੈ। ਇਸਦਾ ਇਹ ਅਰਥ ਨਹੀਂ ਹੈ ਕਿ ਉਸਨੂੰ ਕੋਈ ਅਹੁਦਾ ਜਾਂ ਆਗੂ ਹੋਣ ਦਾ ਸਥਾਨ ਦਿੱਤਾ ਜਾਣਾ ਚਾਹੀਦਾ ਹੈ, ਪਰ ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਲੀਸਿਆ ਦਾ ਹਿੱਸਾ ਹੈ।

### (16) ਕਿਹੜਾ ਸਮੂਹ ਕਲੀਸਿਆ ਦੇ ਵਿੱਚ ਇਸ ਦੀਆਂ ਕਦਰਾਂ-ਕੀਮਤਾਂ ਅਤੇ ਮਿਆਰ ਨੂੰ ਬਣਾਈ ਰੱਖਣ ਦੇ ਲਈ ਜਿੰਮੇਵਾਰ ਹੈ?

ਕਲੀਸਿਆ ਦੇ ਵਿੱਚ ਸਮਰਪਿਤ ਮੈਂਬਰਾਂ ਦਾ ਅਜਿਹਾ ਸਮੂਹ ਹੁੰਦਾ ਹੈ ਜੋ ਕਲਿਸਿਆ ਦੀ ਪ੍ਰਵਿਰਤੀ ਨੂੰ ਨਿਰਧਾਰਿਤ ਕਰਦਾ ਹੈ। ਉਹ ਸੇਵਕਾਂ ਦਾ ਇੱਕ ਬੋਰਡ ਜਾਂ ਸੰਚਾਲਨ ਕਮੇਟੀ ਦੇ ਮੈਂਬਰਾਂ ਦਾ ਸਮੂਹ ਹੋ ਸਕਦਾ ਹੈ। ਆਗੂਆਂ ਨੂੰ ਇਸ ਸਮੂਹ ਨੂੰ ਉੱਨਤ ਕਰਨ ਦੇ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਸਮੂਹ ਦੇ ਵਿੱਚ ਕੀਤੇ ਜਾਣ ਵਾਲੇ ਬਦਲਾਅ ਕਲੀਸਿਆ ਦੇ ਭਵਿੱਖ ਨੂੰ ਨਿਰਧਾਰਿਤ ਕਰਨਗੇ।

ਪਾਸਬਾਨ ਉਨ੍ਹਾਂ ਦੇ ਪ੍ਰਤੀ ਜੁਆਬਦੇਹ ਹੋਣਾ ਚਾਹੀਦਾ ਹੈ ਅਤੇ ਉਸਨੂੰ ਉਨ੍ਹਾਂ ਨੂੰ ਜਾਣਕਾਰੀ ਦਿੰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦੇ ਕੋਲ ਆਗੂਆਂ ਦੀ ਟੀਮ ਦੇ ਕੋਲ ਇੱਕ ਸਮਾਨ ਪ੍ਰਾਥਮਿਕਤਾਵਾਂ ਹੋਣੀਆਂ ਚਾਹੀਦੀਆਂ ਹਨ।

### (17) ਕੀ ਕਲੀਸਿਆ ਇੱਕ ਸਪੱਸ਼ਟ ਦਰਸ਼ਨ ਦੇ ਪ੍ਰਤੀ ਸਮਰਪਿਤ ਹੈ?

ਪਾਸਬਾਨ, ਆਗੂਆਂ ਦੀ ਟੀਮ, ਅਤੇ ਸਮਰਪਿਤ ਮੈਂਬਰਾਂ ਦੇ ਸਮੂਹ ਨੂੰ ਕਲੀਸਿਆ ਦੇ ਉਦੇਸ਼ ਅਤੇ ਟੀਚਿਆਂ ਬਾਰੇ ਚਰਚਾ ਕਰਨ ਵਿੱਚ ਬਹੁਤ ਸਮਾਂ ਬਿਤਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਕਲੀਸਿਆ ਦਾ ਇੱਕ ਦਰਸ਼ਨ ਵਿਕਸਿਤ ਕਰਨਾ ਚਾਹੀਦਾ ਹੈ ਜਿਸਦਾ ਉਹ ਸਮਰਥਨ ਕਰ ਸਕਣ। ਕਲੀਸਿਆ ਦੇ ਸਾਰੇ ਮੈਂਬਰਾਂ ਨੂੰ ਇਸਦੇ ਦਰਸ਼ਨ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ।

### (18) ਕੀ ਕਲੀਸਿਆ ਦੇ ਮੈਂਬਰ ਇਸਦੇ ਧਰਮ ਸਿਧਾਂਤਾਂ ਨੂੰ ਜਾਣਦੇ ਹਨ?

ਕਲੀਸਿਆ ਨੂੰ ਇਸਦੇ ਮੈਂਬਰਾਂ ਅਰਾਧਨਾ ਦੇ ਵਿੱਚ ਅਗਵਾਈ ਕਰਨ ਅਤੇ ਆਤਮਿਕ ਅਨੁਭਵ ਦੇਣ ਨਾਲੋਂ ਕਿਤੇ ਜਿਆਦਾ ਸੇਵਾ ਕਰਨੀ ਚਾਹੀਦੀ ਹੈ। ਜਦੋਂ ਕੋਈ ਬਾਹਰੀ ਵਿਅਕਤੀ ਇੱਕ ਮੈਂਬਰ ਤੋਂ ਪੁੱਛਦਾ ਹੈ, "ਤੁਹਾਡੀ ਕਲੀਸਿਆ ਦੇ ਵਿਸ਼ਵਾਸ ਕੀ ਹਨ?" ਤਾਂ ਮੈਂਬਰ ਦੇ ਕੋਲ ਇੱਕ ਚੰਗਾ ਉੱਤਰ ਹੋਣਾ ਚਾਹੀਦਾ ਹੈ। ਮੈਂਬਰ ਮਸੀਹਤ ਦੇ ਮੁੱਢਲੇ ਧਰਮ ਸਿਧਾਂਤਾਂ ਅਤੇ ਆਪਣੀ ਕਲੀਸਿਆ ਦੇ ਖਾਸ ਧਰਮ ਸਿਧਾਂਤਾਂ ਨੂੰ ਸਮਝਾਉਣ ਦੇ ਯੋਗ ਹੋਣਾ ਚਾਹੀਦਾ ਹੈ।

### (19) ਕੀ ਕਲੀਸਿਆ ਦੇ ਮੈਂਬਰ ਕਲੀਸਿਆ ਅਤੇ ਇਸਦੀ ਐਸੋਸੀਏਸ਼ਨ ਦੇ ਵਿੱਚਕਾਰ ਸੰਬੰਧ ਨੂੰ ਸਮਝਦੇ ਹਨ?

ਕਲੀਸਿਆ ਨੂੰ ਆਪਣੀ ਐਸੋਸੀਏਸ਼ਨ ਦੇ ਪ੍ਰਤੀ ਆਪਣੇ ਸਮਰਪਣ ਨੂੰ ਪੂਰਾ ਕਰਨਾ ਚਾਹੀਦਾ ਹੈ। ਐਸੋਸੀਏਸ਼ਨ ਦੇ ਵਿੱਚ ਸੰਗਤੀ ਰੱਖਣ ਦੇ ਨਾਲ ਕਲੀਸਿਆ ਦੇ ਧਰਮ ਸਿਧਾਂਤਾਂ ਨੂੰ ਸਮਰਥਨ ਮਿਲਦਾ ਹੈ। ਕਲੀਸਿਆ ਦੇ ਲੋਕਾਂ ਨੂੰ ਐਸੋਸੀਏਸ਼ਨ ਦੇ ਪ੍ਰੋਗ੍ਰਾਮਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

### (20) ਅਰਾਧਨਾ ਸਭਾਵਾਂ ਦੀ ਯੋਜਨਾ ਅਤੇ ਮੁਲਾਂਕਣ ਕਿਵੇਂ ਕੀਤੇ ਜਾਂਦੇ ਹਨ?

ਆਗੂਆਂ ਨੂੰ ਅਰਾਧਨਾ ਸਭਾਵਾਂ ਦੀ ਪ੍ਰਾਥਨਾਪੂਰਵਕ ਯੋਜਨਾ ਬਣਾਉਣੀ ਚਾਹੀਦੀ ਹੈ। ਜੇਕਰ ਪਵਿੱਤਰ ਆਤਮਾ ਸਭਾ ਦੀ ਅਗਵਾਈ ਕਿਸੇ ਅਣਮਿਥੀ ਦਿਸ਼ਾ ਦੇ ਵੱਲ ਕਰਦਾ ਹੈ ਤਾਂ ਇਹ ਸਹੀ ਹੈ; ਪਰ ਇਸ ਤੋਂ ਇਲਾਵਾ, ਆਗੂਆਂ ਦੇ ਕੋਲ ਇਸਨੂੰ ਚਲਾਉਣ ਦੀ ਯੋਜਨਾ ਜਰੂਰ ਹੋਣੀ ਚਾਹੀਦੀ ਹੈ। ਅਜਿਹੀਆਂ ਸਭਾਵਾਂ ਹੋਣੀਆਂ ਚਾਹੀਦੀਆਂ ਹਨ ਜਿੱਥੇ ਕੁਝ ਮੈਂਬਰ ਮਿਲ ਕੇ ਸਭਾ ਦੇ ਵੇਰਵਿਆਂ ਦੇ ਬਾਰੇ ਚਰਚਾ ਕਰ ਸਕਣ।

ਜੇਕਰ ਕਲੀਸਿਆ ਦੇ ਕੋਲ ਚੰਗੀ ਅਰਾਧਨਾ ਹੈ ਤਾਂ ਕਲੀਸਿਆ ਇਸਦੇ ਵਿੱਚ ਸ਼ਾਮਿਲ ਹੁੰਦੀ ਹੈ ਅਤੇ ਰੁਚੀ ਰੱਖਦੀ ਹੈ। ਕਲੀਸਿਆ ਨੂੰ ਸਭਾ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਬਹੁਤ ਸਾਰੇ ਵੱਖ-ਵੱਖ ਲੋਕਾਂ ਦਾ ਉਪਯੋਗ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਜੋ ਵਧੇਰੇ ਲੋਕਾਂ ਨੂੰ ਇਸਦੇ ਦਿਲਚਸਪ ਅਤੇ ਸਮਰਪਿਤ ਰੱਖਿਆ ਜਾ ਸਕੇ।

### (21) ਕੀ ਬਪਤਿਸਮੇ ਅਤੇ ਪ੍ਰਭੂ ਭੋਜ ਦਾ ਅਭਿਆਸ ਵਚਨਾਂ ਦੇ ਆਧਾਰ ਤੇ ਅਤੇ ਅਰਥਪੂਰਨ ਤਰੀਕੇ ਨਾਲ ਕੀਤਾ ਜਾਂਦਾ ਹੈ?

ਹਰੇਕ ਸੱਚਾ ਪਰਿਵਰਤਿਤ ਹੋਇਆ ਵਿਅਕਤੀ ਜਾਂ ਤਾਂ ਬਪਤਿਸਮਾ ਪਾਇਆ ਹੋਣਾ ਚਾਹੀਦਾ ਹੈ ਜਾਂ ਉਸਦੇ ਬਪਤਿਸਮੇ ਲੈਣ ਦਾ ਸਮਾਂ ਨਿਰਧਾਰਿਤ ਕੀਤਾ ਹੋਣਾ ਚਾਹੀਦਾ ਹੈ। ਪ੍ਰਭੂ ਭੋਜ ਉਨ੍ਹਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ ਜਿੰਨ੍ਹਾਂ ਦੇ ਕੋਲ ਕ੍ਰਿਪਾ ਦੀ ਗਵਾਹੀ ਹੈ। ਪ੍ਰਭੂ ਭੋਜ ਦਾ ਅਭਿਆਸ ਇਸ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ ਜੋ ਭਾਗ ਲੈਣ ਵਾਲਿਆਂ ਦੀ ਅਰਾਧਨਾ ਕਰਨ ਦੇ ਵਿੱਚ ਸਹਾਇਤਾ ਕਰੇ।

### (22) ਕੀ ਕਲੀਸਿਆ ਬਾਈਬਲ ਵਿੱਚ ਦੱਸੇ ਕਲੀਸਿਆਈ ਅਨੁਸ਼ਾਸਨ ਦਾ ਅਭਿਆਸ ਕਰਦੀ ਹੈ?

ਕਲੀਸਿਆ ਨੂੰ ਪਾਪ ਦੇ ਵਿਰੁੱਧ ਖੜਾ ਹੋਣਾ ਚਾਹੀਦਾ ਹੈ। ਜੇਕਰ ਕਲੀਸਿਆ ਦਾ ਕੋਈ ਮੈਂਬਰ ਪਾਪ ਕਰਨ ਦਾ ਦੋਸ਼ੀ ਹੈ, ਤਾਂ ਉਸਦਾ ਸਾਹਮਣਾ ਕੀਤਾ ਜਾਣਾ ਚਾਹੀਦਾ ਹੈ। ਇਸਦਾ ਟੀਚਾ ਉਸਨੂੰ ਤੌਬਾ ਦੇ ਵਿੱਚ ਲਿਆਉਣਾ ਅਤੇ ਆਤਮਿਕ ਜਿੱਤ ਦੇ ਵਿੱਚ ਮੁੜ-ਬਹਾਲ ਕਰਨਾ ਹੋਣਾ ਚਾਹੀਦਾ ਹੈ।

### (23) ਕੀ ਕੋਈ ਅਜਿਹੀ ਟੀਮ ਹੈ ਜੋ ਸੇਵਕਾਈ ਦੀਆਂ ਜਿੰਮੇਵਾਰੀਆਂ ਨੂੰ ਸਾਂਝਾ ਕਰਦੀ ਹੈ?

ਜਦੋਂ ਤੱਕ ਕਲੀਸਿਆ ਦੇ ਵਿੱਚ ਆਗੂਆਂ ਦੀ ਟੀਮ ਵਿਕਸਿਤ ਨਹੀਂ ਹੋਵੇਗੀ ਤਦ ਤੱਕ ਸੇਵਕਾਈ ਦਾ ਵਿਕਾਸ ਨਹੀਂ ਹੋਵੇਗਾ। ਹਰੇਕ ਵਿਅਕਤੀ ਕੁਝ ਸੀਮਿਤ ਲੋਕਾਂ ਨੂੰ ਹੀ ਪ੍ਰਭਾਵਿਤ ਕਰ ਸਕਦਾ ਹੈ ਅਤੇ ਸੀਮਿਤ ਜਿੰਮੇਵਾਰੀਆਂ ਹੀ ਲੈ ਸਕਦਾ ਹੈ। ਕਲੀਸਿਆ ਦੀ ਸੇਵਕਾਈ ਕਿਸੇ ਇੱਕ ਵਿਅਕਤੀ ਦੀ ਸੇਵਕਾਈ ਨਹੀਂ ਹੋਣੀ ਚਾਹੀਦੀ।

### (24) ਸੇਵਕਾਈ ਦੀ ਟੀਮ ਨੂੰ ਚੁਣਨ, ਸਿਖਲਾਈ ਦੇਣ, ਅਤੇ ਟੀਮ ਦੇ ਵਿੱਚ ਮੈਂਬਰਾਂ ਨੂੰ ਸ਼ਾਮਿਲ ਕਰਨ ਦੀ ਪ੍ਰਣਾਲੀ ਕੀ ਹੈ?

ਆਗੂਆਂ ਦੀ ਟੀਮ ਦੇ ਲਈ ਨਵੇਂ ਮੈਂਬਰ ਵਿਕਸਿਤ ਕਰਨ ਤੋਂ ਬਿਨਾਂ ਸੇਵਕਾਈ ਅੱਗੇ ਨਹੀਂ ਵੱਧ ਸਕਦੀ ਹੈ। ਟੀਮ ਦੇ ਮੈਂਬਰਾਂ ਦੀ ਚੋਣ ਬਹੁਤ ਧਿਆਨਪੂਰਵਕ ਕੀਤੀ ਜਾਣੀ ਚਾਹੀਦੀ ਹੈ, ਪਰ ਕਲੀਸਿਆ ਨੂੰ ਹਮੇਸ਼ਾਂ ਅਜਿਹੇ ਲੋਕਾਂ ਦੀ ਭਾਲ ਅਤੇ ਵਿਕਸਿਤ ਕਰਦੇ ਰਹਿਣਾ ਚਾਹੀਦਾ ਹੈ ਜੋ ਭਵਿੱਖ ਦੇ ਵਿੱਚ ਜਿੰਮੇਵਾਰੀ ਲੈ ਸਕਣ। ਸੇਵਕਾਈ ਦਾ ਵਿਕਾਸ ਜਿਆਦਾ ਆਗੂਆਂ ਨੂੰ ਵਿਕਸਿਤ ਕਰਨ ਤੇ ਨਿਰਭਰ ਕਰਦਾ ਹੈ।

> "ਉਹੀ ਇੱਕ ਦੇਹ ਜੋ ਅੰਧਕਾਰ ਦੇ ਅਧਿਕਾਰੀਆਂ ਅਤੇ ਸ਼ਕਤੀਆਂ ਦੇ ਵਿਰੁੱਧ ਸੰਘਰਸ਼ ਕਰਦੀ ਹੈ, ਅਤੇ ਭਵਿੱਖ ਦੇ ਵਿੱਚ ਹੋਰ ਵੀ ਜਿਆਦਾ ਮੁਸ਼ਕਿਲਾਂ ਦੀ ਉਮੀਦ ਰੱਖਦੀ ਹੈ, ਉਹ ਸਵਰਗੀ ਨਗਰ ਦੇ ਮੁਖੀ ਨਾਲ ਜੁੜ ਕੇ ਪਹਿਲਾਂ ਹੀ ਜੇਤੂ ਹੋ ਚੁੱਕੀ ਹੈ, ਅਤੇ ਪ੍ਰਭੂ ਦੇ ਵਿੱਚ ਸੰਪੂਰਨ ਅਨੰਦ ਨੂੰ ਮਨਾਉਣ ਦੇ ਲਈ ਤਿਆਰ ਹੈ ਜਿੱਥੇ ਅੰਤ ਦੇ ਦਿਨ ਸਾਰੇ ਵਫ਼ਾਦਾਰ ਮਿਲ ਕੇ ਪਰਮੇਸ਼ੁਰ ਦੀ ਸਤੂਤੀ ਕਰਨਗੇ।"
>
> ਵਿਲੀਅਮ ਪੋਪ,
> *ਏ ਕੋਮਪੈਂਡਿਅਮ ਆੱਫ ਕ੍ਰਿਸਚਨ ਥਿਓਲੋਜੀ*

**(25) ਕਲੀਸਿਆ ਦੇ ਵਿੱਚ ਕਿਸੇ ਵਿਵਾਦ ਜਾਂ ਸਮੱਸਿਆ ਨੂੰ ਸੁਲਝਾਉਣ ਦੇ ਲਈ ਕੀ ਪ੍ਰਣਾਲੀ ਹੈ?**

ਨਾ ਸੁਲਝੇ ਹੋਏ ਵਿਵਾਦ ਕਲੀਸਿਆ ਨੂੰ ਅਪਾਹਜ ਬਣਾ ਦਿੰਦੇ ਹਨ। ਕਲੀਸਿਆ ਨੂੰ ਸਿਖਾਇਆ ਜਾਣਾ ਚਾਹੀਦਾ ਹੈ ਕਿ ਲੋਕਾਂ ਦੇ ਨਾਲ ਆਪਣੇ ਨਿੱਜੀ ਵਿਵਾਦਾਂ ਨੂੰ ਕਿਵੇਂ ਸੁਲਝਾਉਣਾ ਹੈ। ਕਲੀਸਿਆ ਦੇ ਆਗੂਆਂ ਨੂੰ ਵਿਵਾਦਾਂ ਨੂੰ ਨਜ਼ਰ-ਅੰਦਾਜ ਨਹੀਂ ਕਰਨਾ ਚਾਹੀਦਾ ਪਰ ਸਹਾਇਤਾ ਕਰਕੇ ਸੁਲਾਹ ਕਰਾਉਣ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ।

**(26) ਕੀ ਕਲੀਸਿਆ ਬਾਕੀ ਕਲੀਸਿਆਵਾਂ ਦੇ ਨਾਲ ਮਿਲ ਕੇ ਮਿਸ਼ਨ ਦੇ ਕੰਮ ਦਾ ਸਮਰਥਨ ਕਰ ਰਹੀ ਹੈ?**

ਜੇਕਰ ਕੋਈ ਕਲੀਸਿਆ ਸੱਚਮੁੱਚ ਪਰਮੇਸ਼ੁਰ ਦੇ ਕੰਮ ਨੂੰ ਅੱਗੇ ਵਧਾਉਣਾ ਚਾਹੁੰਦੀ ਹੈ, ਤਾਂ ਇਹ ਕੰਮ ਸਿਰਫ਼ ਸਥਾਨਕ ਪ੍ਰਭਾਵ ਦੇ ਨਲ ਹੀ ਨਹੀਂ ਹੋਵੇਗਾ, ਪਰ ਹੋਰ ਸੇਵਕਾਈਆਂ ਦਾ ਸਮਰਥਨ ਕਰਨਾ ਪਵੇਗਾ। ਜਦੋਂ ਕਲੀਸਿਆ ਕਿਸੇ ਅਜਿਹੀ ਸੇਵਕਾਈ ਦੇ ਲਈ ਦਿੰਦੀ ਹੈ ਜਿਸ ਨਾਲ ਇਸਨੂੰ ਸਿੱਧੇ ਤੌਰ ਤੇ ਕੋਈ ਲਾਭ ਨਹੀਂ ਹੁੰਦਾ ਤਾਂ ਇਸਦੇ ਨਾਲ ਇਹ ਪਰਮੇਸ਼ੁਰ ਦੀ ਮਹਿਮਾ ਦਾ ਪ੍ਰਦਰਸ਼ਨ ਕਰਦੀ ਹੈ।

**(27) ਕੀ ਕਲੀਸਿਆ ਕਿਸੇ ਨਵੀਂ ਕਲੀਸਿਆ ਦੇ ਸ਼ੁਰੂ ਹੋਣ ਦੇ ਵਿੱਚ ਸਹਾਇਤਾ ਕਰ ਰਹੀ ਹੈ?**

ਇੱਕ ਪਰਿਪੱਕ ਕਲੀਸਿਆ ਨੂੰ ਉਸ ਇਲਾਕੇ ਦੇ ਵਿੱਚ ਨਵੀਂ ਕਲੀਸਿਆ ਸ਼ੁਰੂ ਕਰਨ ਦੇ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ। ਨਵੀਂ ਕਲੀਸਿਆ ਉਨ੍ਹਾਂ ਲੋਕਾਂ ਤੱਕ ਵਚਨ ਲੈ ਕੇ ਜਾਵੇਗੀ ਜਿੱਥੇ ਮੌਜੂਦਾ ਕਲੀਸਿਆ ਨਹੀਂ ਲੈ ਕੇ ਜਾ ਸਕਦੀ।

**(28) ਕੀ ਕਲੀਸਿਆ ਦੀ ਸੇਵਕਾਈ ਇਸਦੇ ਵਿੱਚ ਮੌਜੂਦ ਹਰੇਕ ਉਮਰ ਅਤੇ ਸ਼੍ਰੇਣੀ ਦੇ ਲੋਕਾਂ ਲਈ ਹੈ?**

ਕਲੀਸਿਆ ਦੇ ਵਿੱਚ ਬੱਚਿਆਂ, ਬਜ਼ੁਰਗਾਂ, ਜੁਆਨ ਜੋੜਿਆਂ, ਜੁਆਨ ਪਰਿਵਾਰਾਂ,ਪੁਰਸ਼ਾਂ, ਅਣਵਿਆਹੇ ਲੋਕਾਂ ਨੂੰ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਕਲੀਸਿਆ ਨੂੰ ਹਰੇਕ ਤਰ੍ਹਾਂ ਦੇ ਆਤਮਿਕ ਪਰਿਪੱਕ ਲੋਕਾਂ ਦੇ ਪੱਧਰ ਅਨੁਸਾਰ ਵੀ ਸਹਾਇਤਾ ਕਰਨ ਤੇ ਵਿਚਾਰ ਕਰਨਾ ਚਾਹੀਦਾ ਹੈ।

**(29) ਕੀ ਕਲੀਸਿਆ ਦੇ ਮੈਂਬਰ ਮਿਲ ਜੁਲ ਕੇ ਦੂਸਰੇ ਮੈਂਬਰਾਂ ਦੀਆਂ ਜਰੂਰਤਾਂ ਦੇ ਵੱਲ ਧਿਆਨ ਦਿੰਦੇ ਹਨ?**

ਕਲੀਸਿਆ ਨੂੰ ਇਸਦੇ ਲੋਕਾਂ ਦੀਆਂ ਆਰਥਿਕ ਲੋੜਾਂ ਦੇ ਵਿੱਚ ਵੀ ਸਹਾਇਤਾ ਕਰਨੀ ਚਾਹੀਦੀ ਹੈ। ਜਿਆਦਾਤਰ ਜਰੂਰਤਾਂ ਦੀ ਪੂਰਤੀ ਕਲੀਸਿਆ ਦੇ ਸੰਚਾਲਨ ਦੀ ਦਖਲਅੰਦਾਜੀ ਤੋਂ ਬਿਨਾਂ ਦੀ ਦੂਸਰੇ ਮੈਂਬਰਾਂ ਦੁਆਰਾ ਕਰ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਜਿਆਦਾਤਰ ਮੈਂਬਰ ਦੂਸਰਿਆਂ ਦੀ ਸਹਾਇਤਾ ਕਰਨ ਦੀ ਜਿੰਮੇਵਾਰੀ ਨੂੰ ਮਹਿਸੂਸ ਨਹੀਂ ਕਰਦੇ, ਤਾਂ ਕਲੀਸਿਆ ਅਜੇ ਪਰਿਪੱਕ ਨਹੀਂ ਹੋਈ ਹੈ।

**(30) ਕਲੀਸਿਆ ਇਸ ਗੱਲ ਨੂੰ ਕਿਵੇਂ ਪੱਕਿਆਂ ਕਰ ਸਕਦੀ ਹੈ ਕਿ ਇਸਦੇ ਮੈਂਬਰਾਂ ਦੀਆਂ ਜਰੂਰਤਾਂ ਦੀ ਪੂਰਤੀ ਹੋ ਗਈ ਹੈ?**

ਕਲੀਸਿਆ ਦੇ ਵਿੱਚ ਅਜਿਹੇ ਸੇਵਕ ਹੋਣੇ ਚਾਹੀਦੇ ਹਨ ਜੋ ਇਸ ਗੱਲ ਨੂੰ ਪੱਕਿਆਂ ਕਰਨ ਦੀ ਜਰੂਰਤਾਂ ਦੇ ਵੱਲ ਧਿਆਨ ਦਿੱਤਾ ਜਾਵੇ। ਰਸੂਲਾਂ ਦੇ ਕਰਤੱਬ ਵਿੱਚ ਪਹਿਲੇ ਸੇਵਕਾਂ ਦੀ ਚੌਣ ਇਸੇ ਉਦੇਸ਼ ਦੇ ਲਈ ਹੋਈ ਸੀ।

# ਅਸਾਇਨਮੈਂਟਾਂ ਦਾ ਰਿਕਾਰਡ

ਵਿਦਿਆਰਥੀ ਦਾ ਨਾਮ ______________________________________

ਹਰੇਕ ਅਸਾਈਨਮੈਂਟ ਪੂਰਾ ਹੋਣ ਤੇ ਇਸਨੂੰ ਭਰੋ। ਜਦੋਂ ਵਿਦਿਆਰਥੀ 70% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਦਾ ਹੈ ਤਾਂ ਪ੍ਰੀਖਿਆ ਨੂੰ ਪੂਰਾ ਮੰਨਿਆ ਜਾਂਦਾ ਹੈ। Shepherds Global Classroom ਤੋਂ ਸਰਟੀਫਿਕੇਟ ਪ੍ਰਾਪਤ ਕਰਨ ਲਈ ਸਾਰੇ ਅਸਾਈਨਮੈਂਟ ਸਫਲਤਾਪੂਰਵਕ ਪੂਰੇ ਕੀਤੇ ਜਾਣੇ ਚਾਹੀਦੇ ਹਨ।

| ਪਾਠ | ਸੱਤ ਕਥਨ ਅਤੇ ਪੈਰਗ੍ਰਾਫ | ਇੰਟਰਵਿਊ | ਲਿਖਤ | ਪ੍ਰੀਖਿਆ |
|---|---|---|---|---|
| 1 | | | | |
| 2 | | | | |
| 3 | | | | |
| 4 | | | | |
| 5 | | | | |
| 6 | | | | |
| 7 | | | | |
| 8 | | | | |
| 9 | | | | |
| 10 | | | | |
| 11 | | | | |
| 12 | | | | |
| 13 | | | | |
| 14 | | | | |
| ਕਲਾਸ ਸਿੱਖਿਆ ਤੋਂ ਬਾਹਰ | | | | |

Shepherds Global Classroom ਤੋਂ ਕੋਰਸ ਪੂਰਿਆਂ ਕਰਨ ਦਾ ਸਰਟੀਫੀਕੇਟ ਪ੍ਰਾਪਤ ਕਰਨ ਦੀ ਐਪਲੀਕੇਸ਼ਨ ਸਾਡੇ ਵੈੱਬਪੇਜ www.shepherdsglobal.org। ਤੇ ਪੂਰਾ ਕੀਤਾ ਜਾ ਸਕਦਾ ਹੈ। ਸਰਟੀਫੀਕੇਟ SGC ਦੇ ਉਸ ਸਿੱਖਿਅਕ ਜਾਂ ਆਗੂ ਨੂੰ ਡਿਜੀਟਲ ਤੌਰ ਤੇ ਭੇਜ ਦਿੱਤੇ ਜਾਣਗੇ ਜੋ ਵਿਦਿਆਰਥੀ/ਵਿਦਿਆਰਥੀਆਂ ਦੇ ਵੱਲੋਂ ਐਪਲੀਕੇਸ਼ਨ ਨੂੰ ਪੂਰਾ ਕਰਦੇ ਹਨ।